SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ
VOL -10 ISSUE - 22
September 8, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਪੰਜਾਬ ਦੀ ਮਾਣਮੱਤੀ ਓਲੰਪੀਅਨ ਗੁਰਜੀਤ ਕੌਰ ਦਾ ਲਾਇਲਪੁਰ ਖਾਲਸਾ ਕਾਲਜ ਫਾਰ ਵੀਮੈਨ, ਜਲੰਧਰ ਦੀ ਪ੍ਰਿੰਸੀਪਲ, ਕਾਲਜ ਪਹੁੰਚਣ 'ਤੇ ਸਵਾਗਤ ਕਰਦੇ ਹੋਏ।

**(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 32 ਤੋਂ 34 'ਤੇ)**



ਰੱਸੀ ਕੁੱਦਣ ਵਿਚ ਨਵਾਂ ਵਿਸ਼ਵ ਰਿਕਾਰਡ ਬਣਾਉਣ ਵਾਲੇ ਰਣਜੀਤ ਔਜਲਾ ਨੂੰ ਤਾਜ ਹੋਟਲ ਦਿੱਲੀ ਵਿਖੇ ਪ੍ਰਸਿੱਧ ਬਾਲੀਵੁੱਡ ਐਕਟਰਸ ਨਿਮਰਤ ਕੌਰ ਆਹਲੂਵਾਲੀਆ ਨੇ ਆਪਣੇ ਕਰ ਕਮਲਾਂ ਨਾਲ ਯਾਦ ਚਿੰਨ੍ਹ ਅਤੇ ਸਰਟੀਫੀਕੇਟ ਭੇਟ ਕਰਕੇ ਪਰੋਮੀਨੈਂਟ ਪਰਸਨੈਲਿਟੀ ਅਵਾਰਡ ਨਾਲ ਸਨਮਾਨਿਤ ਕਰਦੇ ਹੋਏ

**(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 12 'ਤੇ)**

# ਮਾਇਆਵਤੀ ਵੱਲੋਂ 'ਦਲਿਤ-ਬ੍ਰਾਹਮਣ' ਏਕਤਾ ਦਾ ਸੱਦਾ

**ਲਖਨਊ (ਬਿਊਰੋ)–** ਬਹੁਜਨ ਸਮਾਜ ਪਾਰਟੀ ਦੀ ਪ੍ਰਧਾਨ ਅਤੇ ਸਾਬਕਾ ਮੁੱਖ ਮੰਤਰੀ ਬੀਬੀ ਮਾਇਆਵਤੀ ਨੇ ਮੰਗਲਵਾਰ ਨੂੰ ਭਾਜਪਾ ਅਤੇ ਸਮਾਜਵਾਦੀ ਪਾਰਟੀ 'ਤੇ ਸਿਰਫ਼ ਵੱਡੇ-ਵੱਡੇ ਦਾਅਵੇ ਕਰਨ ਅਤੇ ਅਸਲੀਅਤ ਵਿੱਚ ਲੋਕਾਂ ਦੀ ਭਲਾਈ ਲਈ ਕੁਝ ਨਾ ਕਰਨ ਦਾ ਦੋਸ਼ ਲਾਇਆ ਹੈ। ਉਹਨਾਂ ਸਪਸ਼ਟ ਕੀਤਾ ਹੈ ਕਿ 'ਦਲਿਤ-ਬ੍ਰਾਹਮਣ' ਏਕਤਾ ਹੀ ਬਸਪਾ ਨੂੰ ਮੁੜ ਸੱਤਾ ਵਿੱਚ ਲਿਆ ਸਕਦੀ ਹੈ। ਪਾਰਟੀ ਵੱਲੋਂ ਬ੍ਰਾਹਮਣ ਸਮਾਜ ਨਾਲ ਰਾਬਤਾ ਕਾਇਮ ਕਰਨ ਲਈ ਕੀਤੇ ਪ੍ਰੋਗਰਾਮ 'ਪ੍ਰਬੁੱਧ ਵਰਗ ਸੰਮੇਲਨ' ਨੂੰ ਸੰਬੋਧਨ ਕਰਦੇ ਹੋਏ ਮਾਇਆਵਤੀ ਨੇ ਕਿਹਾ ਕਿ ਭਾਜਪਾ ਤੇ ਸਪਾ ਦਲਿਤ ਅਤੇ ਬ੍ਰਾਹਮਣ ਸਮਾਜ ਦੀਆਂ ਵੋਟਾਂ ਬਟੋਰਨ ਲਈ ਸਿਰਫ਼ ਝੂਠੀਆਂ ਗੱਲਾਂ ਕਰਦੇ ਹਨ ਪਰ ਸੱਤਾ ਵਿੱਚ ਹੁੰਦਿਆਂ ਲੋਕਾਂ ਦੇ ਭਲੇ ਲਈ ਕੁਝ ਨਹੀਂ ਕਰਦੇ। ਉਹਨਾਂ ਕਿਹਾ ਕਿ ਬਸਪਾ ਦੀ 'ਕਥਨੀ ਤੇ ਕਰਨੀ' ਦਾ ਅੰਦਾਜ਼ਾ ਉੱਤਰ ਪ੍ਰਦੇਸ਼ ਵਿੱਚ ਸਾਲ 2007 ਤੋਂ 2012 ਤੱਕ ਚੱਲੇ ਕਾਰਜਕਾਲ ਤੋਂ ਲਗਾਇਆ ਜਾ ਸਕਦਾ ਹੈ, ਜਿਸ ਵੇਲੇ ਦਲਿਤ ਅਤੇ ਬ੍ਰਾਹਮਣ ਭਾਈਚਾਰੇ ਦੀ ਸੁਰੱਖਿਆ ਦੇ ਨਾਲ-ਨਾਲ ਸਮਾਜ ਦੇ ਹੋਰ ਵਰਗਾਂ ਦੀਆਂ ਸੁਰੱਖਿਆ ਵੱਲ ਖਾਸ ਧਿਆਨ ਦਿੱਤਾ ਜਾਂਦਾ ਸੀ। ਮਾਇਆਵਤੀ ਨੇ ਮੁਜ਼ੱਫਰਨਗਰ ਫਿਰਕੂ ਦੰਗਿਆਂ ਲਈ ਕਾਂਗਰਸ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਜਦੋਂ ਕਾਂਗਰਸ ਪਾਰਟੀ ਸੱਤਾ ਵਿੱਚ ਸੀ ਤਾਂ ਉਹ ਘੱਟ ਗਿਣਤੀਆਂ ਦੀ ਸੁਰੱਖਿਆ ਯਕੀਨੀ ਨਹੀਂ ਬਣਾ ਸਕੀ ਸੀ। ਉਹਨਾਂ ਦਾਅਵਾ ਕੀਤਾ ਕਿ ਸਾਲ 2022 ਦੌਰਾਨ ਬਸਪਾ ਦੇ ਸੱਤਾ 'ਚ ਆਉਣ 'ਤੇ ਦਲਿਤ ਤੇ ਬ੍ਰਾਹਮਣ ਭਾਈਚਾਰੇ ਖ਼ਿਲਾਫ਼ ਹੋਏ ਅੱਤਿਆਚਾਰ ਸਬੰਧੀ ਕੇਸਾਂ ਦੀ ਜਾਂਚ ਕਰਵਾਈ ਜਾਏਗੀ।



### ਅਕਾਲੀ ਦਲ ਨੇ ਬਸਪਾ ਨਾਲ ਦੋ ਹਲਕੇ ਬਦਲੇ

ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਭਾਈਵਾਲ ਬਸਪਾ ਨਾਲ ਦੋ ਵਿਧਾਨ ਸਭਾ ਹਲਕਿਆਂ ਦੀ ਅਦਲਾ-ਬਦਲੀ ਕੀਤੀ ਹੈ। ਪਾਰਟੀ ਪ੍ਰਧਾਨ ਸ ਸੁਖਬੀਰ ਸਿੰਘ ਬਾਦਲ ਨੇ ਦੱਸਿਆ ਬਸਪਾ ਹੁਣ ਕਪੂਰਥਲਾ ਤੇ ਸ਼ਾਮ ਚੁਰਾਸੀ ਤੋਂ ਉਮੀਦਵਾਰ ਖੜੇ ਕਰੇਗੀ, ਜਦੋਂ ਕਿ ਅਕਾਲੀ ਦਲ ਅੰਮ੍ਰਿਤਸਰ (ਉੱਤਰੀ) ਅਤੇ ਸੁਜਾਨਪੁਰ ਤੋਂ ਚੋਣ ਲੜੇਗਾ। ਅਕਾਲੀ ਦਲ ਨੇ ਅੰਮ੍ਰਿਤਸਰ ਉੱਤਰੀ ਤੋਂ ਭਾਜਪਾ ਛੱਡ ਕੇ ਅਕਾਲੀ ਦਲ 'ਚ ਆਏ ਅਨਿਲ ਜੋਸ਼ੀ ਨੂੰ ਉਮੀਦਵਾਰ ਐਲਾਨ ਦਿੱਤਾ ਹੈ। ਇਸੇ ਤਰਾਂ ਸੁਜਾਨਪੁਰ ਤੋਂ ਭਾਜਪਾ ਛੱਡ ਕੇ ਆਏ ਰਾਜ ਕੁਮਾਰ ਨੂੰ ਉਮੀਦਵਾਰ ਐਲਾਨਿਆ ਹੈ।

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
MANDEEP SANDHU
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com
BERKSHIRE HATHAWAY
TRUST the advice of a professional
CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM
We do Outdoor & Indoor Catering for all your Events
1600 Washington Ave.
San Leandro.CA 94577


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਬਾਬਾ ਜੀਵਨ ਸਿੰਘ ਜੀ ਦਾ 360ਵਾਂ ਜਨਮ ਦਿਹਾੜਾ ਮਨਾਇਆ ਜਾ ਰਿਹਾ ਹੈ

## ਗੁਰੂਘਰ ਦੀ ਨਵੀਂ ਇਮਾਰਤ ਉਸਾਰੀ ਅਧੀਨ ਹੈ

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) 6221 16 95673 ਵਿਖੇ ਸਮੂਹ ਸਾਧਸੰਗਤਿ ਦੇ ਸਹਿਯੋਗ ਨਾਲ ਸ਼੍ਰੋਮਣੀ ਸ਼ਹੀਦ, ਮਹਾਂਨ ਜਰਨੈਲ ਬਾਬਾ ਜੀਵਨ ਸਿੰਘ ਜੀ ਉਰਫ ਭਾਈ ਜੈਤਾ ਜੀ (ਰੰਗਰੇਟਾ ਗੁਰੂ ਕਾ ਬੇਟਾ) ਦਾ 360ਵਾਂ ਜਨਮ ਦਿਹਾੜਾ ਮਨਾਇਆ ਜਾ ਰਿਹਾ ਹੈ।



ਐਤਵਾਰ 12 ਸਤੰਬਰ 2021 ਸਵੇਰੇ 9:30 ਵਜੇ ਤੋਂ 1:00 ਵਜੇ ਤੱਕ ਦੀਵਾਨ ਸਜਾਏ ਜਾਣਗੇ। ਜਿਸ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਜਥੇ ਵੱਲੋਂ ਕੀਰਤਨ ਦੀਵਾਨ ਸਜਾਏ ਜਾਣਗੇ।

ਆਪ ਜੀ ਨੂੰ ਪਰਿਵਾਰ ਅਤੇ ਰਿਸ਼ਤੇਦਾਰਾਂ ਸਮੇਤ ਦਰਸ਼ਨ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ। ਇਹ ਦੀਵਾਨ ਅਤੇ ਦੇ ਉਤੇ ਦੇਖੇ ਜਾ ਸਕਦੇ ਹਨ। ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਪ੍ਰਸੰਨਤਾ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਕੈਲੀਫੋਰਨੀਆ ਗੁਰੂਘਰ ਦੀ ਨਵੀਂ ਇਮਾਰਤ ਉਸਾਰੀ ਅਧੀਨ ਹੈ। ਇਹ ਕਾਰਜ਼ ਸਭਨਾਂ ਦੇ ਸਾਂਝੇ ਹਨ ਅਤੇ ਸਮੂਹ ਸਾਧਸੰਗਤ ਦੇ ਸਹਿਯੋਗ ਨਾਲ ਹੀ ਨੇਪੜੇ ਚੜ੍ਹਣਗੇ। ਗੁਰੂਘਰ ਦੀ ਪ੍ਰਬੰਧਕ ਕਮੇਟੀ ਵਲੋਂ ਸਮੂਹ ਸਾਧਸੰਗਤਿ ਨੂੰ ਇਨ੍ਹਾਂ ਕਾਰਜਾਂ ਵਿੱਚ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ।

# ਕੈਲੀਫੋਰਨੀਆ ਦੀ ਜ਼ਿਮਨੀ ਚੋਣ ਵਿਚ ਭਾਰਤੀ ਮੂਲ ਦੀ ਅਮਰੀਕਨ ਵਕੀਲ ਚੋਣ ਹਾਰੀ

## ਅਟਾਰਨੀ ਜਨਰਲ ਦੀ ਪਤਨੀ ਮਿਆ ਬੌਂਟੀ ਨੇ ਬਾਜੀ ਮਾਰੀ

**ਸੈਕਰਾਮੈਂਟੋ 7 ਸਤੰਬਰ (ਹੁਸਨ ਲੜੋਆ ਬੰਗਾ)**- ਕੈਲੀਫੋਰਨੀਆ ਦੇ ਵਿਧਾਨ ਸਭਾ ਹਲਕੇ ਡਿਸਟੈਰਿਕਟ 18 ਦੀ ਹੋਈ ਜ਼ਿਮਨੀ ਚੋਣ ਵਿਚ ਡੈਮੋਕਰੈਟਿਕ ਉਮੀਦਵਾਰ ਭਾਰਤੀ ਮੂਲ ਦੀ ਵਕੀਲ ਜਨਨੀ ਰਾਮਚੰਦਰਨ ਚੋਣ ਹਾਰ ਗਈ ਹੈ। ਉਸ ਨੂੰ ਕੈਲੀਫੋਰਨੀਆ ਦੇ ਅਟਾਰਨੀ ਜਨਰਲ ਰੌਬ ਬੌਂਟਾ ਦੀ ਪਤਨੀ ਮਿਆ ਬੌਂਟਾ ਨੇ ਹਰਾਇਆ। ਬੌਂਟਾ ਨੂੰ 63000 ਤੋਂ ਵਧ ਵੋਟਾਂ ਦੀ ਗਿਣਤੀ ਹੋਣ ਉਪਰੰਤ 56% ਵੋਟਾਂ ਮਿਲੀਆਂ। ਹਾਲਾਂ ਕਿ ਸਰਕਾਰੀ ਤੌਰ ੇਤੇ ਨਤੀਜੇ ਦਾ ਐਲਾਨ 10 ਸਤੰਬਰ ਨੂੰ ਹੋਵੇਗਾ ਪਰੰਤੂ ਮਿਆ ਬੌਂਟਾ ਨੂੰ ਜੇਤੂ ਐਲਾਨ ਦਿੱਤਾ ਗਿਆ ਹੈ। ਇਥੇ ਜਿਕਰਯੋਗ ਹੈ ਕਿ ਰੌਬ ਬੌਂਟਾ ਨੂੰ



ਗਵਰਨਰ ਗੈਵਿਨ ਨਿਊਸੋਮ ਨੇ ਅਟਾਰਨੀ ਜਨਰਲ ਨਿਯੁਕਤ ਕਰ ਦਿੱਤਾ ਸੀ ਜਿਸ ਉਪਰੰਤ ਅਪੈਰੈਲ ਵਿਚ ਉਸ ਨੇ ਵਿਧਾਨ ਸਭਾ ਤੋਂ ਅਸਤੀਫਾ ਦੇ ਦਿੱਤਾ ਸੀ ਤੇ ਆਪਣੀ ਪਤਨੀ ਮਿਆ ਬੌਂਟਾ ਨੂੰ ਚੋਣ ਮੈਦਾਨ ਵਿਚ ਉਤਾਰਿਆ ਸੀ। ਮਿਆ ਬੌਂਟਾ ਕੈਲੀਫੋਰਨੀਆ ਦੀ ਜਾਣੀ ਪਛਾਣੀ ਸਖਸ਼ੀਅਤ ਹੈ ਤੇ ਉਹ ਅਲਾਮੇਡਾ ਸਕੂਲ ਬੋਰਡ ਦੀ ਪੈਰਧਾਨ ਹੈ। ਉਹ ਓਕਲੈਂਡ ਪੈਰਾਮਿਸ ਕਾਲਜ ਦੀ ਕਾਰਜਕਾਰੀ ਮੁੱਖੀ ਹੈ। 29 ਸਾਲਾ ਰਾਮਾਚੰਦਰਨ ਸਮਾਜਿਕ ਨਿਆਂ ਦੀ ਵਕੀਲ ਹੈ ਤੇ ਉਹ ਓਕਲੈਂਡ ਪਬਲਿਕ ਐਥਿਕਸ ਕਮਿਸ਼ਨ ਵਿਚ ਵੀ ਸੇਵਾ ਨਿਭਾ ਚੁੱਕੀ ਹੈ।

# ਭਾਰਤੀ ਮੂਲ ਦੇ ਦੋ ਹੋਰ ਅਮਰੀਕੀ ਤੇ ਇਕ ਨੇਪਾਲੀ ਪਰਿਵਾਰ ਵੀ ਤੂਫਾਨ ਤੇ ਹੜ ਦੀ ਭੇਂਟ ਚੜ੍ਹਿਆ

**ਸੈਕਰਾਮੈਂਟੋ 7 ਸਤੰਬਰ (ਹੁਸਨ ਲੜੋਆ ਬੰਗਾ)** ਅਮਰੀਕਾ ਵਿਚ ਆਏ ਈਡਾ ਤੂਫਾਨ ਵਿਚ ਮਰਨ ਵਾਲਿਆਂ ਵਿਚ ਭਾਰਤੀ ਮੂਲ ਦੇ ਦੋ ਹੋਰ ਅਮਰੀਕੀ ਸ਼ਾਮਿਲ ਹਨ। ਇਕ ਨੇਪਾਲੀ ਪਰਿਵਾਰ ਦੇ ਤਿੰਨ ਜੀਅ ਵੀ ਤੂਫਾਨ ਦੀ ਭੇਂਟ ਚੜ ਗਏ। ਮਾਰੇ ਗਏ ਭਾਰਤੀ ਮੂਲ ਦੇ ਅਮਰੀਕੀਆਂ ਵਿਚ 43 ਸਾਲਾ ਫਾਮਤੀ ਰਾਮਸਕਰੀਤ ਤੇ ਉਸ ਦਾ 22 ਸਾਲਾਂ ਦਾ ਪੁੱਤਰ ਕੈਰਿਸ਼ ਸ਼ਾਮਿਲ ਹੈ। ਉਹ ਨਿਊਯਾਰਕ ਸ਼ਹਿਰ ਵਿਚ ਫਲੈਟ ਦੇ ਤਹਿਖਾਨੇ ਵਿਚ ਰਹਿੰਦੇ ਸਨ। ਇਕ ਸਤੰਬਰ ਨੂੰ ਇਕ ਦਮ ਆਏ ਹੜ ਕਾਰਨ ਤਹਿਖਾਨਾ ਪਾਣੀ ਨਾਲ ਭਰ ਗਿਆ ਤੇ ਉਨਾਂ ਨੂੰ ਨਿਕਲਣ ਦਾ ਮੌਕਾ ਹੀ ਨਹੀਂ ਮਿਲਿਆ।

ਬਾਅਦ ਵਿਚ ਪੁਲਿਸ ਨੇ ਉਨਾਂ ਦੀਆਂ ਲਾਸ਼ਾਂ ਪਾਣੀ ਵਿਚੋਂ ਕੱਢੀਆਂ। ਫਲੈਟ ਦੇ ਮਾਲਕ ਰਾਗੇਂਦਰ ਸ਼ਿਵਪੈਰਸਾਦ ਨੇ ਦੱਸਿਆ ਕਿ ਉਸ ਨੇ ਵਧ ਰਹੇ ਪਾਣੀ ਦੇ ਪੱਧਰ ਨੂੰ ਵੇਖਦਿਆਂ ਰਾਮਸਕਰੀਤ ਨੂੰ ਸੰਭਾਵੀ ਖਤਰੇ ਤੋਂ ਸੁਚੇਤ ਕੀਤਾ ਸੀ ਤੇ ਕਿਹਾ ਸੀ ਕਿ ਉਹ ਤਹਿਖਾਨੇ ਵਿਚੋਂ ਬਾਹਰ ਆ ਜਾਣ। ਰਾਮਸਕਰੀਤ ਦੇ ਪਤੀ ਦਾਮੇਸ਼ਵਰ ਤੇ ਉਸ ਦਾ ਦੂਸਰਾ ਪੁੱਤਰ ਡਿਲਨ ਕਿਸੇ ਤਰਾਂ ਆਪਣਾ ਬਚਾਅ ਕਰਨ ਵਿਚ ਸਫਲ ਹੋ ਗਏ। ਮਾਰਿਆ ਗਿਆ ਨੇਪਾਲੀ ਪਰਿਵਾਰ ਵੀ ਤਹਿਖਾਨੇ ਵਿਚ ਰਹਿੰਦਾ ਸੀ। ਮਾਰੇ ਗਏ ਨੇਪਾਲੀ ਪਰਿਵਾਰ ਵਿਚ 48 ਸਾਲਾ ਮਿੰਗਮਾ ਸ਼ੇਰਪਾ, 52 ਸਾਲਾ ਆਂਗ ਗੈਲੂ ਲਾਮਾ ਤੇ ਉਨਾਂ ਦਾ 2 ਸਾਲ ਦਾ ਪੁੱਤਰ ਲੋਬਸੰਗ ਲਾਮਾ ਸ਼ਾਮਿਲ ਹੈ। ਲਾਮਾ ਪਰਿਵਾਰ ਦੇ ਗਵਾਂਢੀ ਦੇਬੋਰਾਹ ਟੋਰਸ ਅਨੁਸਾਰ ਪਾਣੀ ਦਾ ਵਹਾਅ ਬਹੁਤ ਤੇਜ ਸੀ ਤੇ ਮਿੰਟਾਂ ਵਿਚ ਹੀ ਦੂਸਰੀ ਮੰਜ਼ਿਲੋਂ ਤੇ ਪਾਣੀ ਗੋਡਿਆਂ ਤੱਕ ਪਹੁੰਚ ਗਿਆ ਸੀ।

ਤਹਿਖਾਨੇ ਵਿਚ ਰਹਿੰਦੇ ਨੇਪਾਲੀ ਪਰਿਵਾਰ ਨੂੰ ਬਾਹਰ ਆਉਣ ਦਾ ਮੌਕਾ ਹੀ ਨਹੀਂ ਮਿਲਿਆ।

# ਮੈਨੂੰ ਰੱਬ ਤੋਂ ਹੱਤਿਆਵਾਂ ਕਰਨ ਦਾ ਸੁਨੇਹਾ ਮਿਲਿਆ ਸੀ-ਬਰਾਇਨ ਰੀਲੇ

**ਸੈਕਰਾਮੈਂਟੋ 8 ਸਤੰਬਰ (ਹੁਸਨ ਲੜੋਆ ਬੰਗਾ)** ਲੰਘੇ ਐਤਵਾਰ ਲੇਕਲੈਂਡ ਫਲੋਰੀਡਾ ਵਿਚ ਇਕ ਤਿੰਨ ਸਾਲ ਦੇ ਬੱਚੇ ਸਮੇਤ 4 ਲੋਕਾਂ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਤੇ ਇਕ 11 ਸਾਲਾ ਲੜਕੀ ਨੂੰ ਜ਼ਖਮੀ ਕਰਨ ਵਾਲੇ ਦੋਸ਼ੀ ਬਰਾਇਨ ਰੀਲੇ ਨੇ ਪੁੱਛਗਿੱਛ ਦੌਰਾਨ ਕਿਹਾ ਕਿ ਉਸ ਨੂੰ ਰੱਬ ਤੋਂ ਅਜਿਹਾ ਕਰਨ ਦਾ ਸੁਨੇਹਾ ਮਿਲਿਆ ਸੀ। ਬਰਾਇਨ ਰੀਲੇ ਦੀ ਮਿੱਤਰ ਕੁੜੀ ਨੇ ਖੁਲਾਸਾ ਕੀਤਾ ਸੀ ਕਿ ਉਹ ਅਕਸਰ ਕਹਿੰਦਾ ਸੀ ਕਿ ਉਸ ਦੀ ਰੱਬ ਨਾਲ ਸਿੱਧੀ ਗੱਲ ਹੈ। ਪੋਲ ਕਾਊਂਟੀ ਦੇ ਸ਼ੈਰਿਫ ਗਰੈਡੀ ਜੂਡ ਨੇ ਇਸ ਸਬੰਧੀ ਕਿਹਾ ਕਿ ' ਅਸੀਂ ਜਾਣਦੇ ਹਾਂ ਕਿ ਸਾਡੀ ਹਿਰਾਸਤ ਵਿਚ ਇਕ ਪਾਗਲ ਵਿਅਕਤੀ ਹੈ ਜਿਸ ਨੇ ਨਿਰਦੋਸ਼ ਲੋਕਾਂ ਦੀਆਂ ਜਾਨਾਂ ਲਈਆਂ ਹਨ ਜਿਨਾਂ ਨੂੰ ਉਹ ਜਾਣਦਾ ਵੀ ਨਹੀਂ ਸੀ' ਜੂਡ ਨੇ ਕਿਹਾ ਕਿ ਰੀਲੇ ਨੇ ਹਿਰਾਸਤ ਦੌਰਾਨ ਲੇਕਲੈਂਡ ਦੇ ਇਕ ਪੁਲਿਸ ਅਧਿਕਾਰੀ ਕੋਲੋਂ ਗੰਨ ਖੋਹਣ ਦੀ ਕੋਸ਼ਿਸ਼ ਵੀ ਕੀਤੀ ਸੀ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਅਮਰੀਕਾ ਵਿੱਚ ਟਰੱਕ ਹਾਦਸੇ ਵਿੱਚ ਇੱਕ ਹੋਰ ਪੰਜਾਬੀ ਨੌਜਵਾਨ ਦੀ ਮੌਤ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**



**ਫਰਿਜ਼ਨੋ (ਕੈਲੀਫੋਰਨੀਆਂ)–** ਅਮਰੀਕਾ ਵਿੱਚ ਇੱਕ ਤੋ ਬਾਅਦ ਇੱਕ ਪੰਜਾਬੀ ਟਰੱਕ ਡ੍ਰਾਈਵਰਾਂ ਦੀਆਂ ਐਕਸੀਡੈਂਟਾਂ ਦੌਰਾਨ ਮੌਤਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ। ਕੱਲ ਜਾਣੀ 4 ਸਤੰਬਰ ਨੂੰ ਬਰਿੰਗਟਨ ਕੈਲੀਫੋਰ–ਨੀਆਂ ਨਿਵਾਸੀ ਪੰਜਾਬੀ ਟਰੱਕ ਡਰ–ਾਈਵਰ ਜਸਵੰਤ ਸਿੰਘ (29) ਦੀ ਅਮਰੀਰਾ ਦੀ ਮਸੂਰੀ ਸਟੇਟ ਵਿੱਚ ਇੱਕ ਟਰੱਕ ਦੁਰਘਟਨਾਂ ਵਿੱਚ ਹੋਈ ਮੌਤ ਨੇ ਪੂਰੇ ਪੰਜਾਬੀ ਭਾਈਚਾਰੇ ਨੂੰ ਸੁੰਨ ਕਰਕੇ ਰੱਖ ਦਿੱਤਾ ਹੈ। ਜਾਣਕ–ਾਰੀ ਮੁਤਾਬਿਕ ਘਟਨਾਂ ਪਹਿਰ ਦੇ ਤੜਕੇ, ਟਰੱਕ ਦੇ ਖੱਡ ਵਿੱਚ ਡਿੱਗਣ ਕਾਰਨ ਹੋਈ। ਐਕਸੀਡੈਂਟ ਸਮੇਂ ਸਵ. ਜਸਵੰਤ ਸਿੰਘ ਪਿੱਛੇ ਬਿੱਡ ਤੇ ਸੌਅ ਰਿਹਾ ਸੀ 'ਤੇ ਟੀਮ ਡਰਾਈਵਰ ਟਰੱਕ ਚਲਾ ਰਿਹਾ ਸੀ। ਦੁਰਘਟਨਾਂ ਵਿੱਚ ਟੀਮ ਡਰਾਈਵਰ ਵੀ ਸਖ਼ਤ ਜਖਮੀ ਹੋਇਆ ਦੱਸਿਆ ਜਾ ਰਿਹਾ ਹੈ। ਸਵ. ਜਸਵੰਤ ਸਿੰਘ ਤਿੰਨ ਕੁ ਸਾਲ ਪਹਿਲਾਂ ਅਮਰੀਕਾ ਆਇਆ ਸੀ 'ਤੇ ਇੱਥੇ ਪਰਿਵਾਰ ਦੇ ਸੁਨਹਿਰੀ ਭਵਿੱਖ ਲਈ ਇਕੱਲਾ ਰਹਿਕੇ ਸਖ਼ਤ ਮਿਹਨਤ ਕਰ ਰਿਹਾ ਸੀ। ਜਾਣਕ–ਾਰੀ ਅਨੁਸਾਰ ਸਵ. ਜਸਵੰਤ ਸਿੰਘ ਮਮਦੋਟ ਦੇ ਪਿੰਡ ਲਖਮੀਰ ਕੇ ਉਤਾੜ ਭੱਟੀਆ, ਜਿਲਾ ਫ਼ਰਿੋ–ਜ਼ਪੁਰ ਨਾਲ ਸਬੰਧਿਤ ਦੱਸਿਆ ਜਾ ਰਿਹਾ ਹੈ। ਸਵ. ਜਸਵੰਤ ਸਿੰਘ ਦੇ ਪਿਤਾ ਤੇਜਾ ਸਿੰਘ ਵੀ 2001 ਵਿੱਚ ਚੜਾਈ ਕਰ ਗਏ ਸਨ, ਇਸ ਸਮੇਂ ਪੰਜਾਬ ਵਿੱਚ ਮਾਤਾ ਕਸ਼ਮੀਰ ਕੌਰ ਪੁੱਤ ਦੀ ਮੌਤ ਕਾਰਨ ਗਹਿਰੇ ਸਦਮੇ

# ਫਰਿਜ਼ਨੋ ਦੀ ਲਾਇਨਜ਼ ਕਲੱਬ ਨੇ ਜਿੱਤਿਆ ਸਾਕਰ ਟੂਰਨਾਮੈਂਟ





**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆਂ)–** ਲੇਬਰ–ਡੇਅ ਵੀਕਐਂਡ ਨੂੰ ਮੁੱਖ ਰੱਖਦਿਆਂ ਸਾਊਥ ਕੈਲੀਫੋਰਨੀਆਂ ਦੇ ਸ਼ਹਿਰ ਅਰਵਿੰਗ ਵਿੱਚ ਚੋਣਵੀਆਂ ਸਾਕਰ ਕਲੱਬਾਂ ਦਾ ਸ਼ਾਨਦਾਰ ਟੂਰਨਾਮੈਂਟ ਬੜੇ ਸੁਚੱਜੇ ਢੰਗ ਨਾਲ ਕਰਵਾਇਆ ਗਿਆ। ਇਹ ਟੂਰਨਾਮੈਂਟ ਕਰੋਨਾਂ ਮਹਾਮਾਰੀ ਦੇ ਟੀਕਾਕਰਨ ਤੋਂ ਬਾਅਦ ਕਰਵਾਇਆ ਗਿਆ ਪਹਿਲਾ ਵੱਡਾ ਟੂਰਨਾਮੈਂਟ ਸੀ। ਇਸ ਟੂਰਨਾਮੈਂਟ ਵਿੱਚ 6 ਸਾਕਰ ਕਲੱਬਾਂ ਨੇ ਭਾਗ ਲਿਆ ਅਤੇ ਫਸਵੇ ਫ਼ਾਈਨਲ ਮੁਕਾਬਲੇ ਵਿੱਚ ਫਰਿਜ਼ਨੋ ਲਾਇਨਜ਼ ਕਲੱਬ ਨੇ ਸਿਟੀ ਆਫ ਤਮੈਕੁਲਾ ਦੀ ਟੀਮ ਨੂੰ 2–1 ਨਾਲ ਹਰਾਕੇ ਖਿਤਾਬ ਆਪਣੇ ਨਾਮ ਕੀਤਾ ।

ਪੰਜਾਬੀ ਭਾਈਚਾਰੇ ਲਈ ਇਹ ਜਿੱਤ ਇਸ ਕਰਕੇ ਵੀ ਖ਼ਾਸ ਰਹੀ ਕਿਉਕੇ ਲਾਇਨਜ਼ ਕਲੱਬ ਫਰਿਜ਼ਨੋ ਦਾ ਕੈਪਟਨ ਸਤਾਰਾਂ ਸਾਲਾ ਇੰਦਰਪਾਲ ਪੰਜਾਬੀ ਹੈ। ਅਤੇ ਇੰਦਰਪਾਲ ਦੀ ਕਪਤਾਲੀ ਹੇਠ ਲਾਇਨਜ਼ ਕਲੱਬ ਨੇ ਪੂਰੇ ਟੂਰਨਾਮੈਂਟ ਦੌਰਾਨ ਸ਼ਾਨਦਾਰ ਖੇਡ ਦਾ ਪ੍ਰਦ੍ਰਸ਼ਨ ਕੀਤਾ। ਹਰਕੋਈ ਇੰਦਰਪਾਲ ਦੀ ਖੇਡ ਦੀ ਤਰੀਫ਼ ਕਰਦਾ ਨਜ਼ਰ ਆਇਆ 'ਤੇ ਇਹ ਮੌਕਾ ਪੰਜਾਬੀ ਭਾਈਚਾਰੇ ਲਈ ਖ਼ਾਸ ਮਾਣ ਵਾਲਾ ਹੋ ਨਿਬੜਿਆ। ਇੱਥੇ ਇਹ ਗੱਲ ਵੀ ਜਿਕਰਯੋਗ ਹੈ ਕਿ ਇੰਦਰਪਾਲ ਉੱਘੇ ਸੰਗੀਤਕਾਰ ਅਤੇ ਗੀਤਕਾਰ ਪੱਪੀ ਭਦੌੜ ਦਾ ਭਾਣਜਾ ਹੈ, ਅਤੇ ਇੰਦਰਪਾਲ ਨੇ ਆਪਣੇ ਮਾਪੇ ਜਿੰਦਰ ਅਤੇ ਰਾਣੀ ਦਾ ਸਿਰ ਫ਼ਖ਼ਰ ਨਾਲ ਉੱਚਾ ਕੀਤਾ ਹੈ। ਇੰਦਰਪਾਲ ਦਾ ਵੱਡਾ ਭਰਾ ਵੀ ਸਾਕਰ ਦਾ ਚੋਟੀ ਦਾ ਖਿਡਾਰੀ ਹੈ।

# ਫਰਿਜ਼ਨੋ ਨਿਵਾਸੀ ਧਾਲੀਵਾਲ ਪਰਿਵਾਰ ਨੂੰ ਸਦਮਾ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**



**ਫਰਿਜ਼ਨੋ (ਕੈਲੀਫੋਰਨੀਆਂ)–** ਫਰਿਜ਼ਨੋ ਨਿਵਾਸੀ ਸੁੱਖਾ ਧਾਲੀਵਾਲ ਅਤੇ ਪਰਿਵਾਰ ਨੂੰ ਪਿਛਲੇ ਦਿਨੀਂ ਉਸ ਵਕਤ ਭਾਰੀ ਸਦਮਾਂ ਪਹੁ–ਚਿਆ ਜਦੋਂ ਉਹਨਾਂ ਦੇ ਪਿਤਾ ਸ. ਸੁਖਦੇਵ ਸਿੰਘ ਧਾਲੀਵਾਲ 76 ਸਾਲ ਦੀ ਉਮਰ ਭੋਗਕੇ ਇਸ ਫ਼ਾਨੀ ਸਨਸਾਰ ਨੂੰ ਅਲਵਿਦਾ ਆਖ ਗਏ। ਉਹ ਲੰਮੇ ਸਮੇਂ ਤੋਂ ਅਮਰੀਕਾ ਵਿੱਚ ਰਹਿ ਰਹੇ ਸਨ। ਉਹਨਾਂ ਪਿਛਲਾ ਪਿੰਡ ਸੈਦੋਕੇ ਜ਼ੈਲੈਹਾ ਮੋਗਾ ਵਿੱਚ ਪੈਂਦਾ ਹੈ। ਉਹਨਾਂ ਦੀ ਸਮਾਜਸੇਵੀ ਧੀ ਸ਼ਗਨ ਕੌਰ ਵੜੈਂਚ ਨੇ ਭਰੇ ਮਨ ਨਾਲ ਦੱਸਿਆ ਕਿ ਡੈਡ ਦੇ ਇਸ ਤਰਾਂ ਤੁਰ ਜਾਣ ਨਾਲ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਹਨਾਂ ਕਿਹਾ ਕਿ ਡੈਡ ਦੀ ਸਖ਼ਤ ਮਿਹਨਤ ਸਦਕੇ ਧਾਲੀਵਾਲ ਪਰਿਵਾਰ ਇਸ ਮੁਕਾਮ ਤੱਕ ਪਹੁੰਚਿਆ ਹੈ। ਸਵ. ਸੁਖਦੇਵ ਸਿੰਘ ਦਾ ਫਿਊਨਰਲ 12 ਸਤੰਬਰ ਦਿਨ ਐਂਤਵਾਰ ਨੂੰ ਸ਼ਾਂਤ ਭਵਨ ਫਿਊਨਰਲ ਹੋਮ ਫਾਉਲਰ 4800 E Clayton Ave, Fowler Ca 93625) ਵਿਖੇ ਸਵੇਰੇ 11 ਤੋਂ ਦੁ–ਪਿਹਰ 1 ਵਜੇ ਦਰਮਿਆਨ ਹੋਵੇਗਾ ਅਤੇ ਉਪਰੰਤ ਭੋਗ ਗੁਰਦਵਾਰਾ ਅਨ–ਦਗੜ ਸਹਿਬ ਕਰਮਨ (680 S Vineland Ave, Kerman Ca 93630) ਵਿਖੇ ਪਵੇਗਾ । ਵਧੇਰੇ ਜਾਣਕਾਰੀ ਲਈ ਸੰਪਰਕ ਨੰਬਰ ਸੁੱਖਾ ਧਾਲੀਵਾਲ (559) 394–3701 , ਜਗਸੀਰ ਸਿੰਘ ਧਾਲੀਵਾਲ (559)– 408–4271 ਜਾ ਗੁਰਤੇਜ ਸਿੰਘ ਧਾਲੀਵਾਲ (559) 908–5351

# ਅਮਰੀਕਾ ਦੁਆਰਾ ਕੋਸੋਵੋ ਦੇਸ਼ ਦੀ ਫਾਈਜ਼ਰ ਵੈਕਸੀਨ ਦੀਆਂ 5 ਲੱਖ ਖੁਰਾਕਾਂ ਨਾਲ ਸਹਾਇਤਾ

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕਾ ਵੱਲੋਂ ਵਿਸ਼ਵ ਪੱਧਰ 'ਤੇ ਕੋਰੋਨਾ ਵੈਕਸੀਨ ਖੁਰਾਕਾਂ ਵੰਡੇ ਜਾਣ ਦੀ ਲੜੀ ਤਹਿਤ ਰਿਪਬਲਿਕ ਆਫ ਕੋਸੋਵੋ ਨੂੰ ਫਾਈਜ਼ਰ ਕੋਵਿਡ –19 ਟੀਕੇ ਦੀਆਂ ਤਕਰੀਬਨ 503,100 ਖੁਰਾਕਾਂ ਦਿੱਤੀਆਂ ਜਾਣਗੀਆਂ। ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਇਸ ਸਬੰਧੀ ਸ਼ੁੱਕਰਵਾਰ ਨੂੰ ਇੱਕ ਫੋਨ ਕਾਲ ਦੇ ਦੌਰਾਨ ਕੋਸੋਵੋ ਦੇ ਰਾਸ਼ਟਰਪਤੀ ਵਜੋਸਾ ਓਸਮਾਨੀ–ਸਦਰਿਊ ਨਾਲ ਗੱਲਬਾਤ ਕੀਤੀ। ਵੈਕਸੀਨ ਦੀਆਂ ਇਹਨਾਂ ਖੁਰਾਕਾਂ ਦੇ ਸ਼ਨੀਵਾਰ ਦੇਰ ਤੱਕ ਕੋਸੋਵੋ ਪਹੁੰਚਣ ਦੀ ਉਮੀਦ ਹੈ। ਇਹ ਖੁਰਾਕਾਂ ਕੋਰੋਨਾ ਵੈਕਸੀਨ ਪ੍ਰੋਗਰਾਮ ਕੋਵੈਕਸ ਰਾਹੀਂ ਦਿੱਤੀਆਂ ਜਾਣਗੀਆਂ ਜਦਕਿ ਇਸ ਤੋਂ ਪਹਿਲਾਂ ਵੀ ਅਮਰੀਕਾ ਕੋਸੋਵੋ ਨੂੰ ਅਗਸਤ ਵਿੱਚ 35,000 ਖੁਰਾਕਾਂ ਭੇਜ ਚੁੱਕਿਆ ਹੈ। ਫੋਨ 'ਤੇ ਗੱਲਬਾਤ ਦੌਰਾਨ ਹੈਰਿਸ ਨੇ ਓਸਮਾਨੀ ਸਦਰਿਯੂ ਦਾ ਅਫਗਾਨਿਸਤਾਨ ਤੋਂ ਨਿਕਾਸੀ ਦੇ ਯਤਨਾਂ ਵੇਲੇ ਕੋਸੋਵੋ ਵੱਲੋਂ ਅਮਰੀਕਾ ਦੀ ਕੀਤੀ ਸਹਾਇਤਾ ਲਈ ਧੰਨਵਾਦ ਵੀ ਕੀਤਾ। ਜਿਕਰਯੋਗ ਹੈ ਕਿ ਕੋਸੋਵੋ ਦੁਆਰਾ ਅਫਗਾਨੀਆਂ ਨੂੰ ਪੂਰਬੀ ਕੋਸੋਵੋ ਦੇ ਕੈਂਪ ਬਾਂਡਸਟਿਲ ਵਿਖੇ ਅਸਥਾਈ ਤੌਰ 'ਤੇ ਰਿਹਾਇਸ਼ ਮੁਹੱਈਆ ਕਰਵਾਈ ਗਈ ਸੀ।









ਗੁਰਿੰਦਰਜੀਤ ਨੀਟਾ ਮਾਛੀਕੇ

**ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**



ਕੁਲਵੰਤ ਧਾਲੀਆਂ

# ਜੋਅ ਬਾਈਡੇਨ 9/11 ਹਮਲੇ ਦੀ 20 ਵੀਂ ਵਰ੍ਹੇਗੰਢ 'ਤੇ ਕਰਨਗੇ ਤਿੰਨ ਥਾਵਾਂ ਦਾ ਦੌਰਾ

**ਫਰਿਜ਼ਨੋ (ਕੈਲੀਫੋਰਨੀਆ)** – ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ 9/11 ਹਮਲੇ ਦੀ 20 ਵੀਂ ਵਰ੍ਹੇਗੰਢ ਮੌਕੇ ਇਸ ਹਮਲੇ ਨਾਲ ਸਬੰਧਿਤ ਤਿੰਨ ਥਾਵਾਂ ਦੀ ਯਾਤਰਾ ਕਰਨਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਾਈਟ ਹਾਏਸ ਨੇ ਸ਼ਨੀਵਾਰ ਨੂੰ ਦੱਸਿਆ ਕਿ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ 11 ਸਤੰਬਰ ਨੂੰ ਆਪਣੀ ਪਤਨੀ ਜਿਲ ਬਾਈਡੇਨ ਨਾਲ 20 ਸਾਲ ਪਹਿਲਾਂ ਆਤੰਕੀ ਹਮਲਿਆਂ ਵਿੱਚ ਗਈਆਂ ਤਕਰੀਬਨ 3,000 ਜਾਨਾਂ ਨੂੰ ਸਨਮਾਨ ਅਤੇ ਸ਼ਰਧਾਂਜਲੀ ਦੇਣਗੇ। ਆਪਣੇ ਦੌਰੇ ਦੌਰਾਨ ਉਹ ਨਿਊਯਾਰਕ ਵਿੱਚ ਸਮਾਰੋਹਾਂ 'ਚ ਹਿੱਸਾ ਲੈਣਗੇ, ਜਿੱਥੇ ਵਰਲਡ ਟ੍ਰੇਡ ਸੈਂਟਰ ਦੇ ਟਵਿਨ ਟਾਵਰ ਡਿੱਗੇ ਸਨ। ਇਸਦੇ




ਇਲਾਵਾ ਪੈਨਸਿਲਵੇਨੀਆ ਦੇ ਸ਼ੰਕਸਵਿਲੇ ਅਤੇ ਅਰਲਿੰਗਟਨ, ਵਰਜੀਨੀਆ ਵਿੱਚ ਪੈਂਟਾਗਨ ਹਮਲੇ ਨਾਲ ਸੰਬੰਧਿਤ ਸਥਾਨ ਵੀ ਦੌਰੇ ਵਿੱਚ ਸ਼ਾਮਲ ਹਨ।

ਇਹਨਾਂ ਸਥਾਨਾਂ 'ਤੇ ਜਾ ਕੇ ਰਾਸ਼ਟਰਪਤੀ ਦੁਆਰਾ 20 ਸਾਲ ਪਹਿਲਾਂ ਮਾਰੇ ਗਏ ਸੈਂਕੜੇ ਅਮਰੀਕੀ ਨਿਵਾਸੀਆਂ ਨੂੰ ਸਨਮਾਨ ਸਹਿਤ ਸ਼ਰਧਾਂਜਲੀ ਦਿੱਤੀ ਜਾਵੇਗੀ।

9/11 ਦੇ ਹਮਲੇ ਤੋਂ ਬਾਅਦ ਅਮਰੀਕਾ ਵੱਲੋਂ ਅਫਗਾਨਿਸਤਾਨ ਵਿੱਚ ਅਮਰੀਕੀ ਫੌਜਾਂ ਦੀ ਤਾਇਨਾਤੀ ਕੀਤੀ ਗਈ ਸੀ, ਜਿਹਨਾਂ ਨੂੰ ਹੁਣ ਤਕਰੀਬਨ 20 ਸਾਲਾਂ ਬਾਅਦ ਵਾਪਸ ਬੁਲਾ ਲਿਆ ਗਿਆ ਹੈ।

# ਰਾਸ਼ਟਰਪਤੀ ਬਾਈਡੇਨ ਵੱਲੋਂ ਨਿਊਯਾਰਕ ਤੇ ਨਿਊਜਰਸੀ 'ਚ ਲਿਆ ਜਾਵੇਗਾ ਤੂਫਾਨੀ ਨੁਕਸਾਨ ਦਾ ਜਾਇਜ਼ਾ

**ਫਰਿਜ਼ਨੋ (ਕੈਲੀਫੋਰਨੀਆ)**– ਅਮਰੀਕਾ ਦੇ ਕਈ ਖੇਤਰਾਂ ਵਿੱਚ ਤੂਫਾਨ ਇਡਾ ਵੱਲੋਂ ਤਬਾਹੀ ਮਚਾਉਣ ਦੇ ਬਾਅਦ ਰਾਸ਼ਟਰਪਤੀ ਜੋਅ ਬਾਈਡੇਨ ਵੱਲੋਂ ਤੂਫਾਨ ਪ੍ਰਭਾਵਿਤ ਇਲਾਕਿਆਂ ਦੇ ਦੌਰੇ ਕੀਤੇ ਜਾ ਰਹੇ ਹਨ। ਪਿਛਲੇ ਦਿਨੀਂ ਨਿਊ ਓਰਲੀਨਜ਼, ਲੁਈਸਿਆਨਾ ਆਦਿ ਦਾ ਦੌਰਾ ਕਰਨ ਤੋਂ ਬਾਅਦ ਵਾਈਟ ਹਾਊਸ ਦੇ ਅਨੁਸਾਰ ਰਾਸ਼ਟਰਪਤੀ ਜੋਅ ਬਾਈਡੇਨ ਅਗਲੇ ਹਫਤੇ ਨਿਊਯਾਰਕ ਦੇ ਕੁਈਨਜ਼ ਅਤੇ ਨਿਊਜਰਸੀ ਦੇ ਮੈਨਵਿਲੇ ਦੀ ਯਾਤਰਾ ਕਰਨਗੇ। ਇਸ ਯਾਤਰਾ ਦੌਰਾਨ ਬਾਈਡੇਨ ਵੱਲੋਂ ਇਹਨਾਂ ਖੇਤਰਾਂ ਵਿੱਚ ਇਡਾ ਤੂਫਾਨ



ਅਤੇ ਹੜ੍ਹਾਂ ਦੇ ਨੁਕਸਾਨ ਦਾ ਜਾਇਜ਼ਾ ਲਿਆ ਜਾਵੇਗਾ। ਅਮਰੀਕਾ ਉੱਤਰ-ਪੂਰਬ ਵਿੱਚ ਤੂਫਾਨ ਨਾਲ ਸਬੰਧਤ ਘੱਟੋ ਘੱਟ 49 ਮੌਤਾਂ ਹੋਈਆਂ ਹਨ, ਜਿਨ੍ਹਾਂ ਵਿੱਚ ਨਿਊਯਾਰਕ ਸਿਟੀ 'ਚ 13 ਅਤੇ ਨਿਊ ਜਰਸੀ ਵਿੱਚ 27 ਸ਼ਾਮਲ ਹਨ ਜਦਕਿ ਹੋਰ 16 ਲੋਕਾਂ ਦੀ ਮੌਤ ਦੱਖਣ -ਪੂਰਬ ਵਿੱਚ ਹੋਈ ਹੈ। ਇਹਨਾਂ ਖੇਤਰਾਂ ਵਿੱਚ ਬੁੱਧਵਾਰ ਨੂੰ ਰਿਕਾਰਡ ਮੀਂਹ ਕਾਰਨ ਹੜ੍ਹਾਂ ਦੀ ਸਥਿਤੀ ਪੈਦਾ ਹੋ ਗਈ ਸੀ, ਜਿਸ ਨਾਲ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਸੀ। ਨਿਊ ਜਰਸੀ ਵਿੱਚ, ਕੁੱਝ ਲੋਕ ਸ਼ਨੀਵਾਰ ਤੱਕ ਵੀ ਆਪਣੇ ਬੇਸਮੈਂਟਾਂ ਵਿੱਚੋਂ ਪਾਣੀ ਬਾਹਰ ਕੱਢ ਰਹੇ ਸਨ।

# ਜੋਅ ਬਾਈਡੇਨ ਨੇ ਨਿਊ ਓਰਲੀਨਜ਼ ਵਿੱਚ ਤੂਫਾਨ ਇਡਾ ਦੇ ਨੁਕਸਾਨ ਦਾ ਲਿਆ ਜਾਇਜ਼ਾ

**ਫਰਿਜ਼ਨੋ (ਕੈਲੀਫੋਰਨੀਆ)**– ਰਾਸ਼ਟਰਪਤੀ ਜੋਅ ਬਾਈਡੇਨ ਨੇ ਸ਼ੁੱਕਰਵਾਰ ਨੂੰ ਨਿਊ ਓਰਲੀਨਜ਼ ਦਾ ਦੌਰਾ ਕਰਕੇ ਤੂਫਾਨ ਇਡਾ ਦੇ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲਿਆ। ਇਸ ਦੌਰਾਨ ਉਹਨਾਂ ਨੇ ਸਥਾਨਕ ਨੇਤਾਵਾਂ, ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਅਤੇ ਉਹਨਾਂ ਕੋਲੋਂ ਆ ਰਹੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਲਈ। ਇਸ ਦੌਰਾਨ ਰਾਸ਼ਟਰਪਤੀ ਨੇ ਲਾਪਲੇਸ ਦੇ ਕੈਂਬਰਿਜ ਇਲਾਕੇ ਵਿੱਚ ਨੁਕਸਾਨੇ ਗਏ ਘਰਾਂ ਦਾ ਦੌਰਾ ਕੀਤਾ ਅਤੇ ਵਸਨੀਕਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਦਾ ਭਰੋਸਾ ਦਿੱਤਾ। ਲਾਪਲੇਸ ਵਿੱਚ, ਸਥਾਨਕ ਅਧਿਕਾਰੀਆਂ ਨੇ ਰਾਸ਼ਟਰਪਤੀ ਨਾਲ ਇਸ ਖੇਤਰ ਵਿੱਚ ਤਬਾਹੀ ਅਤੇ ਖੇਤਰ 'ਚ ਤੂਫਾਨ ਦੇ ਲੰਮੇ ਸਮੇਂ ਦੇ ਪ੍ਰਭਾਵਾਂ ਬਾਰੇ ਗੱਲ ਕੀਤੀ। ਬਾਈਡੇਨ ਨੇ ਸਥਾਨਕ ਅਧਿਕਾਰੀਆਂ ਜਿਨ੍ਹਾਂ ਵਿੱਚ ਗਵਰਨਰ ਜੌਨ ਬੇਲ ਐਡਵਰਡਸ, ਸਥਾਨਕ ਹਸਪਤਾਲਾਂ ਦੇ ਸੀਈਓ ਅਤੇ ਐਨਰਜੀ ਕੰਪਨੀ ਐਂਟਰਗੀ, ਕਾਂਗਰਸ ਦੇ ਮੈਂਬਰ ਆਦਿ ਦੇ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਕਿਹਾ ਕਿ ਤੂਫਾਨ ਨਾਲ ਨੁਕਸਾਨੇ ਗਏ ਬੁਨਿਆਦੀ ਢਾਂਚੇ ਨੂੰ ਵਧੇਰੇ ਦੁਬਾਰਾ ਬਣਾਉਣਾ ਮਹੱਤਵਪੂਰਨ ਹੈ।



ਵਾਈਟ ਹਾਊਸ ਦੇ ਅਨੁਸਾਰ, ਲਾਪਲੇਸ ਦਾ ਦੌਰਾ ਕਰਨ ਤੋਂ ਬਾਅਦ, ਬਾਈਡੇਨ ਨੇ ਕਈ ਪ੍ਰਭਾਵਿਤ ਇਲਾਕਿਆਂ ਦਾ ਹਵਾਈ ਦੌਰਾ ਵੀ ਕਰਨਾ ਸੀ, ਜਿਸ ਵਿੱਚ ਲੈਫਿਟ, ਗ੍ਰੈਂਡ ਆਈਲ, ਪੋਰਟ ਫੌਰਚੋਨ ਅਤੇ ਲੈਫੌਰਚੇ ਪੈਰਿਸ਼ ਆਦਿ ਸ਼ਾਮਲ ਸਨ। ਅਮਰੀਕਾ ਵਿੱਚ ਤੂਫਾਨ ਇਡਾ ਕਾਰਨ ਅੱਠ ਰਾਜਾਂ ਵਿੱਚ ਘੱਟੋ ਘੱਟ 63 ਤੋਂ ਵੱਧ ਲੋਕਾਂ ਦੀ ਮੌਤ ਹੋਈ ਹੈ, ਜਿਨ੍ਹਾਂ ਵਿੱਚ ਉੱਤਰ ਪੂਰਬ ਵਿੱਚ ਘੱਟੋ ਘੱਟ 49 ਮੌਤਾਂ ਸ਼ਾਮਲ ਹਨ।

# ਵਾਸ਼ਿੰਗਟਨ 'ਚ ਹੋਈ ਗੋਲੀਬਾਰੀ ਨਾਲ ਘੱਟੋ ਘੱਟ 3 ਲੋਕਾਂ ਦੀ ਹੋਈ ਮੌਤ

**ਫਰਿਜ਼ਨੋ (ਕੈਲੀਫੋਰਨੀਆ)**– ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ, ਡੀ ਸੀ ਵਿੱਚ ਬੀਤੇ ਦਿਨੀਂ ਗੋਲੀਬਾਰੀ ਦੀ ਇੱਕ ਘਟਨਾ ਵਾਪਰੀ ਹੈ, ਜਿਸ ਵਿੱਚ ਘੱਟੋ ਘੱਟ ਤਿੰਨ ਲੋਕਾਂ ਦੀ ਮੌਤ ਹੋ ਜਾਣ ਦੇ ਨਾਲ ਤਿੰਨ ਹੋਰ ਜ਼ਖਮੀ ਹੋਏ ਹਨ । ਡੀ ਸੀ ਪੁਲਿਸ ਵਿਭਾਗ ਦੇ ਅਨੁਸਾਰ ਇਹ ਗੋਲੀਬਾਰੀ ਲੌਂਗਫੈਲੋ ਸਟ੍ਰੀਟ, ਐੱਨ ਡਬਲਯੂ 'ਚ ਸ਼ਨੀਵਾਰ ਨੂੰ ਸ਼ਾਮ 7:30 ਵਜੇ 600 ਬਲਾਕਾਂ ਵਿੱਚ ਹੋਈ। ਇਸ ਗੋਲੀਬਾਰੀ ਕਾਰਨ 3 ਵਿਅਕਤੀਆਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਅਤੇ 3 ਪੀੜਤ ਸੱਟਾਂ ਤੋਂ ਜਖਮੀ ਹਨ। ਇਸ ਹਮਲੇ ਬਾਰੇ ਜਾਣਕਾਰੀ ਦਿੰਦਿਆਂ ਪੁਲਿਸ ਨੇ ਦੱਸਿਆ ਕਿ ਸ਼ੱਕੀ ਹਮਲਾਵਰ ਵਿਅਕਤੀ ਸ਼ਨੀਵਾਰ ਰਾਤ ਨੂੰ ਇੱਕ ਵਾਹਨ ਤੋਂ ਬਾਹਰ ਆਏ ਅਤੇ ਲੋਕਾਂ ਦੀ ਭੀੜ ਵਿੱਚ ਗੋਲੀਆਂ ਚਲਾਈਆਂ। ਗੋਲੀਬਾਰੀ ਦੇ ਸਾਰੇ ਪੀੜਤ ਬਾਲਗ ਹਨ। ਪੁਲਿਸ ਮੁਖੀ ਨੇ ਦੱਸਿਆ ਕਿ ਗੋਲੀਬਾਰੀ ਬਾਰੇ ਜਾਣਕਾਰੀ ਦੇਣ ਵਾਲੇ ਕਿਸੇ ਵੀ ਵਿਅਕਤੀ ਲਈ ਇਨਾਮ ਦੀ ਰਕਮ ਵੀ 75,000 ਡਾਲਰ ਤੱਕ ਰੱਖੀ ਗਈ ਹੈ। ਫਿਲਹਾਲ ਇਸ ਗੋਲੀਬਾਰੀ ਦੇ ਦੋਸ਼ੀ ਪੁਲਿਸ ਦੇ ਕਾਬੂ ਵਿੱਚ ਨਹੀਂ ਆਇਆ ਅਤੇ ਵਿਭਾਗ ਵੱਲੋਂ ਜਾਂਚ ਜਾਰੀ ਹੈ।

# 8 ਵਿੱਚੋਂ 1 ਅਮਰੀਕੀ ਵਿਅਕਤੀ ਨੇ ਕੋਵਿਡ -19 ਲਈ ਕੀਤਾ ਪਾਜ਼ੇਟਿਵ ਟੈਸਟ

**ਫਰਿਜ਼ਨੋ (ਕੈਲੀਫੋਰਨੀਆ)**– ਅਮਰੀਕਾ ਵਿੱਚ ਕੋਰੋਨਾ ਵਾਇਰਸ ਦੇ ਮਾਮਲਿਆਂ ਵਿੱਚ ਵਾਧਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜੌਨਸ ਹੌਪਕਿਨਜ਼ ਯੂਨੀਵਰਸਿਟੀ ਦੇ ਅੰਕੜਿਆਂ ਅਨੁਸਾਰ ਅਮਰੀਕਾ ਵਿੱਚ ਕੋਵਿਡ ਮੌਤਾਂ ਦੀ ਗਿਣਤੀ 643,000 ਤੋਂ ਵੱਧ ਹੋ ਗਈ ਹੈ ਜਦਕਿ ਕੇਸਾਂ ਦੀ ਗਿਣਤੀ 39.5 ਮਿਲੀਅਨ ਤੱਕ ਹੈ। ਸਿਹਤ ਮਾਹਿਰਾਂ ਦੇ ਅਨੁਸਾਰ ਵਾਇਰਸ ਦੇ ਅੰਕੜਿਆਂ ਦੇ ਹਿਸਾਬ ਨਾਲ 8 ਵਿੱਚੋਂ 1 ਅਮਰੀਕੀ ਨੇ ਕੋਵਿਡ -19 ਲਈ ਸਕਾਰਾਤਮਕ ਟੈਸਟ ਕੀਤਾ ਹੈ ਅਤੇ 510 ਅਮਰੀਕੀਆਂ ਵਿੱਚੋਂ 1 ਨਿਵਾਸੀ ਦੀ ਵਾਇਰਸ ਨਾਲ ਮੌਤ ਹੋ ਗਈ ਹੈ। ਅਮਰੀਕਾ ਵਿੱਚ ਸਿਹਤ ਮਾਹਰ ਜਨਤਾ ਨੂੰ, ਖਾਸ ਕਰਕੇ ਬਿਨਾਂ ਟੀਕਾਕਰਨ ਹੋਏ ਲੋਕਾਂ ਨੂੰ ਸਾਵਧਾਨੀਆਂ ਵਰਤਣ ਦੀ ਅਪੀਲ ਕਰ ਰਹੇ ਹਨ।

ਵਾਇਰਸ ਦੇ ਸਾਹਮਣੇ ਆ ਰਹੇ ਕੇਸਾਂ ਵਿੱਚ ਡੈਲਟਾ ਵੇਰੀਐਂਟ ਪ੍ਰਮੁੱਖ ਹੈ। ਦੇਸ਼ ਵਿੱਚ ਕੋਰੋਨਾ ਪਾਬੰਦੀਆਂ ਵਿੱਚ ਢਿੱਲ ਦਿੱਤੇ ਜਾਣ ਕਾਰਨ ਅਤੇ ਲੋਕਾਂ ਦੁਆਰਾ ਕਈ ਮੌਕਿਆਂ, ਦਿਵਸਾਂ ਜਾਂ ਤਿਉਹਾਰਾਂ ਲਈ ਇਕੱਠ ਕੀਤੇ ਜਾਣ ਕਾਰਨ ਵੀ ਵਾਇਰਸ ਦੀ ਲਾਗ ਵਿੱਚ ਵਾਧਾ ਹੋ ਰਿਹਾ ਹੈ।


## Change of Name

I, Kulwinder Singh
s/o Jaswinder Singh
Resident of: 2333 Vaca Way,
Merced, CA-95340, U.S.A.

Now I have changed my name
From : **Kulwinder Singh**
To : Kulwinder Singh Saroya

All concerned Kindly note it.





NIRMAL SINGH BADHAN
NSB Insurance
HEALTH INSURANCE
RETIREMENT
LIFE INSURANCE
COLLEGE PLANNING
LONG TERM CARE INS
AUTO * HOME
FUNERAL EXPENSE
BUSINESS
for Insurance Call:
NIRMAL SINGH BADHAN
707-228-2020
Lic #0144676
Call: 707-228-2020, Fax: 707-260-2813
www.nsbinsures.com
1519 Gary CT., Rohnert Park, CA 94928

ਦੇਸ਼ ਦੁਆਬਾ

# Labour Day Celebrations & Babasaheb Dr Ambedkar's Contributions for Labourers in India

**Prem Kumar Chumber**
**Editor-In-Chief: www.ambedkartimes.com**

Bharat Ratan Bodhi Satav Babasaheb Dr Bhimrao Ramji's contribution towards the emancipation and empowerment of the working class in India both during the freedom struggle as well as after India's independence is worth remembering on the historic May Day: celebrated worldwide as International Workers' Day, also known as Workers' Day and Labour Day. It was chosen to be International Workers' Day at the International's second congress in 1891 to commemorate the 1886 Haymarket affairin Chicago wherein on 1 May workers of various industrial units observed general strike for the eight-hour workday. On 4 May when the Chicago police tried to disperse a public assembly in support of the general strike an unidentified person threw a bomb, which led to police firing resulting in the death of seven police officers, at least four civilians and wounding of sixty police officers and unknown number of civilians. This was led to the arrest of hundreds of labour leaders and their sympathiers. Later on, four of the arrested ones were executed by hanging.

It was coincidence that Babasaheb Dr Ambedkar was born in 1891 and came to acquire higher education in the United States of America in 1913. What he learnt during his three years (1913-16) stint at Columbia University in New York City in the class room sessions of his great professors - John Dewey, James Shotwell, Edwin Seligman and James Harvey Robinson - made him struggle for the emancipation and empowerment the labourers on his return in his own country during the British as well as after India's independence.During his tenure as a Labour Minister and as the Labour Member of the Viceroy's Executive Council between 1942 and 1946, he worked hard for the reduction of working hours from 12 to 8 Hrs a day. His contributions towards granting the rights of the labourers are manifold: establishment of Employment Exchange, Employees State Insurance (ESI), Indian Statistical Law, Compulsory Recognition for Trade of Union, Indian Factory act, Dearness Allowance (DA), Paid Holidays, Health Insurance, Extra pay for Overtime, Legal Strike Act, Provident Fund (PF), Labour Welfare Fund, Technical Training Scheme, Mines Maternity Benefit Act, Women Labour Welfare Fund, Women and Child-Labour Protection Act, Maternity Benefit for Women Labour, Equal Pay for Equal Work irrespective of the Sex, Restoration of Ban on Employment of Women on Underground Work in Coal Mines.

As far as the public domain of working class activism is concerned, Dr Ambedkar was always acted as front soldier for the rights of workers. His contribution in highlighting the plight of Dalit workers access in the highest paid textile mill weaving departments is well known. Dalits were not allowed to work in these textile mills for the fear of pollution caused by their saliva to wet the thread during the weaving process to tie the knot, each time the weft bobbin required a replacement. Dr Ambedkar brought this issue in the public during the famous 1928 Bombay Textile Strike. He threatened to dissuade Dalit workers from joining the strike if his demand for Dalits' access to all kind of jobs in the mills was accepted. His contributions towards the bill to abolish the Mahar Watan and Khoti abolition bill were among the several prominent labour welfare measures undertook by him. Abolition of Punjab Land Alienation Act of 1900 was yet another legal relief to the non-agriculture classes, including Dalits, to overcome their exclusion from the land ownership rights.

Ambedkar Times & Desh Doaba Weekly newspapers congratulate all on the Labour Day Celebrations the world over and also fondly remember the rich contributions made by Bodhi Satav Bharat Ratan Babasaheb Dr Bhimrao Ramji Ambedkar towards the emancipation and empowerment of workers in India!

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਹਵਾ ਦੇ ਪ੍ਰਦੂਸ਼ਣ ਤੋਂ ਕਿਵੇਂ ਬਚਿਆ ਜਾਵੇ?



ਡਾ. ਗੁਰਿੰਦਰ ਕੌਰ
001-408-493-9776

1 ਸਤੰਬਰ 2021 ਨੂੰ ਭਾਰਤ ਵਿਚ ਹਵਾ ਦੇ ਵਧ ਰਹੇ ਪ੍ਰਦੂਸ਼ਣ ਤੋਂ ਮਨੁੱਖੀ ਸਿਹਤ ਨੂੰ ਪਹੁੰਚ ਰਹੇ ਨੁਕਸਾਨਾਂ ਬਾਰੇ ਜਾਰੀ ਹੋਏ ਦੋ ਅਧਿਐਨਾਂ ਨੇ ਬਹੁਤ ਹੀ ਚਿੰਤਾਜਨਕ ਤੱਥਾਂ ਦਾ ਖ਼ੁਲਾਸਾ ਕੀਤਾ ਹੈ। ਇਕ ਅਧਿਐਨ ਅਮਰੀਕਾ ਦੀ ਸ਼ਿਕਾਗੋ ਯੂਨੀਵਰਸਿਟੀ ਦੇ ਖੋਜਾਰਥੀਆਂ ਅਤੇ ਦੂਜਾ ਅਧਿਐਨ ਭਾਰਤ ਦੀਆਂ ਲੰਗ ਕੇਅਰ ਫਾਉਡੇਸ਼ਨ ਅਤੇ ਪਲਮੋਕੇਅਰ ਐਜੂਕੇਸ਼ਨ ਫਾਉਡੇਸ਼ਨ ਵਲੋਂ ਕੀਤਾ ਗਿਆ ਹੈ। ਪਹਿਲੇ ਅਧਿਐਨ (ਸ਼ਿਕਾਗੋ ਯੂਨੀਵਰਸਿਟੀ) ਅਨੁਸਾਰ ਭਾਰਤ ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ ਦੇਸਾਂ ਵਿਚੋਂ ਇੱਕ ਹੈ। ਦੇਸ ਵਿਚ ਸਭ ਤੋਂ ਪ੍ਰਦੂਸ਼ਿਤ ਖੇਤਰ ਉੱਤਰੀ ਮੈਦਾਨੀ ਰਾਜ (ਪੰਜਾਬ, ਹਰਿਆਣਾ, ਚੰਡੀਗੜ੍ਹ, ਦਿੱਲੀ, ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਅਤੇ ਪੱਛਮੀ ਬੰਗਾਲ) ਹਨ। ਇਸ ਖੇਤਰ ਵਿਚ ਦੇਸ ਦੀ 40 ਫ਼ੀਸਦ ਆਬਾਦੀ (48 ਕਰੋੜ ਲੋਕ) ਰਹਿੰਦੀ ਹੈ। ਇਸ ਅਧਿਐਨ ਦੇ ਏਅਰ ਕੁਆਲਿਟੀ ਲਾਈਫ਼ ਇੰਡੈਕਸ (ਏ.ਕਿਊ.ਐੱਲ.ਆਈ.) ਅਨੁਸਾਰ 2019 ਵਿਚ ਇਸ ਖੇਤਰ ਵਿਚ ਪਾਰਟੀਕੁਲੇਟ ਮੈਟਰ (ਪੀ.ਐੱਮ.) 2.5 ਦੀ ਪ੍ਰਤਿ ਕਿਊਬਿਕ ਘਣਤਾ 70.3 ਮਾਈਕਰੋਗਰਾਮ ਸੀ ਜਦੋਂਕਿ ਡਬਲਿਓ.ਐੱਚ.ਓ. ਦੇ ਮਾਪਦੰਡ ਅਨੁਸਾਰ ਇਹ 10 ਮਾਈਕਰੋਗਰਾਮ ਪ੍ਰਤਿ ਕਿਊਬਿਕ ਮੀਟਰ ਹੋਣੀ ਚਾਹੀਦੀ ਹੈ। ਇਸ ਖੇਤਰ ਵਿਚ ਪੀ.ਐੱਮ. 2.5 ਦੀ ਮਾਤਰਾ ਸਿਹਤ ਸੁਰੱਖਿਅਤ ਸੀਮਾ ਦੇ ਮਾਪਦੰਡ ਤੋਂ 7 ਗੁਣਾ ਜ਼ਿਆਦਾ ਸੀ। ਹਵਾ ਦਾ ਪ੍ਰਦੂਸ਼ਣ ਮਨੁੱਖੀ ਸਿਹਤ ਲਈ ਬਹੁਤ ਹੀ ਨੁਕਸਾਨਦੇਹ ਹੈ। ਇਸ ਨਾਲ ਮਨੁੱਖ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਲੱਗ ਜਾਂਦੀਆਂ ਹਨ ਅਤੇ ਜਿੰਨਾਂ ਜ਼ਿਆਦਾ ਕਿਸੇ ਥਾਂ ਉੱਪਰ ਹਵਾ ਦਾ ਪ੍ਰਦੂਸ਼ਣ ਵਧ ਰਿਹਾ ਹੈ ਉਸੇ ਦੇ ਅਨੁਪਾਤ ਵਿਚ ਉੱਥੇ ਦੇ ਲੋਕਾਂ ਦੀ ਔਸਤ ਉਮਰ ਘਟ ਰਹੀ ਹੈ। ਮੌਜੂਦਾ ਸਥਿਤੀ ਵਿਚ ਇਕ ਭਾਰਤੀ ਦੀ ਔਸਤ ਉਮਰ 5.9 ਸਾਲ ਘਟ ਰਹੀ ਹੈ। ਦਿੱਲੀ ਵਿਚ ਜ਼ਿਆਦਾ ਪ੍ਰਦੂਸ਼ਣ ਹੋਣ ਕਾਰਨ ਇੱਥੋਂ ਦੇ ਲੋਕਾਂ ਦੀ ਔਸਤ ਉਮਰ 9.7 ਸਾਲ ਘਟ ਰਹੀ ਹੈ ਜਦੋਂਕਿ ਉੱਤਰ ਪ੍ਰਦੇਸ਼ ਵਿਚ 9.5, ਬਿਹਾਰ 8.8, ਹਰਿਆਣਾ ਵਿਚ 8.4, ਝਾਰਖੰਡ ਵਿਚ 7.3 ਅਤੇ ਪੱਛਮੀ ਬੰਗਾਲ ਵਿਚ 6.8 ਸਾਲ ਘਟ ਰਹੀ ਹੈ। ਹਵਾ ਦਾ ਪ੍ਰਦੂਸ਼ਣ ਹੁਣ ਭਾਰਤ ਦੇ ਉੱਤਰੀ ਰਾਜਾਂ ਤੱਕ ਹੀ ਸੀਮਤ ਨਹੀਂ ਰਿਹਾ ਹੈ ਬਲਕਿ ਇਸ ਦੀ ਲਪੇਟ ਵਿਚ ਦੇਸ ਦੇ ਮੱਧਵਰਤੀ ਅਤੇ ਦੱਖਣੀ ਰਾਜ ਵੀ ਆ ਗਏ ਹਨ। ਸ਼ਿਕਾਗੋ ਯੂਨੀਵਰਸਿਟੀ ਦੀ ਇਸ ਖੋਜ ਅਨੁਸਾਰ ਹੁਣ ਮਹਾਂਰਾਸ਼ਟਰ ਅਤੇ ਮੱਧ ਪ੍ਰਦੇਸ਼ ਵਿਚ ਹਵਾ ਦੇ ਵਧ ਰਹੇ ਪ੍ਰਦੂਸ਼ਣ ਕਾਰਨ ਆਮ ਵਿਅਕਤੀ ਦੀ ਉਮਰ 2000 ਦੇ ਮੁਕਾਬਲੇ 2.5 ਤੋਂ 2.9 ਸਾਲ ਤਕ ਘਟ ਰਹੀ ਹੈ।

ਦੂਜਾ ਅਧਿਐਨ ਭਾਰਤ ਦੇ ਪੂਨੇ ਦੀ ਪਲਮੋਕੇਅਰ ਰਿਸਰਚ ਐਂਡ ਐਜੂਕੇਸ਼ਨ ਫਾਊਂਡੇਸ਼ਨ ਦੇ ਡਾ. ਸੰਦੀਪ ਸਾਲਵੀ ਅਤੇ ਲੰਗ ਕੇਅਰ ਫਾਊਂਡੇਸ਼ਨ ਦੇ ਡਾ. ਅਰਵਿੰਦ ਕੁਮਾਰ ਨੇ ਮਿਲਕੇ ਕੀਤਾ ਹੈ। ਇਨ੍ਹਾਂ ਦੇ ਦਿੱਲੀ, ਮੈਸੂਰ, ਅਤੇ ਕੋਟਾਯਮ ਦੇ ਇਸ ਅਧਿਐਨ ਅਨੁਸਾਰ ਹਵਾ ਦੇ ਜ਼ਿਆਦਾ ਪ੍ਰਦੂਸ਼ਣ ਵਾਲੇ ਖੇਤਰਾਂ ਵਿਚ ਬੱਚਿਆਂ ਵਿਚ ਦਮੇ ਅਤੇ ਐਲਰਜੀ, ਸਾਹ ਨਾਲੀ ਵਿਚ ਰੁਕਾਵਟ, ਅਤੇ ਮੋਟਾਪੇ ਨਾਲ ਜੁੜੇ ਰੋਗਾਂ ਦੀ ਫ਼ੀਸਦ ਮਾਤਰਾ ਹਵਾ ਦੇ ਘਟ ਪ੍ਰਦੂਸ਼ਣ ਵਾਲੇ ਖੇਤਰਾਂ ਨਾਲੋਂ ਕਾਫ਼ੀ ਜ਼ਿਆਦਾ ਹੈ। ਦਿੱਲੀ ਵਿਚ ਤਿੰਨਾਂ ਵਿਚੋਂ ਇਕ ਸਕੂਲ ਜਾਣ ਵਾਲਾ ਬੱਚਾ ਦਮੇ ਦੀ ਬਿਮਾਰੀ ਤੋਂ ਪੀੜਿਤ ਹੈ ਅਤੇ 50 ਫ਼ੀਸਦ ਤੋਂ ਉੱਪਰ ਬੱਚੇ ਐਲਰਜੀ, ਅਤੇ ਸਾਹ ਨਾਲੀ ਵਿਚ ਰੁਕਾਵਟ, 44.9 ਫ਼ੀਸਦ ਅੱਖਾਂ ਵਿਚੋਂ ਪਾਣੀ ਆਉਣ, ਅਤੇ ਖ਼ਾਰਸ਼ ਹੋਣ ਵਰਗੀਆਂ ਬਿਮਾਰੀਆਂ ਦੀ ਮਾਰ ਸਹਿ ਰਹੇ ਹਨ ਜਦੋਂਕਿ ਮੈਸੂਰ, ਅਤੇ ਕੋਟਾਯਾਮ ਦੇ 22.6 ਫ਼ੀਸਦ ਬੱਚੇ ਦਮੇ ਦੀ ਬਿਮਾਰੀ ਤੋਂ ਪੀੜਿਤ ਹਨ। ਮੈਸੂਰ ਅਤੇ ਕੋਟਾਯਮ ਦੇ ਸਕੂਲੀ ਬੱਚਿਆਂ ਵਿਚ ਹਵਾ ਦੇ ਪ੍ਰਦੂਸ਼ਣ ਨਾਲ ਹੋਣ ਵਾਲੀਆਂ ਹੋਰ ਬਿਮਾਰੀਆਂ ਦੀ ਫ਼ੀਸਦ ਮਾਤਰਾ ਦਿੱਲੀ ਨਾਲੋਂ ਕਾਫ਼ੀ ਘੱਟ ਹੈ। ਉਪਰੋਕਤ ਅਧਿਐਨ ਅਨੁਸਾਰ ਬਿਮਾਰੀਆਂ ਦੀ ਫ਼ੀਸਦ ਮਾਤਰਾ ਦਾ ਸਿੱਧਾ ਸੰਬੰਧ ਹਵਾ ਦੇ ਪ੍ਰਦੂਸ਼ਣ ਦੇ ਪੱਧਰ ਨਾਲ ਹੈ। ਅੱਜਕੱਲ੍ਹ ਬੱਚਿਆਂ ਵਿੱਚ ਮੋਟਾਪਾ ਖਾਣ ਪੀਣ ਕਾਰਨ ਨਹੀਂ, ਇਹ ਵੀ ਹਵਾ ਦੇ ਪ੍ਰਦੂਸ਼ਣ ਕਾਰਨ ਆ ਰਿਹਾ ਹੈ। ਬੱਚਿਆਂ ਦੇ ਫੇਫੜੇ ਕੰਮਜ਼ੋਰ ਹੁੰਦੇ ਹਨ, ਪ੍ਰਦੂਸ਼ਿਤ ਹਵਾ ਅੰਦਰ ਲੰਘਾਉਣ ਨਾਲ ਫੇਫੜਿਆਂ ਉੱਤੇ ਅਸਰ ਪੈਂਦਾ ਹੈ ਜਿਸ ਨਾਲ ਦਮੇ ਦਾ ਖਤਰਾ ਵਧਣ ਦੇ ਨਾਲ ਨਾਲ ਬੱਚੇ ਦਾ ਭਾਰ ਵੀ ਵਧ ਸਕਦਾ ਹੈ। ਲੜਕਿਆਂ ਵਿਚ ਲੜਕੀਆਂ ਦੇ ਮੁਕਾਬਲੇ ਦਮੇ ਦੀ ਬਿਮਾਰੀ ਦੀ ਫ਼ੀਸਦ ਮਾਤਰਾ ਜ਼ਿਆਦਾ ਹੈ। ਅਫ਼ਸੋਸ ਦੀ ਗੱਲ ਤਾਂ ਇਹ ਹੈ ਕਿ ਕੁਝ ਬੱਚੇ ਇਸ ਗੱਲ ਤੋਂ ਵੀ ਅਣਜਾਣ ਹਨ ਕਿ ਉਹ ਦਮੇ ਦੀ ਬਿਮਾਰੀ ਤੋਂ ਪੀੜਿਤ ਹਨ।

ਹਵਾ ਦੇ ਪ੍ਰਦੂਸ਼ਣ ਨਾਲ ਲੋਕਾਂ ਦੇ ਮਰਨ ਦਾ ਜ਼ਿਕਰ ਹਰ ਸਾਲ ਦੁਨੀਆ ਦੀ ਕੋਈ ਨਾ ਕੋਈ ਸੰਸਥਾ ਕਰਦੀ ਹੈ। ਗਰੀਨਪੀਸ ਸਾਊਥਈਸਟ ਏਸ਼ੀਆ ਦੀ ਏਅਰ ਕੁਆਲਿਟੀ ਦੀ ਇਕ ਰਿਪੋਰਟ ਅਨੁਸਾਰ 2020 ਵਿਚ ਭਾਰਤ ਵਿਚ 1 ਲੱਖ 20 ਹਜ਼ਾਰ ਲੋਕ ਹਵਾ ਦੇ ਪ੍ਰਦੂਸ਼ਣ ਨਾਲ ਸੰਬੰਧਿਤ ਬਿਮਾਰੀਆਂ ਨਾਲ ਮਰ ਗਏ ਅਤੇ ਦੇਸ ਨੂੰ 2 ਲੱਖ ਕਰੋੜ ਦਾ ਮਾਲੀ ਨੁਕਸਾਨ ਹੋਇਆ। ਦਿੱਲੀ ਵਿਚ 54000 ਲੋਕ ਹਵਾ ਦੇ ਪ੍ਰਦੂਸ਼ਣ ਨਾਲ ਮਰੇ ਅਤੇ 58895 ਕਰੋੜ ਦਾ ਮਾਲੀ ਨੁਕਸਾਨ ਹੋਇਆ ਹੈ। ਦੇਸ ਦੇ ਵੱਖ ਵੱਖ ਸ਼ਹਿਰਾਂ ਵਿਚ ਹਵਾ ਦੇ ਪ੍ਰਦੂਸ਼ਣ ਨਾਲ ਹਰ ਸਾਲ ਲੱਖਾਂ ਲੋਕ ਮਰ ਰਹੇ ਹਨ। ਨਵੀਆਂ ਆਈਆਂ ਰਿਪੋਰਟਾਂ ਅਨੁਸਾਰ ਹੁਣ ਤਾਂ ਸਾਡੇ ਬੱਚੇ ਵੀ ਪ੍ਰਦੂਸ਼ਿਤ ਹਵਾ ਵਿਚ ਸਾਹ ਲੈਣ ਕਾਰਨ ਭਿਆਨਕ ਬਿਮਾਰੀਆਂ ਦੀ ਲਪੇਟ ਵਿਚ ਆ ਰਹੇ ਹਨ। ਸਟੇਟ ਆਫ਼ ਗਲੋਬਲ ਏਅਰ 2020 ਦੀ ਇਕ ਰਿਪੋਰਟ ਅਨੁਸਾਰ ਭਾਰਤ ਵਿੱਚ 1 ਲੱਖ 16 ਹਜ਼ਾਰ ਬੱਚੇ ਹਵਾ ਦੇ ਪ੍ਰਦੂਸ਼ਣ ਕਾਰਨ ਆਪਣੀ ਜ਼ਿੰਦਗੀ ਦਾ ਪਹਿਲਾ ਮਹੀਨਾ ਵੀ ਪੂਰਾ ਨਾ ਕਰ ਸਕੇ।

ਬੱਚਿਆਂ ਦੀਆਂ ਹਵਾ ਦੇ ਪ੍ਰਦੂਸ਼ਣ ਨਾਲ ਹੋਣ ਵਾਲੀਆਂ ਮੌਤਾਂ ਵਿਚ ਭਾਰਤ, ਨਜ਼ੀਰੀਆ (67,900), ਪਾਕਿਸਤਾਨ (56,500) ਅਤੇ ਇਥੋਪੀਆ (22,900) ਵਰਗੇ ਦੇਸਾਂ ਨਾਲੋਂ ਵੀ ਮਾੜੀ ਸਥਿਤੀ ਵਿਚ ਹੈ। ਹਰ ਰੋਜ਼ ਸਾਡੇ ਦੇਸ ਵਿਚ 318 ਬੱਚੇ, ਨਜ਼ੀਰੀਆ ਵਿਚ 186, ਪਾਕਿਸਤਾਨ ਵਿਚ 155 ਅਤੇ ਇਥੋਪੀਆ ਵਿਚ 63 ਬੱਚੇ ਹਵਾ ਦੇ ਪ੍ਰਦੂਸ਼ਣ ਨਾਲ ਮਰਦੇ ਹਨ।

2020 ਦੀ ਆਈ.ਕਿਊ. ਏਅਰ ਵਿਜ਼ੂਅਲ ਸੰਸਥਾ ਦੀ ਇਕ ਰਿਪੋਰਟ ਅਨੁਸਾਰ 2019 ਵਿਚ ਦਿੱਲੀ ਦੁਨੀਆ ਦੀ ਸਭ ਤੋਂ ਪ੍ਰਦੂਸ਼ਿਤ ਰਾਜਧਾਨੀ ਅਤੇ ਗਾਜ਼ੀਆਬਾਦ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਆਂਕਿਆ ਗਿਆ ਸੀ। ਇਸ ਸੰਸਥਾ ਅਨੁਸਾਰ ਦਿੱਲੀ ਹੀ ਲਗਾਤਾਰ ਤੀਜੇ ਸਾਲ (2018 ਤੋਂ 2020 ਤੱਕ) ਦੁਨੀਆ ਦੀ ਸਭ ਤੋਂ ਪ੍ਰਦੂਸ਼ਿਤ ਰਾਜਧਾਨੀ ਰਹੀ ਹੈ ਅਤੇ ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ ਪਹਿਲੇ 30 ਸ਼ਹਿਰਾਂ ਵਿੱਚੋਂ 22 ਭਾਰਤ ਵਿਚ ਹਨ। ਹਰ ਨਵੀਂ ਰਿਪੋਰਟ ਵਿਚ ਭਾਰਤ ਵਿਚ ਪ੍ਰਦੂਸ਼ਿਤ ਸ਼ਹਿਰਾਂ ਦੀ ਗਿਣਤੀ ਵਿਚ ਵਾਧੇ ਦੇ ਨਾਲ ਉੱਥੋਂ ਦੇ ਪ੍ਰਦੂਸ਼ਣ ਦੀ ਘਣਤਾ ਵਿਚ ਵੀ ਵਾਧਾ ਹੋ ਰਿਹਾ ਹੈ। 2012 ਅਤੇ 2014 ਵਿਚ ਵੀ ਵੱਖ ਵੱਖ ਅੰਤਰਰਾਸ਼ਟਰੀ ਸੰਸਥਾਵਾਂ ਨੇ ਦਿੱਲੀ ਨੂੰ ਦੁਨੀਆ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਘੋਸ਼ਿਤ ਕੀਤਾ ਸੀ। ਇਹ ਸਾਰੀਆਂ ਰਿਪੋਰਟਾਂ ਭਾਰਤ ਲਈ ਇਕ ਚੇਤਾਵਨੀ ਸਨ ਅਤੇ ਹਨ ਕਿਉਂਕਿ ਨਵੀਆਂ ਰਿਪੋਰਟਾਂ ਸਾਨੂੰ ਇਹ ਵੀ ਦੱਸ ਰਹੀਆਂ ਹਨ ਕਿ ਹਵਾ ਦਾ ਪ੍ਰਦੂਸ਼ਣ ਮਨੁੱਖੀ ਸਿਹਤ ਨੂੰ ਬਹੁਤ ਨੁਕਸਾਨ ਪਹੁੰਚਾ ਰਿਹਾ ਹੈ। ਇਸ ਦੇ ਨਾਲ ਸਾਡੇ ਫੇਫੜੇ ਕੰਮਜ਼ੋਰ ਹੋ ਰਹੇ ਹਨ ਅਤੇ ਸਾਹ ਲੈਣ ਵਿਚ ਤਕਲੀਫ਼ ਅਤੇ ਦਮੇ ਵਰਗੀਆਂ ਬਿਮਾਰੀਆਂ ਪੈਦਾ ਹੋ ਰਹੀਆਂ ਹਨ। ਇਸ ਨਾਲ ਔਸਤ ਉਮਰ ਤੇਜ਼ੀ ਨਾਲ ਘਟ ਰਹੀ ਹੈ। ਸ਼ਿਕਾਗੋ ਯੂਨੀਵਰਸਿਟੀ ਦੀ 2017 ਵਿਚ ਆਈ ਇਕ ਰਿਪੋਰਟ ਨਾਲੋਂ ਇਸ ਨਵੀਂ ਰਿਪੋਰਟ ਵਿਚ ਭਾਰਤੀਆਂ ਦੀ ਔਸਤ ਉਮਰ ਹੋਰ ਘੱਟ ਗਈ ਆਂਕੀ ਗਈ ਹੈ। ਸਟੇਟ ਆਫ਼ ਇੰਡੀਆ'ਜ਼ ਇਨਵਾਰਨਮੈਂਟ ਰਿਪੋਰਟ 2019 ਅਨੁਸਾਰ ਦੇਸ ਵਿਚ 5 ਸਾਲ ਤੋਂ ਛੋਟੀ ਉਮਰ ਦੇ 1 ਲੱਖ ਬੱਚੇ ਹਵਾ ਦੇ ਪ੍ਰਦੂਸ਼ਣ ਨਾਲ ਮਰੇ ਸਨ ਅਤੇ ਹੁਣ ਵਾਲੀ ਰਿਪੋਰਟ ਅਨੁਸਾਰ ਇਹ ਗਿਣਤੀ 1 ਲੱਖ 16 ਹਜ਼ਾਰ ਹੈ। ਬੱਚੇ ਸਾਡੇ ਦੇਸ ਦਾ ਭਵਿੱਖ ਹਨ। ਹਵਾ ਦੇ ਪ੍ਰਦੂਸ਼ਣ ਨਾਲ ਉਨ੍ਹਾਂ ਦੇ ਫੇਫੜੇ ਕੰਮਜ਼ੋਰ ਹੋ ਰਹੇ ਹਨ ਅਤੇ ਉਹ ਦਮੇ, ਅਤੇ ਮੋਟਾਪੇ ਵਰਗੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਅਫ਼ਸੋਸ! ਜਦੋਂ ਵੀ ਕੋਈ ਅੰਤਰਰਾਸ਼ਟਰੀ ਪੱਧਰ ਦੀ ਰਿਪੋਰਟ ਆਉਂਦੀ ਹੈ ਤਾਂ ਭਾਰਤ ਸਰਕਾਰ ਉਸ ਨੂੰ ਇਕ ਸਿਰੇ ਤੋਂ ਨਕਾਰਨਾ ਸ਼ੁਰੂ ਕਰ ਦਿੰਦੀ ਹੈ। ਯੇਲ ਯੂਨੀਵਰਸਿਟੀ ਦੀ 2014 ਦੀ ਇਕ ਰਿਪੋਰਟ ਨੂੰ ਉਸ ਸਮੇਂ ਦੇ ਕੇਂਦਰੀ ਵਾਤਾਵਰਨ ਮੰਤਰੀ ਨੇ ਨਕਾਰ ਦਿੱਤਾ ਸੀ। 2016 ਦੀ ਵਿਸ਼ਵ ਸੰਸਥਾ ਦੀ ਇਕ ਰਿਪੋਰਟ ਨੂੰ ਉਸ ਸਮੇਂ ਦੇ ਕੇਂਦਰੀ ਵਾਤਾਵਰਨ ਮੰਤਰੀ ਹਰਸ਼ਵਰਧਨ ਨੇ ਇਹ ਕਹਿਕੇ ਨਕਾਰ ਦਿੱਤਾ ਸੀ ਕਿ ਇਸ ਤਰ੍ਹਾਂ ਦੇ ਦਰਜੇ ਕੋਈ ਮਹੱਤਵ ਨਹੀਂ ਰੱਖਦੇ।

ਹੁਣ ਵਾਲੇ ਕੇਂਦਰੀ ਵਾਤਾਵਰਨ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਤਾਂ ਹੱਦ ਹੀ ਕਰ ਦਿੱਤੀ। ਜਦੋਂ ਇੱਕ ਸੰਸਦ ਮੈਂਬਰ ਨੇ ਹਵਾ ਦੇ ਵਧ ਰਹੇ ਪ੍ਰਦੂਸ਼ਣ ਬਾਰੇ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਜੇਕਰ ਸਰਕਾਰ ਹਵਾ ਦੀ ਸ਼ੁੱਧਤਾ ਵੱਲ ਧਿਆਨ ਦੇਵੇ ਤਾਂਕਿ ਲੋਕ ਇਸ ਤੋਂ ਪੈਦਾ ਵਾਲੀਆਂ ਬਿਮਾਰੀਆਂ ਨਾਲ ਸਮੇਂ ਤੋਂ ਪਹਿਲਾਂ ਨਾ ਮਰਨ ਤਾਂ ਪ੍ਰਕਾਸ਼ ਜਾਵੇੜਕਰ ਨੇ ਜਵਾਬ ਵਿਚ ਕਿਹਾ ਕਿ ਹਵਾ ਦੇ ਪ੍ਰਦੂਸ਼ਣ ਦਾ ਬਿਮਾਰੀਆਂ ਨਾਲ ਕੋਈ ਸੰਬੰਧ ਨਹੀਂ ਅਤੇ ਇਹ ਵੀ ਕਿਹਾ ਕਿ ਕੋਈ ਵੀ ਭਾਰਤੀ ਖੋਜ ਇਸ ਤੱਥ ਨੂੰ ਸਾਬਤ ਨਹੀਂ ਕਰਦੀ ਹੈ, ਆਲੋਚਨਾ ਕਰਨ ਵਾਲੇ ਐਵੇਂ ਹੀ ਲੋਕਾਂ ਨੂੰ ਡਰਾ ਰਹੇ ਹਨ। ਪ੍ਰਕਾਸ਼ ਜਾਵੇੜਕਰ ਦੇ ਇਸ ਗ਼ੈਰ-ਜ਼ਿੰਮੇਵਾਰਾਨਾ ਬਿਆਨ ਦੀ ਚਰਚਾ ਅੰਤਰਰਾਸ਼ਟਰੀ ਪੱਧਰ ਉੱਤੇ ਵੀ ਹੋਈ। ਸਪੇਨ ਦੇ ਸ਼ਹਿਰ ਮੈਡਰਿੱਡ ਵਿਚ ਹੋਈ ਕਾਨਫਰੰਸ ਆਫ਼ ਪਾਰਟੀਜ਼ 25 ਵਿਚ ਵਿਸ਼ਵ ਸਿਹਤ ਸੰਸਥਾ ਦੀ ਨਿਰਦੇਸ਼ਕ ਮੀਰਾ ਨਾਇਰਾ ਨੇ ਕਿਹਾ ਕਿ ਕਾਸ਼ ਅਜਿਹਾ ਹੁੰਦਾ ਕਿ ਹਵਾ ਦਾ ਪ੍ਰਦੂਸ਼ਣ ਲੋਕਾਂ ਦੀ ਸਿਹਤ ਨਾਲ ਖਿਲਾਵੜ ਨਾ ਕਰਦਾ, ਪਰ ਵਿਗਿਆਨਕ ਤੱਥਾਂ ਉੱਤੇ ਆਧਾਰਿਤ ਰਿਪੋਰਟਾਂ ਦੱਸਦੀਆਂ ਹਨ ਕਿ ਅਜਿਹਾ ਹੋ ਰਿਹਾ ਹੈ। ਹਰ ਵਰਗ ਅਤੇ ਹਰ ਉਮਰ ਦੇ ਲੋਕ ਹਵਾ ਨਾਲ ਹੋਣ ਵਾਲੀਆਂ ਬਿਮਾਰੀਆਂ ਤੋਂ ਪੀੜਿਤ ਹੋ ਰਹੇ ਹਨ ਅਤੇ ਉਨ੍ਹਾਂ ਦੀ ਉਮਰ ਵੀ ਘਟ ਰਹੀ। ਇਸ ਦੇ ਨਾਲ ਨਾਲ ਮੀਰਾ ਨਾਇਰਾ ਨੇ ਵਿਅੰਗ ਕਰਦਿਆ ਕਿਹਾ ਕਿ ਅਜਿਹੀ ਵੀ ਕੋਈ ਖੋਜ ਨਹੀਂ ਮਿਲਦੀ ਜੋ ਇਹ ਦਰਸਾਉਂਦੀ ਹੋਵੇ ਕਿ ਹਵਾ ਦਾ ਪ੍ਰਦੂਸ਼ਣ ਭਾਰਤੀਆਂ ਉੱਤੇ ਅਸਰ ਨਹੀਂ ਕਰਦਾ ਅਤੇ ਉਨ੍ਹਾਂ ਨੂੰ ਬਖ਼ਸ਼ ਦਿੰਦਾ ਹੈ।

ਹੁਣ ਸਵਾਲ ਪੁੱਛਣਾ ਬਣਦਾ ਹੈ ਕਿ ਜੇਕਰ ਹਵਾ ਦਾ ਪ੍ਰਦੂਸ਼ਣ ਭਾਰਤੀਆਂ ਉੱਤੇ ਅਸਰ ਨਹੀਂ ਕਰਦਾ ਹੈ ਤਾਂ ਦਿੱਲੀ ਅਤੇ ਕੇਂਦਰ ਸਰਕਾਰ ਹਰ ਸਾਲ ਦਿੱਲੀ ਦੇ ਪ੍ਰਦੂਸ਼ਣ ਲਈ ਆਪਣੇ ਨੇੜਲੇ ਰਾਜਾਂ ਨੂੰ ਜ਼ਿੰਮੇਵਾਰ ਕਿਉਂ ਠਹਿਰਾਉਂਦੀ ਹੈ, ਸਰਦੀਆਂ ਵਿਚ ਵੱਧ ਪ੍ਰਦੂਸ਼ਣ ਵਾਲੇ ਦਿਨਾਂ ਵਿਚ ਦਿੱਲੀ ਸਕੂਲ ਕਿਉਂ ਬੰਦ ਕਰ ਦਿੱਤੇ ਜਾਂਦੇ ਹਨ, ਉਸਾਰੀ ਦੇ ਕੰਮ ਵੀ ਕੁਝ ਅਰਸੇ ਲਈ ਕਿਉਂ ਬੰਦ ਕਰ ਦਿੱਤੇ ਹਨ, ਹਵਾ ਵਿਚਲੇ ਪ੍ਰਦੂਸ਼ਣ ਨੂੰ ਘੱਟ ਕਰਨ ਟਾਂਕ-ਜਿਸਤ ਗੱਡੀਆਂ ਚਲਾਉਣ ਦੀ ਵਿਵਸਥਾ ਕਿਉਂ ਕੀਤੀ ਜਾਂਦੀ ਹੈ, ਅਤੇ ਦਿੱਲੀ ਵਿਚ ਸਮੌਗ ਟਾਵਰ ਲਗਾਉਣ ਦੀ ਕੀ ਜ਼ਰੂਰਤ ਹੈ?

ਦਿੱਲੀ ਦੇ ਨਾਲ ਨਾਲ ਦੇਸ ਦੇ ਸਾਰੇ ਸ਼ਹਿਰਾਂ ਵਿਚ ਹਵਾ ਦਾ ਪ੍ਰਦੂਸ਼ਣ ਤੇਜ਼ੀ ਨਾਲ ਵਧ ਰਿਹਾ ਹੈ। ਅੰਤਰਰਾਸ਼ਟਰੀ ਰਿਪੋਰਟਾਂ ਤੋਂ ਇਲਾਵਾ ਦੇਸ ਵਿਚਲੀਆਂ ਏਅਰ ਕੁਆਲਿਟੀ ਰਿਪੋਰਟਾਂ ਵੀ ਹਵਾ ਦੇ ਪ੍ਰਦੂਸ਼ਣ ਦਾ ਖ਼ੁਲਾਸਾ ਕਰਦੀਆਂ ਹਨ। 21 ਜਨਵਰੀ 2020 ਨੂੰ ਭਾਰਤ ਦੀ ਗਰੀਨਪੀਸ ਸੰਸਥਾ ਅਨੁਸਾਰ ਰਾਸ਼ਟਰੀ ਮਾਪਦੰਡਾਂ ਅਨੁਸਾਰ ਦੇਸ ਦੇ 80 ਫ਼ੀਸਦ ਸ਼ਹਿਰਾਂ ਦੀ ਹਵਾ ਪ੍ਰਦੂਸ਼ਿਤ ਹੈ। ਇਸ ਰਿਪੋਰਟ ਵਿਚ ਇਹ ਵੀ ਜ਼ਿਕਰ ਕੀਤਾ ਗਿਆ ਹੈ ਦੇਸ ਦੇ ਮਿਜ਼ੋਰਮ ਰਾਜ ਦਾ ਇਕੋ-ਇਕ ਸ਼ਹਿਰ ਲੂੰਗਲੇਈ ਹੈ ਜੋ ਅੰਤਰਰਾਸ਼ਟਰੀ ਮਾਪਦੰਡਾਂ ਉੱਤੇ ਪੂਰਾ ਉੱਤਰਦਾ ਹੈ। ਭਾਰਤ ਵਿਚ ਹਵਾ ਦੇ ਵਧਦੇ ਪ੍ਰਦੂਸ਼ਣ ਦਾ ਕਾਰਨ ਸਾਡੇ ਦੇਸ ਵਿਚ ਆਰਥਿਕ ਵਿਕਾਸ ਲਈ ਅਪਣਾਇਆ ਗਿਆ ਵਿਕਾਸ ਮਾਡਲ, ਅਤੇ ਸਰਕਾਰ ਦੀਆਂ ਵਿਕਾਸ ਕਾਰਜਾਂ ਲਈ ਅਪਣਾਈਆਂ ਗਈਆਂ ਗ਼ਲਤ ਯੋਜਨਾਵਾਂ ਹਨ। 2020 ਵਿਚ ਕੋਰੋਨਾ ਮਹਾਮਾਰੀ ਦੋਰਾਨ 2006 ਦੇ ਵਾਤਾਵਰਨ ਪ੍ਰਭਾਵ ਮੁਲਾਂਕਣ ਨੂੰ ਬਹੁਤ ਹੀ ਪੇਤਲਾ ਕਰਕੇ ਇਕ ਨਵੇਂ ਵਾਤਾਵਰਨ ਪ੍ਰਭਾਵ ਮੁਲਾਂਕਣ ਦਾ ਖਰੜਾ 23 ਮਾਰਚ ਨੂੰ ਜਾਰੀ ਕੀਤਾ ਗਿਆ, ਭਾਵੇਂ ਇਸ ਉੱਤੇ ਬਹੁਤ ਸਾਰੇ ਸਵਾਲ ਉੱਠੇ, ਪਰ ਕੇਂਦਰ ਸਰਕਾਰ ਹੁਣ ਉਸ ਨੂੰ ਟੁਕੜਿਆਂ ਵਿਚ ਲਾਗੂ ਕਰ ਰਹੀ ਹੈ।

ਇਸ ਖਰੜੇ ਵਿਚ ਕੇਂਦਰ ਸਰਕਾਰ ਨੇ ਪੋਸਟ ਫੋਕਟੋ ਕਲੀਰੈਂਸ, ਭਾਵ ਪਹਿਲਾਂ ਤੋਂ ਚੱਲ ਰਹੇ ਪ੍ਰੋਜੈਕਟਾਂ ਨੂੰ ਜੁਰਮਾਨਾ ਲੈ ਕੇ ਮਨਜ਼ੂਰੀ ਦੇ ਦੇਣਾ ਹੈ ਭਾਵੇਂ ਉਹ ਵਾਤਾਵਰਨ ਨਿਯਮਾਂ ਉੱਤੇ ਪੂਰੇ ਵੀ ਨਾ ਉੱਤਰਦੇ ਹੋਣ, ਦੀ ਮਨਜ਼ੂਰੀ ਦੇਣ ਨੂੰ ਸ਼ਾਮਿਲ ਕਰ ਦਿੱਤਾ ਹੈ। ਇਸ ਤਰ੍ਹਾਂ ਮਨਜ਼ੂਰੀ ਦੇਣ ਨਾਲ ਤਾਂ ਵਿਸਾਖਾਪਟਨਮ ਦੇ ਐੱਲ.ਜੀ. ਪੋਲੀਮਰ ਵਰਗੇ ਪ੍ਰੋਜੈਕਟਾਂ ਨੂੰ ਵੀ ਮਨਜ਼ੂਰੀ ਮਿਲ ਜਾਵੇਗੀ ਜੋ ਵਾਤਾਵਰਨ ਵਿਚ ਜ਼ਹਿਰੀਲੀਆਂ ਗੈਸਾਂ ਛੱਡ ਕੇ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰ ਰਹੇ ਹਨ।

ਗੋਆਂ ਦੇ ਮੌਲਮ ਨੈਸ਼ਨਲ ਪਾਰਕ ਅਤੇ ਭਗਵਾਨ ਮਹਾਂਵੀਰ ਸੈਂਚੂਰੀ ਦੇ ਵਾਤਾਰਵਨ ਸੰਵੇਦਨਸ਼ੀਲ ਖੇਤਰ ਵਿਚ ਤਿੰਨ ਵਿਕਾਸ ਪ੍ਰੋਜੈਕਟ ਸ਼ੁਰੂ ਕਰਨ ਦੇ ਨਾਲ ਨਾਲ ਵਾਤਾਵਰਨ ਸੰਵੇਦਨਸ਼ੀਲ ਖੇਤਰਾਂ ਵਿਚ 30 ਹੋਰ ਪ੍ਰੋਜੈਕਟਾਂ ਦੀ ਮਨਜ਼ੂਰੀ ਦੇਣਾ ਹੈ। ਗੋਆ ਵਿਚ ਤਿੰਨ ਵਿਕਾਸ ਪ੍ਰੋਜੈਕਟ ਸ਼ੁਰੂ ਕਰਨ ਕਾਰਨ ਜੰਗਲਾਂ ਦੇ ਉਜਾੜੇ ਦੇ ਨਾਲ ਨਾਲ ਕੋਇਲੇ ਦੀ ਢੋਆ-ਢੁਆਈ ਅਤੇ ਉਦਯੋਗਾਂ ਦੇ ਵਿਸਥਾਰ ਨਾਲ ਹਵਾ ਦੇ ਪ੍ਰਨੂਸ਼ਣ ਵਿਚ ਵੀ ਹੋਰ ਵਾਧਾ ਹੋ ਜਾਵੇਗਾ। ਕੋਵਿਡ-19 ਦੇ ਚੱਲਦਿਆਂ 2020 ਵਿਚ ਦੇਸ ਵਿੱਚੋਂ ਗਲੋਬਲ ਫੋਰੈਸਟ ਵਾਚ ਅਨੁਸਾਰ 2019 ਨਾਲੋਂ 20 ਫ਼ੀਸਦ ਜ਼ਿਆਦਾ ਜੰਗਲ ਕੱਟੇ ਗਏ ਹਨ। ਜੰਗਲ ਕੱਟਣ ਨਾਲ ਇਕ ਪਾਸੇ ਹਵਾ ਵਿਚ ਕਾਰਬਨ ਡਾਇਆਕਸਾਈਡ ਦੀ ਮਾਤਰਾ ਵਧ ਜਾਂਦੀ ਹੈ, ਦੂਜਾ ਜੰਗਲ ਹਵਾ ਵਿਚਲੇ ਪ੍ਰਦੂਸ਼ਣ ਨੂੰ ਘਟਾਉਣ ਵਿਚ ਸਹਾਈ ਹੁੰਦੇ ਹਨ। ਜੰਗਲਾਂ ਦੀ ਅਣਹੋਂਦ ਕਾਰਨ ਹਵਾ ਵਿਚਲੇ ਪ੍ਰਦੂਸ਼ਣ ਦਾ ਸਤਰ ਵਧ ਜਾਂਦਾ ਹੈ।

ਭਾਰਤ ਅਤੇ ਰਾਜ ਸਰਕਾਰਾਂ ਨੂੰ ਹਵਾ ਦੇ ਪ੍ਰਦੂਸ਼ਣ ਨੂੰ ਘਟਾਉਣ ਲਈ ਚੰਗੀ ਵਿਉਂਤਬੰਦੀ ਕਰਕੇ ਤੇਜ਼ੀ ਨਾਲ ਉਪਰਾਲੇ ਕਰਨੇ ਚਾਹੀਦੇ ਹਨ ਨਾ ਕਿ ਇਸ ਸੰਬੰਧ ਵਿਚ ਆਈਆਂ ਰਿਪੋਰਟਾਂ ਨੂੰ ਨਕਾਰਕੇ ਦੁਨੀਆ ਭਰ ਵਿਚ ਮਖੌਲ ਦਾ ਪਾਤਰ ਬਣਨਾ ਚਾਹੀਦਾ ਹੈ। ਇਸ ਸੰਬੰਧ ਵਿਚ ਸਾਨੂੰ ਦੁਨੀਆ ਦੇ ਵੱਖ-ਵੱਖ ਦੇਸਾਂ ਦੇ ਤਜ਼ਰਬਿਆਂ ਤੋਂ ਸਿੱਖਿਆ ਲੈਣੀ ਬਣਦੀ ਹੈ ਕਿਉਂਕਿ ਲਗਭਗ ਸਾਰੇ ਵਿਕਸਿਤ ਦੇਸਾਂ ਨੇ ਵੀ ਪਿਛਲੀ ਸਦੀ ਵਿਚ ਹਵਾ ਦੇ ਪ੍ਰਦੂਸ਼ਣ ਦੀ ਮਾਰ ਝੱਲੀ ਹੈ, ਪਰ ਹੁਣ ਉਨ੍ਹਾਂ ਨੇ ਇਸ ਉੱਤੇ ਕਾਬੂ ਪਾ ਲਿਆ ਹੈ। ਇੰਗਲੈਂਡ ਦੇ ਸ਼ਹਿਰ ਲੰਡਨ ਵਿਚ 1952 ਵਿਚ ਹਵਾ ਦੇ ਪ੍ਰਦੂਸ਼ਣ ਦੇ ਖ਼ਤਰਨਾਕ ਹੱਦ ਤੋਂ ਵਧ ਜਾਣ ਕਾਰਨ ਇਕ ਹਫ਼ਤੇ ਵਿਚ 4000 ਲੋਕਾਂ ਦੀ ਮੌਤ ਅਤੇ ਉਸ ਦੇ ਖ਼ਤਰਨਾਕ ਪ੍ਰਭਾਵ ਥੱਲੇ ਆਏ 8000 ਹੋਰ ਲੋਕਾਂ ਦੀ ਮੌਤ ਅਗਲੇ ਚਾਰ ਹਫ਼ਤਿਆਂ ਵਿਚ ਹੋ ਗਈ ਸੀ। ਇਸ ਘਟਨਾ ਤੋਂ ਬਾਅਦ ਉੱਥੋਂ ਦੀ ਸਰਕਾਰ ਨੇ ਸੰਜੀਦਗੀ ਨਾਲ ਇਸ ਸਮੱਸਿਆ ਨਾਲ ਨਿਪਟਣ ਦੀ ਵਿਉਂਤਬੰਦੀ ਕੀਤੀ ਅਤੇ ਸਮੱਸਿਆ ਉੱਤੇ ਕਾਬੂ ਪਾਇਆ। ਉੱਥੋਂ ਦੀ ਸਰਕਾਰ ਨੇ ਜਨਤਕ ਆਵਾਜਾਈ ਨੂੰ ਇੰਨਾ ਚੁਸਤ-ਦਰੁਸਤ ਕਰ ਦਿੱਤਾ ਹੈ ਕਿ ਉੱਥੋਂ ਦੇ ਲੋਕ ਆਮ ਕਰਕੇ ਨਿੱਜੀ ਵਾਹਨਾਂ ਨੂੰ ਤਰਜੀਹ ਨਾ ਦੇ ਕੇ ਜਨਤਕ ਵਾਹਨਾਂ ਦੀ ਵਰਤੋਂ ਕਰਦੇ ਹਨ। ਇਸ ਤੋਂ ਇਲਾਵਾ ਉੱਥੇ ਪੈਦਲ ਤੁਰਨ ਵਾਲਿਆਂ ਅਤੇ ਸਾਇਕਲਾਂ ਉੱਤੇ ਜਾਣ ਵਾਲਿਆਂ ਨੂੰ ਖ਼ਾਸ ਸਹੂਲਤਾਂ ਮੁਹੱਈਆ ਕਰਵਾਈਆਂ ਹੋਈਆਂ ਹਨ।

ਫਰਾਂਸ ਵਿਚ ਛੁੱਟੀ ਵਾਲੇ ਦਿਨ ਲੋਕਾਂ ਨੂੰ ਜਨਤਕ ਆਵਾਜਾਈ ਮੁਫ਼ਤ ਮੁਹੱਈਆ ਕਰਵਾਈ ਜਾਂਦੀ ਹੈ। ਇਸੇ ਤਰ੍ਹਾਂ ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਆਵਾਜਾਈ ਦੀਆਂ ਜਨਤਕ ਸੇਵਾਵਾਂ ਨੂੰ ਚੁਸਤ-ਦਰੁਸਤ ਕਰ ਦੇਵੇ ਤਾਂ ਕਿ ਲੋਕਾਂ ਨੂੰ ਨਿੱਜੀ ਗੱਡੀਆਂ ਦੀ ਘੱਟ ਤੋਂ ਘੱਟ ਜ਼ਰੂਰਤ ਪਵੇ। ਪੈਦਲ ਤੁਰਨ ਅਤੇ ਸਾਈਕਲ ਵਰਤਣ ਵਾਲਿਆਂ ਦਾ ਖ਼ਾਸ ਧਿਆਨ ਰੱਖਦੇ ਹੋਏ ਸੜਕਾਂ ਉੱਤੇ ਜ਼ਰੂਰਤ ਅਨੁਸਾਰ ਫੁਟਪਾਥ ਅਤੇ ਸਾਈਕਲਾਂ ਦੇ ਚਲਾਉਣ ਲਈ ਥਾਂ ਬਣਾਈ ਜਾਵੇ। ਉਦਯੋਗਿਕ ਇਕਾਈਆਂ ਵਿਚ ਸ਼ੁੱਧਤਾ ਯੰਤਰ ਲਗਾਏ ਜਾਣੇ ਯਕੀਨੀ ਬਣਾਏ ਜਾਣ ਤਾਂਕਿ ਉਦਯੋਗਾਂ ਵਿਚੋਂ ਨਿਕਲਣ ਵਾਲੀਆਂ ਖ਼ਤਰਨਾਕ ਗੈਸਾਂ ਲੋਕਾਂ ਦੀ ਸਿਹਤ ਨਾਲ ਖਿਲਵਾੜ ਨਾ ਕਰ ਸਕਣ।

ਸਰਕਾਰ ਨੂੰ ਵਾਤਾਵਰਨ ਮੁਲਾਂਕਣ ਪ੍ਰਭਾਵ ਨੂੰ ਪੇਤਲਾ ਕਰਨ ਦੀ ਥਾਂ ਉੱਤੇ ਹੋਰ ਮਜ਼ਬੂਤ ਬਣਾਕੇ ਉਸ ਨੂੰ ਸਖ਼ਤੀ ਨਾਲ ਲਾਗੂ ਕਰਨਾ ਚਾਹੀਦਾ ਹੈ ਤਾਂਕਿ ਉਦਯੋਗਾਂ ਤੋਂ ਨਿਕਲੀਆਂ ਗੈਸਾਂ ਲੋਕਾਂ ਦੀਆਂ ਜ਼ਿੰਦਗੀਆਂ ਤਬਾਹ ਨਾ ਕਰਨ, ਪ੍ਰਦੂਸ਼ਿਤ ਗੈਸਾਂ ਨਾਲ ਛੋਟੇ ਛੋਟੇ ਬੱਚੇ ਦਮੇ ਵਰਗੀਆਂ ਨਾਮੁਰਾਦ ਬਿਮਾਰੀਆਂ ਦੀ ਜਕੜ ਵਿਚ ਨਾ ਫਸ ਜਾਣ ਅਤੇ ਆਮ ਲੋਕਾਂ ਦੀ ਜ਼ਿੰਦਗੀ ਲੰਮੀ ਅਤੇ ਬਿਮਾਰੀਆਂ ਰਹਿਤ ਹੋ ਸਕੇ।

ਇਸ ਲਈ ਸਾਡੇ ਦੇਸ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਨੈਸ਼ਨਲ ਕਲੀਨ ਏਅਰ ਪ੍ਰੋਗਰਾਮ ਅਤੇ ਗਰੇਡ ਰਿਸਪੌਂਸ ਐਕਸ਼ਨ ਪਲਾਨ ਵਰਗੇ ਪ੍ਰੋਗਰਾਮਾਂ ਨੂੰ ਸੰਜੀਦਗੀ ਨਾਲ ਲਾਗੂ ਕੀਤਾ ਜਾਵੇ। ਕਿਸੇ ਵੀ ਤਰ੍ਹਾਂ ਦੇ ਪ੍ਰਦੂਸ਼ਣ ਫੈਲਾਉਣ ਵਾਲੇ ਉਦਯੋਗਾਂ, ਵਾਹਨਾਂ, ਉਸਾਰੀ ਦੇ ਕੰਮਾਂ ਆਦਿ ਵਾਲੀਆਂ ਇਕਾਈਆਂ ਨੂੰ ਬਣਦਾ ਜੁਰਮਾਨਾ ਕੀਤਾ ਜਾਵੇ।

ਹੁਣ ਸਾਡੇ ਕੋਲ ਇੰਨਾ ਸਮਾਂ ਨਹੀਂ ਬਚਿਆ ਕਿ ਸਾਡੀ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਪੱਲਾ ਝਾੜਕੇ ਦੂਜਿਆਂ ਸਿਰ ਦੋਸ਼ ਮੜ੍ਹੀ ਜਾਵੇ। ਸਾਨੂੰ ਆਪਣੇ ਦੇਸ ਦੇ ਨਾਗਰਿਕਾਂ ਨੂੰ ਬਚਾਉਣ ਲਈ ਤੇਜ਼ੀ ਨਾਲ ਉਪਰਾਲੇ ਕਰਨੇ ਚਾਹੀਦੇ ਹਨ ਤਾਂਕਿ ਅਸੀਂ ਇੰਗਲੈਂਡ ਵਿੱਚ 1952 ਵਿਚ ਵਾਪਰੇ ਦੁਖਾਂਤ ਵਰਗੇ ਦੁਖਾਂਤਾਂ ਤੋਂ ਬਚ ਸਕੀਏ। ਸਰਕਾਰ ਦੇ ਨਾਲ ਨਾਲ ਵਾਤਾਵਰਨ ਨੂੰ ਸਾਫ਼ ਰੱਖਣ ਦੀ ਜ਼ਿੰਮੇਵਾਰੀ ਹਰ ਇਕ ਨਗਾਰਿਕ ਦੀ ਵੀ ਹੈ। ਇਸ ਲਈ ਦੇਸ ਦੇ ਸਾਰਿਆਂ ਨਾਗਰਿਕਾਂ ਦਾ ਫ਼ਰਜ਼ ਬਣਦਾ ਹੈ ਕਿ ਆਪਣੇ ਆਲੇ-ਦੁਆਲੇ ਨੂੰ ਸਾਫ਼ ਰੱਖਣ ਦੇ ਨਾਲ ਨਾਲ ਕੋਈ ਵੀ ਅਜਿਹਾ ਕੰਮ ਨਾ ਕਰਨ ਜਿਸ ਨਾਲ ਵਾਤਾਵਰਨ ਵਿਚ ਵਿਗਾੜ ਪੈਦਾ ਹੋ ਜਾਣ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ


## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ


ਗੁਰਿੰਦਰਜੀਤ ਨੀਟਾ ਮਾਛੀਕੇ


ਕੁਲਵੰਤ ਧਾਲੀਆਂ

# ਜੋਅ ਬਾਈਡੇਨ ਨੇ ਕਾਬੁਲ ਹਮਲੇ 'ਚ ਜਖਮੀ ਹੋਏ ਸੈਨਿਕਾਂ ਦਾ ਹਸਪਤਾਲ ਜਾ ਕੇ ਪੁੱਛਿਆ ਹਾਲ

**ਫਰਿਜ਼ਨੋ (ਕੈਲੀਫੋਰਨੀਆ)**– ਪਿਛਲੇ ਮਹੀਨੇ ਕਾਬੁਲ 'ਚ ਹੋਏ ਹਮਲੇ ਕਾਰਨ 13 ਅਮਰੀਕੀ ਸੈਨਿਕਾਂ ਦੀ ਮੌਤ ਹੋਣ ਦੇ ਨਾਲ ਕਈ ਸੈਨਿਕ ਜਖਮੀ ਵੀ ਹੋਏ ਸਨ ਜੋ ਕਿ ਹਸਪਤਾਲਾਂ 'ਚ ਜੇਰੇ ਇਲਾਜ ਹਨ। ਇਹਨਾਂ ਸੈਨਿਕਾਂ ਦਾ ਹਾਲ ਪੁੱਛਣ ਲਈ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਆਪਣੀ ਪਤਨੀ ਜਿਲ ਬਾਈਡੇਨ ਸਮੇਤ 2 ਸਤੰਬਰ



ਨੂੰ ਮੈਰੀਲੈਂਡ ਦੇ ਬੈਥੇਸਡਾ ਵਿੱਚ ਵਾਲਟਰ ਰੀਡ ਮਿਲਟਰੀ ਮੈਡੀਕਲ ਸੈਂਟਰ ਦਾ ਦੌਰਾ ਕੀਤਾ। ਮਰੀਨ ਕੋਰ ਦੇ ਅਨੁਸਾਰ ਹਾਮਿਦ ਕਰਜ਼ਈ ਅੰਤਰ-ਰਾਸ਼ਟਰੀ ਹਵਾਈ ਅੱਡੇ ਦੇ ਐਬੇ ਗੇਟ ਦੇ ਬਾਹਰ ਹੋਏ ਧਮਾਕੇ ਵਿੱਚ ਜ਼ਖਮੀ ਹੋਏ ਤਕਰੀਬਨ 15 ਮਰੀਨ ਸੈਨਿਕਾਂ ਦਾ ਵਾਲਟਰ ਰੀਡ ਵਿਖੇ ਇਲਾਜ ਕੀਤਾ ਜਾ ਰਿਹਾ ਹੈ। ਜ਼ਖਮੀ ਹੋਏ ਸਰਵਿਸ ਮੈਂਬਰਾਂ ਨੂੰ ਅਮਰੀਕਾ ਭੇਜਣ ਤੋਂ ਪਹਿਲਾਂ ਜਰਮਨੀ ਦੇ ਇੱਕ ਅਮਰੀਕੀ ਫੌਜੀ ਹਸਪਤਾਲ ਲੈਂਡਸਟਾਹਲ ਰੀਜਨਲ ਮੈਡੀਕਲ ਸੈਂਟਰ ਵਿਖੇ ਇਲਾਜ ਲਈ ਭੇਜਿਆ ਗਿਆ ਸੀ। ਬਾਈਡੇਨ ਨੇ ਹਸਪਤਾਲ ਵਿੱਚ ਦੋ ਘੰਟਿਆਂ ਤੋਂ ਘੱਟ ਸਮਾਂ ਬਿਤਾਇਆ, ਜਦਕਿ ਪ੍ਰਸ਼ਾਸਨ ਦੁਆਰਾ ਇਸ ਸਬੰਧੀ ਹੋਰ ਵੇਰਵੇ ਨਹੀਂ ਦੱਸੇ ਗਏ।

# ਜੋਅ ਬਾਈਡੇਨ ਨੇ ਕੈਲੀਫੋਰਨੀਆ ਵਿੱਚ ਜੰਗਲੀ ਅੱਗਾਂ ਦੇ ਮੱਦੇਨਜ਼ਰ ਕੀਤਾ ਐਮਰਜੈਂਸੀ ਦਾ ਐਲਾਨ

**ਫਰਿਜ਼ਨੋ (ਕੈਲੀਫੋਰਨੀਆ)**– ਅਮਰੀਕੀ ਸਟੇਟ ਕੈਲੀਫੋਰਨੀਆ ਪਿਛਲੇ ਕਾਫੀ ਸਮੇਂ ਤੋਂ ਜੰਗਲੀ ਅੱਗਾਂ ਦਾ ਸਾਹਮਣਾ ਕਰ ਰਹੀ ਹੈ । ਸੂਬੇ ਵਿੱਚ ਬਲ ਰਹੀਆਂ ਜੰਗਲੀ ਅੱਗਾਂ ਕਾਰਨ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਹੈ। ਇਹਨਾਂ ਅੱਗਾਂ ਵਿੱਚ ਕੈਲਡੋਰ ਨਾਮ ਅੱਗ ਵੱਡੇ ਪੱਧਰ 'ਤੇ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ।

ਇਸ ਸੰਕਟ ਦੌਰਾਨ ਸੂਬੇ ਨੂੰ ਜਿਆਦਾ ਸੁਰੱਖਿਆ ਅਤੇ ਸਹਾਇਤਾ ਕਾਰਜ ਪ੍ਰਦਾਨ ਕਰਨ ਲਈ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਵੱਲੋਂ ਕੈਲਡੋਰ ਅਤੇ ਹੋਰ ਜੰਗਲੀ ਅੱਗਾਂ ਦੇ ਚਲਦਿਆਂ ਕੈਲੀਫੋਰਨੀਆ ਵਿੱਚ ਐਮਰਜੈਂਸੀ ਘੋਸ਼ਿਤ



ਕੀਤੀ ਹੈ ਇਸ ਸਬੰਧੀ ਵਾਈਟ ਹਾਊਸ ਨੇ ਬੁੱਧਵਾਰ ਨੂੰ ਜਾਣਕਾਰੀ ਦਿੱਤੀ ਕਿ ਰਾਸ਼ਟਰਪਤੀ ਨੇ ਇਸ ਦੌਰਾਨ ਸੂਬੇ ਵਿੱਚ ਚੱਲ ਰਹੀਆਂ ਸਥਾਨਕ ਸਹਾਇਤਾ ਕੋਸ਼ਿਸ਼ਾਂ ਨੂੰ ਵਧਾਉਣ ਲਈ ਕੇਂਦਰੀ ਸਹਾਇਤਾ ਦਾ ਆਦੇਸ਼ ਦਿੱਤਾ। ਇਹ ਅੱਗ ਅਗਸਤ ਦੇ ਬਲ ਰਹੀ ਹੈ ਅਤੇ ਅਜੇ ਵੀ ਇਸ ਕਾਰਨ ਟਾਹੋ ਝੀਲ ਦੇ ਨੇੜੇ ਘਰਾਂ ਅਤੇ ਕਾਰੋਬਾਰਾਂ ਨੂੰ ਖਤਰਾ ਹੈ। ਰਾਸ਼ਟਰਪਤੀ ਦੁਆਰਾ ਕੀਤੀ ਇਸ ਘੋਸ਼ਣਾ ਤਹਿਤ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ ਅਤੇ ਕੇਂਦਰੀ ਐਮਰਜੈਂਸੀ ਮੈਨੇਜਮੈਂਟ ਏਜੰਸੀ (ਫੇਮਾ) ਦੁਆਰਾ ਰਾਹਤ ਅਤੇ ਸੁਰੱਖਿਆ ਉਪਾਵਾਂ ਲਈ ਤਾਲਮੇਲ ਕੀਤਾ ਜਾਵੇਗਾ।

# ਕਾਬੁਲ ਬੰਬ ਧਮਾਕੇ 'ਚ ਮਾਰੇ ਗਏ ਸੈਨਿਕ ਦੇ ਪਰਿਵਾਰ ਲਈ ਇਕੱਠੇ ਹੋਏ ਲੱਖਾਂ ਡਾਲਰ

**ਫਰਿਜ਼ਨੋ (ਕੈਲੀਫੋਰਨੀਆ)**– ਪਿਛਲੇ ਮਹੀਨੇ 26 ਅਗਸਤ ਨੂੰ ਅਫ਼ਗਾਨਿਸਤਾਨ ਦੇ ਕਾਬੁਲ ਵਿੱਚ ਹੋਏ ਬੰਬ ਧਮਾਕੇ ਵਿੱਚ ਮਾਰੇ ਗਏ 13 ਅਮਰੀਕੀ ਸੈਨਿਕਾਂ ਵਿੱਚ ਇੱਕ 20 ਕੁ ਸਾਲਾਂ ਸੈਨਿਕ ਰਾਇਲੀ ਮੈਕਕੋਲਮ ਵੀ ਸ਼ਾਮਲ ਸੀ, ਜੋ ਕਿ ਆਉਂਦੇ ਹਫਤਿਆਂ ਵਿੱਚ ਪਿਤਾ ਬਨਣ ਵਾਲਾ ਸੀ।

ਇਸ ਹਮਲੇ ਵਿੱਚ ਸ਼ਹੀਦ ਹੋਏ ਰਾਇਲੀ ਮੈਕਕੋਲਮ ਦੀ ਵਿਧਵਾ ਅਤੇ ਆਉਣ ਵਾਲੇ ਬੱਚੇ ਦੀ ਆਰਥਿਕ ਮਦਦ ਲਈ ਲਈ 760,000 ਡਾਲਰ ਤੋਂ ਵੱਧ ਦੀ ਰਕਮ ਇਕੱਠੀ ਕੀਤੀ ਗਈ ਹੈ। ਮੈਕਕੋਲਮ ਜੋ ਕਿ, ਬੌਂਡੂਰਾਂਟ, ਵਯੋਮਿੰਗ ਨਾਲ ਸਬੰਧਤ ਸੀ ਪਿਤਾ ਬਣਨ ਤੋਂ ਤਕਰੀਬਨ ਤਿੰਨ ਹਫ਼ਤੇ ਦੂਰ ਸੀ। ਉਸਦੀ ਵਿਧਵਾ ਅਤੇ ਅਣਜੰਮੇ ਬੱਚੇ ਦਾ ਸਮਰਥਨ ਕਰਨ ਦੀ ਕੋਸ਼ਿਸ਼ ਵਿੱਚ, ਦੋ ਗੋ ਫੰਡ ਮੀ ਪੇਜ ਬਣਾਏ ਗਏ ਸਨ। ਇਹਨਾਂ ਵਿੱਚੋਂ ਪਹਿਲਾ ਪੇਜ ਕੱਪੜਿਆਂ ਦੀ ਕੰਪਨੀ, 'ਇੰਟੋ ਦਿ ਬੈਰੀਚ' ਦੁਆਰਾ



ਆਯੋਜਿਤ ਕੀਤਾ ਗਿਆ ਸੀ।"ਰਾਇਲੀ ਮੈਕਕੋਲਮ ਚਾਈਲਡ ਐਜੂਕੇਸ਼ਨ ਫੰਡ ਨਾਮ ਦੇ ਫੰਡ ਪੇਜ਼ ਦਾ ਟੀਚਾ ਆਉਣ ਵਾਲੇ ਬੱਚੇ ਦੀ ਸਿੱਖਿਆ ਅਤੇ ਪਾਲਣ ਪੋਸ਼ਣ ਲਈ ਫੰਡ ਮੁਹੱਈਆ ਕਰਵਾਉਣਾ ਹੈ। 5000 ਡਾਲਰ ਲਈ ਸ਼ੁਰੂ ਕੀਤੇ ਇਸ ਪੇਜ਼ ਨੇ ਬੁੱਧਵਾਰ ਸਵੇਰ ਤੱਕ ਤਕਰੀਬਨ 548,208 ਡਾਲਰ ਦੇ ਫੰਡ ਇਕੱਠੇ ਕੀਤੇ। ਜਦਕਿ ਦੂਜਾ ਫੰਡ ਪੇਜ਼ ਮੈਕਕੋਲਮ ਦੀ ਸੱਸ ਜਿਲ ਕੈਰੈਟਨ ਦੁਆਰਾ ਆਯੋਜਿਤ ਕੀਤਾ ਗਿਆ ਸੀ, ਜਿਸਦਾ ਨਾਮ 'ਲਵ ਫ਼ਾਰਸ ਗੀਗੀ' ਸੀ ਅਤੇ ਇਹ ਮੈਕਕੋਲਮ ਦੀ ਪਤਨੀ ਲਈ ਸੀ। ਕੈਰੇਟਨ ਦਾ ਫੰਡ 225,000 ਡਾਲਰ ਦੇ ਆਪਣੇ ਟੀਚੇ ਦੇ ਨੇੜੇ ਹੈ ਅਤੇ ਬੁੱਧਵਾਰ ਸਵੇਰ ਤੱਕ 213,589 ਡਾਲਰ ਹੋ ਗਏ ਸਨ।

# ਕੁਲਦੀਪ ਸਿੰਘ ਭੱਟੀ ਨੂੰ ਸਦਮਾ, ਪਤਨੀ ਦਾ ਦੇਹਾਂਤ

**ਫਰਿਜ਼ਨੋ (ਕੈਲੀਫੋਰਨੀਆ)**– ਹਲਕਾ ਨਿਹਾਲ ਸਿੰਘ ਵਾਲਾ ਦੀਆਂ ਕਚਹਿਰੀਆਂ ਦੀ ਜਿੰਦ ਜਾਨ ਕੁਲਦੀਪ ਸਿੰਘ ਭੱਟੀ (ਉੱਘੇ ਪੰਜਾਬੀ ਗਾਇਕ ਅਤੇ ਐੱਸ ਡੀ ਐੱਮ ਦੇ ਰੀਡਰ ) ਨੂੰ ਉਸ ਸਮੇਂ ਭਾਰੀ ਸਦਮਾ ਪਹੁੰਚਿਆ ਜਦੋਂ ਬੀਤੇ ਦਿਨੀ ਉਹਨਾਂ ਦੀ ਧਰਮ ਪਤਨੀ ਦਵਿੰਦਰ ਕੌਰ, ਲੰਮਾ ਸਮਾਂ ਬਿਮਾਰ ਰਹਿਣ ਮਗਰੋਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਇਸ ਦੁੱਖ ਦੀ ਘੜੀ ਵਿੱਚ ਫਰਿਜ਼ਨੋ (ਅਮਰੀਕਾ) ਤੋਂ ਡਾਕਟਰ ਕੇਵਲ ਗਰਗ, ਪੰਮਾ ਸੈਦੋਕੇ, ਜਗਰੂਪ ਸੈਦੋਕੇ, ਗੁਲਜਾਰ ਸਿੰਘ ਬਰਾੜ, ਪੱਤਰਕਾਰ ਨੀਟਾ ਮਾਛੀਕੇ, ਡਾਕਟਰ ਸਿਮਰਜੀਤ ਸਿੰਘ ਧਾਲੀਵਾਲ ਆਦਿ ਨੇ ਦੁੱਖ ਪ੍ਰਗਟ ਕੀਤਾ, ਅਤੇ ਕਿਹਾ ਕਿ ਮੈਡਮ ਦਵਿੰਦਰ ਕੌਰ ਦੇ ਇਸ ਤਰਾਂ ਸਮੇਂ ਤੋ ਪਹਿਲਾਂ ਤੁਰ ਜਾਣ ਨਾਲ ਭੱਟੀ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।



# ਅਮਰੀਕਾ 'ਚ ਅਫਗਾਨੀ ਫਲਾਈਟ ਵਿੱਚ ਹੋਈ 9 ਮਹੀਨਿਆਂ ਦੀ ਬੱਚੀ ਦੀ ਮੌਤ

**ਫਰਿਜ਼ਨੋ (ਕੈਲੀਫੋਰਨੀਆ)**– ਅਮਰੀਕਾ ਦੇ ਫਿਲਾਡੇਲਫਿਆ ਵਿੱਚ ਹਵਾਈ ਅੱਡੇ 'ਤੇ ਬੁੱਧਵਾਰ ਅਫਗਾਨੀ ਸ਼ਰਨਾਰਥੀਆਂ ਦੀ ਫਲਾਈਟ ਉਤਰਨ ਦੇ ਬਾਅਦ ਜਹਾਜ਼ ਵਿੱਚ ਸਵਾਰ ਇੱਕ 9 ਮਹੀਨਿਆਂ ਦੀ ਬੱਚੀ ਦੀ ਮੌਤ ਹੋ ਗਈ। ਅਮਰੀਕੀ ਅਧਿਕਾਰੀਆਂ ਅਨੁਸਾਰ ਇਸ ਬੱਚੀ ਦੀ ਮੌਤ ਅਮਰੀਕਾ ਦੀ ਧਰਤੀ 'ਤੇ ਪਹਿਲੀ ਜਾਣੀ ਜਾਂਦੀ ਅਫਗਾਨ ਸ਼ਰਨਾਰਥੀ ਦੀ ਮੌਤ ਦਰਸਾਉਂਦੀ ਹੈ, ਜੋ ਕਿ ਉੱਥੋਂ ਬਚਾ ਕੇ ਲਿਆਂਦੇ ਗਏ ਹਨ। ਰੱਖਿਆ ਵਿਭਾਗ ਦੇ ਬੁਲਾਰੇ




ਕੈਰਿਸ ਮਿਸ਼ੇਲ ਅਨੁਸਾਰ ਇਹ ਲੜਕੀ ਸੀ -17 ਜਹਾਜ਼ 'ਤੇ ਜਰਮਨੀ ਤੋਂ ਫਿਲਾਡੇਲਫਿਆ ਦੇ ਹਵਾਈ ਅੱਡੇ ਲਈ ਉਡਾਣ ਵਿੱਚ ਸੀ, ਜਿਸ ਦੌਰਾਨ ਉਹ ਬੇਹੋਸ਼ ਹੋ ਗਈ। ਜਹਾਜ਼ ਦੇ ਲੈਂਡ ਹੋਣ 'ਤੇ ਬੱਚੀ ਅਤੇ ਉਸਦੇ ਪਿਤਾ ਨੂੰ ਫਿਲਾਡੇਲਫਿਆ ਦੇ ਚਿਲਡਰਨ ਹਸਪਤਾਲ ਵਿੱਚ ਭੇਜਿਆ ਗਿਆ, ਜਿੱਥੇ ਉਸਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਵਿਭਾਗ ਦੀ ਵਿਸ਼ੇਸ਼ ਯੂਨਿਟ ਅਤੇ ਫਿਲਾਡੇਲਫਿਆ ਮੈਡੀਕਲ ਐਗਜ਼ਾਮੀਨਰ ਆਫਿਸ ਇਸ ਮੌਤ ਦੀ ਜਾਂਚ ਕਰ ਰਹੇ ਹਨ। ਅਮਰੀਕੀ ਪ੍ਰਸ਼ਾਸਨ ਨੇ ਇਸ ਮ੍ਰਿਤਕ ਬੱਚੀ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ।

# ਹੈਲੀਕਾਪਟਰ ਹਾਦਸੇ ਤੋਂ ਬਾਅਦ ਨੇਵੀ ਨੇ 5 ਲਾਪਤਾ ਅਧਿਕਾਰੀਆਂ ਨੂੰ ਮ੍ਰਿਤਕ ਐਲਾਨਿਆ

**ਫਰਿਜ਼ਨੋ (ਕੈਲੀਫੋਰਨੀਆ)**– ਅਮਰੀਕਾ ਦੇ ਸਾਨ ਡਿਏਗੋ ਵਿੱਚ ਨੇਵੀ ਦੇ ਇੱਕ ਹੈਲੀਕਾਪਟਰ ਦੇ ਪਿਛਲੇ ਦਿਨੀਂ ਹਾਦਸਾ ਗ੍ਰਸਤ ਹੋ ਕੇ ਸਮੁੰਦਰ ਵਿੱਚ ਡਿੱਗਣ ਤੋਂ ਬਾਅਦ ਜਹਾਜ਼ ਵਿੱਚ ਸਵਾਰ ਨੇਵੀ ਦੇ 5 ਸੇਲਰ ਲਾਪਤਾ ਹੋ ਗਏ ਸਨ। ਜਿਹਨਾਂ ਦੀ



ਭਾਲ ਵਿੱਚ ਤਲਾਸ਼ ਅਭਿਆਨ ਵੀ ਚਲਾਏ ਗਏ ਸਨ। ਪਰ ਹੁਣ ਅਮਰੀਕੀ ਜਲ ਸੈਨਾ ਦੁਆਰਾ ਇਹਨਾਂ ਲਾਪਤਾ ਹੋਏ ਪੰਜ ਅਧਿਕਾਰੀਆਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਹੈ। ਇਹਨਾਂ ਮ੍ਰਿਤਕ ਸੇਲਰਾਂ ਦੇ ਨਾਮ ਫਿਲਹਾਲ ,ਉਹਨਾਂ ਦੇ ਪਰਿਵਾਰ, ਰਿਸ਼ਤੇਦਾਰਾਂ ਨੂੰ ਸੂਚਿਤ ਕਰਨ ਤੱਕ ਜਨਤਕ ਹੋਣ ਤੋਂ ਰੋਕੇ ਗਏ ਹਨ।

ਜਲ ਸੈਨਾ ਦੇ ਅਨੁਸਾਰ ਇਸ ਸਬੰਧੀ ਕਾਰਵਾਈ ਹੁਣ ਖੋਜ ਅਤੇ ਬਚਾਅ ਤੋਂ ਰਿਕਵਰੀ ਦੇ ਯਤਨਾਂ 'ਚ ਤਬਦੀਲ ਹੋ ਗਈ ਹੈ। ਅਮਰੀਕੀ ਨੇਵੀ ਦਾ ਐਮ ਐਚ -603 ਸੀ ਹਾਕ ਹੈਲੀਕਾਪਟਰ ਮੰਗਲਵਾਰ ਦੁਪਹਿਰ ਨੂੰ ਹਾਦਸੇ ਦਾ ਸ਼ਿਕਾਰ ਹੋਇਆ ਸੀ। ਜਲ ਸੈਨਾ ਦੇ ਅਨੁਸਾਰ ਸੇਲਰਾਂ ਲਈ ਖੋਜ ਅਤੇ ਬਚਾਅ ਕਾਰਜਾਂ ਵਿੱਚ 72 ਘੰਟਿਆਂ ਤੋਂ ਵੱਧ ਦਾ ਸਮਾਂ ਸ਼ਾਮਲ ਹੈ। ਜਿਸ ਵਿੱਚ ਹੈਲੀਕਾਪਟਰਾਂ ਅਤੇ ਕਈ ਸਮੁੰਦਰੀ ਕਿਸ਼ਤੀਆਂ ਦੇ ਯਤਨ ਸ਼ਾਮਲ ਹਨ।

# ਇਮਾਰਤ ਨਾਲ ਟਕਰਾਇਆ ਛੋਟਾ ਜਹਾਜ਼, ਹੋਈਆਂ 4 ਮੌਤਾਂ

**ਫਰਿਜ਼ਨੋ (ਕੈਲੀਫੋਰਨੀਆ)**– ਅਮਰੀਕਾ ਦੇ ਕਨੈਕਟੀਕਟ ਵਿੱਚ ਵੀਰਵਾਰ ਨੂੰ ਇੱਕ ਛੋਟਾ ਜਹਾਜ਼ ਉਡਾਣ ਭਰਨ ਤੋਂ ਬਾਅਦ ਪੈਦਾ ਹੋਏ ਤਕਨੀਕੀ ਨੁਕਸ ਕਾਰਨ, ਇੱਕ ਇਮਾਰਤ ਨਾਲ ਟਕਰਾ ਗਿਆ। ਜਿਸ ਕਾਰਨ ਜਹਾਜ਼ ਵਿੱਚ ਸਵਾਰ 4 ਲੋਕਾਂ ਦੀ ਮੌਤ ਹੋ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅਧਿਕਾਰੀਆਂ ਨੇ ਦੱਸਿਆ ਕਿ ਇੱਕ ਛੋਟਾ ਜਹਾਜ਼ 'ਸੇਸਨਾ ਸਿਟੀਸ਼ਨ 560 ਐਕਸੋ ਨੇ ਪਲੇਨਵਿਲੇ ਦੇ ਰੌਬਰਟਸਨ ਫੀਲਡ ਏਅਰਪੋਰਟ ਤੋਂ ਉੱਤਰੀ ਕੈਰੋਲਿਨਾ ਦੇ ਮੈਨਟੇਓ ਡੇਅਰ ਕਾਉਂਟੀ ਖੇਤਰੀ ਹਵਾਈ ਅੱਡੇ ਲਈ ਸਵੇਰੇ 10 ਵਜੇ ਉਡਾਣ ਭਰੀ ਸੀ, ਜਿਸ ਦੌਰਾਨ ਇਹ ਫਾਰਮਿੰਗਟਨ ਵਿੱਚ ਹਾਈਡ



ਰੋਡ 'ਤੇ ਇੱਕ ਇਮਾਰਤ ਨਾਲ ਟਕਰਾ ਗਿਆ। ਇਸ ਹਾਦਸੇ ਵਿੱਚ ਜਹਾਜ਼ ਦੇ ਦੋ ਪਾਇਲਟ ਅਤੇ ਦੋ ਯਾਤਰੀ ਮਾਰੇ ਗਏ। ਮਾਰੇ ਗਏ ਲੋਕਾਂ ਦੀ ਪਛਾਣ ਫਿਲਹਾਲ ਜਾਰੀ ਨਹੀਂ ਕੀਤੀ ਗਈ ਹੈ।

ਕਰੈਸ਼ ਦੌਰਾਨ ਜਿਸ ਇਮਾਰਤ ਵਿੱਚ ਇਹ ਜਹਾਜ਼ ਟਕਰਾਇਆ ਸੀ , ਇੱਕ ਜਰਮਨ ਉਦਯੋਗਿਕ ਮਸ਼ੀਨ ਨਿਰਮਾਤਾ ਕੰਪਨੀ ਟਰੰਪਫ ਮੈਡੀਕਲ ਸਿਸਟਮਜ਼ ਹੈ ਅਤੇ ਕੰਪਨੀ ਅਨੁਸਾਰ ਹਾਦਸੇ ਦੌਰਾਨ ਇਮਾਰਤ ਦੇ ਅੰਦਰ ਮੌਜੂਦ ਤਕਰੀਬਨ 100 ਮਜ਼ਦੂਰਾਂ ਵਿੱਚੋਂ, ਦੋ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਇਸ ਹਾਦਸੇ ਸਬੰਧੀ ਫੈਡਰਲ ਹਵਾਬਾਜ਼ੀ ਪ੍ਰਸ਼ਾਸਨ ਅਤੇ ਰਾਸ਼ਟਰੀ ਆਵਾਜਾਈ ਸੁਰੱਖਿਆ ਬੋਰਡ ਜਾਂਚ ਕਰ ਰਹੇ ਹਨ।

# ਮੁੱਖ-ਮੰਤਰੀ ਦੀ ਕੁਰਸੀ ਖੋਹਣ ਲਈ ਸਿੱਧੂ ਵਲੋਂ ਕੈਪਟਨ ਖਿਲਾਫ਼ ਤਿਕੜਮਬਾਜ਼ੀ !

ਚੰਡੀਗੜ੍ਹ – ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਪਸੀ ਕਲੇਸ਼ ਬਿਲੇ ਲਾਉਣਾ ਪੰਜਾਬ ਕਾਂਗਰਸ ਲਈ ਵੱਡੀ ਚੁਣੌਤੀ ਬਣ ਗਿਆ ਹੈ। ਨਵਜੋਤ ਸਿੰਘ ਸਿੱਧੂ ਨੂੰ ਪ੍ਰਧਾਨਗੀ ਦੇਣ ਤੋਂ ਬਾਅਦ ਵੀ ਹਾਲਾਤ ਜਿਉਂ ਦੇ ਤਿਉਂ ਬਣੇ ਹੋਏ ਹਨ। ਮੌਜੂਦਾ ਹਾਲਾਤ ਇਹ ਹਨ ਕਿ ਸਿੱਧੂ ਨੂੰ ਪ੍ਰਧਾਨਗੀ ਮਿਲਣ ਪਿੱਛੋਂ ਬਾਗੀਆਂ ਦਾ ਕਾਫਲਾ ਲੰਬਾ ਹੁੰਦਾ ਜਾ ਰਿਹਾ ਹੈ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕੁਰਸੀ ਨੂੰ ਹੱਥ ਪਾਉਣ ਲਈ ਕੋਸ਼ਿਸ਼ ਤੇਜ਼ ਹੋ ਗਈਆਂ ਹਨ। ਅਜਿਹੇ ਵਿਚ ਮਾਮਲਾ ਇਕ ਵਾਰ ਫਿਰ ਹਾਈਕਮਾਨ ਕੋਲ ਪੁੱਜ ਗਿਆ ਹੈ। ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਅਤੇ ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖਿਲਾਫ ਉਠੀ ਬਗਾਵਤ ਦੇ ਮਾਮਲੇ ਨੂੰ ਕੁੱਲ ਹਿੰਦ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਕੋਲ ਰੱਖਿਆ। ਜਾਣਕਾਰੀ ਮੁਤਾਬਕ ਨਵਜੋਤ ਸਿੱਧੂ ਧੜੇ ਦੇ ਤਿੰਨ ਵਜ਼ੀਰਾਂ ਨੇ ਦਿੱਲੀ ਵਿਚ ਡੇਰਾ ਲਾ ਕੇ ਦਬਾਅ ਬਣਾਇਆ ਹੋਇਆ ਹੈ ਅਤੇ ਸਿੱਧੂ ਖੁਦ ਵੀ ਅਸਿੱਧੇ ਤਰੀਕੇ ਨਾਲ ਹਾਈਕਮਾਨ ਨੂੰ ਆਪਣੇ ਤਿੱਖੇ ਤੇਵਰ ਦਿਖਾ ਰਹੇ ਹਨ।

ਅੰਮ੍ਰਿਤਸਰ ਵਿਚ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਨੇ ਆਪਣੇ ਤਲਖ ਤੇਵਰਾਂ ਵਿਚ ਕਿਹਾ ਕਿ ਦਰਸ਼ਨੀ ਘੋੜੇ ਬਣਨ ਦਾ ਕੋਈ ਫਾਇਦਾ ਨਹੀਂ ਹੈ ਅਤੇ ਖੁੱਲ੍ਹੇ ਫੈਸਲੇ ਲੈਣ ਦੀ ਖੁੱਲ੍ਹ ਮਿਲਣੀ ਚਾਹੀਦੀ ਹੈ। ਉਹ ਡੰਮੀ ਪ੍ਰਧਾਨ ਨਹੀਂ ਬਣਨਗੇ ਜਿਸ ਨੂੰ ਫੈਸਲੇ ਲੈਣ ਦੀ ਪ੍ਰਵਾਨਗੀ ਨਾ ਹੋਵੇ। ਸਿੱਧੂ ਨੇ ਚੁਣੌਤੀ ਵਾਲੇ ਲਹਿਜੇ ਵਿਚ ਕਿਹਾ ਕਿ ਜੇ ਫੈਸਲੇ ਲੈਣ ਦੀ ਇਜਾਜ਼ਤ ਨਹੀਂ ਦਿੰਦੇ ਤਾਂ ਉਹ ਇੱਟ ਨਾਲ ਇੱਟ ਖੜਕਾ ਦੇਣਗੇ। ਇਸ ‘ਤੇ ਪ੍ਰਤੀਕਰਮ ਦਿੰਦਿਆਂ ਰਾਵਤ ਨੇ ਕਿਹਾ ਕਿ ਸੂਬਿਆਂ ਦੇ ਮੁਖੀਆਂ ਕੋਲ ਪਾਰਟੀ ਸਟੈਂਡ ਤੇ ਸੰਵਿਧਾਨ ਦੇ ਦਾਇਰੇ ਵਿਚ ਕੰਮ ਕਰਨ ਅਤੇ ਫੈਸਲੇ ਲੈਣ ਦੇ ਪੂਰੇ ਅਧਿਕਾਰ ਹੁੰਦੇ ਹਨ। ਉਨ੍ਹਾਂ ਕਿਹਾ ਕਿ ਨਵਜੋਤ ਸਿੱਧੂ ਵੱਲੋਂ ਇਹ ਗੱਲ ਕਿਸ ਪ੍ਰਸੰਗ ਵਿਚ ਕਹੀ ਗਈ ਹੈ, ਉਸ ਨੂੰ ਉਹ ਵਾਚਣਗੇ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਵਿਰੋਧੀਆਂ ਨੇ ਦੋ-ਟੁੱਕ ਆਖ ਦਿੱਤਾ ਹੈ ਕਿ ‘ਸਰਕਾਰ ਚਲਾਉਣੀ ਕੈਪਟਨ ਦੇ ਵੱਸ ਦੀ ਗੱਲ ਨਹੀਂ ਰਹੀ, ਇਸ ਨੂੰ ਤੁਰਤ ਲਾਂਭੇ ਕਰੋ’। ਕੈਪਟਨ ਉਤੇ ਸਿੱਧੇ ਦੋਸ਼ ਲੱਗੇ ਹਨ ਕਿ ਉਹ ਅਕਾਲੀਆਂ ਨਾਲ ਮਿਲੇ ਹੋਏ ਹਨ ਤੇ ਇਸੇ ਲਈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਹੱਥ ਪਾਉਣ ਤੋਂ ਟਾਲਾ ਵੱਟਿਆ ਗਿਆ। ਉਨ੍ਹਾਂ ਦਾ ਦਾਅਵਾ ਕੀਤਾ ਹੈ ਕਿ ਜੇਕਰ ਹੁਣ ਵੀ ਕੈਪਟਨ ਨੂੰ ਲਾਂਭੇ ਨਾ ਕੀਤਾ ਤਾਂ ਸੂਬੇ ਵਿਚ ਪਾਰਟੀ ਖਤਮ ਹੋ ਜਾਵੇਗੀ। ਪਤਾ ਲੱਗਾ ਹੈ ਕਿ ਹਾਈਕਮਾਨ ਵੱਲੋਂ ਕੈਪਟਨ ਬਾਰੇ ਕੋਈ ਫੈਸਲਾ ਨਾ ਲੈਣ ਉਤੇ 6 ਤੋਂ 7 ਮੰਤਰੀਆਂ ਦਾ ਗਰੁੱਪ ਅਸਤੀਫੇ ਵੀ ਲਿਖੀ ਫਿਰਦਾ ਹੈ। ਹੁਣ ਤੱਕ ਬਾਗੀਆਂ ਦਾ ਇਹ ਧੜਾ ਕੈਪਟਨ ਉਤੇ ਗੁੱਝੇ ਵਾਰ ਹੀ ਕਰਦਾ ਰਿਹਾ ਹੈ ਪਰ ਇਹ ਪਹਿਲੀ ਵਾਰ ਹੈ ਜਦੋਂ ਡੇਢ ਘੰਟੇ ਦੀ ਮੀਟਿੰਗ ਤੋਂ ਬਾਅਦ ਮੰਤਰੀਆਂ ਤੇ ਵਿਧਾਇਕਾਂ ਦੇ ਇਸ ਧੜੇ ਨੇ ਐਲਾਨ ਕਰ ਦਿੱਤਾ- ‘ਕੈਪਟਨ ਮਨਜ਼ੂਰ ਹੀ ਨਹੀਂ’। ਕੈਪਟਨ ਵਿਰੁੱਧ ਖੁੱਲ੍ਹੀ ਬਗਾਵਤ ਕਰਦਿਆਂ ਮੰਤਰੀਆਂ- ਚਰਨਜੀਤ ਸਿੰਘ ਚੰਨੀ, ਸੁਖਜਿੰਦਰ ਰੰਧਾਵਾ, ਤ੍ਰਿਪਤ ਰਜਿੰਦਰ ਬਾਜਵਾ ਤੇ ਦੋ ਦਰਜਨ ਦੇ ਕਰੀਬ ਵਿਧਾਇਕਾਂ ਨੇ ਐਲਾਨ ਕਰ ਦਿੱਤਾ ਕਿ ਉਨ੍ਹਾਂ ਨੂੰ ਚੋਣ ਵਾਅਦੇ ਪੂਰੇ ਕਰਨ ਵਿਚ ਮੁੱਖ ਮੰਤਰੀ ’ਤੇ ਕੋਈ ਭਰੋਸਾ ਨਹੀਂ ਤੇ ਸਿੱਧੇ ਤੌਰ ’ਤੇ ਉਸ ਦੇ ਬਦਲ ਦੀ ਮੰਗ ਕਰ ਦਿੱਤੀ। ਇਸ ਧੜੇ ਦਾ ਦਾਅਵਾ ਹੈ ਕਿ 80 ਤੋਂ 90 ਫੀਸਦੀ ਵਿਧਾਇਕ/ਮੰਤਰੀ ਕੈਪਟਨ ਨੂੰ ਲਾਂਭੇ ਕਰਨ ਲਈ ਸਹਿਮਤ ਹਨ ਪਰ ਡਰਦੇ ਬੋਲਦੇ ਨਹੀਂ। ਬਾਗੀ ਧੜੇ ਵੱਲੋਂ ਇਕਦਮ ਲਏ ਇਸ ਫੈਸਲੇ ਬਾਰੇ ਸਿਆਸੀ ਹਲਕੇ ਵੀ ਹੈਰਾਨ ਹਨ। ਦੱਸ ਦਈਏ ਕਿ ਹਾਈਕਮਾਨ ਦੇ ਦਖਲ ਪਿੱਛੋਂ ਮੰਨਿਆ ਜਾ ਰਿਹਾ ਸੀ ਕਿ ਕਾਂਗਰਸ ਦਾ ਅੰਦਰੂਨੀ ਕਲੇਸ਼ ਖਤਮ ਹੋ ਗਿਆ ਹੈ ਤੇ ਪਿਛਲੇ ਕੁਝ ਦਿਨਾਂ ਵਿਚ ਅਜਿਹਾ ਜਾਪ ਵੀ ਰਿਹਾ ਸੀ ਪਰ ਅਚਾਨਕ ਮੰਤਰੀ ਤ੍ਰਿਪਤ ਰਜਿੰਦਰ ਬਾਜਵਾ ਦੇ ਘਰ ਮੀਟਿੰਗ ਸੱਦ ਕੈਪਟਨ ਨੂੰ ਲਾਂਭੇ ਕਰਨ ਦਾ ਫੈਸਲਾ ਕਰ ਲਿਆ ਗਿਆ। ਬਾਗੀ ਧੜੇ ਦਾ ਕਹਿਣਾ ਹੈ ਕਿ ਇਸ ਸਬੰਧੀ ਹਾਈਕਮਾਨ ਨਾਲ ਗੱਲ ਕੀਤੀ ਜਾਵੇਗੀ, ਜੇਕਰ ਉਨ੍ਹਾਂ ਦੀ ਨਾ ਸੁਣੀ ਗਈ ਤਾਂ ਉਹ ਸਖਤ ਫੈਸਲਾ ਲੈਣਗੇ।

ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਉਣ ਪਿੱਛੋਂ ਬਾਗੀਆਂ ਦੇ ਇਸ ਧੜੇ ਦੇ ਹੌਸਲੇ ਬੁਲੰਦ ਹਨ। ਮੌਜੂਦਾ ਹਾਲਾਤ ਤੋਂ ਵੀ ਜਾਪ ਰਿਹਾ ਹੈ ਕਿ ਬਾਜ਼ੀ ‘ਬਾਗੀਆਂ’ ਦੇ ਹੱਥ ਹੈ, ਕਿਉਂਕਿ ਕੈਪਟਨ ਦੀ ਪਿਛਲੇ ਸਾਢੇ ਚਾਰ ਸਾਲ ਦੀ ਕਾਰਗੁਜ਼ਾਰੀ ਤੋਂ ਪਾਰਟੀ ਦੇ ਸੀਨੀਅਰ ਆਗੂਆਂ ਤੇ ਵਿਧਾਇਕਾਂ ਦਾ ਇਕ ਵੱਡਾ ਧੜਾ ਨਰਾਜ਼ ਹੈ। ਜ਼ਿਆਦਾਤਰ ਵਿਧਾਇਕ ਭਾਵੇਂ ਖੁੱਲ੍ਹ ਕੇ ਤਾਂ ਨਹੀਂ ਬੋਲਦੇ ਪਰ ਉਹ ਕੈਪਟਨ ਦੀ ਛੁੱਟੀ ਕਰਨ ਦੇ ਹੱਕ ਵਿਚ ਹਨ। ਅਜਿਹੇ ਆਗੂਆਂ ਦਾ ਮੰਨਣਾ ਹੈ ਕਿ ਜੇ 2022 ਦੀਆਂ ਚੋਣਾਂ ਕੈਪਟਨ ਦੀ ਅਗਵਾਈ ਵਿਚ ਲੜੀਆਂ ਗਈਆਂ ਤਾਂ ਪਾਰਟੀ ਨੂੰ ਵੱਡਾ ਨੁਕਸਾਨ ਝੱਲਣਾ ਪਵੇਗਾ। ਨਵਜੋਤ ਸਿੱਧੂ ਦੇ ਧੜੇ ਨੇ ਬੀਤੇ ਦਿਨੀਂ ਲੰਚ ਮੌਕੇ ਵਿਧਾਇਕਾਂ ਅਤੇ ਵਜ਼ੀਰਾਂ ਦਾ ਇਕੱਠ ਕਰਕੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਬਦਲਣ ਦੀ ਮੰਗ ਕੀਤੀ ਸੀ। ਉਸ ਮਗਰੋਂ ਚਾਰ ਵਜ਼ੀਰਾਂ ਅਤੇ ਤਿੰਨ ਵਿਧਾਇਕਾਂ ਨੇ ਦੇਹਰਾਦੂਨ ਵਿਚ ਹਰੀਸ਼ ਰਾਵਤ ਨਾਲ ਮੀਟਿੰਗ ਕੀਤੀ ਸੀ। ਉਧਰ, ਕੈਪਟਨ ਖੇਮੇ ਨੇ ਡਿਨਰ ਦੇ ਬਹਾਨੇ ਆਪਣਾ ਸ਼ਕਤੀ ਪ੍ਰਦਰਸ਼ਨ ਕੀਤਾ। ਹਰੀਸ਼ ਰਾਵਤ ਨੇ ਕਾਂਗਰਸ ਆਗੂਆਂ ਨੂੰ ਸਪੱਸ਼ਟ ਕਰ ਦਿੱਤਾ ਸੀ ਕਿ ਵਿਧਾਨ ਸਭਾ ਚੌਣਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਹੀ ਲੜੀਆਂ ਜਾਣਗੀਆਂ। ਇਸ ਤੋਂ ਸਿੱਧੂ ਧੜਾ ਕਾਫੀ ਪਰੇਸ਼ਾਨ ਨਜ਼ਰ ਆ ਰਿਹਾ ਹੈ। ਰਾਵਤ ਨੇ ਕਿਹਾ ਕਿ ਪੰਜਾਬ ਵਿਚ ਕੁਝ ਮੁਸ਼ਕਲਾਂ ਜ਼ਰੂਰ ਹਨ ਜਿਨ੍ਹਾਂ ਨੂੰ ਉਹ ਸੁਲਝਾਉਣ ਵਿਚ ਲੱਗੇ ਹੋਏ ਹਨ ਪਰ ਸਥਿਤੀ ਕਾਬੂ ਹੇਠ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਕੋਈ ਖਤਰਾ ਨਹੀਂ ਹੈ ਅਤੇ ਅਗਲੀਆਂ ਚੌਣਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਲੜੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸੋਨੀਆ ਗਾਂਧੀ ਤਰਫੋਂ ਜੋ ਅਗਲੇ ਹੁਕਮ ਆਉਣਗੇ, ਉਨ੍ਹਾਂ ਨੂੰ ਸਭ ਧਿਰਾਂ ਮੰਨਣਗੀਆਂ। ਜਾਣਕਾਰੀ ਮੁਤਾਬਕ ਨਵਜੋਤ ਸਿੱਧੂ ਦੇ ਸਲਾਹਕਾਰਾਂ ਦਾ ਮਾਮਲਾ ਵੀ ਸੋਨੀਆ ਗਾਂਧੀ ਕੋਲ ਪਹੁੰਚਾਇਆ ਗਿਆ ਹੈ।

# ਨਿਊਜ਼ੀਲੈਂਡ ਪੁਲਿਸ ਅੱਤਵਾਦੀ ’ਤੇ ਰੱਖਦੀ ਸੀ ਨਿਗਾ-ਕੀਤੀ ਹਰਕਤ ਕੀਤੀ ਤਾਂ ਮਾਰੀ ਗੋਲੀ

**ਔਕਲੈਂਡ–** ਨਿਊਜ਼ੀਲੈਂਡ ਪੁਲਿਸ ਇਕ ਅੱਤਵਾਦੀ ਉਤੇ ਕਾਫੀ ਦੇਰ ਤੋਂ ਨਿਗਾ ਰੱਖ ਰਹੀ ਸੀ। ਇਹ ਸ਼੍ਰੀ ਲੰਕਾ ਨਾਲ ਸਬੰਧਿਤ ਵਿਅਕਤੀ ਸੀ। ਪੁਲਿਸ ਦੇ ਹੱਥ ਕੁਝ ਐਨਾ ਨਹੀਂ ਆਇਆ ਸੀ ਕਿ ਉਸਨੂੰ ਗ੍ਰਿਫਤਾਰ ਕਰਕੇ ਕਾਰਵਾਈ ਕੀਤੀ ਜਾਵੇ, ਪਰ ਪੁਲਿਸ ਹਮੇਸ਼ਾਂ ਇਸਦਾ ਪਿੱਛਾ ਕਰਦੀ ਰਹਿੰਦੀ ਸੀ। ਅੱਜ ਇਸ ਅੱਤਵਾਦੀ ਨੇ ਇਕ ਸੁਪਰ ਮਾਰਕੀਟ ਦੇ ਵਿਚ ਵੜ ਕੇ ਚਾਕੂ ਦੇ ਨਾਲ 6 ਲੋਕਾਂ ਦੇ ਉਤੇ ਵਾਰ ਕੀਤਾ ਤਾਂ ਨਾਲ ਹੀ ਪਿੱਛਾ ਕਰਦੀ ਸਾਦੀ ਪੁਲਿਸ ਹਰਕਤ ਵਿਚ ਆ ਗਈ ਅਤੇ 60 ਸਕਿੰਟਾਂ ਦੇ ਵਿਚ ਇਸਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ। ਇਹ ਅੱਤਵਾਦੀ ਆਈ. ਐਸ. ਆਈ. ਐਸ. (ਇਸਲਾਮਕ ਸਟੇਟ ਆਫ ਇਰਾਕ ਐਂਡ ਸੀਰੀਆ) ਨਾਲ ਸਬੰਧਿਤ ਦੱਸਿਆ ਗਿਆ ਹੈ। ਲਿਨਮਾਲ ਕਾਊਂਟਡਾਊਨ ਸੁਪਰ ਮਾਰਕੀਟ ਜਿੱਥੇ ਇਹ ਘਟਨਾ ਹੋਈ ਉਥੇ 6 ਲੋਕ ਜ਼ਖਮੀ ਹੋਏ ਜਿਹਨਾਂ ਵਿਚੋਂ ਤਿੰਨ ਗੰਭੀਰ ਰੂਪ ਵਿਚ ਹਨ ਅਤੇ ਹਸਪਤਾਲ ਦਾਖਲ ਹਨ। ਆਈ. ਐਸ. ਆਈ. ਐਸ ਦੇ ਇਸ ਸਮਰਥਕ ਨੂੰ ਪਹਿਲਾਂ ਵੀ ਇਕ ਵਾਰ ਗ੍ਰਿਫਤਾਰ ਕੀਤਾ ਗਿਆ ਸੀ। 2016 ਦੇ ਵਿਚ ਇਸਨੇ ਆਪਣੀ ਇਕ ਫੋਟੋ ਜੋ ਕਿ ਬੰਦੂਕ ਨਾਲ ਸੀ, ਸੋਸ਼ਲ ਮੀਡੀਆ ਉਤੇ ਪਾਈ ਸੀ। ਮਰਨ ਵਾਲੇ ਅੱਤਵਾਦੀ ਦੀ ਉਮਰ 32 ਸਾਲ ਸੀ ਤੇ ਇਹ 2011 ਵਿਚ ਇਥੇ ਆਇਆ ਸੀ। ਇਸ ਨੂੰ ਕੁਝ ਸਮਾਂ ਜ਼ੇਲ ਤੋਂ ਰਿਹਾਅ ਕੀਤਾ ਗਿਆ ਸੀ, ਅਤੇ ਵਿਸ਼ੇਸ਼ ਪੁਲਿਸ ਦਸਤਾ ਇਸਦੀ ਚੁੱਪ ਚੁਪੀਤੇ ਨਿਗਰਾਨੀ ਰੱਖਦਾ ਸੀ। ਪਿਛਲੇ ਸਾਲ ਮਾਣਯੋਗ ਜੱਜ ਨੇ ਇਹ ਕਹਿੰਦਿਆਂ ਇਸ ਨੂੰ ਛੱਡ ਦਿੱਤਾ ਸੀ ਕਿ ਅੱਤਵਾਦੀ ਹਮਲਾ ਦੀ ਤਿਆਰੀ ਕਰਨਾ ਆਪਣੇ ਆਪ ਵਿਚ ਜ਼ੁਲਮ ਸਾਬਤ ਨਹੀਂ ਹੁੰਦਾ। 26 ਮਈ ਨੂੰ ਇਹ ਅੱਤਵਾਦੀ ਜਥੇਬੰਦੀ ਸਬੰਧੀ ਪ੍ਰਚਾਰ ਸਮੱਗਰੀ ਰੱਖਣ ਦਾ ਦੋਸ਼ੀ ਵੀ ਪਾਇਆ ਗਿਆ ਸੀ। ਉਸਨੂੰ ਇਕ ਸਾਲ ਸੁਪਰਵੀਜ਼ਨ ਵਿਚ ਰਹਿਣ ਲਈ ਕਿਹਾ ਗਿਆ ਸੀ ਜੋ ਕਿ ਪੱਛਮੀ ਮਸਜਿਦ ਵਿਚ ਸੀ। ਆਪਣੇ ਮੁਕੱਦਮੇ ਵਿਚ ਉਸਨੇ ਕਿਹਾ ਸੀ ਕਿ ਤੁਸੀਂ ਮੈਨੂੰ ਇਕ ਚਾਕੂ ਰੱਖਣ ਦੀ ਗੱਲ ਕਰਦੇ ਹੋ ਮੈਂ 10 ਖਰੀਦ ਸਕਦਾ ਹਾਂ, ਇਹ ਮੇਰਾ ਹੱਕ ਹੈ। ਇੰਟਰਨੈਟ ਉਤੇ ਉਸਨੇ ਕੀ -ਕੀ ਲੱਭਣ ਦੀ ਕੋਸ਼ਿਸ ਕੀਤੀ, ਇਹ ਸਾਰਾ ਕੁਝ ਉਸ ਦੀਆਂ ਅੱਤਵਾਦੀ ਗਤੀਵਿਧੀਆਂ ਨਾਲ ਸਬੰਧਿਤ ਸੀ। ਇਸ ਤੋਂ ਪਹਿਲਾਂ 2016 ਦੇ ਵਿਚ ਇਕ ਵਿਅਕਤੀ ਇਮਰਾਨ ਪਟੇਲ ਨੂੰ ਵੀ ਇਸ ਸਬੰਧੀ ਸਜ਼ਾ ਹੋਈ ਸੀ, ਅਤੇ ਇਹ ਵਿਅਕਤੀ ਉਸ ਬਾਰੇ ਵੀ ਲੱਭ ਰਿਹਾ ਸੀ। ਉਸਨੇ ਇਹ ਵੀ ਲੱਭਿਆ ਕਿ 'ਕਾਫਿਰਾਂ’ ਉਤੇ ਹਮਲਾ ਕਿਵੇਂ ਕਰਨਾ ਹੈ। ਪੁਲਿਸ ਨੇ ਜਦੋਂ ਉਸਦੀ ਪਹਿਲਾਂ ਗ੍ਰਿਫਤਾਰੀ ਕੀਤੀ ਸੀ ਤਾਂ ਉਸਦੇ ਅਪਾਰਟਮੈਂਟ ਤੋਂ ਕਾਫੀ ਇਸਲਾਮਿਕ ਸਮੱਗਰੀ ਅਤੇ ਗੱਦੇ ਥੱਲਿਓ ਚਾਕੂ ਆਦਿ ਬਰਾਮਦ ਕੀਤੇ ਸਨ। ਪ੍ਰਧਾਨ ਮੰਤਰੀ ਅਤੇ ਪੁਲਿਸ ਮੁਖੀ ਨੇ ਅੱਜ ਇਸ ਸਬੰਧੀ ਵਿਸ਼ੇਸ਼ ਪ੍ਰੈਸ ਵਾਰਤਾ ਕਰਕੇ ਇਸ ਸਬੰਧੀ ਜਾਣਕਾਰੀ ਦਿੱਤੀ।




Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

## ਯੂ ਐਸ ਏ ਖਬਰਨਾਮਾ (ਹੁਸਨ ਲੜੋਆ ਬੰਗਾ)

# ਅਮਰੀਕਾ ਦੇ ਨਿਊਯਾਰਕ ਤੇ 5 ਹੋਰ ਰਾਜਾਂ ਵਿਚ ਤੂਫਾਨ ਨੇ ਮਚਾਈ ਭਾਰੀ ਤਬਾਹੀ , 45 ਮੌਤਾਂ

## ਸੜਕਾਂ ਬਣੀਆਂ ਦਰਿਆ ਤੇ ਇਮਰਾਤਾਂ ਆਈਆਂ ਪਾਣੀ ਦੀ ਮਾਰ ਹੇਠ , ਸੈਂਕੜੇ ਉਡਾਨਾਂ ਤੇ ਗੱਡੀਆਂ ਰੱਦ







**ਸੈਕਰਾਮੈਂਟੋ 3 ਸਤੰਬਰ–** ਨਿਊਯਾਰਕ ਤੇ ਨਿਊਜਰਸੀ ਸਮੇਤ ਅਮਰੀਕਾ ਦੇ 6 ਰਾਜਾਂ ਵਿਚ ਲਿਡਾ ਤੂਫਾਨ ਨੇ ਭਾਰੀ ਤਬਾਹੀ ਮਚਾਈ ਹੈ ਤੇ ਤੇਜ ਪੈ ਰਹੀ ਬਾਰਿਸ਼ ਨੇ ਹਾਲਾਤ ਹੋਰ ਮੁਸ਼ਿਕਲ ਬਣਾ ਦਿੱਤੇ ਹਨ। ਜਿਨਾਂ 4 ਹੋਰ ਰਾਜਾਂ ਵਿਚ ਤੂਫਾਨ ਨੇ ਭਾਰੀ ਤਬਾਹੀ ਮਚਾਈ ਹੈ ਉਨਾਂ ਵਿਚ ਪੈਨਸਿਲਵੇਨੀਆ,ਮੈਰੀਲੈਂਡ, ਕੋਨੈਕਟੀਕਟ ਤੇ ਵਰਜੀਨੀਆ ਸ਼ਾਮਿਲ ਹਨ। ਤੂਫਾਨ ਦੀ ਲਪੇਟ ਵਿਚ ਆਉਣ ਨਾਲ ਪਿਛਲੇ ਦੋ ਦਿਨਾਂ ਦੌਰਾਨ 45 ਵਿਅਕਤੀ ਮਾਰੇ ਜਾ ਚੁੱਕੇ ਹਨ। ਸਭ ਤੋਂ ਵਧ ਮੌਤਾਂ ਨਿਊਜਰਸੀ ਵਿਚ ਹੋਈਆਂ ਜਿਥੇ 23 ਲੋਕਾਂ ਦੀ ਮੌਤ ਹੋਈ ਹੈ। ਨਿਊਯਾਰਕ ਵਿਚ 15, ਪੈਨਸਿਲਵੇਨੀਆ ਵਿਚ 5, ਮੈਰੀਲੈਂਡ ਤੇ ਕੋਨੈਕਟੀਕਟ ਵਿਚ 1-1 ਵਿਅਕਤੀ ਤੂਫਾਨ ਦੀ ਮਾਰ ਹੇਠ ਆ ਕੇ ਮਾਰਿਆ ਗਿਆ ਹੈ। ਨਿਊਯਾਰਕ ਦੇ ਹੇਠਲੇ ਖੇਤਰ ਦੀਆਂ ਸੜਕਾਂ ਦਰਿਆ ਦਾ ਰੂਪ ਧਾਰਨ ਕਰ ਗਈਆਂ ਤੇ ਇਮਾਰਤਾਂ ਦੇ ਤਹਿਖਾਨਿਆਂ ਵਿਚ ਪਾਣੀ ਭਰਨ ਦੇ ਨਾਲ -ਨਾਲ ਪਹਿਲੀ ਮੰਜਿਲ ਵੀ ਹੜ ਦੇ ਪਾਣੀ ਦੀ ਮਾਰ ਹੇਠ ਆ ਗਈ। ਨਿਊਯਾਰਕ ਦੇ ਮੌਸਮ ਸੇਵਾ ਦਫਤਰ ਨੇ ਹੰਗਾਮੀ ਸਥਿੱਤੀ ਦਾ ਐਲਾਨ ਕਰ ਦਿੱਤਾ ਹੈ। ਹੰਗਾਮੀ ਸਥਿੱਤੀ ਉਸ ਵੇਲੇ ਐਲਾਨੀ ਜਾਂਦੀ ਹੈ ਜਦੋਂ ਮਨੁੱਖੀ ਜੀਵਨ ਨੂੰ ਗੰਭੀਰ ਖਤਰਾ ਪੈਦਾ ਹੋ ਜਾਵੇ ਤੇ ਭਾਰੀ ਤਬਾਹੀ ਦੀ ਸੰਭਾਵਨਾ ਹੋਵੇ। ਸੈਂਕੜੇ ਹਵਾਈ ਉਡਾਨਾਂ ਤੇ ਗੱਡੀਆਂ ਰੱਦ ਕਰ ਦਿੱਤੀਆਂ ਗਈਆਂ ਹਨ।

ਲੰਘੇ ਐਤਵਾਰ ਲੋਇਸਿਆਨਾ ਵਿਚ ਤੂਫਾਨ ਨੇ ਰਫਤਾਰ ਫੜ ਲਈ ਸੀ ਤੇ 150 ਮੀਲ ਪੈਰਤੀ ਘੰਟਾ ਦੀ ਰਫਤਾਰ ਨਾਲ ਹਵਾਵਾਂ ਚੱਲੀਆਂ। ਲੁਇਸਿਆਨਾ, ਮਿਸੀਸਿਪੀ ਤੇ ਅਲਾਬਾਮਾ ਵਿਚ 9 ਮੌਤਾਂ ਹੜ ਤੇ ਕਾਰਬਨ ਮੋਨੋਆਕਸਾਈਡ ਗੈਸ ਚੜਨ ਨਾਲ ਹੋਈਆਂ ਹਨ। ਨਿਊਜਰਸੀ ਦੇ ਗਵਰਨਰ ਫਿਲ ਮਰਫੀ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਰਾਜ ਵਿਚ ਤੂਫਾਨ ਨਾਲ 23 ਮੌਤਾਂ ਹੋਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਜਿਆਦਾਤਰ ਮੌਤਾਂ ਉਨਾਂ ਲੋਕਾਂ ਦੀਆਂ ਹੋਈਆਂ ਹਨ ਜੋ ਆਪਣੇ ਵਾਹਣਾਂ ਵਿਚ ਫੱਸ ਗਏ ਤੇ ਹੜ ਦਾ ਪਾਣੀ ਉਨਾਂ ਨੂੰ ਵਹਾਅ ਕੇ ਲੈ ਗਿਆ ਜਾਂ ਵਾਹਣ ਉਲਟ ਗਏ। ਮਰਫੀ ਨੇ ਪੀੜਤ ਪਰਿਵਾਰਾਂ ਲਈ ਪੈਰਾਰਥਨਾ ਕਰਨ ਲਈ ਕਿਹਾ ਤੇ ਆਸ ਪ੍ਰਗਟਾਈ ਕਿ ਹੋਰ ਜਾਨੀ ਨੁਕਸਾਨ ਨਹੀਂ ਹੋਵੇਗਾ। ਇਸ ਦੇ ਨਾਲ ਹੀ ਉਨਾਂ ਨੇ ਲੋਕਾਂ ਨੂੰ ਕਿਹਾ ਕਿ ਉਹ ਸੜਕ ਰਸਤੇ ਸਫਰ ਕਰਨ ਤੋਂ ਗੁਰੇਜ ਕਰਨ ਕਿਉਂਕਿ ਅਜੇ ਤੂਫਾਨ ਖਤਮ ਨਹੀਂ ਹੋਇਆ ਹੈ। ਗਵਰਨਰ ਦੇ ਨਾਲ ਮੌਜੂਦ ਨਿਊਜਰਸੀ ਦੇ ਪ੍ਰਤੀਨਿੱਧ ਟਾਮ ਮਾਲਿਨੋਵਸਕੀ ਨੇ ਕਿਹਾ ਕਿ ਇਹ ਤਬਾਹੀ ਸਾਡੇ ਲਈ ਜਾਗ ਜਾਣ ਦਾ ਸੱਦਾ ਹੈ। ਉਨਾਂ ਕਿਹਾ ਕਿੰ ਜੇਕਰ ਕੋਈ ਸੋਚਦਾ ਹੈ ਕਿ ਵਾਤਾਵਰਣ ਤਬਦੀਲੀ ਨੂੰ ਰੋਕਣ ਉਪਰ ਬਹੁਤ ਖਰਚ ਹੋਵੇਗਾ ਤਾਂ ਉਸ ਦੀਆਂ ਅੱਖਾਂ ਖੁਲ ਜਾਣੀਆਂ ਚਾਹੀਦੀਆਂ ਹਨ। ਅਸੀਂ ਅਜਿਹੀਆਂ ਤਬਾਹੀਆਂ ਨਹੀਂ ਝਲ ਸਕਦੇ।

# ਤੂਫਾਨ ਨਾਲ ਪ੍ਰਭਾਵਿਤ ਲੋਕਾਂ ਦੀ ਹਰ ਸੰਭਵ ਮੱਦਦ ਕੀਤੀ ਜਾਵੇਗੀ-ਬਾਈਡਨ

**ਸੈਕਰਾਮੈਂਟੋ 3 ਸਤੰਬਰ–**ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਨੇ ਤੂਫਾਨ ਨਾਲ ਬੁਰੀ ਤਰਾਂ ਪੈਰਭਾਵਿਤ ਲੁਸਿਆਨਾ ਤੇ ਹੋਰ ਖੇਤਰਾਂ ਦਾ ਦੌਰਾ ਕੀਤਾ। ਇਸ ਮੌਕੇ ਉਨਾਂ ਐਲਾਨ ਕੀਤਾ ਕਿ ਮੈ ਵਾਅਦਾ ਕਰਦਾ ਹਾਂ ਕਿ ਤੁਹਾਡੀ ਹਰ ਸੰਭਵ ਸਹਾਇਤਾ ਤੇ ਸਹਿਯੋਗ ਕੀਤਾ ਜਾਵੇਗਾ। ਰਾਸ਼ਟਰਪਤੀ ਲੁਸਿਆਨਾ ਦੇ ਗਵਰਨਰ ਜੌਹਨ ਬੈਲ ਐਡਵਰਡਜ ਤੇ ਹੋਰ ਸਰਕਾਰੀ ਅਧਿਕਾਰੀਆਂ ਨੂੰ ਮਿਲੇ। ਉਨਾਂ ਨੇ ਤੂਫਾਨ ਨਾਲ ਹੋਏ ਨੁਕਸਾਨ ਤੇ ਰਾਹਤ ਕਾਰਜਾਂ ਸਬੰਧੀ ਜਾਣਕਾਰੀ ਲਈ। ਉਨਾਂ ਕਿਹਾ ਕਿ ਅਸੀਂ ਤੂਫਾਨ ਨਾਲ ਪੈਰਭਾਵਿਤ ਲੋਕਾਂ ਦੀ ਪਿੱਠੋਂ ਤੇ ਖੜੇ ਹਾਂ। ਉਨਾਂ ਨੇ ਭਵਿੱਖ ਵਿਚ ਤੂਫਾਨਾਂ ਦੇ ਮੁਕਾਬਲੇ ਲਈ ਬੁਨਿਆਦੀ ਢਾਂਡੇ ਦੇ ਨਵੀਨੀਕਰਨ ਉਪਰ ਜੋਰ ਦਿੱਤਾ।





ਬਾਈਡਨ ਨੇ ਕਿਹਾ ਕਿ ਉਨਾਂ ਦਾ ਪੈਰਸ਼ਾਸਨ ਬੀਮਾ ਕੰਪਨੀਆਂ ਉਪਰ ਦਬਾਅ ਪਾਵੇਗਾ ਕਿ ਉਹ ਤੂਫਾਨ ਕਾਰਨ ਉਖੜੇ ਲੋਕਾਂ ਦੇ ਰਹਿਣ ਸਹਿਣ ਦਾ ਖਰਚਾ ਝਲਣ। ਅਮਰੀਕਾ ਦੇ 8 ਰਾਜ ਈਡਾ ਤੂਫਾਨ ਤੇ ਮੋਹਲੇਧਾਰ ਪਈ ਬਾਰਿਸ਼ ਨਾਲ ਬੁਰੀ ਤਰਾਂ ਪੈਰਭਾਵਿਤ ਹੋਏ ਹਨ । ਤੂਫਾਨ ਤੇ ਹੜ ਦੀ ਲਪੇਟ ਵਿਚ ਆ ਕੇ ਮਰਨ ਵਾਲਿਆਂ ਦੀ ਗਿਣਤੀ 60 ਤੋਂ ਟੱਪ ਗਈ ਹੈ। ਇਕ ਦਮ ਵਧੇ ਪਾਣੀ ਕਾਰਨ ਬਹੁਤ ਸਾਰੇ ਵਿਅਕਤੀ ਆਪਣੀਆਂ ਕਾਰਾਂ ਵਿਚ ਹੀ ਘਿਰ ਗਏ ਤੇ ਕਾਰਾਂ ਦੇ ਡੁੱਬਣ ਕਾਰਨ ਉਨਾਂ ਦੀ ਮੌਤ ਹੋ ਗਈ। ਕਈ ਲੋਕ ਦਰੱਖਤਾਂ ਦੇ ਡਿੱਗਣ ਕਾਰਨ ਉਨਾਂ ਦੇ ਹੇਠਾਂ ਆ ਕੇ ਮਾਰੇ ਗਏ। ਸਭ ਤੋਂ ਵਧ 25 ਮੌਤਾਂ ਨਿਊਜਰਸੀ ਵਿਚ ਹੋਈਆਂ ਹਨ। ਨਿਊਯਾਰਕ ਵਿਚ ਘੱਟੋ ਘੱਟ 16 ਵਿਅਕਤੀ ਮਾਰੇ ਗਏ ਹਨ। ਪੈਨਸਿਲਵੇਨੀਆ, ਮੈਰੀਲੈਂਡ , ਕੋਨੈਕਟੀਕਟ, ਲੁਸਿਆਨਾ , ਮਿਸੀਸਿਪੀ ਤੇ ਅਲਾਬਾਮਾ ਵਿਚ ਵੀ ਤੂਫਾਨ ਕਾਰਨ ਮੌਤਾਂ ਹੋਣ ਦੀਆਂ ਰਿਪੋਰਟਾਂ ਹਨ ਪਰੰਤੂ ਅਜੇ ਮੌਤਾਂ ਦੀ ਅਸਲ ਗਿਣਤੀ ਬਾਰੇ ਪਤਾ ਲਾਇਆ ਜਾ ਰਿਹਾ ਹੈ। ਇਕ ਪੁਲਿਸ ਸਾਰਜੈਂਟ ਉਸ ਵੇਲੇ ਮਾਰਿਆ ਗਿਆ ਜਦੋਂ ਉਸ ਦੀ ਕਸ਼ਤੀ ਹੜ ਦੇ ਪਾਣੀ ਵਿਚ ਰੁੜ ਗਈ। ਲੁਸਿਆਨਾ ਦੇ 4 ਨਰਸਿੰਗ ਕੇਂਦਰਾਂ ਵਿਚ ਕਾਰਬਨ ਮੋਨੋਆਕਸਾਈਡ ਜ਼ਹਿਰ ਨਾਲ ਵੀ ਮੌਤਾਂ ਹੋਣ ਦੀ ਰਿਪੋਰਟ ਹੈ। ਪੁਲਿਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਹਾਲਾਂ ਕਿ ਇਨਾਂ ਕੇਂਦਰਾਂ ਵਿਚ 3 ਮੌਤਾਂ ਤੂਫਾਨ ਕਾਰਨ ਹੋਣ ਦੀ ਰਿਪੋਰਟ ਹੈ।

10 ਦਿਨਾਂ ਬਾਅਦ ਬਿਜਲੀ ਦੇ ਦਰਸ਼ਨ ਹੋਏ- ਲੁਸਿਆਨਾ ਵਿਚ ਤਕਰੀਬਨ ਸਮੁੱਚੇ ਓਰਲੀਨਜ ਵਿਚ ਬਿਜਲੀ ਬਹਾਲ ਕਰ ਦਿੱਤੀ ਗਈ ਹੈ। ਈਡਾ ਤੂਫਾਨ ਵੱਲੋਂ ਬਿਜਲੀ ਗਰਿਡਾਂ ਨੂੰ ਪਹੁੰਚਾਏ ਨੁਕਸਾਨ ਕਾਰਨ ਲੁਸਿਆਨਾ ਵਿਚ ਪਿਛਲੇ 10 ਦਿਨਾਂ ਤੋਂ 10 ਲੱਖ ਤੋਂ ਵਧ ਲੋਕ ਬਿਜਲੀ ਤੋਂ ਬਿਨਾਂ ਦਿਨ ਕਟੀ ਕਰਨ ਲਈ ਮਜਬੂਰ ਸਨ।

# ਦੱਖਣੀ ਕੈਲੀਫੋਰਨੀਆ ਤੱਟੀ ਖੇਤਰ ਵਿਚ ਸਮੁੰਦਰੀ ਸੈਨਾ ਦਾ ਹੈਲਕਾਪਟਰ ਤਬਾਹ, 5 ਸੈਨਿਕਾਂ ਦੀ ਮੌਤ

**ਸੈਕਰਾਮੈਂਟੋ 5 ਸਤੰਬਰ–** ਦੱਖਣੀ ਕੈਲੀਫੋਰਨੀਆ ਤੱਟੀ ਕੰਢੇ 'ਤੇ ਸਮੁੰਦਰੀ ਸੈਨਾ ਦਾ ਇਕ ਹੈਲੀਕਾਪਟਰ ਤਬਾਹ ਹੋ ਗਿਆ ਜਿਸ ਵਿਚ ਸਵਾਰ 5 ਸੈਨਿਕਾਂ ਦੀ ਮੌਤ ਹੋ ਗਈ ਜਦ ਕਿ ਇਕ ਨੂੰ ਬਚਾਅ ਲਿਆ ਗਿਆ। ਸਮੁੰਦਰੀ ਸੈਨਾ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਬਚਾਅ ਕਾਰਜਾਂ ਉਪਰੰਤ ਲਾਪਤਾ ਸੈਨਿਕਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ ਹੈ। ਬਿਆਨ ਅਨੁਸਾਰ ਮ੍ਰਿਤਕ ਸੈਨਿਕਾਂ ਦੇ ਨਾਂ ਪੀੜਤ ਪਰਿਵਾਰਾਂ ਨੂੰ ਸੂਚਿਤ ਕਰਨ ਤੋਂ ਪਹਿਲਾਂ ਜਾਰੀ ਨਹੀਂ ਕੀਤੇ ਜਾਣਗੇ। ਬਚਾਏ ਗਏ ਸੈਨਿਕ ਦਾ ਸੈਨ ਡਇਏਗੋ ਹਸਪਤਾਲ ਵਿਚ ਇਲਾਜ਼ ਚਲ ਰਿਹਾ ਹੈ ਜਿਥੇ ਉਸ ਦੀ ਹਾਲਤ ਸਥਿੱਰ ਦੱਸੀ ਜਾ ਰਹੀ ਹੈ। ਐਮ ਐਚ-60 ਐਸ ਹੈਲੀਕਾਪਟਰ ਯੂ ਐਸ ਐਸ ਇਬਰਾਹਮ ਲਿੰਕਨ ਬੇੜੇ ਉਪਰ ਤਬਾਹ ਹੋਇਆ ਜਿਸ ਕਾਰਨ ਬੇੜੇ ਉਪਰ ਤਾਇਨਾਤ 5 ਜਵਾਨ ਜ਼ਖਮੀ ਵੀ ਹੋਏ ਹਨ। ਇਨਾਂ ਵਿਚੋਂ 2 ਨੂੰ ਸੈਨ ਡਇਏਗੋ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ ਜਦ ਕਿ 3 ਦੇ ਮਾਮੂਲੀ ਜ਼ਖਮ ਹਨ ਜਿਨਾਂ ਦੀ ਹਾਦਸੇ ਵਾਲੇ ਸਥਾਨ 'ਤੇ ਮਰਹਮ ਪੱਟੀ ਕਰ ਦਿੱਤੀ ਗਈ। ਇਥੇ ਜਿਕਰਯੋਗ ਹੈ ਕਿ ਸਮੁੰਦਰੀ ਫੌਜ ਦਾ ਇਹ ਹੈਲੀਕਾਪਟਰ 72 ਘੰਟੇ ਪਹਿਲਾਂ ਤਬਾਹ ਹੋਇਆ ਸੀ ਤੇ ਉਸ ਉਪਰੰਤ ਨਿਰੰਤਰ ਚੱਲੀ ਬਚਾਅ ਕਾਰਵਾਈ ਤੋਂ ਬਾਅਦ ਸੈਨਿਕਾਂ ਦੇ ਮਾਰੇ ਜਾਣ ਦਾ ਖੁਲਾਸਾ ਕੀਤਾ ਗਿਆ ਹੈ। ਇਸ ਬਚਾਅ ਕਾਰਵਾਈ ਵਿਚ 5 ਹੈਲੀਕਾਪਟਰ ਲਾਏ ਗਏ ਸਨ। ਸਮੁੰਦਰੀ ਫੌਜ ਨੇ ਹਾਦਸੇ ਦਾ ਕਾਰਨਾਂ ਬਾਰੇ ਕੁਝ ਨਹੀਂ ਦੱਸਿਆ ਤੇ ਕੇਵਲ ਏਨਾ ਹੀ ਕਿਹਾ ਹੈ ਕਿ ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ। ਇਥੇ ਇਹ ਵੀ ਜਿਕਰਯੋਗ ਹੈ ਕਿ ਐਮ ਐਚ-60 ਹੈਲੀਕਾਪਟਰ ਵਿਚ ਆਮ ਤੌਰ 'ਤੇ 4 ਅਮਲੇ ਦੇ ਮੈਂਬਰ ਸਵਾਰ ਹੁੰਦੇ ਹਨ ਤੇ ਇਸ ਹੈਲੀਕਾਪਟਰ ਦੀ ਵਰਤੋਂ ਯੁੱਧ ਦੌਰਾਨ ਫੌਜ ਦੀ ਸਹਾਇਤਾ ਕਰਨ, ਸੰਕਟ ਦੌਰਾਨ ਮਾਨਵੀ ਰਾਹਤ ਪਹੁ-ੁਚਾਉਣ ਤੇ ਬਚਾਅ ਤੇ ਰਾਹਤ ਕਾਰਜਾਂ ਲਈ ਕੀਤੀ ਜਾਂਦੀ ਹੈ।




# ਤੂਫਾਨ ਦੌਰਾਨ ਲਾਪਤਾ ਹੋਈ ਭਾਰਤੀ ਮੂਲ ਦੀ ਅਮਰੀਕਨ ਸਾਫਟਵੇਅਰ ਡਿਜ਼ਾਈਨਰ ਦੀ ਲਾਸ਼ ਮਿਲੀ

**ਸੈਕਰਾਮੈਂਟੋ 5 ਸਤੰਬਰ–** ਰਾਰੀਟਨ, ਨਿਊਜਰਸੀ ਦੀ ਵਸਨੀਕ ਭਾਰਤੀ ਮੂਲ ਦੀ ਅਮਰੀਕੀ ਸਾਫਟ ਵੇਅਰ ਡਿਜ਼ਾਈਨਰ ਜੋ ਤੂਫਾਨ ਦੌਰਾਨ ਲਾਪਤਾ ਹੋ ਗਈ ਸੀ, ਦੀ ਲਾਸ਼ ਬਰਾਮਦ ਹੋਈ ਹੈ। ਸਮਰਸੈੱਟ ਕਾਊਂਟੀ ਦੇ ਬੁਲਾਰੇ ਫਰੈਂਕ ਰੋਮੈਨ ਨੇ ਕਿਹਾ ਹੈ ਕਿ ਲਾਪਤਾ 46 ਸਾਲਾ ਮਲਾਥੀ ਕੰਚ ਦੀ ਭਾਲ ਲਈ ਕਈ ਏਜੰਸੀਆਂ ਤੇ ਡਰੋਨ ਦੀ ਮੱਦਦ ਲਈ ਜਾ ਰਹੀ ਸੀ ਜਿਸ ਦੌਰਾਨ ਕੰਚ ਦੇ ਪਰਿਵਾਰਕ ਮਿੱਤਰਾਂ ਤੇ ਗਵਾਂਢੀ ਮਾਨਸੀ ਮੈਗੋ ਨੇ ਉਸ ਦੀ ਲਾਸ਼ ਮਿਲ ਜਾਣ ਦੀ ਪੁਸ਼ਟੀ ਕੀਤੀ ਹੈ। ਪ੍ਰਾਪਤ ਵੇਰਵੇ ਅਨੁਸਾਰ 1 ਸਤੰਬਰ ਨੂੰ ਕੰਚ ਆਪਣੇ ਪੁੱਤਰ ਨੂੰ ਰੂਟਗਰਜ ਯੁਨੀਵਰਸਿਟੀ ਵਿਚ ਛੱਡਣ ਉਪਰੰਤ ਵਾਪਿਸ ਆ ਰਹੀ ਸੀ ਤਾਂ ਉਸ ਦੀ ਕਾਰ ਨੂੰ ਹੜ ਦਾ ਪਾਣੀ ਰੋੜ ਕੇ ਲੈ ਗਿਆ ਸੀ। ਕਾਰ ਵਿਚ ਉਸ ਦੀ 15 ਸਾਲ ਦੀ ਬੇਟੀ ਵੀ ਸਵਾਰ ਸੀ, ਉਹ ਤੈਰਨਾ ਜਾਣਦੀ ਸੀ। ਉਹ ਤੈਰ ਕੇ ਬਾਹਰ ਆ ਗਈ ਤੇ ਇਕ ਸਥਾਨਕ ਕਾਰ ਡੀਲਰ ਕੋਲ ਪਹੁੰਚ ਗਈ ਪਰੰਤੂ ਉਸ ਦੀ ਮਾਂ ਕੰਚ ਤੈਰਨਾ ਨਹੀਂ ਸੀ ਜਾਣਦੀ ਤੇ ਉਹ ਹੜ ਦੇ ਪਾਣੀ ਦੀ ਭੇਟ ਚੜ ਗਈ। ਇਥੇ ਜਿਕਰਯੋਗ ਹੈ ਕਿ ਨਿਊਜਰਸੀ ਵਿਚ 25 ਵਿਅਕਤੀ ਤੂਫਾਨ ਤੇ ਹੜ ਦੀ ਲਪੇਟ ਵਿਚ ਆ&; ਕੇ ਮਾਰੇ ਜਾ ਚੁੱਕੇ ਹਨ।

# ਫਲੋਰੀਡਾ ਵਿਚ ਇਕ ਬੱਚੇ ਸਮੇਤ 4 ਜਣਿਆਂ ਦੀ ਗੋਲੀਆਂ ਮਾਰ ਕੇ ਹੱਤਿਆ, ਇਕ ਲੜਕੀ ਗੰਭੀਰ ਜ਼ਖਮੀ

**ਸੈਕਰਾਮੈਂਟੋ 6 ਸਤੰਬਰ–** ਉੱਤਰੀ ਲੇਕਲੈਂਡ, ਫਲੋਰੀਡਾ ਵਿਚ ਇਕ ਹਮਲਾਵਰ ਵੱਲੋਂ ਕੀਤੀ ਗੋਲੀਬਾਰੀ ਵਿਚ ਇਕ ਬੱਚਾ, ਦੋ ਔਰਤਾਂ ਤੇ ਇਕ ਵਿਅਕਤੀ ਮਾਰਿਆ ਗਿਆ ਜਦ ਕਿ ਇਕ 11 ਸਾਲਾਂ ਦੀ ਲੜਕੀ ਗੰਭੀਰ ਜ਼ਖਮੀ ਹੋ ਗਈ। ਪੁਲਿਸ ਦੀ ਕਾਰਵਾਈ ਦੌਰਾਨ ਜ਼ਖਮੀ ਹੋਣ ਉਪਰੰਤ ਹਮਲਾਵਰ ਨੇ ਆਤਮ ਸਮਰਪਣ ਕਰ ਦਿੱਤਾ। ਪੋਲਕ ਕਾਊਂਟੀ ਦੇ ਸ਼ੈਰਿਫ ਗਰਾਡੀ ਜੂਡ ਨੇ ਕਿਹਾ ਹੈ ਕਿ ਗੋਲੀਬਾਰੀ ਤੜਕਸਾਰ 4.30 ਵਜੇ ਇਕ ਘਰ ਵਿਚ ਹੋਈ। ਸ਼ੱਕੀ ਹਮਲਾਵਰ ਦੀ ਪਛਾਣ 33 ਸਾਲਾ ਬਰਾਇਨ ਰੀਲੇ ਵਜੋਂ ਹੋਈ ਹੈ ਜਿਸ ਨੂੰ ਗ੍ਰਿਫਤਾਰ ਕਰਨ ਉਪਰੰਤ ਪੁਲਿਸ ਨੇ ਘਰ ਵਿਚੋਂ ਇਕ 3 ਸਾਲ ਦੇ ਬੱਚੇ, ਇਕ ਵਿਅਕਤੀ ਤੇ ਦੋ ਔਰਤਾਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ। ਮੌਕੇ ਤੋਂ ਮਿਲੀ ਇਕ 11 ਸਾਲਾ ਲੜਕੀ ਜਿਸ ਦੇ ਕਈ ਗੋਲੀਆਂ ਵੱਜੀਆਂ ਹੋਈਆਂ ਸਨ, ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਜੂਡ ਨੇ ਦੱਸਿਆ ਕਿ ਰੀਲੇ ਸਾਬਕਾ ਫੌਜੀ ਹੈ ਜੋ ਇਰਾਕ ਤੇ ਅਫਗਾਨਿਸਤਾਨ ਵਿਚ ਤਾਇਨਾਤ ਰਿਹਾ ਹੈ। ਉਸ ਨੇ 4 ਸਾਲ ਫੌਜ ਵਿਚ ਨੌਕਰੀ ਕੀਤੀ ਤੇ ਉਸ ਨੂੰ ਸਨਮਾਨ ਸਹਿਤ ਸੇਵਾ ਮੁਕਤ ਕੀਤਾ ਗਿਆ ਸੀ। ਬਾਅਦ ਵਿਚ 3 ਸਾਲ ਉਸ ਨੇ ਰਿਜਰਵ ਸੈਨਿਕ ਵਜੋਂ ਨੌਕਰੀ ਕੀਤੀ। ਰੀਲੇ ਦੀ ਮਿੱਤਰ ਕੁੜੀ ਅਨੁਸਾਰ 'ਉਹ ਕਦੀ ਕਦੀ ਪ੍ਰੇਸ਼ਾਨ ਜਰੂਰ ਹੋ ਜਾਂਦਾ ਸੀ ਪਰ ਉਹ ਕਦੀ ਵੀ ਹਿੰਸਕ ਨਹੀਂ ਹੋਇਆ ਸੀ। ਉਹ ਓਰਲੈਂਡੋ ਵਿਚ ਇਕ ਚਰਚ ਵਿਚ ਸਕਿਉਰਿਟੀ ਅਫਸਰ ਵਜੋਂ ਤਾਇਨਾਤ ਸੀ ਤੇ ਹਫਤਾ ਪਹਿਲਾਂ ਘਰ ਆਇਆ ਸੀ। ਉਹ ਕਹਿੰਦਾ ਸੀ ਕਿ ਉਹ ਰੱਬ ਨਾਲ ਸਿੱਧੀ ਗੱਲਬਾਤ ਕਰ ਸਕਦਾ ਹੈ।" ਉਸ ਨੇ ਘਟਨਾ ਨੂੰ ਅੰਜਾਮ ਦੇਣ ਤੋਂ ਪਹਿਲਾਂ ਇਹ ਵੀ ਕਿਹਾ ਸੀ ਕਿ ਨਾਲ ਲੱਗਦੇ ਘਰ ਵਿਚ ਰਹਿੰਦੀ ਕੁੜੀ ਆਤਮ ਹੱਤਿਆ ਕਰਨ ਵਾਲੀ ਹੈ। ਫਿਲਹਾਲ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਪੁਲਿਸ ਨੇ ਮ੍ਰਿਤਕਾਂ ਦੇ ਨਾਂ ਨਸ਼ਰ ਨਹੀਂ ਕੀਤੇ ਹਨ।



# ਸਤੰਬਰ ਮਹੀਨਾ ਬਾਬਾ ਜੀਵਨ ਸਿੰਘ ਜੀ ਦੇ ਸੰਘਰਸ਼ ਨੂੰ ਸਮਰਪਿਤ ਕਰੇਗੀ ਬਸਪਾ- ਜਸਵੀਰ ਸਿੰਘ ਗੜ੍ਹੀ

**ਜਲੰਧਰ 4 ਸਤੰਬਰ–** ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਪ੍ਰੈਸ ਨੂੰ ਬਿਆਨ ਦਿੰਦੇ ਹੋਏ ਕਿਹਾ ਕਿ ਬਸਪਾ ਸਤੰਬਰ ਦਾ ਮਹੀਨਾ ਰੰਗਰੇਟੇ ਗੁਰੂ ਕੇ ਬੇਟੇ ਬਾਬਾ ਜੀਵਨ ਸਿੰਘ ਜੀ ਨੂੰ ਸਮਰਪਿਤ ਕਰੇਗੀ। ਜਿਸ ਤਹਿਤ ਉਹਨਾਂ ਦਾ ਜਨਮ ਦਿਵਸ ਪੰਜਾਬ ਵਿਚ ਜਿਲ੍ਹਾ ਪੱਧਰੀ ਕਾਨਫਰੰਸਾਂ ਕਰਕੇ ਮਨਾਇਆ ਜਾਵੇਗਾ।

ਉਹਨਾਂ ਨੇ ਦਸਿਆ ਕਿ ਬਾਬਾ ਜੀਵਨ ਸਿੰਘ ਜੀ ਦਾ ਜਨਮ ਪਿਤਾ ਸਦਾ ਨੰਦ ਤੇ ਮਾਤਾ ਪ੍ਰੇਮੋ ਦੇ ਗ੍ਰਹਿ ਵਿਖੇਪਟਨਾ, ਬਿਹਾਰ ਵਿਖੇ ਹੋਇਆ ਸੀ। ਸਿੱਖ ਧਰਮ ਵਿੱਚ ਉਹਨਾਂ ਦੀ ਇੱਕ ਅਹਿਮ ਭੂਮਿਕਾ ਰਹੀ ਹੈ। ਉਹਨਾਂ ਨੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਚਾਂਦਨੀ ਚੌਂਕ ਤੋਂ ਚੱਕ ਕੇ ਸ੍ਰੀ ਅਨੰਦਪੁਰ ਸਾਹਿਬ ਲਿਆਂਦਾ ਸੀ। ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਨੂੰ ਆਪਣੇ ਸੀਨੇ ਨਾਲ ਲਾਕੇ ਰੰਘਰੇਟੇ ਗੁਰੂ ਕੇ ਬੇਟੇ ਹੋਣ ਦਾ ਵਰ ਦਿੱਤਾ। ਉਸ ਮਹਾਨ ਸਖਸ਼ੀਅਤ ਨੂੰ ਸਮਰਪਿਤ ਬਹੁਜਨ ਸਮਾਜ ਪਾਰਟੀ ਨੇ ਵਿਸ਼ਾਲ ਪ੍ਰੋਗਰਾਮ ਰੱਖੇ ਹਨ। ਜਿਸ ਤਹਿਤ ਪ੍ਰੋਗਰਾਮਾਂ ਦਾ ਵੇਰਵਾ –

11 ਸਤੰਬਰ ਬੁਢਲਾਡਾ,
12 ਸਤੰਬਰ ਫਰੀਦਕੋਟ,
18 ਸਤੰਬਰ ਸ੍ਰੀ ਹਰਗੋਬਿੰਦਪੁਰ ਸਾਹਿਬ,
19 ਸਤੰਬਰ ਸ੍ਰੀ ਅੰਮ੍ਰਿਤਸਰ ਸਾਹਿਬ,
24 ਸਤੰਬਰ ਦਿਨ ਐਤਵਾਰ ਨੂੰ ਮੋਗਾ,
25 ਸਤੰਬਰ ਦਿਨ ਸ਼ਨੀਵਾਰ ਨੂੰ ਸ੍ਰੀ ਫਿਰੋਜ਼ਪੁਰ ਅਤੇ
26 ਸਤੰਬਰ ਨੂੰ ਸ੍ਰੀ ਮੁਕਤਸਰ ਸਾਹਿਬ ਵਿਖੇ ਵਿਸ਼ਾਲ ਜਨ ਸਭਾ ਸਮਾਗਮ ਹੋਣਗੇ। ਬਸਪਾ ਵਲੋਂ ਸਮੂਹ ਪੰਜਾਬੀਆਂ ਨੂੰ ਬੇਨਤੀ ਕੀਤੀ ਜਾਵੇਗੀ ਕਿ ਸਾਨੂੰ ਸਭ ਨੂੰ ਇੱਕ ਪਲੇਟਫਾਰਮ ਤੇ ਇਕੱਠੇ ਹੋਣਾ ਪਵੇਗਾ।



ਸਰਦਾਰ ਗੜ੍ਹੀ ਨੇ ਦਸਿਆ ਕਿ ਪਿਛਲੀ ਵਾਰ ਵੀ ਬਸਪਾ ਨੇ ਕਰੋਨਾ ਕਾਲ 'ਚ ਬਾਬਾ ਜੀਵਨ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਆਨਲਾਈਨ ਜ਼ੂਮ ਮੀਟਿੰਗ ਕਰਕੇ ਮਨਾਇਆ ਸੀ ਜਿਸ ਵਿੱਚ ਸੱਤਰ ਹਜ਼ਾਰ ਤੋਂ ਜਿਆਦਾ ਪੰਜਾਬੀਆਂ ਨੇ ਹਿੱਸਾ ਲਿਆ ਸੀ।

ਸਾਹਿਬ ਕਾਂਸ਼ੀ ਰਾਮ ਜੀ ਦੇ ਅੰਦੋਲਨ ਕਿਤੇ ਭੁੱਲ ਨਾ ਜਾਈਏ ਮਹਾਂਪੁਰਸ਼ਾਂ ਦੀ ਕੁਰਬਾਨੀ ਅੰਦੋਲਨ ਤਹਿਤ ਪ੍ਰੋਗਰਾਮ ਹੋਣਗੇ ਜਿਸਦਾ ਨਿਸ਼ਾਨਾ ਬਹੁਜਨ ਸਮਾਜ ਦੇ ਮਾਣ ਸਨਮਾਨ ਦੀ ਪ੍ਰਾਪਤੀ ਹਿਤ ਸਮੁਚੇ ਬਹੁਜਨ ਸਮਾਜ ਦੇ ਅੰਗ ਦਲਿਤ ਤੇ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਲਾਮਬੰਦ ਕਰਨਾ ਹੈ।

ਪੰਜਾਬ ਦੇ ਦਲਿਤ ਪਛੜੇ ਵਰਗਾਂ ਨੂੰ ਕਾਂਗਰਸ ਭਾਜਪਾ ਵੱਲੋਂ ਅੱਪਵਿਤੱਰ ਤੇ ਗੈਰ ਪੰਥਕ ਦੱਸਣਾ ਅਤੇ ਆਪ ਪਾਰਟੀ ਵਲੋਂ ਸੰਵਿਧਾਨ ਵਿਰੋਧੀ ਟਿੱਪਣੀਆਂ ਬਸਪਾ ਨੂੰ ਬਰਦਾਸਤ ਨਹੀਂ ਹਨ। ਬਸਪਾ ਪੂਰੇ ਪੰਜਾਬ ਵਿਚ ਮਾਣ ਸਨਮਾਨ ਦਾ ਅੰਦੋਲਨ ਤਿੱਖੇ ਰੂਪ ਵਿਚ ਜਾਰੀ ਰੱਖੇਗੀ।

**– ਲਾਲ ਸਿੰਘ ਸੁਲਹਾਣੀ**
**ਜਨਰਲ ਸਕੱਤਰ ਬਸਪਾ ਪੰਜਾਬ**

# ਲੋਕ ਸੁਚੇਤ ਰਹਿਣ ਅਤੇ ਸਾਵਧਾਨੀ ਵਰਤਣ ਤਾਂ ਕਿਸੇ ਵੀ ਬਿਮਾਰੀ ਤੋਂ ਬਚਿਆ ਜਾ ਸਕਦਾ ਹੈ - ਕੰਵਲਜੀਤ ਸਿੰਘ ਸੰਧੂ

**ਫਗਵਾੜਾ (ਬੀ.ਕੇ.ਰੱਤੂ)** ਬਦਲਦੇ ਮੌਸਮ ਅਤੇ ਬਰਸਾਤ ਦਰਮਿਆਨ , ਬਹੁਤ ਸਾਰੀਆ ਬਿਮਾਰੀਆਂ ਸਾਡੇ ਵਿੱਚਕਾਰ ਆਉਣ ਵਾਲੀਆਂ ਹਨ ਅਜਿਹੀ ਸਥਿਤੀ ਵਿੱਚ ਸਿਹਤ ਵਿਭਾਗ ਲੋਕਾ ਨੂੰ ਬਚਣ ਲਈ ਜਾਗਰੂਕ ਕਰਨ ਵਿੱਚ ਰੁੱਝਿਆ ਹੋਇਆ ਹੈ ਸਬ ਡਵੀਜ਼ਨ ਫਗਵਾੜਾ ਵਿਖੇ ਸਿਵਲ ਸਰਜਨ ਕਪੂਰਥਲਾ ਡਾ ਪਰਮਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫਸਰ ਡਾ ਲੈਂਬਰ ਰਾਮ ਦੀ ਯੋਗ ਅਗਵਾਈ ਹੇਠ ਹੈਲਥ ਇੰਸਪੈਕਟਰ ਕੰਵਲਜੀਤ ਸਿੰਘ ਸੰਧੂ ਅਤੇ ਬਲਿਹਾਰ ਚੰਦ ਵਲੋਂ ਲੋਕਾਂ ਨੂੰ ਡੈਂਗੂ ਮੱਛਰ ਤੋਂ ਬਚਣ ਲਈ ਜਾਗਰੂਕ ਕੀਤਾ ਗਿਆ ਇਸ ਦੋਰਾਨ ਇਲਾਕਾ ਭਗਤਪੁਰਾ ਪ੍ਰੀਤ ਨਗਰ ਵਿੱਖੇ ਹੈਲਥ ਇੰਸਪੈਕਟਰ ਕੰਵਲਜੀਤ ਸਿੰਘ ਸੰਧੂ ਅਤੇ ਬਲਿਹਾਰ ਚੰਦ ਦੀ ਸੁੱਚਜੀ ਦੇਖ-ਰੇਖ ਹੇਠ ਐਮ ਪੀ ਐਚ ਡਬਲਯੂ ਅਤੇ ਐਟੀ ਲਾਰਵਾ ਟੀਮ ਨੇ ਇਲਾਕਿਆ ਦਾ ਸਰਵੇ ਕਰ ਘਰ ਘਰ ਦੱਸਤਕ ਦੇ ਕੂਲਰਾ ਘਰਾ ਵਿੱਚ ਰੱਖੇ ਗਮਲਿਆ ਦੀ ਚੈਕਿੰਗ ਕੀਤੀ ਅਤੇ ਨਿਯਮਤ ਸਫ਼ਾਈ ਬਾਰੇ ਨਿਰਦੇਸ਼ ਦਿੱਤੇ ਇਸ ਮੌਕੇ ਕੰਵਲਜੀਤ ਸਿੰਘ ਸੰਧੂ ਨੇ ਦੱਸਿਆ ਕਿ ਹਰ ਸ਼ੁਕਰਵਾਰ ਨੂੰ ਡ੍ਰਾਈ- ਡੇ , ਫ੍ਰਾਈਡੇ ਮੁਹਿੰਮ ਤਹਿਤ ਵਿਭਾਗ ਲੋਕਾ ਨੂੰ ਅਪਣੇ ਘਰਾ ਵਿੱਚ ਪਾਣੀ ਦੇ ਸੋਮਿਆਂ ਅਤੇ ਪਾਣੀ ਦੀ ਨਿਕਾਸੀ ਵਾਲੀਆ ਥਾਵਾਂ ਦੀ ਸਫ਼ਾਈ ਲਈ ਉਤਸ਼ਾਹਤ ਕਰਦਾ ਹੈ। ਕਰਮਚਾਰੀ ਘਰ ਘਰ ਜਾ ਕੇ ਲੋਕਾ ਨੂੰ ਜਾਗਰੂਕ ਕਰ ਰਹੇ ਹਨ ਉਨ੍ਹਾਂ ਕਿਹਾ ਕਿ ਡੈਂਗੂ ਮੱਛਰ ਸਾਫ਼ ਪਾਣੀ ਵਿੱਚ ਪ੍ਰਜਨਨ ਕਰਦੇ ਹਨ ਅਤੇ ਇਸ ਦੇ ਲਈ ਇੱਕ ਚੱਮਚ ਪਾਣੀ ਵੀ ਕਾਫ਼ੀ ਹੁੰਦਾ ਹੈ ਲੋਕਾ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਪਾਣੀ ਉਨ੍ਹਾਂ ਦੇ ਘਰਾਂ, ਛੱਤਾ, ਆਲੇ ਦੁਆਲੇ , ਦਫਤਰਾਂ ਆਦਿ ਵਿੱਚ ਕਿੱਤੇ ਵੀ ਇੱਕ ਹਫਤੇ ਤੋਂ ਵੱਧ ਸਮੇਂ ਲਈ ਰੁਕਿਆ ਨਹੀਂ ਹੋਣਾ ਚਾਹੀਦਾ ਖਾਸਕਰ ਛੱਤਾ ਤੇ ਰੱਖੇ ਟੁੱਟੇ ਭਾਂਡਿਆਂ ਚ ਪਾਣੀ ਨਾ ਹੋਵੇ , ਪੱਛੀਆ ਨੂੰ ਪਾਣੀ ਪਿਲਾਉਣ ਲਈ ਰੱਖੇ ਕਟੋਰੇ ਆਦਿ ਦਾ ਪਾਣੀ ਹਫਤੇ ਚ ਇੱਕ ਵਾਰ ਜਰੂਰ ਬਦਲਿਆ ਜਾਵੇ। ਡੈਂਗੂ ਮੱਛਰ ਫ੍ਰਿਜ ਦੇ ਪਿਛਲੇ ਪਾਸੇ ਬਣੇ ਪਾਣੀ ਦੀਆ ਨਿਕਾਸ ਵਾਲੀਆ ਟਰੇਆ ਅਤੇ ਕੂਲਰਾਂ ਵਿੱਚ ਵੀ ਪ੍ਰਜਜਨ ਕਰਦਾ ਹੈ ਇਸ ਲਈ ਹਫਤੇ ਵਿੱਚ ਇੱਕ ਵਾਰ ਉਨ੍ਹਾਂ ਦਾ ਪਾਣੀ ਜ਼ਰੂਰ ਬਦਲਿਆ ਜਾਵੇ ਲੋਕ ਸੁਚੇਤ ਰਹਿਣ ਅਤੇ ਸਾਵਧਾਨੀ ਵਰਤਣ, ਤਾ ਕਿਸੇ ਵੀ ਬਿਮਾਰੀ ਤੋਂ ਬਚਿਆ ਜਾ ਸਕਦਾ ਹੈਂ। ਡ੍ਰਾਈ ਡੇ,ਫ੍ਰਾਈਡੇ ਦਾ ਮਤਲਬ ਸਮਝੋ, ਇਸ ਨੂੰ ਆਦਤ ਬਣਾਓ ਇਸ ਗੱਲ ਦਾ ਪ੍ਰਗਟਾਵਾ ਬਲਿਹਾਰ ਚੰਦ ਨੇ ਡ੍ਰਾਈ ਡੇ, ਫ੍ਰਾਈਡੇ ਡੇ ਦੀ ਮੱਹਤਤਾ ਬਾਰੇ ਦੱਸਦੇ ਹੋਏ ਕਿਹਾ ਕਿ ਵਿਭਾਗ ਨੇ ਹਫਤੇ ਵਿੱਚ ਇੱਕ ਵਾਰ ਹਰ ਸ਼ੁਕਰਵਾਰ ਦਾ ਦਿਨ ਨਿਰਧਾਰਿਤ ਕੀਤਾ ਹੈ ਤਾ ਜੋ ਕਿ ਕੂਲਰਾਂ ਆਦਿ ਦਾ ਪਾਣੀ ਹਫਤੇ ਵਿੱਚ ਇੱਕ ਵਾਰ ਬਦਲਣ ਦੇ ਨਾਲ ਡੈਂਗੂ ਮੱਛਰ ਦਾ ਲਾਰਵਾ ਉਸ ਵਿੱਚ ਨਹੀ ਪਨਪਦਾ। ਉਨ੍ਹਾਂ ਕਿਹਾ ਕਿ ਸਫ਼ਾਈ ਕਰਦੇ ਸਮੇਂ ਇਸ ਗੱਲ ਦਾ ਵੀ ਧਿਆਨ ਰੱਖਣ ਦੀ ਜ਼ਰੂਰਤ ਹੈ ਕਿ ਹਰੇਕ ਚੀਜ਼, ਜਿਸ ਵਿੱਚ ਪਾਣੀ ਭਰਿਆ ਹੈ, ਉਸ ਨੂੰ ਪੂਰੀ ਤਰ੍ਹਾਂ ਸੁਕਾਇਆ ਜਾਵੇ, ਜੇ ਇਸ ਵਿੱਚ ਥੋੜਾ ਜਿਹਾ ਪਾਣੀ ਵੀ ਬੱਚ ਜਾਦਾ ਹੈ ਤਾ ਲਾਰਵਾ ਉਸ ਵਿੱਚ ਜਿੰਦਾ ਰਹਿੰਦਾ ਹੈ ਜਿਸ ਨਾਲ ਡੈਂਗੂ ਮੱਛਰ ਪੈਦਾ ਹੁੰਦਾ ਹੈ ਅਤੇ ਇਸ ਨਾਲ ਸਾਡੀ ਪੂਰੀ ਮਿਹਨਤ ਬੇਕਾਰ ਹੋ ਜਾਵੇਗੀ। ਇਸ ਮੌਕੇ ਵਿਸ਼ਕਮਲਪ੍ਰੀਤ ਸਿੰਘ, ਲੱਖਵੀਰ ਸਿੰਘ ਐਮ ਪੀ ਐਚ ਡਬਲਯੂ ਵਲੋਂ ਜਿੱਥੇ ਖੜ੍ਹੇ ਪਾਣੀ ਅਤੇ ਘਾਹ ਬੂਟੀ ਤੇ ਸਪਰੇਅ ਕਰਵਾਇਆ ਗਿਆ। ਉੱਥੇ ਹੀ ਐਂਟੀ ਲਾਰਵਾ ਟੀਮ ਸਾਇਮਨ , ਵਿਸ਼ਾਲ , ਸ਼ਿਵਮ , ਗੁਰਜੀਤ ਸਿੰਘ , ਅਰੁਣ ਧੋਦਰ ਵਲੋਂ ਘਰ ਘਰ ਪੰਫਲੈਟ ਵੀ ਵੰਡੇ ਗਏ।








## ਲੰਡਨ/ ਗਲਾਸਗੋ ਖਬਰਨਾਮਾ (ਮਨਦੀਪ ਖੁਰਮੀ ਹਿੰਮਤਪੁਰਾ)

# ਐਸੋਸੀਏਸ਼ਨ ਆਫ ਇੰਡੀਅਨ ਆਰਗੇਨਾਈਜੇਸ਼ਨਜ਼ ਵੱਲੋਂ ਇੰਡੀਆ ਡੇਅ ਮਨਾਇਆ ਗਿਆ

**ਗਲਾਸਗੋ–** ਐਸੋਸੀਏਸ਼ਨ ਆਫ ਇੰਡੀਅਨ ਆਰਗੇਨਾਈ-ਜੇਸ਼ਨਜ਼ (ਏ ਆਈ ਓ) ਵੱਲੋਂ ਗਲਾਸਗੋ ਵਿਖੇ ਭਾਰਤ ਦੇ ਆਜ਼ਾਦੀ ਦਿਹਾੜੇ ਦੇ ਸਬੰਧ ਵਿੱਚ ਇੰਡੀਆ ਡੇਅ ਮਨਾਇਆ ਗਿਆ। ਸਮਾਗਮ ਦੌਰਾਨ ਕੌਂਸਲ ਜਨਰਲ ਆਫ ਇੰਡੀਆ ਐਡਿਨਬਰਾ ਸ਼੍ਰੀ ਬਿਜੇ ਸੇਲਵਰਾਜ ਅਤੇ ਹੈੱਡ ਆਫ ਚਾਂਸਰੀ ਸੱਤਿਆਵੀਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਦੀ ਸ਼ੁਰੂਆਤ ਅੰਕਨਾ ਅਰੋਕੀਅਮ, ਮਰਿਦੁਲਾ ਚੱਕਰ-ਬਰਤੀ, ਸੋਹਨ ਸਿੰਘ ਰੰਧਾਵਾ, ਮੋਇਨਾ ਸੇਠੀ ਵੱਲੋਂ ਭਾਰਤੀ ਰਾਸ਼ਟਰੀ ਗਾਨ ਗਾ ਕੇ ਕੀਤੀ ਗਈ। ਮਰਿਦੁਲਾ ਚੱਕਰਬਰਤੀ ਵੱਲੋਂ ਸ਼ੁਰੂਆਤੀ ਸੰਬੋਧਨ ਮੌਕੇ ਹਾਜ਼ਰੀਨ ਨੂੰ ਜੀ ਆਇਆਂ ਆਖਿਆ ਗਿਆ। ਸ੍ਰੀ ਵਿਜੇ ਸੇਲਵਰਾਜ ਅਤੇ ਸੱਤਿਆਵੀਰ ਸਿੰਘ ਵੱਲੋਂ ਇੰਡੀਆ ਡੇਅ ਸਮਾਗਮ ਦੀ ਹਾਰਦਿਕ ਵਧਾਈ ਪੇਸ਼ ਕੀਤੀ ਗਈ। ਇਸ ਸਮੇਂ ਹੋਏ ਰੰਗਾਰੰਗ ਪ੍ਰੋਗਰਾਮ ਦੌਰਾਨ ਕਰਿਸ਼ਾ ਸੇਠੀ ਵੱਲੋਂ ਨ੍ਰਿਤ ਦੀ ਪੇਸ਼ਕਾਰੀ ਕੀਤੀ ਗਈ। ਸਕਾਟਲੈਂਡ ਦੇ ਆਪਣੇ ਸੁਰੀਲੇ ਗਾਇਕ ਸੰਤੋਖ ਸੋਹਲ ਤੇ ਤਰੇਸ਼ ਨਾਹਰ ਨੇ ਇੱਕ ਤੋਂ ਬਾਅਦ ਇੱਕ ਗੀਤ ਗਾ ਕੇ ਹਾਜ਼ਰੀਨ ਨੂੰ ਝੂਮਣ ਲਈ ਮਜਬੂਰ ਕਰ ਦਿੱਤਾ। ਇਸ ਸਮੇਂ ਬੈਂਕ ਆਫ ਇੰਡੀਆ ਦੇ ਮੈਨੇਜਰ ਅਰੁਣ ਬਾਬੂ ਦਾ ਏ.ਆਈ.ਓ. ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਏ.ਆਈ.ਓ. ਦੇ ਪ੍ਰਧਾਨ ਅੰਮ੍ਰਿਤਪਾਲ ਕੌਸ਼ਲ ਐੱਮ ਬੀ ਈ ਤੇ ਸੋਹਣ ਸਿੰਘ ਵੱਲੋਂ ਸਮਾਗਮ ਵਿਚ ਸ਼ਮੂਲੀਅਤ ਕਰਨ ਵਾਲੀਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ ਗਿਆ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸਾਬਕਾ ਕੌਂਸਲਰ ਬੌਬ ਚੱਢਾ, ਅੰਬੇਦਕਰ ਸੁਸਾਇਟੀ ਵੱਲੋਂ ਐਸ ਆਰ ਬਾਘਾ, ਗਲਾਸਗੋ ਯੂਨੀਵਰਸਿਟੀ ਦੇ ਡਾਇਰੈਕਟਰ ਆਫ ਸਟੱਡੀਜ਼ ਰੌਬਰਟ ਪਾਰਟਰਿਜ਼, ਰਣਜੀਤ ਸਿੰਘ ਸੰਘਾ, ਕਮਲਜੀਤ ਸਿੰਘ ਭੁੱਲਰ, ਜਗਮੀਤ ਸਿੰਘ ਪੁਰਬਾ, ਹਰਜਿੰਦਰ ਬਰਮਨ, ਨੀਲਮ ਖੁਰਮੀ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।






ਇਹਨਾਂ ਸਮੇਤ ਭਾਰੀ ਗਿਣਤੀ ਵਿੱਚ ਭਾਰਤੀ ਮੂਲ ਦੇ ਵਿਦਿਆਰਥੀ ਵੀ ਹਾਜ਼ਰ ਸਨ।

# ਯੂਕੇ ਦੇ ਹਜਾਰਾਂ ਬੰਦੂਕ ਮਾਲਕਾਂ ਦੀ ਜਾਣਕਾਰੀ ਹੋਈ ਇੰਟਰਨੈੱਟ 'ਤੇ ਲੀਕ

**ਗਲਾਸਗੋ/ ਲੰਡਨ–** ਯੂਕੇ ਵਿੱਚ ਹਜਾਰਾਂ ਬੰਦੂਕ ਰੱਖਣ ਵਾਲੇ ਲੋਕਾਂ ਦੀ ਜਾਣਕਾਰੀ ਦੇ ਇੰਟਰਨੈੱਟ 'ਤੇ ਲੀਕ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਜਿਸ ਵਿੱਚ ਉਹਨਾਂ ਦਾ ਨਾਮ ਅਤੇ ਪਤੇ ਸ਼ਾਮਲ ਹਨ। ਇਸ ਸਬੰਧੀ ਜਾਣਕਾਰੀ ਅਨੁਸਾਰ ਯੂਕੇ ਦੇ 110,000 ਤੋਂ ਵੱਧ ਬੰਦੂਕ ਮਾਲਕਾਂ ਦੇ ਨਾਮ ਅਤੇ ਘਰ ਦੇ ਪਤੇ ਆਨਲਾਈਨ ਲੀਕ ਹੋ ਗਏ ਹਨ, ਜਿਸ ਨਾਲ ਇਹਨਾਂ ਲੋਕਾਂ ਦੀ ਸੁਰੱਖਿਆ ਨੂੰ ਲੈ ਕੇ ਡਰ ਪੈਦਾ ਹੋਇਆ ਹੈ। ਯੂਕੇ ਦੀ ਨੈਸ਼ਨਲ ਕਰਾਈਮ ਰਾਸ਼ਟਰੀ ਏਜੰਸੀ (ਐਨ ਸੀ ਏ) ਅਤੇ ਹੋਰ ਮਾਹਰ ਪੁਲਿਸ ਅਧਿਕਾਰੀ ਗੰਨਟਰੇਡਰ ਵੈਬਸਾਈਟ ਦੇ ਡੇਟਾਬੇਸ ਵਿੱਚੋਂ ਚੋਰੀ ਹੋਈ ਬੰਦੂਕ ਧਾਰਕਾਂ ਦੀ ਜਾਣਕਾਰੀ ਬਾਰੇ ਜਾਂਚ ਕਰ ਰਹੇ ਹਨ। ਇਸ ਹਫਤੇ ਸਾਹਮਣੇ ਆਈ ਰਿਪੋਰਟ ਅਨੁਸਾਰ ਗੰਨ-ਟਰੇਡਰ ਵੈੱਬਸਾਈਟ ਤੋਂ ਡਾਟੇ ਨੂੰ ਚੋਰੀ ਕਰਕੇ ਇੱਕ ਪਸ਼ੂ ਅਧਿਕਾਰ ਕਾਰਕੁੰਨ ਦੇ ਬਲੌਗ ਰਾਹੀਂ ਆਨਲਾਈਨ ਲੀਕ ਕੀਤਾ ਗਿਆ ਹੈ। ਇੱਥੇ ਇਹ ਵੀ ਖਦਸ਼ਾ ਪ੍ਰਗਟਾਇਆ ਗਿਆ ਹੈ ਕਿ ਬੰਦੂਕ ਧਾਰਕਾਂ ਦੇ ਪਤੇ ਦੀ ਜਾਣਕਾਰੀ ਗੂਗਲ ਅਰਥ ਰਾਹੀਂ ਪਹੁੰਚਯੋਗ ਹੈ। ਜਿਸ ਕਰਕੇ ਪਸ਼ੂ ਅਧਿਕਾਰਾਂ ਦੇ




ਕਾਰਕੁੰਨਾਂ ਤੋਂ ਇਲਾਵਾ, ਕੁੱਝ ਬੰਦੂਕ ਮਾਲਕਾਂ ਨੇ ਡਰ ਜਤਾਇਆ ਹੈ ਕਿ ਉਹਨਾਂ ਨੂੰ ਅਪਰਾਧੀਆਂ ਦੁਆਰਾ ਨਿਸ਼ਾਨਾ ਬਣਾਇਆ ਜਾ ਸਕਦਾ ਹੈ।

ਇਹ ਮੰਨਿਆ ਜਾਂਦਾ ਹੈ ਕਿ ਗੂਗਲ ਨੇ ਗੂਗਲ ਡਰਾਈਵ ਤੋਂ ਕਾਰਕੁੰਨ ਦੇ ਬਲੌਗ ਨਾਲ ਜੁੜੀ ਫਾਈਲ ਨੂੰ ਹਟਾ ਦਿੱਤਾ ਹੈ। ਹਾਲਾਂਕਿ ਡੇਟਾ ਨੂੰ ਸ਼ੁਰੂਆਤੀ ਤੌਰ 'ਤੇ ਡਾਰਕ ਵੈਬ 'ਤੇ ਵੀ ਪ੍ਰਕਾਸ਼ਿਤ ਕੀਤੇ ਜਾਣ ਦੀ ਰਿਪੋਰਟ ਕੀਤੀ ਗਈ ਹੈ। ਜਿਕਰਯੋਗ ਹੈ ਕਿ ਗੰਨਟਰੇਡਰ ਦੁਆਰਾ ਨਵੀਆਂ ਅਤੇ ਵਰਤੀਆਂ ਗਈਆਂ ਸ਼ਾਟਗਨ, ਰਾਈਫਲਾਂ ਅਤੇ ਸ਼ੂਟਿੰਗ ਉਪਕਰਣਾਂ ਨੂੰ ਖਰੀਦਣ ਜਾਂ ਵੇਚਣ ਲਈ ਯੂਕੇ ਦੀ ਪ੍ਰਮੁੱਖ ਕੰਪਨੀ ਵਜੋਂ ਇਸ਼ਤਿਹਾਰ ਦਿੱਤਾ ਜਾਂਦਾ ਹੈ।

# ਪ੍ਰਮੁੱਖ ਬਰਾਡਾਂ ਦੇ ਨਾਮ ਹੇਠ ਵੇਚਿਆ ਜਾ ਰਿਹਾ ਲੱਖਾਂ ਪੌਂਡ ਦਾ ਨਕਲੀ ਸਮਾਨ ਕੀਤਾ ਜ਼ਬਤ

**ਗਲਾਸਗੋ/ ਸਮੈਦਿਕ –** ਯੂਕੇ ਦੇ ਸ਼ਹਿਰ ਸਮੈਦਿਕ ਦੀ ਇੱਕ ਦੁਕਾਨ ਵਿੱਚੋਂ ਵੱਖ ਵੱਖ ਪ੍ਰਮੁੱਖ ਬਰਾਡਾਂ ਦੇ ਨਾਮ ਦੀ ਆੜ ਹੇਠ ਵੇਚਿਆ ਜਾ ਰਿਹਾ ਤਕਰੀਬਨ 1 ਮਿਲੀਅਨ ਪੌਂਡ ਦਾ ਨਕਲੀ ਸਮਾਨ ਜ਼ਬਤ ਕੀਤਾ ਗਿਆ ਹੈ। ਪ੍ਰਸਿੱਧ ਬਰਾਂਡ ਜਿਵੇ ਕਿ ਗੁਚੀ, ਲੂਇਸ ਵਿਟਨ ਅਤੇ ਬੀ ਐਮ ਡਬਲਯੂ ਆਦਿ ਦੇ ਨਾਮ ਵਾਲਾ ਸਮਾਨ ਸੈਂਡਵੈਲ ਟਰੇਡਿੰਗ ਸਟੈਂਡਰਡਜ਼ ਨੇ ਵੈਸਟ ਮਿਡਲੈਂਡਸ ਪੁਲਿਸ ਨਾਲ ਮਿਲ ਕੇ ਕੀਤੀ ਛਾਪੇਮਾਰੀ ਦੌਰਾਨ ਬਰਾਮਦ ਕੀਤਾ। ਇਸ ਛਾਪੇਮਾਰੀ ਦੌਰਾਨ ਸਮੈਦਿਕ ਦੀ ਦੁਕਾਨ ਤੋਂ ਨਕਲੀ ਡਿਜ਼ਾਈਨਰ ਸਮਾਨ ਦੀ ਇੱਕ ਵੱਡੀ ਖੇਪ ਜ਼ਬਤ ਕੀਤੀ ਗਈ। ਪੁਲਿਸ ਅਨੁਸਾਰ ਵੱਖ ਵੱਖ ਸਮਾਨ ਦੇ ਕੁੱਲ ਮਿਲਾ ਕੇ 49 ਤੋਂ ਜਿਆਦਾ ਬੈਗ ਜ਼ਬਤ ਕੀਤੇ ਗਏ ਅਤੇ ਇਸ ਸਮਾਨ ਵਿੱਚ ਤੰਬਾਕੂ, ਕੱਪੜੇ, ਕਈ ਤਰਾਂ ਦੇ ਉਪਕਰਣ ਅਤੇ ਹੋਰ ਘਰੇਲੂ ਸਾਮਾਨ ਸ਼ਾਮਲ ਸੀ। ਦੁਕਾਨ ਵੱਲੋਂ ਇਹਨਾਂ ਚੀਜ਼ਾਂ ਦਾ ਉੱਚ-ਦਰਜੇ ਦੇ ਬਰਾਂਡਾਂ ਤੋਂ ਹੋਣ ਦਾ ਦਾਅਵਾ ਕੀਤਾ ਜਾਂਦਾ ਸੀ। ਪੁਲਿਸ ਅਨੁਸਾਰ ਬਰਾਮਦ ਕੀਤੇ ਸਮਾਨ ਦੀ ਅੰਦਾਜ਼ਨ ਕੀਮਤ 1 ਮਿਲੀਅਨ ਪੌਂਡ ਤੋਂ ਵੱਧ ਹੈ। ਜ਼ਬਤ ਕੀਤਾ ਸਮਾਨ ਇੰਨੀ ਵੱਡੀ ਮਾਤਰਾ ਵਿੱਚ ਸੀ ਕਿ ਇਸਦੀ ਢੋਆ ਢੁਆਈ ਲਈ ਤਿੰਨ ਪੁਲਿਸ ਕੇਜ ਵੈਨਾਂ ਅਤੇ ਇੱਕ ਕਾਰ ਦੀ ਜ਼ਰੂਰਤ ਪਈ।




# ਲੰਡਨ ਵਿੱਚ ਮਹਾਂਮਾਰੀ ਦੌਰਾਨ 10 ਲੱਖ ਤੋਂ ਵੱਧ ਲੋਕਾਂ ਨੂੰ ਹੋਇਆ ਕੋਵਿਡ

**ਗਲਾਸਗੋ/ ਲੰਡਨ–** ਬਰਤਾਨਵੀ ਰਾਜਧਾਨੀ ਲੰਡਨ ਵਿੱਚ ਕੋਰੋਨਾ ਮਹਾਂਮਾਰੀ ਦੀ ਸ਼ੁਰੂਆਤ ਤੋਂ ਲੈ ਕੈ ਲੱਖਾਂ ਲੋਕ ਵਾਇਰਸ ਦੀ ਲਾਗ ਦਾ ਸ਼ਿਕਾਰ ਹੋਏ ਹਨ। ਇਸ ਸਬੰਧ ਵਿੱਚ ਜਾਰੀ ਹੋਏ ਅਧਿਕਾਰਤ ਅੰਕੜਿਆਂ ਅਨੁਸਾਰ ਮਹਾਂਮਾਰੀ ਦੀ ਸ਼ੁਰੂਆਤ ਤੋਂ ਬਾਅਦ ਰਾਜਧਾਨੀ ਲੰਡਨ ਵਿੱਚ 1 ਮਿਲੀਅਨ ਤੋਂ ਵੱਧ ਕੋਵਿਡ ਮਾਮਲਿਆਂ ਦੀ ਪੁਸ਼ਟੀ ਹੋ ਚੁੱਕੀ ਹੈ। ਸਰਕਾਰੀ ਅੰਕੜਿਆਂ ਦੇ ਅਨੁਸਾਰ ਪਿਛਲੇ ਸਾਲ 11 ਫਰਵਰੀ ਤੋਂ ਲੰਡਨ ਵਿੱਚ ਤਕਰੀਬਨ 1,000,791 ਵਾਇਰਸ ਦੇ ਪੁਸ਼ਟੀ ਕੀਤੇ ਮਾਮਲੇ ਦਰਜ ਹੋਏ ਹਨ। ਲੰਡਨ ਵਾਇਰਸ ਦੇ ਮਾਮਲਿਆਂ ਵਿੱਚ ਹੋਰ ਖੇਤਰਾਂ ਨਾਲੋਂ ਸੂਚੀ ਵਿੱਚ ਸਭ ਤੋਂ ਉੱਪਰ ਹੈ, ਜਦਕਿ ਉੱਤਰ ਪੱਛਮ ਵਿੱਚ 948,782 ਕੇਸ ਹਨ ਅਤੇ ਦੱਖਣ ਪੂਰਬ ਵਿੱਚ 813,679 ਮਾਮਲੇ ਦਰਜ ਹੋਏ ਹਨ। ਇਸਦੇ ਇਲਾਵਾ ਲੰਡਨ ਵਿੱਚ 67% ਬਾਲਗ ਆਬਾਦੀ ਦਾ ਕੋਰੋਨਾ ਟੀਕਾਕਰਨ ਹੋਇਆ ਹੈ। ਵੈਕਸੀਨ ਮੁਹਿੰਮ ਦੇ ਚਲਦਿਆਂ 5,713,807 ਨੂੰ ਪਹਿਲੀ ਅਤੇ 5,038,932 ਨੂੰ ਦੂਜੀ ਖੁਰਾਕ ਦਿੱਤੀ ਗਈ ਹੈ। ਵੈਕਸੀਨ ਅੰਕੜਿਆਂ ਅਨੁਸਾਰ 1 ਸਤੰਬਰ ਤੱਕ ਯੂਕੇ ਵਿੱਚ ਕੁੱਲ 48,131,996 ਲੋਕਾਂ ਨੂੰ ਟੀਕੇ ਦੀ ਪਹਿਲੀ ਅਤੇ ਤਕਰੀਬਨ 43,023,372 ਨੂੰ ਦੂਜੀ ਖੁਰਾਕ ਦਿੱਤੀ ਗਈ ਹੈ।

# ਰਾਇਲ ਸਕਾਟਿਸ਼ ਡਰੈਗਨ ਗਾਰਡਜ਼ ਨੇ 50 ਵੀਂ ਵਰ੍ਹੇਗੰਢ ਮਨਾਉਣ ਲਈ ਕੱਢਿਆ ਮਾਰਚ

**ਗਲਾਸਗੋ/ ਐਡਿਨਬਰਾ–** ਸਕਾਟਲੈਂਡ ਦੇ ਰਾਇਲ ਸਕਾਟਿਸ਼ ਡ੍ਰੈਗਨ ਗਾਰਡਜ਼ ਨੇ ਆਪਣੀ 50 ਵੀਂ ਵਰ੍ਹੇਗੰਢ ਮਨਾਉਣ ਲਈ ਸ਼ੁੱਕਰਵਾਰ ਨੂੰ ਐਡਿਨਬਰਾ ਵਿੱਚ ਰਾਇਲ ਮੀਲ ਵੱਲ ਮਾਰਚ ਕੀਤਾ। ਇਹ ਰੈਜੀਮੈਂਟ ਐਡਿਨਬਰਾ 'ਚ ਮਾਰਚ ਕਰਨ ਲਈ ਆਪਣੇ ਵਿਸ਼ਵ-ਪ੍ਰਸਿੱਧ ਸੰਗੀਤਕ ਉਪਕਰਣਾਂ ਜਿਵੇਂ ਕਿ ਪਾਈਪਾਂ ਅਤੇ ਢੋਲਾਂ ਨਾਲ ਪੂਰੀ ਵਰਦੀ ਵਿੱਚ ਸੀ। ਰਾਇਲ ਸਕਾਟਿਸ਼ ਡ੍ਰੈਗਨ ਗਾਰਡਜ਼ ਸਕਾਟਲੈਂਡ ਦੀ ਸੀਨੀਅਰ ਤੇ ਘੋੜਸਵਾਰ ਰੈਜੀਮੈਂਟ ਹੈ ਅਤੇ 2 ਜੁਲਾਈ 1971 ਨੂੰ ਐਡਿਨਬਰਾ ਦੇ ਹੋਲੀਰੂਡ ਪਾਰਕ ਵਿੱਚ ਅਧਿਕਾਰਿਤ ਕੀਤੀ ਸੀ। ਪਰ ਇਸਦੀ ਵਿਰਾਸਤ 1678 ਦੀ ਹੈ, ਜਦੋਂ ਜਨਰਲ ਥੌਮਸ 'ਬਲਿਉਡੀ ਟੈਮ ਡੈਲੀਅਲ' ਦੁਆਰਾ ਹਾਊਸ ਆਫ ਦ ਬਿਨਸ, ਲਿਨਲਿਥਗੋ ਵਿਖੇ ਡ੍ਰੈਗਨਸ ਦੀਆਂ ਤਿੰਨ ਸੁਤੰਤਰ ਫੌਜਾਂ ਖੜ੍ਹੀਆਂ ਕੀਤੀਆਂ ਗਈਆਂ ਸਨ। ਪਿਛਲੇ 50 ਸਾਲਾਂ ਦੇ ਦੌਰਾਨ, ਇਸ ਰੈਜੀਮੈਂਟ ਨੂੰ ਕਈ ਅਪ੍ਰੇਸ਼ਨਾਂ ਲਈ



ਤਾਇਨਾਤ ਕੀਤਾ ਗਿਆ ਹੈ, ਜਿਹਨਾਂ ਵਿੱਚ ਉੱਤਰੀ ਆਇਰਲੈਂਡ ਦੇ ਚਾਰ ਦੌਰੇ, 1991 ਵਿੱਚ ਖਾੜੀ ਯੁੱਧ, ਬੋਸਨੀਆ ਅਤੇ ਕੋਸੋਵੋ ਵਿੱਚ ਨਾਟੋ ਮਿਸ਼ਨ ਅਤੇ ਇਰਾਕ ਤੇ ਅਫਗਾਨਿਸਤਾਨ ਦੀ ਮੁਹਿੰਮ ਵੀ ਸ਼ਾਮਲ ਹੈ। ਸਕਾਟਿਸ਼ ਗਾਰਡਜ਼ ਦਾ ਬੇਸ ਹੁਣ ਲਿਉਚਾਰਸ, ਫਾਈਫ ਵਿੱਚ ਹੈ ਅਤੇ ਰੈਜੀਮੈਂਟ ਕੋਲ ਜੈਕਲ ਅਤੇ ਕੋਯੋਟ ਵਰਗੇ ਵਾਹਨ ਵੀ ਹਨ। 2019-20 ਵਿੱਚ, ਓਪਰੇਸ਼ਨ ਰੇਸਕ੍ਰਿਪਟ ਦੇ ਦੌਰਾਨ, ਰੈਜੀਮੈਂਟ ਨੇ ਇਸ ਸਾਲ ਫਰਵਰੀ ਤੱਕ ਮਹਾਂਮਾਰੀ ਦੀ ਸ਼ੁਰੂਆਤ ਤੋਂ ਕੋਵਿਡ -19 ਟੈਸਟਿੰਗ ਅਤੇ ਟੀਕਾਕਰਣ ਪ੍ਰੋਗਰਾਮਾਂ ਦੇ ਨਾਲ ਐੱਨ ਐੱਚ ਐੱਸ ਸਕਾਟਲੈਂਡ ਦੀ ਸਹਾਇਤਾ ਵੀ ਕੀਤੀ ਹੈ। ਇਹ ਰੈਜੀਮੈਂਟ ਹੁਣ ਰਾਸ਼ਟਰ ਦਾ ਸਮਰਥਨ ਕਰਨ ਤੋਂ ਲੈ ਕੇ ਵੱਡੇ ਲੜਾਈ ਕਾਰਜਾਂ ਸਮੇਤ ਕਈ ਹੋਰ ਖੇਤਰਾਂ ਵਿੱਚ ਦੇਸ਼ ਦੀ ਸੇਵਾ ਕਰਨ ਲ ਏ ੀ

# ਏਸ਼ੀਅਨ ਮੂਲ ਦੇ ਘਰਾਂ 'ਚ ਹੋ ਰਹੀਆਂ ਹਨ ਚੋਰੀਆਂ

**ਗਲਾਸਗੋ–** ਸਕਾਟਲੈਂਡ ਵਿੱਚ ਚੋਰਾਂ ਵੱਲੋਂ ਏਸ਼ੀਅਨ ਮੂਲ ਦੇ ਘਰਾਂ ਨੂੰ ਨਿਸ਼ਾਨਾ ਬਣਾਉਂਦਿਆਂ ਸੋਨੇ ਦੇ ਗਹਿਣੇ ਅਤੇ ਹੋਰ ਕੀਮਤੀ ਸਮਾਨ ਚੋਰੀ ਕੀਤਾ ਜਾ ਰਿਹਾ ਹੈ। ਸਕਾਟਲੈਂਡ ਪੁਲਿਸ ਅਨੁਸਾਰ ਸਕਾਟਲੈਂਡ ਦੇ ਪੱਛਮ ਵਿੱਚ ਕਈ ਏਸ਼ੀਅਨ ਘਰਾਂ ਵਿੱਚੋਂ 200,000 ਪੌਂਡ ਦੇ ਕਰੀਬ ਮੁੱਲ ਦੇ ਸੋਨੇ ਦੇ ਗਹਿਣੇ ਅਤੇ ਘੜੀਆਂ ਚੋਰੀ ਹੋ ਗਈਆਂ ਹਨ।

ਇਸ ਸਬੰਧੀ ਪੁਲਿਸ 'ਓਪਰੇਸ਼ਨ ਸੂਟਕੇਸ' ਦੇ ਹਿੱਸੇ ਵਜੋਂ ਚੋਰੀ ਦੀ ਜਾਂਚ ਕਰ ਰਹੀ ਹੈ, ਜੋ ਕਿ ਏਸ਼ੀਆਈ ਘਰਾਂ ਦੀ ਵੱਡੀ ਗਿਣਤੀ ਵਿੱਚ ਤੋੜ ਭੰਨ ਅਤੇ ਕੀਮਤੀ ਸੋਨੇ ਦੇ ਗਹਿਣੇ ਅਤੇ ਹੋਰ ਮਹਿੰਗੀਆਂ ਵਸਤੂਆਂ ਦੇ ਚੋਰੀ ਹੋਣ ਦੀ ਜਵਾਬੀ ਕਾਰਵਾਈ ਵਿੱਚ ਸ਼ੁਰੂ ਕੀਤੀ ਗਈ ਹੈ। ਪੁਲਿਸ ਰਿਕ-ਾਰਡ ਦੇ ਅਨੁਸਾਰ ਸਕਾਟਲੈਂਡ ਦੇ ਬੀਥ, ਬਾਥਗੇਟ, ਸਟ੍ਰੈਨਰਰ, ਕੈਮਬਸਲਾਂਗ, ਪੇਜ਼ਲੀ, ਸਟੈਪਸ, ਈਸਟ ਕਿਲਬ੍ਰਾਈਡ ਅਤੇ ਗਲਾਸਗੋ ਆਦਿ ਖੇਤਰਾਂ ਵਿੱਚ 21 ਅਤੇ 31 ਅਗਸਤ ਦੇ ਵਿਚਕਾਰ 14 ਚੋਰੀਆਂ ਦੀ ਰਿਪੋਰਟ ਦਰਜ਼ ਕੀਤੀ ਗਈ ਹੈ। ਜਾਂਚ ਦੇ ਹਿੱਸੇ ਵਜੋਂ ਪੁਲਿਸ ਵੱਲੋਂ ਜ਼ੁੰਮੇਵਾਰ ਲੋਕਾਂ ਦੀ ਪਛਾਣ ਕਰਨ ਲਈ ਪੁੱਛਗਿੱਛ ਜਾਰੀ ਹੈ। ਸਕਾਟਲੈਂਡ ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕਰਨਾ ਉਹਨਾਂ ਦੀ ਪ੍ਰਮੁੱਖ ਤਰਜੀਹ ਹੈ। ਇਸਦੇ ਇਲਾਵਾ ਪੁਲਿਸ ਵੱਲੋਂ ਚੋਰੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਲੋਕਾਂ ਨੂੰ ਕੁੱਝ ਸਾਵਧਾਨੀਆਂ ਵਰਤਣ ਦੀ ਸਲਾਹ ਦਿੱਤੀ ਜਾਂਦੀ ਹੈ, ਜਿਨ੍ਹਾਂ ਵਿੱਚ ਮਹੱਤਵਪੂਰਣ ਕੀਮਤੀ ਵਸਤੂਆਂ ਨੂੰ ਸਾਂਭ ਕੇ ਰੱਖਣ, ਸੁਰ-ੱਖਿਆ ਅਲਾਰਮ ਅਤੇ ਮੋਸ਼ਨ-ਐਕਟੀਵੇਟਿਡ ਲਾਈਟਿੰਗ ਵਰਗੇ ਮਜ਼ਬੂਤ ਸੁਰੱਖਿਆ ਉਪਕਰਣ ਸ਼ਾਮਲ ਹਨ।

# ਇਸ ਹਫਤੇ 32,000 ਤੋਂ ਵੱਧ ਸਕੂਲੀ ਵਿਦਿਆਰਥੀ ਕੋਰੋਨਾ ਕਾਰਨ ਹੋਏ ਗੈਰਹਾਜ਼ਰ

**ਗਲਾਸਗੋ–** ਸਕਾਟਲੈਂਡ ਵਿੱਚ ਕੋਵਿਡ-19 ਕਾਰਨ ਇਸ ਹਫਤੇ 32,000 ਤੋਂ ਵੱਧ ਵਿਦਿਆਰਥੀ ਸਕੂਲ ਤੋਂ ਗੈਰਹਾਜ਼ਰ ਰਹੇ ਹਨ। ਇਸ ਸਬੰਧੀ ਮੰਗਲਵਾਰ ਦੇ ਸਭ ਤੋਂ ਨਵੇਂ ਅੰਕੜੇ ਦਰਸਾਉਂਦੇ ਹਨ ਕਿ ਤਕਰੀਬਨ 6,471 ਵਿਦਿਆਰਥੀ ਸਕੂਲੋਂ ਗੈਰਹਾਜ਼ਰ ਸਨ ਕਿਉਂਕਿ ਉਹ ਵਾਇਰਸ ਤੋਂ ਪ੍ਰਭਾਵਿਤ ਸਨ ਅਤੇ ਤਕਰੀਬਨ 25,622 ਇਕਾਂਤਵਾਸ ਸਨ। ਸਕਾਟਲੈਂਡ ਵਿੱਚ ਕੋਵਿਡ ਦੇ ਨਾਲ ਪ੍ਰਭ-ਾਵਿਤ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਾਫੀ ਵਾਧਾ ਹੋਇਆ ਹੈ। ਅੰਕੜਿਆਂ ਅਨੁਸਾਰ ਇਹ ਗਿਣਤੀ ਹਫ਼ਤੇ ਵਿੱਚ ਲਗਭਗ 3,500 ਵੱਧ ਗਈ ਹੈ, ਜਦੋਂ ਕਿ ਇਕਾਂਤਵਾਸ ਹੋਣ ਵਾਲਿਆਂ ਦੀ ਗਿਣਤੀ ਇੱਕ ਹਫ਼ਤੇ ਪਹਿਲਾਂ ਦੇ 12,636 ਤੋਂ ਤਕਰੀਬਨ ਦੁੱਗਣੀ ਹੋ ਗਈ ਹੈ। ਜਿਕਰਯੋਗ ਹੈ ਕਿ ਪਿਛਲੇ ਹਫਤੇ ਸਕਾਟਲੈਂਡ ਦੇ ਕੋਵਿਡ ਕੇਸਾਂ ਵਿੱਚ ਵੀ ਵਾਧਾ ਹੋਇਆ ਹੈ। ਸਰਕਾਰੀ ਅੰਕੜਿਆਂ ਅਨੁਸਾਰ ਵੀਰਵਾਰ ਨੂੰ 6,400 ਨਵੇਂ ਕੇਸ ਸਾਹਮਣੇ ਆਉਣ ਦੇ ਨਾਲ 17 ਹੋਰ ਮੌਤਾਂ ਵੀ ਦਰਜ ਹੋਈਆਂ ਹਨ।



# ਰੱਸੀ ਕੁੱਦਣ ਵਿਚ ਨਵਾਂ ਵਿਸ਼ਵ ਰਿਕਾਰਡ ਬਣਾਉਣ ਵਾਲੇ ਪੰਜਾਬੀ ਗੱਭਰੂ ਰਣਜੀਤ ਔਜਲਾ ਦਾ ਦਿੱਲੀ 'ਚ ਪਰੋਮੀਨੈਂਟ ਪਰਸਨੈਲਿਟੀ ਅਵਾਰਡ ਨਾਲ ਸਨਮਾਨ




*01 ਮਿੰਟ 'ਚ 290 ਵਾਰ ਰੱਸੀ ਕੁੱਦ ਕੇ ਨਵਾਂ ਵਿਸ਼ਵ ਰਿਕਾਰਡ ਬਣਾਉਣ ਉਪਰੰਤ ਨੌਜਵਾਨ ਰਣਜੀਤ ਔਜਲਾ "ਵਰਲਡ ਬੁੱਕ ਆਫ ਰਿਕਾਰਡ" (ਲੰਡਨ) ਤੋਂ ਮਿਲੇ ਸਰਟੀਫੀਕੇਟ ਨਾਲ।*



ਰੱਸੀ ਕੁੱਦਣ ਵਿਚ ਨਵਾਂ ਵਿਸ਼ਵ ਰਿਕਾਰਡ ਬਣਾਉਣ ਵਾਲੇ ਰਣਜੀਤ ਔਜਲਾ ਨੂੰ ਤਾਜ ਹੋਟਲ ਦਿੱਲੀ ਵਿਖੇ ਪ੍ਰਸਿੱਧ ਬਾਲੀਵੁੱਡ ਐਕਟਰਸ ਨਿਮਰਤ ਕੌਰ ਆਹਲੂਵਾਲੀਆ ਨੇ ਆਪਣੇ ਕਰ ਕਮਲਾਂ ਨਾਲ ਯਾਦ ਚਿੰਨ੍ਹ ਅਤੇ ਸਰਟੀਫੀਕੇਟ ਭੇਟ ਕਰਕੇ ਪਰੋਮੀਨੈਂਟ ਪਰਸਨੈਲਿਟੀ ਅਵਾਰਡ ਨਾਲ ਸਨਮਾਨਿਤ ਕਰਦੇ ਹੋਏ।



*ਭਾਰਤੀ ਕੁਸ਼ਤੀ ਟੀਮ ਦੇ ਚੀਫ ਕੋਚ ਪੀ.ਆਰ.ਸੌਂਧੀ ਫਗਵਾੜਾ ਵਿਖੇ ਰੱਸੀ ਕੁੱਦਣ ਵਿਚ ਨਵਾਂ ਵਿਸ਼ਵ ਰਿਕਾਰਡ ਬਣਾਉਣ ਵਾਲੇ ਰਣਜੀਤ ਔਜਲਾ ਦਾ ਸਨਮਾਨ ਕਰਦੇ ਹੋਏ*

**ਬੰਗਾ/ ਦਿੱਲੀ– 8 ਸਤੰਬਰ (ਸੰਤੋਖ ਸਿੰਘ ਜੱਸੀ)–** ਰੱਸੀ ਕੁੱਦਣ ਵਿਚ ਨਵਾਂ ਵਿਸ਼ਵ ਰਿਕਾਰਡ ਬਣਾਕੇ ਵਿਸ਼ਵ ਭਰ ਵਿਚ ਵਿਲੱਖਣ ਅਤੇ ਨਿਵੇਕਲੀ ਪ੍ਰਤਿਭਾ ਵਾਲੀਆਂ ਸ਼ਖਸ਼ੀਅਤਾਂ ਦੇ ਰਿਕਾਰਡ ਦਰਜ ਕਰਨ ਵਾਲੀ ਪੁਸਤਕ "ਵਰਲਡ ਬੁੱਕ ਆਫ ਰਿਕਾਰਡ" (ਲੰਡਨ) 'ਚ ਸੁਨਿਹਰੇ ਅੱਖਰਾਂ ਵਿਚ ਨਾਮ ਦਰਜ ਕਰਵਾਉਣ ਵਾਲੇ ਪੰਜਾਬੀ ਗੱਭਰੂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਤਹਿਸੀਲ ਬੰਗਾ ਸ਼ਹਿਰ ਦੇ ਵਾਸੀ ਨੌਜਵਾਨ ਰਣਜੀਤ ਦਾਦਰਾ ਉਰਫ ਰਣਜੀਤ ਔਜਲਾ ਨੂੰ ਦਿੱਲੀ 'ਚ ਪਰੋਮੀਨੈਂਟ ਪਰਸਨੈਲਿਟੀ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਦਿੱਲੀ ਦੇ ਪੰਜ ਤਾਰਾ ਤਾਜ ਹੋਟਲ ਵਿੱਚ ਹੋਏ ਵਿਸ਼ੇਸ਼ ਸਨਮਾਨ ਸਮਾਰੋਹ ਵਿਚ ਪ੍ਰਸਿੱਧ ਬਾਲੀਵੁੱਡ ਐਕਟਰਸ ਨਿਮਰਤ ਕੌਰ ਆਹਲੂਵਾਲੀਆ ਨੇ ਆਪਣੇ ਕਰ ਕਮਲਾਂ ਨਾਲ ਰਣਜੀਤ ਔਜਲਾ ਨੂੰ ਯਾਦ ਚਿੰਨ੍ਹ ਅਤੇ ਸਰਟੀਫੀਕੇਟ ਭੇਟ ਕਰਕੇ ਪਰੋਮੀਨੈਂਟ ਪਰਸਨੈਲਿਟੀ ਅਵਾਰਡ ਨਾਲ ਸਨਮਾਨਿਤ ਕੀਤਾ। ਵਰਨਣਯੋਗ ਹੈ ਕਿ 120 ਕਿਲੋਗ੍ਰਾਮ ਭਾਰ ਵਾਲੇ ਵਜ਼ਨੀ ਰਣਜੀਤ ਔਜਲਾ ਨੇ ਬੀਤੀ 2 ਸਤੰਬਰ 2021 ਨੂੰ ਇੱਕ ਮਿੰਟ ਵਿਚ 290 ਵਾਰ ਰੱਸੀ ਕੁੱਦ (ਸਕੀਪਿੰਗ) ਕੇ ਇਹ ਵਿਸ਼ੇਸ਼ ਪ੍ਰਾਪਤੀ ਕੀਤੀ ਹੈ। ਜਿਸ ਲਈ ਬੰਗਾ ਸ਼ਹਿਰ ਵਿਖੇ "ਵਰਲਡ ਬੁੱਕ ਆਫ ਰਿਕਾਰਡ" (ਲੰਡਨ) ਦੀ ਟੀਮ ਵਿਸ਼ੇਸ਼ ਤੌਰ ਤੇ ਇਸ ਟੈਸਟ ਲਈ ਪੁੱਜੀ ਸੀ। ਇਸ ਮੌਕੇ ਸੰਸਥਾ ਦੇ ਭਾਰਤੀ ਨੁਮਾਇੰਦੇ ਜਸਵੀਰ ਸਿੰਘ ਸ਼ਿੰਦਾ ਨੇ ਇੱਕ ਮਿੰਟ ਵਿਚ 290 ਵਾਰ ਰੱਸੀ ਕੁੱਦ ਦੇ ਨਵਾਂ ਵਿਸ਼ਵ ਰਿਕਾਰਡ ਬਣਾਉਣ ਉਪਰੰਤ ਸਰਟੀਫੀਕੇਟ ਅਤੇ ਲੋਈ ਭੇਟ ਕਰਕੇ ਰਣਜੀਤ ਔਜਲਾ ਨੂੰ ਸਨਮਾਨਿਤ ਕੀਤਾ। ਰਣਜੀਤ ਔਜਲਾ ਨੇ ਇਸ ਤੋਂ ਪਹਿਲਾਂ ਇਹ 31 ਸਾਲਾ ਨੌਜਵਾਨ ਭਾਰਤ, ਏਸ਼ੀਆ ਅਤੇ ਇੰਗਲੈਂਡ ਦਾ ਰੱਸੀ ਕੁੱਦਣ ਰਿਕਾਰਡ ਤੋੜ ਚੁੱਕਾ ਹੈ। ਸਾਲ 2019 ਵਿਚ ਬੇਲਾਰੂਸ ਦੇਸ਼ ਵਿਚ ਬਾਕਸਿੰਗ ਮੁਕਾਬਲੇ ਵਿਚੋਂ 160 ਕਿਲੋਗਰਾਮ ਭਾਰ ਵਰਗ ਵਿੱਚ ਤੁਰਕ-ਮੇਨਿਸਤਾਨ ਦੇ ਖਿਡਾਰੀ ਨੂੰ ਹਰਾ ਕੇ ਗੋਲਡ ਮੈਡਲ ਵੀ ਜਿੱਤ ਚੁੱਕਾ ਹੈ । ਰਣਜੀਤ ਔਜਲਾ ਨੇ ਬੇਲਾਰੂਸ ਰਹਿੰਦੇ ਹੋਏ ਰਸ਼ੀਅਨ ਭਾਸ਼ਾ ਸਿੱਖ ਕੇ ਭਾਰਤ ਅਤੇ ਰਸ਼ੀਅਨ ਅਰਥ ਵਿਵਸਥਾ ਵਿਚ ਮਾਸਟਰ ਡਿਗਰੀ ਕੀਤੀ ਹੋਈ ਹੈ ।

ਰਣਜੀਤ ਔਜਲਾ ਨੂੰ ਪਰੋਮੀਨੈਂਟ ਪਰਸਨੈਲਿਟੀ ਅਵਾਰਡ ਨਾਲ ਸਨਮਾਨਿਤ ਹੋਣ 'ਤੇ ਪਿਤਾ ਸੁਰਿੰਦਰਪਾਲ, ਮਾਤਾ ਰੇਸ਼ਮ ਕੌਰ, ਕੋਚ ਜਸਵੀਰ ਸਿੰਘ ਸ਼ੇਰਗਿੱਲ, ਇਕਬਾਲ ਸਿੰਘ ਕਾਹਮਾ, ਸੰਤੋਖ ਸਿੰਘ ਜੱਸੀ, ਗੁਰਨਾਮ ਸਿੰਘ ਅਮਰੀਕਾ, ਮੋਹਨ ਚੀਮਾ ਅਮਰੀਕਾ, ਯੂ.ਐਨ.ਉ ਤੋਂ ਸਨਮਾਨ ਪ੍ਰਾਪਤ ਪ੍ਰਸਿੱਧ ਲੇਖਕ ਮਹਿੰਦਰ ਸਿੰਘ ਦੁਸਾਂਝ, ਸਤਵੀਰ ਸਿੰਘ ਪੱਲੀ ਝਿੱਕੀ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ, ਡਾ ਸੁਖਵਿੰਦਰ ਕੁਮਾਰ ਸੁੱਖੀ ਐਮ ਐਲ ਏ ਬੰਗਾ, ਚੌਧਰੀ ਮੋਹਨ ਸਿੰਘ ਬੰਗਾ, ਸੋਹਨ ਲਾਲ ਲਾਲੀ ਨੇ ਭਾਰੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਰਣਜੀਤ ਦੇ ਸੁਨਿਹਰ ਭਵਿੱਖ ਦੀ ਕਾਮਨਾ ਕੀਤੀ ਹੈ ।

ਵਰਨਣਯੋਗ ਹੈ ਰਣਜੀਤ ਔਜਲਾ ਨੂੰ ਮਿਲਣ ਵਾਲਾ ਪਰੋਮੀਨੈਂਟ ਪਰਸਨੈਲਿਟੀ ਅਵਾਰਡ ਹਰ ਸਾਲ ਉਹਨਾਂ ਸੁਖਸ਼ੀਅਤਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਇੱਕ ਸਾਲ ਵਿੱਚ ਇੰਟਰਨੈਸ਼ਨਲ ਪੱਧਰ ਤੇ ਇੱਕ ਤੋਂ ਵੱਧ ਪ੍ਰਾਪਤੀਆਂ ਕੀਤੀਆਂ ਹੋਣ।

----

# ਐੱਸ.ਸੀ. ਬੱਚਿਆਂ ਦੀਆਂ ਡਿਗਰੀਆਂ ਜਾਰੀ ਕਰਾਉਣ ਲਈ ਵਫ਼ਦ ਦੀ ਸਰਕਾਰੀ ਕਾਲਜ ਦੇ ਪ੍ਰਿੰਸੀਪਲ ਨਾਲ ਮੀਟਿੰਗ

ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ. ਬੀ.ਸੀ. ਇੰਪਲਾਈਜ਼ ਵੈੱਲਫੇਅਰ ਫੈੱਡਰੇਸ਼ਨ ਪੰਜਾਬ ਦੀ ਜ਼ਿਲ੍ਹਾ ਇਕਾਈ ਹੁਸਿਆਰਪੁਰ ਵਲੋਂ ਇੱਕ ਵਫ਼ਦ ਡਾ. ਜਸਵੰਤ ਰਾਏ ਦੀ ਅਗਵਾਈ ਵਿੱਚ ਸਰਕਾਰੀ ਕਾਲਜ ਹੁਸ਼ਿਆਰਪੁਰ ਦੇ ਪ੍ਰਿੰਸੀਪਲ ਡਾ. ਜਸਵਿੰਦਰ ਸਿੰਘ ਨੂੰ ਮਿਲਿਆ ਜਿਸ ਵਿੱਚ ਫੈੱਡਰੇਸ਼ਨ ਦੇ ਸੂਬਾ ਵਾਇਸ ਚੇਅਰਮੈਨ ਸ੍ਰੀ ਬਲਰਾਜ ਕੁਮਾਰ ਜੀ ਉਚੇਚੇ ਤੌਰ ਤੇ ਪਧਾਰੇ। ਵਫ਼ਦ ਨੇ ਪ੍ਰਿੰਸੀਪਲ ਨਾਲ ਗੱਲਬਾਤ ਕਰਦਿਆਂ ਐੱਸ.ਸੀ. ਵਿਦਿਆਰਥੀਆਂ ਦੀਆਂ ਰੋਕੀਆਂ ਗਈਆਂ ਡਿਗਰੀਆਂ ਅਤੇ ਡੀ.ਐੱਮ.ਸੀ. ਬਾਰੇ ਜ਼ੋਰਦਾਰ ਢੰਗ ਨਾਲ ਮੁੱਦਾ ਉਠਾਉਂਦਿਆਂ ਕਿਹਾ ਕਿ ਇਸ ਨਾਲ ਵਿਦਿਆਰਥੀਆਂ ਅਤੇ ਸਮਾਜ ਵਿੱਚ ਬਹੁਤ ਰੋਸ ਤੇ ਅਸੰਤੋਸ਼ ਵਾਲਾ ਮਾਹੌਲ ਪੈਦਾ ਹੋ ਰਿਹਾ ਹੈ। ਵਿਦਿਆਰਥੀ ਕੀਤੀ ਹੋਈ ਮਿਹਨਤ ਬਦਲੇ ਕਾਲਜ ਦੇ ਦਰਾਂ ਦੀਆਂ ਠੋਕਰਾਂ ਖਾ ਰਹੇ ਹਨ। ਵਿਚਾਰ ਚਰਚਾ ਕਰਦਿਆਂ ਕਰਦਿਆਂ ਪਤਾ ਲੱਗਾ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਅਧੀਨ ਸਿਰਫ਼ 20-21 ਦੀ ਰਾਸ਼ੀ ਉਹ ਵੀ ਅੱਧੀ ਅਧੂਰੀ ਹੀ



ਵਿਦਿਆਰਥੀਆਂ ਦੇ ਖ਼ਾਤੇ ਵਿੱਚ ਆਈ ਹੈ। 2017 ਤੋਂ ਤਿੰਨ ਸਾਲ ਦੀ ਸਕਾਲਰਸ਼ਿਪ ਰਾਸ਼ੀ ਅਜੇ ਬਕਾਇਆ ਹੈ ਜਿਸ ਕਰਕੇ ਯੂਨੀਵਰਸਿਟੀ ਸਰਟੀਫਿਕੇਟ ਜਾਰੀ ਨਹੀਂ ਕਰ ਰਹੀ।

ਵਫ਼ਦ ਨੇ ਕਿਹਾ ਕਿ ਕਾਲਜ, ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਖ਼ਾਸ ਕਰਕੇ ਦਲਿਤ ਐੱਮ.ਐੱਲ.ਏ., ਐੱਮ.ਪੀ. ਅਤੇ ਮੰਤਰੀ ਇਸ ਮੁਦੇ ਤੇ ਕੁੰਭਕਰਨੀ ਨੀਂਦ ਸੁੱਤੇ ਪਏ ਹਨ। ਡਾ. ਬਾਬਾ ਸਾਹਿਬ ਦੀ ਬਦੌਲਤ ਜਿਸ ਸਮਾਜ ਦੀਆ ਵੋਟਾਂ ਲੈ ਕੇ ਇਹ ਸੱਤਾ ਵਿਚ ਆਏ ਹਨ ਅੱਜ ਉਸ ਸਮਾਜ ਦੇ ਪਾੜ੍ਹਿਆਂ ਨੂੰ ਡਿਗਰੀਆਂ ਲੈਣ ਲਈ ਦਰ-ਦਰ ਭਟਕਣ ਲਈ ਛੱਡ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਇਨ੍ਹਾਂ ਨੇ ਦਲਿਤ ਵਿਦਿਆਰਥੀਆਂ ਅਤੇ ਸਮਾਜ ਨਾਲ ਹੋ ਰਹੇ ਘੋਰ ਅਨਿਆਂ ਲਈ ਹਾਅ ਦਾ ਨਾਅਰਾ ਨਾ ਮਾਰਿਆ ਤਾਂ ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਨੂੰ ਆਪਣੇ ਪ੍ਰਚਾਰ ਪ੍ਰਸਾਰ ਲਈ ਪਿੰਡਾਂ ਕਸਬਿਆਂ ਵਿੱਚ ਭਾਰੀ ਰੋਹ ਦਾ ਸਾਹਮਣਾ ਕਰਨਾ ਪਵੇਗਾ। ਸਕਾਲਰਸਿਪ ਮੁੱਦੇ ਤੇ ਦਲਿਤ ਮੁਦਿਆਂ ਤੇ ਬਾਕੀ ਦੀਆਂ ਰਾਜਨੀਤਕ ਪਾਰਟੀਆਂ ਵੀ ਸਿਰਫ਼ ਝੂਠੇ ਹੰਝੂ ਕੇਰ ਰਹੀਆਂ ਹਨ ਹੱਕ 'ਚ ਨਿੱਤਰ ਕੇ ਸਾਹਮਣੇ ਨਹੀਂ ਆ ਰਹੀਆਂ। ਉਨ੍ਹਾਂ ਨੇ ਇਸ ਮੁਦੇ ਨੂੰ ਕਾਫ਼ੀ ਗੰਭੀਰਤਾ ਨਾਲ ਲੈਂਦਿਆਂ ਸੂਬਾ ਪੱਧਰ ਤੇ ਸੰਘਰਸ਼ ਵਿੱਢਣ ਦੀ ਚੇਤਾਵਨੀ ਦਿੱਤੀ। ਇਸ ਮੌਕੇ ਪ੍ਰਿੰਸੀਪਲ ਗੁਰਦਿਆਲ ਸਿੰਘ ਫੁੱਲ, ਯੋਧਾ ਮੱਲ, ਗੁਲਜਾਰੀ ਲਾਲ, ਜਸਵਿੰਦਰ ਸਿੰਘ, ਬਬੀਤਾ ਰਾਣੀ, ਭਰਾਤਰੀ ਐੱਸ.ਸੀ.ਬੀ.ਸੀ. ਯੂਨੀਅਨ ਤੋਂ ਦਵਿੰਦਰ ਸਿੰਘ ਬਾਹੋਵਾਲ, ਸੰਦੀਪ ਸੰਧੀ, ਰਣਵੀਰ ਸਿੰਘ ਆਦਿ ਸ਼ਾਮਿਲ ਸਨ।

# ਬਖਲੌਰ 'ਚ ਕਰਾਇਆ ਵਿਸ਼ਾਲ ਛਿੰਝ ਮੇਲਾ, ਸੈਂਕੜੇ ਪਹਿਲਵਾਨਾਂ ਦੀਆਂ ਹੋਈਆਂ ਕੁਸ਼ਤੀਆਂ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਧੰਨ ਧੰਨ ਗੁੱਗਾ ਜਾਹਰ ਪੀਰ ਦੀ ਯਾਦ ਚ ਪਿੰਡ ਬਖਲੌਰ ਵਿਖੇ ਸਲਾਨਾ ਜੋੜ ਮੇਲਾ ਤੇ ਛਿੰਝ ਮੇਲਾ ਸਮੂੰਹ ਪ੍ਰਬੰਧਕ ਕਮੇਟੀ,ਟੋਲੀ ਵਾਲੇ,ਐਨਆਰਆਈਜ,ਸਮੂੰਹ ਗ੍ਰਾਮ ਪੰਚਾਇਤ ਤੇ ਨਗਰ ਨਿਵਾਸੀਆਂ ਦੇ ਸਹਿਜੋਗ ਨਾਲ ਕਰਵਾਇਆ ਗਿਆ ਤੇ ਧਾਰਮਿਕ ਅਸਥਾਨ ਤੇ ਅਨੇਕਾਂ ਰਸਮਾਂ ਕੀਤੀਆਂ ਗਈਆਂ ਤੇ ਸੰਗਤਾਂ ਨੂੰ ਚਾਹ ਪਕੋੜੇ ਤੇ ਪੀਰਾਂ ਦੇ ਲੰਗਰ ਵੀ ਵਰਤਾਏ ਗਏ ਤੇ ਦੁਪਿਹਰ ਤੋਂ ਬਾਅਦ ਧਾਰਮਿਕ ਅਸਥਾਨ ਤੋ ਢੋਲ ਦੇ ਨਗਾਰਿਆ ਨਾਲ ਖੁੱਲੇ ਅਖਾੜੇ ਚ ਛਿੰਝ ਮੇਲੇ ਦਾ ਅਗਾਜ ਕੀਤਾ ਗਿਆ ਇਸ ਛਿੰਝ ਮੇਲੇ ਵਿੱਚ ਵੱਖ ਵੱਖ ਨਾਮਵਰ ਅਖਾੜਿਆਂ ਵਿਚੋਂ ਸੈਂਕੜੇ ਪਹਿਲਵਾਨ ਪੁੱਜੇ ਤੇ ਸੈਕੜੇ ਕੁਸ਼ਤੀਆਂ ਕਰਵਾਈਆਂ ਗਈਆਂ ਜੇਤੂ ਪਹਿਲਵਾਨਾ ਨੂੰ ਨਗਦ ਰਾਸ਼ੀ ਦੇ ਇਨਾਮ ਦਿਤੇ ਗਏ ਤੇ ਅਖੀਰ ਚ ਪਟਕੇ ਦੀ ਕੁਸ਼ਤੀ ਸੋਮਵੀਰ ਰੋਹਤਕ ਤੇ ਰੋਹਿਤ ਦਿਲੀ ਵਿਚਕਾਰ ਪ੍ਰਬੰਧਕਾਂ ਵਲੋਂ ਸ਼ੁਰੂ ਕਰਵਾਈ ਗਈ ਜਿਸ ਵਿੱਚ ਸੋਮਵੀਰ ਨੇ ਰੋਹਿਤ ਦਿਲੀ ਨੂੰ ਚਿੱਤ ਕਰਕੇ ਸਪਲੈਂਡਰ ਮੋਟਰਸਾਈਕਲ ਤੇ ਨਗਦ ਰਾਸ਼ੀ ਪ੍ਰਾਪਤ ਕੀਤੀ ਤੇ ਉਪਜੇਤੂ ਪਹਿਲਵਾਨ ਨੂੰ ਮੋਟਰਸਾਈਕਲ ਦਿਤਾ ਗਿਆ



ਇਸ ਤੋਂ ਇਲਾਵਾ ਸੋਨੂ ਕਾਂਗੜ ਤੇ ਸੁਨੀਲ ਜੀਰਕਪੁਰ ਵਿਚਕਾਰ ਕੁਸ਼ਤੀ ਕਰਵਾਈ ਜਿਸ ਵਿੱਚ ਸੋਨੂ ਕਾਂਗੜ ਨੇ ਇਹ ਕੁਸ਼ਤੀ ਜਿੱਤ ਕੇ 60ਹਜਾਰ ਦੀ ਨਗਦ ਰਾਸ਼ੀ ਪ੍ਰਾਪਤ ਕੀਤੀ ਤੇ ਸੁਨੀਲ ਜੀਰਕ ਪੁਰ ਨੂੰ 40ਹਜਾਰ ਰੁਪਏ ਦੀਨਗਦ ਰਾਸ਼ੀ ਤੇ ਸਬਰ ਕਰਨਾ ਪਿਆ ਤੇ ਇਸ ਛਿੰਝ ਮੇਲੇ ਬਸੰਤ ਥਾਪਾ ਤੇ ਕਾਲਾ ਰਾਜਸਥਾਨੀ ਵਿਚਕਾਰ ਹੋਈ ਕੁਸ਼ਤੀ ਖਿੱਚ ਦਾ ਕੇਂਦਰ ਰਹੀ ਇਸ ਮੋਕੇ ਚੇਅਰਮੈਨ ਰਾਣਾ ਗੁਰਦੀਪ ਸਿੰਘ ਤੇ ਪ੍ਰਧਾਨ ਮਨੋਹਰ ਬੱਬੀ ਤੇ ਹੋਰ ਪ੍ਰਬੰਧਕਾ ਵਲੋਂ ਦਾਨੀ ਸੱਜਣਾ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਵਿਸੇਸ਼ ਸਨਮਾਨ ਵੀ ਕੀਤਾ ਗਿਆ।

ਇਸ ਮੋਕੇ ਇਸ ਮੋਕੇ ਰਾਣਾ ਗੁਰਦੀਪ ਸਿੰਘ, ਪ੍ਰਧਾਨ ਮਨੋਹਰ ਬੱਬੀ, ਸਰਪੰਚ ਬਿਮਲ ਕਿਸ਼ੋਰ ਢੰਡਾ, ਰਾਮ ਪਰਕਾਸ਼ ਚੁੰਬਰ, ਜਸਵਿੰਦਰ ਸਰੋਆ, ਮੰਗਤ ਢੰਡਾ ਤਿੰਨੇ ਏਐਸਆਈ, ਮੱਖਣ ਬਖਲੌਰ, ਜੋਗਰਾਜ ਜੰਗਲਾਤ ਅਫਸਰ, ਸੁਰਿੰਦਰ ਸਿੰਘ ਸਾ. ਸਰਪੰਚ,ਦੇਸ਼ ਰਾਜ, ਸਰਵਜੀਤ ਦੋਵੇ ਪੰਚ, ਚੇਲਾ ਸ਼ਮਸ਼ੇਰ ਸਿੰਘ ਸੋਢੀ,ਜਗਜੀਵਨ ਮਹਿੰਮੀ, ਸੰਤੋਖ ਲਾਲ ਸੁਮਨ, ਪੂਨੂੰ ਠੇਕੇਦਾਰ, ਰਾਣਾ ਤਰਸੇਮ ਸਿੰਘ, ਰਮੇਸ਼ ਕੁਮਾਰ, ਨਰਦੀਪ ਸਿੰਘ, ਹਰਦੀਪ ਸਿੰਘ, ਸੁਭਾਸ਼ ਚੰਦਰ, ਹਰਮੇਸ਼ ਚੁੰਬਰ, ਕ੍ਰਿਸਨ ਲਾਲ, ਅਸ਼ਵਨੀ ਮਹਿੰਮੀ, ਮੋਹਣ ਲਾਲ, ਰਾਣਾ ਯੁੱਧਵੀਰ ਸਿੰਘ,ਸਾਭਾ ਮਾਲੋਮਜਾਰਾ ਆਦਿ ਹਾਜਰ ਸਨ ਛਿੰਝ ਮੇਲੇ ਦੀ ਕੁਮੈਂਟਰੀ ਕਰਮਦੀਨ ਚੱਕਸਾਬੂ ਤੇ ਮੱਖਣ ਬਖਲੌਰ ਵਲੋਂ ਬਾਖੂਬੀ ਨਿਭਾਈ।

# ਕੈਪਟਨ ਸਰਕਾਰ ਬੀਸੀ/ਓ.ਬੀਸੀ. ਸਮਾਜ ਦੇ ਹਿਤਾਂ ਨੂੰ ਅੱਖੋਂ ਪਰੋਖੇ ਨਹੀਂ ਕਰੇਗੀ - ਅਮਰਜੀਤ ਨਿੱਝਰ

**ਫਗਵਾੜਾ (ਬੀ.ਕੇ.ਰੱਤ)–** ਫਗਵਾੜਾ ਵਿਖੇ ਪਰਜਾਪਤੀ ਭਲਾਈ ਬੋਰਡ ਦੀ ਇਕ ਮੀਟਿੰਗ ਬੋਰਡ ਦੇ ਵਾਈਸ ਚੇਅਰਮੈਨ ਪੰਜਾਬ ਅਮਰਜੀਤ ਸਿੰਘ ਨਿੱਝਰ ਦੇ ਸਥਾਨਕ ਹੁਸ਼ਿਆਰਪੁਰ ਰੋਡ ਸਥਿਤ ਦਫਤਰ ਵਿਖੇ ਹੋਈ। ਜਿਸ ਵਿਚ ਬੀ ਸੀ ਕਮਿਸਨ ਪੰਜਾਬ ਦੇ ਵਾਈਸ ਚੇਅਰਮੈਨ ਗੁਰਿੰਦਰ ਪਾਲ ਸਿੰਘ ਅਤੇ ਕਾਂਗਰਸ ਪਾਰਟੀ ਦੇ ਜਲੰਧਰ ਦਿਹਾਤੀ ਓ ਬੀ ਸੀ ਡਿਪਾਰਟਮੇਂਟ ਦੇ ਚੇਅਰਮੈਨ ਸੰਦੀਪ ਨਿੱਝਰ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਇਸ ਤੋਂ ਇਲਾਵਾ ਮੀਟਿੰਗ ਵਿੱਚ ਭਾਰਤੀਯ ਪਰਜਾਪਤੀ ਹੀਰੋ ਆਰਗਨਾਈਜੇਸ਼ਨ ਦੇ ਰਾਸ਼ਟਰੀ ਜਨਰਲ ਸਕੱਤਰ ਗੁਰਮਖ ਸਿੰਘ ਸੁਗਲਾਨੀ ਵੀ ਉਚੇਰੇ ਤੌਰ ਤੇ ਮੌਜੂਦ ਰਹੇ। ਮੀਟਿੰਗ ਦੌਰਾਨ ਉਪ ਚੇਅਰਮੈਨ ਅਮਰਜੀਤ ਨਿੱਝਰ ਅਤੇ ਗੁਰਿੰਦਰ ਪਾਲ ਸਿੰਘ ਨੇ ਬੀ.ਸੀ. ਅਤੇ ਓ.ਬੀ.ਸੀ. ਸਮਾਜ ਨੂੰ ਪੇਸ਼ ਆ




ਰਹੀਆਂ ਮੁਸ਼ਕਲਾਂ ਅਤੇ ਸਰਕਾਰੀ ਤੌਰ ਤੇ ਹਲ ਕਰਵਾਏ ਜਾਣ ਵਾਲੇ ਜਰੂਰੀ ਮੁੱਦਿਆਂ ਸਬੰਧੀ ਹੋਰਨਾ ਹਾਜਰ ਸਾਥੀਆਂ ਨਾਲ ਵਿਚਾਰ ਵਟਾਂਦਰਾ ਕੀਤਾ। ਉਪਰੰਤ ਸਮੂਹ ਬੀ.ਸੀ. ਅਤੇ ਓ.ਬੀ.ਸੀ. ਭਾਈਚਾਰੇ ਨੂੰ ਭਰੋਸਾ ਦਿੱਤਾ ਕਿ ਹਰ ਸਮੱਸਿਆ ਦਾ ਸੰਭਵ ਹਲ ਕਰਵਾਇਆ ਜਾਵੇਗਾ।

ਉਹਨਾਂ ਕਿਹਾ ਕਿ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਸੂਬੇ ਦੇ ਹਰ ਵਰਗ ਦੇ ਹਿਤਾਂ ਦਾ ਪੂਰਾ ਖਿਆਲ ਰੱਖਦੀ ਹੈ ਅਤੇ ਬੀ.ਸੀ./ਓ.ਬੀ.ਸੀ. ਸਮਾਜ ਦੇ ਹਿਤਾਂ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾਵੇਗਾ। ਇਸ ਮੌਕੇ ਸਨੀ ਗਿੱਲ, ਅਮਰਿੰਦਰ ਸਿੰਘ, ਨਰਿੰਦਰ ਸਿੰਘ, ਪਲਵਿੰਦਰ ਸਿੰਘ, ਸੁਖਵਿੰਦਰ ਸਿੰਘ, ਬਲਵਿੰਦਰ ਸਿੰਘ ਸੰਦਲ ਤੋਂ ਇਲਾਵਾ ਹੋਰ ਪਤਵੰਤੇ ਹਾਜਰ ਸਨ।

# ਪ੍ਰੋ.ਅਲੀ ਜਾਵੇਦ ਦਾ ਸਦੀਵੀ ਵਿਛੋੜਾ

**ਚੰਡੀਗੜ੍ਹ–** ਭਾਰਤ ਪ੍ਰਗਤੀਸ਼ੀਲ ਲੇਖਕ ਸੰਘ ਨੂੰ ਉਸ ਦੇ ਕਾਰਜਕਾਰੀ ਪ੍ਰਧਾਨ ਪ੍ਰੋ. ਅਲੀ ਜਾਵੇਦ ਦੇ ਸਦੀਵੀ ਵਿਛੋੜਾ ਦੇ ਜਾਣ ਨਾਲ ਅਸਹਿ ਸਦਮਾ ਪਹੁੰਚਿਆ ਹੈ। ਉਰਦੂ ਤੇ ਹਿੰਦੀ ਭਾਸ਼ਾਵਾਂ ਵਿੱਚ ਨਿਰੰਤਰ ਲਿਖਣ ਵਾਲਾ ਪ੍ਰੋ. ਅਲੀ ਜਾਵੇਦ ਭਾਰਤ ਦੀ ਸਾਂਝੀ ਗੰਗਾ-ਜਮਨੀ ਤਹਿਜ਼ੀਬ ਦਾ ਸੁਦ੍ਰਿੜ ਮੁਦੱਈ ਸੀ। ਪ੍ਰੋ. ਅਲੀ ਜਾਵੇਦ ਦਾ ਜਨਮ ਪ੍ਰਯਾਗਰਾਜ ਨੇੜਲੇ ਪਿੰਡ 'ਕਰਾਰੀ' 'ਚ ਹੋਇਆ। ਅਲਾਹਾਬਾਦ ਯੂਨੀਵਰਸਿਟੀ ਵਿੱਚੋਂ ਬੀ.ਏ. ਕਰਨ ਬਾਅਦ ਉਹ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਦੇ ਓਰਦੂ ਵਿਭਾਗ ਦੇ ਵਿਦਿਆਰਣੀ ਬਣੇ। ਇੱਥੋਂ ਉਨ੍ਹਾਂ ਨੇ ਐਮ.ਏ. (ਉਰਦੂ) 1977, ਐਮ.ਫ਼ਿਲ 1978 ਅਤੇ ਪੀਐਚ.ਡੀ. (1983) ਦੀਆਂ ਡਿਗਰੀਆਂ ਹਾਸਿਲ ਕੀਤੀਆਂ। ਉਨ੍ਹਾਂ ਨੇ 1993 ਤੋਂ 1998 ਤੱਕ ਜ਼ਾਕਿਰ ਹੁਸੈਨ ਪੀ.ਜੀ. ਕਾਲਜ, ਦਿੱਲੀ ਵਿਖੇ ਪੜ੍ਹਾਇਆ। ਉਹ 1998 ਈ. 'ਚ ਉਰਦੂ ਵਿਭਾਗ, ਦਿੱਲੀ ਯੂਨੀਵਰਸਿਟੀ ਵਿੱਚ



ਬਤੌਰ ਪ੍ਰਾਧਿਆਪਕ ਆ ਗਏ। ਉਨ੍ਹਾਂ ਨੇ ਦੋ ਦਰਜਨ ਵਿਦਿਆਰਥੀਆਂ ਨੂੰ ਪੀਐਚ.ਡੀ. ਦੀ ਉਪਾਧੀ ਲਈ ਿ ਨਗਰਾਨ ਵਜੋਂ ਸੇਵਾ ਨਿਭਾਈ। ਉਨ੍ਹਾਂ ਨੇ ਉਰਦੂ ਆਲੋਚਨਾ ਸਾਹਿਤ ਨੂੰ ਪੰਜ ਪੁਸਤਕਾਂ ਨਾਲ ਅਮੀਰ ਬਣਾਇਆ। ਉਨ੍ਹਾਂ ਦੀਆਂ ਪੁਸਤਕਾਂ ਹਨ: ਬਰਤਾਨਵੀ ਮੁਸਤਸ਼ਕਚੀਨ ਔਰ ਤਾਰੀਖ਼-ਇ-ਅਦਬ-ਇ ਉਰਦੂ (1992), ਕਲਾਸਕੀਅਤ ਔਰ ਰੂਮਾਨਵੀਅਤ (1999), ਜਾਫ਼ਰ ਜੱਟਲੀ ਕੀ ਏਹਤਜਾਜੀ ਸ਼ਾਇਰੀ (2000), ਏਫ਼ਹਾਮ-ਓ-ਤਫ਼ਹੀਮ (2000) ਅਤੇ ਉਰਦੂ ਕਾ ਦਾਸਤਾਨਵੀ ਅਦਬ (ਸੰਪਾ. 2011) ਉਰਦੂ ਅਤੇ ਹਿੰਦੀ ਵਿੱਚ ਛਪਣ ਵਾਲੇ ਉਨ੍ਹਾਂ ਦੇ ਖੋਜ-ਨਿਬੰਧ ਸੌ ਤੋਂ ਉੱਪਰ ਹਨ। ਉਹ ਹਿੰਦ-ਪਾਕਿ (ਬਰ੍ਹੇਸਗੀਰ) ਦੀਆਂ ਕਈ ਯੂਨੀਵਰਸਿਟੀਆਂ ਦੇ ਉਰਦੂ ਵਿਭਾਗਾਂ ਦੇ ਖੋਜ-ਕਾਰਜ ਨਾਲ ਜੁੜੇ ਹੋਏ ਸਨ।

ਪ੍ਰੋ. ਅਲੀ ਜਾਵੇਦ ਉਰਦੂ ਤੇ ਹਿੰਦੀ ਭਾਸ਼ਾਵਾਂ ਦਾ ਪ੍ਰਤਿਬੱਧ ਲੇਖਕ (ਕਵੀ), ਆਲੋਚਕ ਅਤੇ ਉੱਘਾ ਮਾਰਕਸਵਾਦੀ ਚਿੰਤਕ ਸੀ। ਉਸ ਦੇ ਅਧਿਐਨ ਤੇ ਚਿੰਤਨ-ਮਨਨ ਦਾ ਘੇਰਾ ਬਹੁਤ ਵਸੀਹ ਸੀ। ਉਹ ਅਜੇਹਾ ਪਬਲਿਕ ਬੁੱਧੀਜੀਵੀ ਸੀ, ਜਿਸ ਨੇ ਸਮਾਜਕ ਨਿਆਂ ਲਈ ਹੋਣ ਵਾਲੇ ਸੰਘਰਸ਼ਾਂ ਵਿੱਚ ਤਾ-ਉਮਰ ਸਰਗਰਮ ਆਗੂ ਵਾਲੀ ਭੂਮਿਕਾ ਨਿਭਾਈ। ਉਸ ਨੇ ਭਾਰਤ ਦੀ ਸੱਤਾਧਾਰੀ ਸਿਆਸਤ ਦੀਆਂ ਕਾਰਪੋਰੇਟ ਪੱਖੀ ਆਰਥਿਕ ਨੀਤੀਆਂ ਅਤੇ ਮੌਜੂਦਾ ਭਾਰਤੀ ਜਨਤਾ ਪਰਟੀ ਦੀ ਅਗਵਾਈ ਵਾਲੀ ਸਰਕਾਰ ਦੀਆਂ ਫ਼ਿਰਕੂ ਤੇ ਫ਼ਾਸ਼ੀਵਾਦੀ ਨੀਤੀਆਂ ਖ਼ਿਲਾਫ਼ ਬੁਲੰਦ ਆਵਾਜ਼ ਉਠਾਈ। ਉਸ ਨੇ ਅਕਾਦਮਿਕ, ਸਾਹਿਤਕ ਅਤੇ ਸੱਭਿਆਚਾਰਕ ਖੇਤਰ ਦੀਆਂ ਨਾਮੀ ਸੰਸਥਾਵਾਂ ਵਿੱਚ ਹਰਾਵਲ ਦਸਤੇ ਦੇ ਆਗੂਆਂ ਵਾਲੀ ਜ਼ਿੰਮੇਵਾਰੀ ਨਿਭਾਈ। ਉਹ ਸਰਬ ਭਾਰਤ ਯੂਨੀਵਰਸਿਟੀ ਉਰਦੂ ਟੀਚਰਜ਼ ਜਥੇਬੰਦੀ ਦੇ 2008 ਵਿੱਚ ਪ੍ਰਧਾਨ ਬਣੇ, ਨੈਸ਼ਨਲ ਕਾਊਂਸਲ ਫ਼ਾਰ ਪ੍ਰਮੋਸ਼ਨ ਆਫ਼ ਉਰਦੂ ਲੈਂਗੂਏਜ (ਮਨੁੱਖੀ ਸਰੋਤ ਮੰਤਰਾਲਾ) ਦੇ 2007-08 ਵਿੱਚ ਡਾਇਰੈਕਟਰ ਰਹੇ। ਉਹ ਪ੍ਰਗਤੀਸ਼ੀਲ ਲੇਖਕ ਸੰਘ ਦੇ ਸਿਧਾਂਤਕਾਰਾਂ ਤੇ ਨੀਤੀ-ਘਾੜਿਆਂ ਵਿੱਚੋਂ ਸਿਰਕੱਢ ਚਿੰਤਕ ਸਨ ਤੇ 2012 ਤੋਂ 2017 ਤੱਕ ਪ੍ਰਗਤੀਸ਼ੀਲ ਲੇਖਕ ਸੰਘ ਦੇ ਜਨਰਲ ਸਕੱਤਰ ਰਹੇ। ਉਨ੍ਹਾਂ ਦੀ ਮਾਨਤਾ ਅੰਤਰ-ਰਾਸ਼ਟਰੀ ਪੱਧਰ ਦੇ ਖੱਬੇਪੱਖੀ ਚਿੰਤਕਾਂ ਤੇ ਬੁੱਧੀਜੀਵੀਆਂ ਵਾਲੀ ਸੀ। ਉਹ 2012 ਤੋਂ 2016 ਤੱਕ ਅਗਾਂਹਵਧੂ ਲੇਖਕਾਂ, ਚਿੰਤਕਾਂ ਦੀ ਕੌਮਾਂਤਰੀ ਜੱਥੇਬੰਦੀ - ਅਫ਼ਰੀਕਨ ਤੇ ਏਸ਼ੀਅਨ ਰਾਈਟਰਜ਼ ਯੂਨੀਅਨ ਦੇ ਪ੍ਰਧਾਨ ਰਹੇ। ਉਨ੍ਹਾਂ ਨੇ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿੱਚ ਹੋਈਆਂ ਆਲਮੀ ਸਾਹਿਤ-ਸੱਭਿਆਚਾਰਕ ਕਾਨਫ਼ਰੰਸਾਂ ਵਿੱਚ ਭਾਰਤੀ ਲੇਖਕਾਂ ਦੀ ਪ੍ਰਤੀਨਿਧਤਾ ਕੀਤੀ। ਉਨ੍ਹਾਂ ਨੂੰ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਅਤੇ ਹਰਿਆਣਾ ਸਮੇਤ ਕਈ ਪ੍ਰਾਂਤਾਂ ਦੀਆਂ ਉਰਦੂ ਅਕਾਦਮੀਆਂ ਨੇ ਉਨ੍ਹਾਂ ਦੇ ਖੋਜ ਕਾਰਜ ਤੇ ਉਰਦੂ ਅਧਿਆਪਨ ਲਈ ਸੇਵਾਵਾਂ ਕਰਕੇ ਸਨਮਾਨਿਤ ਕੀਤਾ। ਪੰਜਾਬ, ਪੰਜਾਬੀ ਜ਼ਬਾਨ ਅਤੇ ਪੰਜਾਬੀ ਸਾਹਿਤ ਨਾਲ ਉਨ੍ਹਾਂ ਦਾ ਵਿਸ਼ੇਸ਼ ਲਗਾਉ ਸੀ। ਉਨ੍ਹਾਂ ਦੀਆਂ ਕੁਝ ਰਚਨਾਵਾਂ (ਕਵਿਤਾਵਾਂ ਤੇ ਲੇਖ) ਪੰਜਾਬੀ ਵਿੱਚ ਤਰਜਮਾ ਹੋਏ।

ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਸਿਰਸਾ ਨੇ ਕਿਹਾ ਹੈ ਕਿ ਪ੍ਰੋ. ਅਲੀ ਜਾਵੇਦ ਦੇ ਸਦੀਵੀ ਵਿਛੋੜੇ ਨਾਲ ਸਮੁੱਚੀ ਪ੍ਰਗਤੀਸ਼ੀਲ ਲੇਖਕ ਲਹਿਰ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਪ੍ਰੋ. ਜਾਵੇਦ ਦੇ ਪਰਿਵਾਰ ਅਤੇ ਸਨੇਹੀਆਂ ਦੇ ਦੁੱਖ ਵਿੱਚ ਸ਼ਾਮਿਲ ਹੁੰਦੀ ਹੈ ਅਤੇ ਆਪਣੀ ਹਾਰਦਿਕ ਸੰਵੇਦਨਾ ਪ੍ਰਗਟ ਕਰਦੀ ਹੈ।

**ਜਾਰੀ ਕਰਤਾ- ਸੁਖਦੇਵ ਸਿੰਘ ਸਿਰਸਾ**
**98156-36565**

# ਜੱਲ੍ਹਿਆਂਵਾਲਾ ਬਾਗ਼ ਦੇ ਮੂਲ ਸਰੂਪ ਦੀ ਬਹਾਲੀ ਲਈ ਦੇਸ਼ ਭਗਤ ਯਾਦਗਾਰ ਕਮੇਟੀ ਲੋਕ-ਰਾਏ ਲਾਮਬੰਦ ਕਰੇਗੀ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਜਲ੍ਹਿਆਂਵਾਲਾ ਬਾਗ਼ ਦੀ ਤੰਗ ਗਲੀ ਦਾ ਪੁਰਾਤਨ ਮੁਹਾਂਦਰਾ ਅਤੇ ਉਸ ਵਿਚੋਂ ਉਭਰਦੇ ਖ਼ੌਫ਼ਨਾਕ ਮੰਜਰ ਦਾ ਪ੍ਰਭਾਵ ਮਿਟਾਕੇ ਵਿਸਾਖੀ ਦਾ ਮੇਲਾ ਵੇਖਣ ਜਾਂਦੇ ਹੱਸਦੇ ਨੱਚਦੇ ਲੋਕਾਂ ਦੀ ਭੀੜ ਦੀਆਂ ਮੂਰਤੀਆਂ ਬਣਾਕੇ, ਬਰਤਾਨਵੀ ਸਾਮਰਾਜ ਦੇ ਲੋਕ ਵਿਰੋਧੀ ਕਾਲ਼ੇ ਕਾਨੂੰਨਾਂ ਖਿਲਾਫ਼, ਸਭੇ ਹਕੂਮਤੀ ਰੋਕਾਂ ਹੁਕਮਾਂ ਦੀ ਉਸਦੀ ਦਿੱਖ 'ਚੋਂ ਵਹਿਸ਼ੀਆਨਾ ਕਤਲੇਆਮ ਦਾ ਨਕਸ਼ਾ ਦ੍ਰਿਸ਼ਟੀ ਗੋਚਰ ਨਹੀਂ ਹੁੰਦਾ।

ਦੋ ਕੰਧਾਂ 'ਤੇ ਭਾਵੇਂ ਗੋਲੀਆਂ ਦੇ ਨਿਸ਼ਾਨ ਜ਼ਰੂਰ ਸੰਭਾਲੇ ਗਏ ਹਨ ਪਰ ਉਹਨਾਂ ਕੰਧਾਂ ਦੀ ਪੁਰਾਤਨ ਦਿੱਖ ਨੂੰ ਬਦਲ ਦਿੱਤਾ ਗਿਆ ਹੈ। ਸ਼ਹੀਦੀ ਸਮਾਰਕ ਅੱਗੇ ਤਲਾਬ ਵਿੱਚ ਕਮਲ ਦੇ ਫੁੱਲ ਲਾਉਣ ਪਿੱਛੇ ਮੋਦੀ ਹਕੂਮਤ ਦੀ ਕੰਮ ਕਰਦੀ ਮਨਸ਼ਾ ਵੀ ਗੁੱਝੀ ਨਹੀਂ ਰਹਿੰਦੀ। ਗ਼ਦਰ ਪਾਰਟੀ ਦੇ ਬਾਨੀ ਮੀਤ ਪ੍ਰਧਾਨ ਪ੍ਰੋ.ਬਰਕਤ ਉੱਲਾ ਅਤੇ ਰਾਮਨੌਮੀ ਦਾ ਹਿੰਦੂਆਂ, ਕਿਹਾ ਹੈ ਕਿ ਉਹ ਬੀਤੇ ਕਈ ਦਹਾਕਿਆਂ ਤੋਂ ਜਲਿਆਂਵਾਲਾ ਬਾਗ਼ ਦੀ ਇਤਿਹਾਸਕ ਧਰੋਹਰ ਦੀ ਰਾਖੀ ਲਈ ਆਵਾਜ਼ ਬੁਲੰਦ ਕਰਦੀ ਅਤੇ ਆਪਣੇ ਖਦਸ਼ੇ ਪ੍ਰਗਟ ਕਰਦੀ ਆਈ ਹੈ। ਕਮੇਟੀ ਨੇ 20 ਜਨਵਰੀ 1978, 11 ਸਤੰਬਰ 2007, 6 ਅਕਤੂਬਰ 2008, 1 ਨਵੰਬਰ 2008, 2 ਜੂਨ 2009 ਅਤੇ 2 ਅਗਸਤ 2021 ਨੂੰ ਸਮੇਂ-ਸਮੇਂ ਪ੍ਰਧਾਨ ਮੰਤਰੀ, ਜਲ੍ਹਿਆਂਵਾਲਾ ਬਾਗ਼ ਟਰੱਸਟ ਦੇ ਮੁਖੀਆਂ, ਪ੍ਰਸ਼ਾਸਨ ਨੂੰ ਲਿਖਤੀ ਮੰਗ-ਪੱਤਰ ਦਿੱਤੇ ਅਤੇ ਉਹਨਾਂ ਵੱਲੋਂ ਮਿਲੇ ਯਕੀਨ ਦਰਾਨੀ ਦੇ ਪੱਤਰ





ਪਰਵਾਹ ਨਾ ਕਰਦਿਆਂ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਵੱਲੋਂ ਕੀਤੀ ਸਾਂਝੀ ਸਿਆਸੀ ਕਾਨਫਰੰਸ ਦਾ ਪ੍ਰਭਾਵ ਹੀ ਮੇਸ ਦੇਣ ਦਾ ਯਤਨ ਕੀਤਾ ਗਿਆ ਹੈ। ਇਸ ਪ੍ਰਵੇਸ਼ ਗਲੀ ਰਾਹੀਂ ਦਾਖ਼ਲ ਹੋਣ ਤੋਂ ਪਹਿਲਾਂ ਹੀ ਖੱਬੇ ਹੱਥ ਦਾਖਲਾ ਫੀਸ ਹਾਸਲ ਕਰਨ ਲਈ ਆਧੁਨਿਕ ਮਸ਼ੀਨਾਂ ਦੀ ਲੰਮੀ ਕਤਾਰ ਫਿੱਟ ਕਰ ਦਿੱਤੀ ਹੈ, ਜਿਥੇ ਕਿਸੇ ਵੇਲੇ ਵੀ ਫੀਸ ਵਸੂਲੀ ਲਾਜ਼ਮੀ ਹੋ ਜਾਏਗੀ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਵਫ਼ਦ ਨੇ ਅੱਜ ਜਲ੍ਹਿਆਂਵਾਲਾ ਬਾਗ਼ ਦਾ ਨਿਰੀਖਣ ਕਰਨ ਉਪਰੰਤ ਦੇਸ਼ ਭਗਤ ਯਾਦਗਾਰ ਹਾਲ ਦੇ ਦਫ਼ਤਰ ਤੋਂ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਜਲ੍ਹਿਆਂਵਾਲਾ ਬਾਗ਼ ਦੀ ਕੌਮੀ ਇਤਿਹਾਸਕ ਵਿਰਾਸਤ ਨਾਲ ਸੁੰਦਰੀਕਰਨ ਅਤੇ ਨਵੀਨੀਕਰਨ ਦੇ ਨਾਂਅ ਹੇਠ ਜੋ ਇਤਿਹਾਸਕ ਤੱਥਾਂ ਦੀ ਪ੍ਰਮਾਣਿਕਤਾ ਨਾਲ ਛੇੜ-ਛਾੜ ਕੀਤੀ ਗਈ ਹੈ, ਉਸ 'ਤੇ ਹਰੇਕ ਸੰਜੀਦਾ ਇਤਿਹਾਸਕਾਰ ਨੂੰ ਦੁੱਖ ਹੋਣਾ ਅਤੇ ਉਸਦੀ ਆਲੋਚਨਾ ਕਰਨਾ ਸੁਭਾਵਿਕ ਹੈ।

ਬਾਗ਼ 'ਚ ਦਾਖਲ ਹੁੰਦੇ ਸਾਰ ਜੋ ਫਾਇਰਿੰਗ ਸਥਾਨ ਦਾ ਉੱਚਾ ਥੜਾ ਸੀ, ਜਿੱਥੇ ਮਸ਼ੀਨਗੰਨ ਫਿੱਟ ਕੀਤੀ ਗਈ ਸੀ, ਉਹ ਮੂਲੋਂ ਹੀ ਮਿਟਾ ਕੇ ਪੱਧਰੇ ਫਰਸ਼ ਤੇ ਰਸਮੀ ਜਿਹੀ ਨਿਸ਼ਾਨੀ ਦੀ ਖਾਨਾਪੂਰਤੀ ਕਰ ਦਿੱਤੀ ਹੈ। ਸ਼ਹੀਦਾਂ ਦੀ ਯਾਦ 'ਚ ਅਮਰ ਜਯੋਤੀ ਵੀ ਪਹਿਲਾਂ ਵਾਲੇ ਢੁਕਵੇਂ ਸਥਾਨ ਤੋਂ ਪਿੱਛੇ ਹਟਾ ਦਿੱਤੀ ਹੈ। ਸ਼ਹੀਦੀ ਖੂਹ ਜੋ ਕਿ ਲੋਥਾਂ ਅਤੇ ਫੱਟੜਾਂ ਨਾਲ ਭਰ ਗਿਆ ਸੀ। ਮੁਸਲਮਾਨਾਂ, ਸਿੱਖਾਂ ਵੱਲੋਂ ਸਾਂਝੇ ਤਿਓਹਾਰ ਮਨਾਏ ਜਾਣ ਮੌਕੇ ਅਤੇ ਕਾਲ਼ੇ ਕਾਨੂੰਨਾਂ ਖਿਲਾਫ਼ ਘੋੜੇ ਤੇ ਸਵਾਰ ਹੋ ਕੇ ਲੋਕ-ਆਵਾਜ਼ ਦੀ ਅਗਵਾਈ ਕਰਨ ਵਾਲੇ ਮਾਣਮੱਤੇ ਦੇਸ਼ ਭਗਤ ਡਾ. ਹਾਫ਼ਿਜ਼ ਮੁਹੰਮਦ ਬਸੀਰ ਦਾ ਨਾਮ ਹੀ ਗਾਇਬ ਕਰ ਦਿੱਤਾ ਗਿਆ ਹੈ। ਕਮੇਟੀ ਨੇ ਇਹ ਵੀ ਸਖ਼ਤ ਇਤਰਾਜ਼ ਕੀਤਾ ਹੈ ਕਿ ਜਲ੍ਹਿਆਂਵਾਲਾ ਬਾਗ਼ 'ਚ ਕਿਹਾ ਜਾਂਦਾ ਹੈ ਕਿ ਹਜ਼ਾਰ ਦੇ ਕਰੀਬ ਲੋਕ ਸ਼ਹੀਦੀ ਜਾਮ ਪੀ ਗਏ, ਜੋ ਬਰਤਾਨਵੀ ਸਰਕਾਰ ਵੱਲੋਂ ਜਾਰੀ ਸ਼ਹੀਦਾਂ ਦੀ ਲਿਸਟ ਮੁਤਾਬਕ ਗਿਣਤੀ 406 ਸ਼ਹੀਦ ਹੀ ਮੰਨ ਲਈਏ ਤਾਂ ਉਸ ਵਿੱਚ ਵੀ 62 ਮੁਸਲਮਾਨ ਪਰਿਵਾਰਾਂ 'ਚੋਂ ਹਨ। ਲਾਈਟ ਐਂਡ ਸਾਊਂਡ ਦੇ ਵੱਖ-ਵੱਖ ਗੈਲਰੀਆਂ ਵਿੱਚ ਚੱਲ ਰਹੇ ਪ੍ਰੋਗਰਾਮਾਂ ਦਾ ਵਿਸ਼ਲੇਸ਼ਣ ਕਰਦਿਆਂ ਮਨ 'ਚ ਇਹ ਸੁਆਲ ਉਠਦਾ ਹੈ ਕਿ ਮੁਸਲਮਾਨ ਭਾਈਚਾਰੇ ਨੂੰ ਦਰ ਕਿਨਾਰ ਕਿਉਂ ਕੀਤਾ ਗਿਆ? ਊਧਮ ਸਿੰਘ, ਕਰਤਾਰ ਸਿੰਘ ਸਰਾਭਾ, ਭਗਤ ਸਿੰਘ ਆਦਿ ਦੀਆਂ ਤਸਵੀਰਾਂ ਹੇਠਾਂ ਕਿਤੇ ਵੀ 'ਸ਼ਹੀਦ' ਨਹੀਂ ਲਿਖਿਆ ਗਿਆ। ਲਾਈਟ ਐਂਡ ਸਾਊਂਡ, ਵੱਖ-ਵੱਖ ਥਾਈਂ ਲਿਖੀਆਂ ਕੈਪਸ਼ਨਾਂ ਵਿੱਚ 'ਰਾਸ਼ਟਰਵਾਦ' ਤਾਂ ਬਾਰ-ਬਾਰ ਉਭਰਦਾ ਹੈ ਪਰ ਕਿਤੇ ਵੀ ਸਾਮਰਾਜਵਾਦ ਮੁਰਦਾਬਾਦ ਲਿਖਿਆ ਨਹੀਂ ਮਿਲਦਾ। ਇਥੋਂ ਤੱਕ ਕਿ ਭਗਤ ਸਿੰਘ ਮੂੰਹੋਂ ਵੀ ਇਨਕਲਾਬ ਜ਼ਿੰਦਾਬਾਦ ਤਾਂ ਕਰਾਇਆ ਗਿਆ ਹੈ ਪਰ ਸਾਮਰਾਜਵਾਦ ਮੁਰਦਾਵਾਦ ਨਹੀਂ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਵੀ ਬਕਾਇਦਾ ਰਿਕਾਰਡ ਦਾ ਹਿੱਸਾ ਹਨ, ਜਿਨ੍ਹਾਂ ਵਿੱਚ ਇਤਿਹਾਸਕ ਸਥਾਨ ਨੂੰ ਸੈਰਗਾਹ ਬਣਾਉਣ ਜਾਂ ਮਨ ਮਰਜ਼ੀ ਦੀਆਂ ਤਬਦੀਲੀਆਂ ਕਰਨ ਤੋਂ ਹੱਥ ਰੋਕਣ ਦੀ ਮੰਗ ਕੀਤੀ ਗਈ ਪਰ ਇਸਦੀ ਪਰਵਾਹ ਨਾ ਕਰਦਿਆਂ ਮੋਦੀ ਹਕੂਮਤ ਆਪਣੇ ਵਿਸ਼ੇਸ਼ ਅਜੰਡੇ ਮੁਤਾਬਕ ਹੀ ਆਪਣੀ ਹੀ ਧੁਨ 'ਚ ਕੰਮ ਕਰਦੀ ਰਹੀ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜਲ੍ਹਿਆਂਵਾਲਾ ਬਾਗ਼ ਟਰੱਸਟ ਦੇ ਆਗੂਆਂ ਅਤੇ ਪ੍ਰਸਾਸ਼ਨ ਨੂੰ ਲਿਖਤੀ ਯਾਦ-ਪੱਤਰ ਭੇਜਕੇ ਮੰਗ ਕਰ ਰਹੀ ਹੈ ਕਿ ਜੱਲ੍ਹਿਆਂਵਾਲਾ ਬਾਗ਼ ਦਾ ਮੂਲ ਇਤਿਹਾਸਕ ਸਰੂਪ ਬਹਾਲ ਕੀਤਾ ਜਾਏ। ਨਾਮਵਰ ਇਤਿਹਾਸਕਾਰਾਂ ਦਾ ਸਹਿਯੋਗ ਲੈ ਕੇ ਸਭਨਾਂ ਊਣਤਾਈਆਂ ਨੂੰ ਦੂਰ ਕਰਦਿਆਂ ਇਤਿਹਾਸਕ ਧਰੋਹਰ ਦਾ ਮੂਲ ਸਰੂਪ ਬਹਾਲ ਕੀਤਾ ਜਾਏ।

ਕਮੇਟੀ ਨੇ ਕਿਹਾ ਹੈ ਕਿ ਜਲ੍ਹਿਆਂਵਾਲਾ ਬਾਗ਼ ਦੇ ਮੂਲ ਸਰੂਪ ਦੀ ਬਹਾਲੀ ਲਈ ਸਭਨਾਂ ਇਤਿਹਾਸਕਾਰਾਂ, ਲੇਖਕਾਂ, ਜਮਹੂਰੀ ਹਲਕਿਆਂ ਦੇ ਸਹਿਯੋਗ ਨਾਲ ਲੋਕ ਆਵਾਜ਼ ਬੁਲੰਦ ਕੀਤੀ ਜਾਏਗੀ। ਬਾਗ਼ 'ਚ ਗਏ ਵਫ਼ਦ ਵਿੱਚ ਕਮੇਟੀ ਦੇ ਮੀਤ ਪ੍ਰਧਾਨ ਸੀਤਲ ਸਿੰਘ ਸੰਘਾ, ਸਹਾਇਕ ਸਕੱਤਰ ਡਾ.ਪਰਮਿੰਦਰ ਸਿੰਘ, ਕਮੇਟੀ ਮੈਂਬਰ ਮੰਗਤ ਰਾਮ ਪਾਸਲਾ, ਸੁਰਿੰਦਰ ਕੁਮਾਰੀ ਕੋਛੜ, ਵਿਜੈ ਬੰਬੇਲੀ, ਪ੍ਰੋ.ਗੋਪਾਲ ਸਿੰਘ ਬੁੱਟਰ ਅਤੇ ਮਨਜੀਤ ਸਿੰਘ ਬਾਸਰਕੇ ਸ਼ਾਮਲ ਸਨ।

# ਅਮਰੀਕਾ ਦੇ 35 ਰਾਜਾਂ ਦੇ 1000 ਸਕੂਲ ਕੋਵਿਡ ਕਾਰਨ ਮੁੜ ਕਰਨੇ ਪਏ ਬੰਦ


**ਸੈਕਰਾਮੈਂਟੋ 6 ਸਤੰਬਰ (ਹੁਸਨ ਲੜੋਆ ਬੰਗਾ)–** ਕੋਵਿਡ-19 ਦੇ ਮਾਮਲੇ ਵਧਣ ਕਾਰਨ ਅਮਰੀਕਾ ਦੇ 35 ਰਾਜਾਂ ਵਿਚ ਘੱਟੋ ਘੱਟ 1000 ਸਕੂਲ ਮੁੜ ਬੰਦ ਕਰਨੇ ਪਏ ਹਨ। ਨਿਊਯਾਰਕ ਦੀ ਅੰਕੜਾ ਸਰਵਿਸ ਬਰਬੀਓ ਨੇ ਇਹ ਜਾਣਕਾਰੀ ਦਿੱਤੀ ਹੈ। ਕੰਪਨੀ ਦੇ ਟਰੈਕਰ ਉਪਰ ਸੂਚੀਬੱਧ ਸਕੂਲਾਂ ਵਿਚੋਂ ਕਈਆਂ ਨੂੰ ਇਕ ਦਿਨ ਤੋਂ ਲੈ ਕੇ ਕਈ ਹਫਤਿਆਂ ਲਈ ਬੰਦ ਕੀਤਾ ਗਿਆ ਹੈ।

ਜਿਆਦਾਤਰ ਸਕੂਲ ਆਨ ਲਾਈਨ ਪੜਾਈ ਕਰਵਾ ਰਹੇ ਹਨ ਤੇ ਕਈ ਸਕੂਲ ਬਿਨਾਂ ਕੋਈ ਸੂਚਨਾ ਦਿੱਤੇ ਆਰਜੀ ਤੌਰ 'ਤੇ ਬੰਦ ਕਰ ਦਿੱਤੇ ਗਏ ਹਨ। ਬਹੁਤੀ ਥੋੜੀ ਗਿਣਤੀ ਉਨਾਂ ਸਕੂਲਾਂ ਦੀ ਹੈ ਜੋ ਇਸ ਸਾਲ ਖੋਲੇ ਹੀ ਨਹੀਂ ਹਨ। ਸਕੂਲਾਂ ਦੇ ਮੁੜ ਬੰਦ ਹੋਣ ਦੀ ਖਬਰ ਵਧ ਰਹੇ ਕੋਵਿਡ -19 ਮਾਮਲਿਆਂ ਕਾਰਨ ਸਕੂਲਾਂ ਵਿਚ ਮਾਸਕ ਜਰੂਰੀ ਪਹਿਣਨ ਨੂੰ ਲੈ ਕੇ ਚਲ ਰਹੇ ਵਿਵਾਦ ਦੌਰਾਨ ਆਈ ਹੈ। ਕਈ ਰਾਜਾਂ ਵਿਚ ਇਹ ਮਾਮਲਾ ਅਦਾਲਤ ਵਿਚ ਪਹੁੰਚ ਗਿਆ ਹੈ।

****

# ਬਾਬਾ ਨਿਧਾਨ ਸਿੰਘ ਇੰਟਰਨੈਸ਼ਨਲ ਸੋਸਾਇਟੀ (ਰਜਿ) ਵਲੋਂ ਬਾਬਾ ਨਿਧਾਨ ਸਿੰਘ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ 17ਵਾਂ ਅੰਤਰਰਾਸ਼ਟਰੀ ਵੈਬੀਨਾਰ ਕਰਵਾਇਆ ਗਿਆ

**ਬਰੈਂਪਟਨ (ਨਿਊਜ਼ ਬਿਊਰੋ) –** ਬੀਤੇ ਐਤਵਾਰ ਬਾਬਾ ਨਿਧਾਨ ਸਿੰਘ ਇੰਟਰਨੈਸ਼ਨਲ ਸੋਸਾਇਟੀ (ਰਜਿ) ਵਲੋਂ ਬਾਬਾ ਨਿਧਾਨ ਸਿੰਘ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ 17ਵਾਂ ਅੰਤਰਰਾਸ਼ਟਰੀ ਵੈਬੀਨਾਰ ਗੂਗਲ ਮੀਟ ਰਾਹੀਂ ਕਰਵਾਇਆ ਗਿਆ। ਵੈਬੀਨਾਰ ਦਾ ਵਿਸ਼ਾ ਸੀ 'ਸਮਾਜ ਨਿਰਮਾਣ ਵਿਚ ਧਰਮ ਦੀ ਭੂਮਿਕਾ'। ਤਕਰੀਬਨ ਤਿੰਨ ਘੰਟੇ ਚੱਲੇ ਇਸ ਵੈਬੀਨਾਰ ਵਿਚ ਵੱਖ ਵੱਖ ਦੇਸ਼ਾਂ ਤੋਂ ਵਿਦਵਾਨਾਂ ਨੇ ਭਾਗ ਲਿਆ ਜਿਨ੍ਹਾਂ ਵਿਚ ਡਾ। ਨਰਿੰਦਰ ਪਾਲ ਸਿੰਘ (ਯਮੁਨਾ ਨਗਰ, ਇੰਡੀਆ), ਡਾ। ਤਰਸ਼ਿੰਦਰ ਕੌਰ (ਸ਼ਿਕਾਗੋ, ਯੂ ਐਸ ਏ), ਦਲਵੀਰ ਕੌਰ (ਵੌਲਵਰਹੈਮਪਟਨ, ਯੂ ਕੇ), ਪ੍ਰਾਦੀਪ ਕੁਮਾਰ (ਸੂਰਤ, ਇੰਡੀਆ), ਪਿਆਰਾ ਸਿੰਘ ਕੁੱਦੋਵਾਲ (ਟੋਰੋਂਟੋ, ਕੈਨੇਡਾ) ਨੇ ਪੇਪਰ ਪੜ੍ਹੇ। ਡਾ। ਕਲਿਆਣ ਸਿੰਘ ਕਲਿਆਣ ਜੀ ਗੌਰਮਿੰਟ ਕਾਲਜ ਯੂਨੀਵਰਸਿਟੀ ਲਾਹੌਰ (ਪਾਕਿਸਤਾਨ) ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਸਵਾਗਤੀ ਸ਼ਬਦ ਬਾਬਾ ਨਿਧਾਨ ਸਿੰਘ ਜੀ ਇੰਟਰਨੈਸ਼ਨਲ ਸੋਸਾਇਟੀ ਦੇ ਚੇਅਰਮੈਨ ਡਾ। ਕੁਲਜੀਤ ਸਿੰਘ ਜੰਜੂਆ ਨੇ ਕਹੇ। ਉਨ੍ਹਾਂ ਨੇ ਸੋਸਾਇਟੀ ਦੇ ਕਾਰਜਾਂ ਤੇ ਚਾਨਣਾ ਪਾਇਆ ਅਤੇ ਬੁਲਾਰਿਆਂ ਦੀ ਸ੍ਰੋਤਿਆਂ ਨਾਲ ਜਾਣ ਪਛਾਣ ਕਰਵਾਈ। ਕੂੰਜ਼ਵਤ ਭਾਸ਼ਣ ਡਾ। ਅਮਰਜੀਤ ਸਿੰਘ ਜੀ,




ਡਾਇਰੈਕਟਰ ਸੈਂਟਰ ਫ਼ਾਰ ਸਟੱਡੀਜ਼ ਇਨ ਗੁਰੂ ਗ੍ਰੰਥ ਸਾਹਿਬ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਦਿੱਤਾ। ਡਾ ਗੁਰਿੰਦਰ ਸਿੰਘ ਮਾਨ ਜੀ ਡਾਇਰੈਕਟਰ, ਗ਼ਲੋਬਲ ਇੰਸਟੀ-ਚਿਊਟ ਫ਼ਾਰ ਸਿੱਖ ਸਟੱਡੀਜ਼, ਨਿਊਯੌਰਕ (ਯ ਐਸ ਏ) ਨੇ ਵੈਬੀਨਾਰ ਦੀ ਪ੍ਰਧਾਨਗੀ ਕੀਤੀ ਅਤੇ ਪੜ੍ਹੇ ਗਏ ਪਰਚਿਆਂ ਦੀ ਸਮੀਖਿਆ ਕਰਦੇ ਹੋਏ ਸਿੱਖੀ ਅਤੇ ਲੰਗਰਾਂ ਬਾਰੇ ਬਹੁਤ ਸਾਰੇ ਨਵੇਂ ਤੱਤ ਉਜਾਗਰ ਕੀਤੇ। ਅਖ਼ੀਰ ਵਿਚ ਡਾ। ਗੁਰਵੀਰ ਸਿੰਘ ਸੋਹੀ, ਪ੍ਰਿੰਸੀਪਲ ਗੁਰੂ ਕਾਸ਼ੀ ਕਾਲਜ ਦਮਦਮਾ ਸਾਹਿਬ, ਤਲਵੰਡੀ ਸਾਬੋ ਨੇ ਸਮੂਹ ਵਿਦਵਾਨਾਂ ਅਤੇ ਹਾਜ਼ਰ ਸੱਜਣਾਂ ਦਾ ਬਹੁਤ ਹੀ ਸੰਖੇਪ ਪਰ ਸੋਹਣੇ ਸ਼ਬਦਾਂ 'ਚ ਧੰਨਵਾਦ ਕੀਤਾ।

ਇਸ ਵੈਬੀਨਾਰ ਵਿਚ ਹੋਰਨਾਂ ਤੋਂ ਇਲਾਵਾ ਸੋਸਾਇਟੀ ਦੇ ਸਰਪ੍ਰਸਤ ਡਾ ਪਰਮਜੀਤ ਸਿੰਘ ਸਰੋਆ, ਕੋਆਰਡੀਨੇਟਰ ਜਸਬੀਰ ਸਿੰਘ ਬੋਪਾਰਾਏ, ਮਹੰਦਿਰ ਪਾਲ ਸਿੰਘ, ਸੰਜੀਵ ਸਿੰਘ ਭੱਟੀ, ਸੁਰਜੀਤ ਕੌਰ, ਸੋਨੀਆ ਸ਼ਰਮਾ, ਡਾ। ਅਰਵਿੰਦਰ ਕੌਰ ਡੇਜ਼ੀ, ਸੁਰਿੰਦਰ ਸਿੰਘ ਪਟਿਆਲਾ, ਡਾ। ਕੁਲਵਿੰਦਰ ਕੌਰ ਛੀਨਾ, ਜਸਵੀਰ ਕੌਰ, ਕਿਰਨ ਪਾਲ ਸਿੰਘ, ਡਾ। ਕਮਲ ਪ੍ਰੀਤ ਕੌਰ, ਇੰਦਰਜੀਤ ਸਿੰਘ ਰੁਪਾਲ, ਹਰਦੀਪ ਕੌਰ, ਸ਼ਲੀਨਾ ਸਿੰਧਵਾਨੀ, ਡਾ। ਜਸਵੀਰ ਕੌਰ ਪਟਿਆਲਾ, ਬੇਅੰਤ ਸਿੰਘ ਵਿਰਕ, ਅਮਰਜੀਤ ਸਿੰਘ ਪਾਹਵਾ, ਪਿਆਰਾ ਸਿੰਘ ਪਟਿਆਲਾ ਅਤੇ ਰਵਿੰਦਰ ਸਿੰਘ ਭੰਗੂ ਜੀ ਨੇ ਵੈਬੀਨਾਰ 'ਚ ਸ਼ਿਰਕਤ ਕੀਤੀ। ਕੁਲ ਮਿਲਾ ਕੇ ਇਹ ਵੈਬੀਨਾਰ ਸਫ਼ਲਤਾ-ਪੂਰਵਕ ਅਤੇ ਯਾਦਗਰੀ ਹੋ ਨਿਬੜਿਆ।

# ਨਿਊਯਾਰਕ ਦਾ ਕੱਬਡੀ ਕੱਪ 10 ਅਕਤੂਬਰ ਨੂੰ




**ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਨਿਊਯਾਰਕ–** "ਖੇਡਾਂ ਵਿਚੋਂ ਖੇਡ ਕਬੱਡੀ ਸ਼ਾਨ ਪੰਜਾਬੀਆਂ ਦੀ, ਇਸੇ ਵਿੱਚ ਹੀ ਵੱਸਦੀ ਯਾਰੋ ਜਾਨ ਪੰਜਾਬੀਆਂ ਦੀ, ਵਿੱਚ ਮੈਦਾਨੇ ਭਿੜਣਾ ਹੁੰਦਾ ਕੰਮ ਦਲੇਰਾਂ ਦਾ, ਖੇਡ ਕਬੱਡੀ ਖੇਡਣਾ ਸ਼ੌਂਕ ਪੰਜਾਬੀ ਸ਼ੇਰਾਂ ਦਾ "

ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਪਿਆਰ ਕਰਨ ਵਾਲਿਆਂ ਲਈ ਨਿਊਯਾਰਕ ਕੱਬਡੀ ਕਲੱਬ 10 ਅਕਤੂਬਰ ਨੂੰ ਕਬੱਡੀ ਕੱਪ 2021 ਕਰਵਾਉਣ ਜਾ ਰਿਹਾ ਹੈ। ਜਿਸ ਵਿੱਚ ਕਬੱਡੀ ਜਗਤ ਦੇ ਚੋਟੀ ਦੇ ਖਿਡਾਰੀ ਹਿੱਸਾ ਲੈ ਰਹੇ ਹਨ। ਇਹ ਟੂਰਨਾਮੈਂਟ 236 ਸਟ੍ਰੀਟ ਤੇ ਹਿੱਲ ਸਾਈਡ ਐਵੇਨਿਊ ਵਾਲੀ ਪਾਰਕ, ਬੈਲਰੋਜ਼ ਨਿਊਯਾਰਕ ਵਿੱਚ ਕਰਵਾਇਆ ਜਾ ਰਿਹਾ ਹੈ। ਹਾਲ ਹੀ 'ਚ ਕੱਬਡੀ ਕੱਪ 2021 ਦੀ ਪ੍ਰੈਸ ਕਾਨਫਰੰਸ 'ਚ ਪੋਸਟਰ ਰਿਲੀਜ਼ ਕੀਤਾ ਗਿਆ। ਜੇਤੂ ਖਿਡਾਰੀਆਂ ਨੂੰ ਇਨਾਮ ਵੀ ਦਿਤੇ ਜਾਣਗੇ। ਇਹ ਉਪਰਾਲਾ ਵਿਦੇਸ਼ਾਂ 'ਚ ਬੈਠੇ ਪੰਜਾਬੀਆਂ ਸਦਕਾ ਕਰਵਾਇਆ ਜਾ ਰਿਹਾ ਹੈ ਤਾਂ ਜੋ ਕਬੱਡੀ ਖੇਡ ਨੂੰ ਪ੍ਰਫੁਲਤ ਕੀਤਾ ਜਾ ਸਕੇ। ਖੁਸ਼ੀ ਦੀ ਗੱਲ ਇਹ ਹੈ ਕਿ ਐਂਟਰੀ ਲਈ ਕੋਈ ਫੀਸ ਨਹੀਂ ਲਈ ਜਾਵੇਗੀ। ਇਸ ਮੌਕੇ ਸਾਰਿਆਂ ਨੂੰ ਖੁਲ੍ਹਾ ਸੱਦਾ ਦਿਤਾ ਗਿਆ ਹੈ। ਆਪਣੇ ਪਰਿਵਾਰਾਂ ਸਮੇਤ ਪਹੁੰਚ ਕੇ ਖਿਡਾਰੀਆਂ ਦਾ ਹੌਂਸਲਾ ਅਫਜ਼ਾਈ ਕਰਨਾ। ਇਸ ਕਬੱਡੀ ਕੱਪ ਦਾ ਸਿੱਧਾ ਪ੍ਰਸਾਰਣ ਲਾਈਵ ਕਬੱਡੀ ਚੈਨਲ ਵੱਲੋਂ ਕੀਤਾ ਜਾਵੇਗਾ।

ਦੇਰ ਨਾ ਕਰਨਾ 10 ਅਕਤੂਬਰ ਐਤਵਾਰ
ਸਾਹਨਾਂ ਦੇ ਭੇੜ ਹੋਣਗੇ, ਵੇਖਣਾ ਨਾ ਭੁੱਲਣਾ

ਇਹ ਪ੍ਰੋਗਰਾਮ ਇਨ੍ਹਾਂ ਪ੍ਰਬੰਧਕਾ ਦੁਆਰਾ ਕਰਵਾਇਆ ਜਾ ਰਿਹਾ ਹੈ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

ਮੰਨਿਦਰ ਸਿੰਘ 9174180234
ਕਾਲਾ ਜੰਡੀ 5162449874
ਗਿੱਲ ਪ੍ਰਦੀਪ 6465206706
ਟੋਨੀ ਮੁਲਤਾਨੀ 3477232533
ਜੋਨੀ ਜਨਸੂਆ 9293254215
ਬਿੱਟੂ ਭੁਲੱਰ 5169464748
ਓਂਕਾਰ ਸਿੰਘ 2123006511
ਨਿਟਾ ਮਨਿਆਨੀ 9172999151
ਬਿੱਟੂ ਸਪੀਡੋ 6462352461
ਰਜਿੰਦਰ ਸਿੰਘ 9172502118

# ਛਾਉਣੀ ਕਲਾਂ 'ਚ ਕੱਬਡੀ ਕੱਪ 108 ਸੰਤ ਸਰਵਣ ਦਾਸ ਜੀ ਬੋਹਣ ਵਾਲਿਆਂ ਨੇ ਕੀਤਾ ਉਦਘਾਟਨ





**ਹੁਸ਼ਿਆਰਪੁਰ–** ਡਾ ਬੀ ਆਰ ਅੰਬੇਡਕਰ ਯੂਥ ਕਲੱਬ ਰਜਿ ਪਿੰਡ ਛਾਉਣੀ ਕਲਾਂ ਬੰਗਲਾ ਐਨ ਆਰ ਆਈ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ 29 ਅਗਸਤ ਨੂੰ ਕਬੱਡੀ ਕੱਪ ਕਰਵਾਇਆ ਗਿਆ ਇਸ ਮੌਕੇ ਤੇ ਉਦਘਾਟਨ ਡੇਰਾ 108 ਸੱਚਖੰਡ ਸੰਤ ਸੀਤਲ ਜੀ ਬੋਹਣ ਹੁਸ਼ਿਆਰਪੁਰ ਗੱਦੀ ਨਸ਼ੀਨ ਸੰਤ ਸਰਵਣ ਦਾਸ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਸਾਧੂ ਸੰਪ੍ਰਦਾਇ ਸੁਸਾਇਟੀ ਪੰਜਾਬ ਨੇ ਕੀਤਾ ਤੇ 72 ਕਿਲੋ ਪੱਧਰ ਦੀਆਂ 8 ਟੀਮਾਂ 62 ਕਿਲੋ ਪਿੰਡ ਪੱਧਰ ਦੀਆਂ 4 ਟੀਮਾਂ ਭਾਗ ਲਿਆ ਇਸ ਮੌਕੇ ਤੇ ਡਾ ਬੀ ਆਰ ਅੰਬੇਡਕਰ ਯੂਥ ਕਲੱਬ ਦੇ ਮੈਂਬਰਾਂ ਨੇ ਡੇਰਾ 108 ਸੰਤ ਬਾਬਾ ਸੀਤਲ ਦਾਸ ਜੀ ਮਹਾਰਾਜ ਪਿੰਡ ਬੋਹਣ ਹੁਸ਼ਿਆਰਪੁਰ ਦੇ ਗੱਦੀ ਨਸ਼ੀਨ 108 ਸੰਤ ਸਰਵਣ ਦਾਸ ਮਹਾਰਾਜ ਜੀ ਦਾ ਸਨਮਾਨ ਵੀ ਕੀਤਾ ਗਿਆ ਇਸ ਮੌਕੇ ਤੇ ਮਨੀ ਪੰਚ ਛਾਉਣੀ ਕਲਾ ਬੰਗਲਾ, ਸੂਰਜ ਸਿੱਧੂ ਛਾਉਣੀ ਕਲਾਂ ਬੰਗਲਾ, ਪਵਨ ਕੁਮਾਰ ਛਾਉਣੀ ਕਲਾਂ ਬੰਗਲਾ, ਅਮਰਜੀਤ ਭੱਟੀ ਯੂਥ ਆਗੂ ਬਸਪਾ ਹੁਸ਼ਿਆਰਪੁਰ, ਗਗਨਦੀਪ ਗਾਗੀ ਛਾਉਣੀ ਕਲਾ ਬੰਗਲਾ, ਜਸਕਰਨ ਜੱਸਾ ਛਾਉਣੀ ਕਲਾਂ ਬੰਗਲਾ, ਆਦਿ ਸ਼ਾਮਿਲ ਸਨ।

# ਨੈਸ ਦੀ ਤਿਆਰੀ ਲਈ ਬੜੀ ਪ੍ਰਭਾਵਸ਼ਾਲੀ ਸਾਬਤ ਹੋ ਰਹੀ ਹੈ ਡਿਜ਼ੀਟਲ ਸਾਧਨਾਂ ਰਾਹੀਂ ਦਿੱਤੀ ਜਾਂਦੀ ਸਿੱਖਿਆ

**ਪਠਾਨਕੋਟ –** ਦੇਸ਼ ਭਰ ਦੇ ਸਕੂਲਾਂ ਦੀ ਵਿੱਦਿਅਕ ਗੁਣਵੱਤਾ ਤੇ ਗਤੀਵਿਧੀਆਂ ਦੇ ਮੁਲਾਂਕਣ ਲਈ ਕੇਂਦਰ ਸਰਕਾਰ ਵੱਲੋਂ 12 ਨਵੰਬਰ ਨੂੰ ਕਰਵਾਏ ਜਾ ਰਹੇ ਨੈਸ਼ਨਲ ਅਚੀਵਮੈਂਟ ਸਰਵੇਖਣ (ਨੈਸ) ਦੀ ਤਿਆਰੀ ਲਈ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਰਾਜ ਦੇ ਸਰਕਾਰੀ ਸਕੂਲਾਂ 'ਚ ਮੁਹਈਆ ਕਰਵਾਈਆਂ ਗਈਆਂ ਡਿਜ਼ੀਟਲ ਸਹੂਲਤਾਂ ਬਹੁਤ ਕਾਰਗਾਰ ਸਿੱਧ ਹੋ ਰਹੀਆਂ ਹਨ। ਉਕਤ ਜਾਣਕਾਰੀ ਦਿੰਦਿਆ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਜਸਵੰਤ ਸਿੰਘ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਬਲਦੇਵ ਰਾਜ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦੀ ਸਰਪ੍ਰਸਤੀ, ਸਿੱਖਿਆ ਮੰਤਰੀ ਵਿਜੈ ਇੰਦਰ ਸਿੰਗਲਾ ਦੀ ਅਗਵਾਈ ਤੇ ਸਕੱਤਰ ਸਕੂਲ ਸਿੱਖਿਆ ਕ੍ਰਿਸ਼ਨ ਕੁਮਾਰ ਦੀ ਦੇਖ-ਰੇਖ 'ਚ ਰਾਜ ਦੇ ਸਰਕਾਰੀ ਸਕੂਲਾਂ 'ਚ ਇਨਕਲਾਬੀ ਵਿਕਾਸ ਹੋਇਆ ਹੈ। ਰਾਜ ਦੇ ਸਕੂਲਾਂ 'ਚ ਚਲਾਈ ਗਈ ਸਮਾਰਟ ਸਕੂਲ ਮੁਹਿੰਮ ਤਹਿਤ ਡਿਜ਼ੀਟਲ ਸਾਧਨਾਂ ਰਾਹੀਂ ਵਿਦਿਆਰਥੀਆਂ ਨੂੰ ਸਿੱਖਿਆ ਦਿੱਤੀ ਜਾ ਰਹੀ ਹੈ। ਜਿਸ ਲਈ ਰਾਜ ਦੇ ਹਰੇਕ ਸਕੂਲ ਨੂੰ ਪ੍ਰੋਜੈਕਟਰ ਮੁਹਈਆ ਕਰਵਾਏ ਗਏ ਹਨ। ਜਿਨ੍ਹਾਂ ਨਾਲ ਵਿਦਿਆਰਥੀਆਂ ਨੂੰ ਹਰੇਕ ਵਿਸ਼ਾ ਅਸਾਨੀ ਨਾਲ ਸਮਝ ਆ ਰਿਹਾ ਹੈ ਤੇ ਸਿੱਖਿਆ ਦੀ ਗੁਣਵੱਤਾ 'ਚ ਬਹੁਤ ਵਾਧਾ ਹੋਇਆ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਸਲਾਨਾ, ਪ੍ਰਤੀਯੋਗੀ ਤੇ ਹੋਰਨਾਂ ਪ੍ਰੀਖਿਆਵਾਂ 'ਚ ਸ਼ਾਨਦਾਰ ਪ੍ਰਾਪਤੀਆਂ ਕਰ ਰਹੇ ਹਨ ਤੇ ਕੌਮੀ ਪੱਧਰ ਦੇ ਵਜ਼ੀਫੇ ਵੀ ਪ੍ਰਾਪਤ ਕਰ ਰਹੇ ਹਨ।



ਪੰਜਾਬ ਸਰਕਾਰ ਵੱਲੋਂ ਕੀਤੇ ਗਏ ਉਕਤ ਉਪਰਾਲਿਆਂ ਸਦਕਾ ਹੀ ਰਾਜ ਦੇ ਸਰਕਾਰੀ ਸਕੂਲਾਂ 'ਚ ਮਾਪਿਆਂ ਦਾ ਵਿਸ਼ਵਾਸ਼ ਵਧਿਆ ਹੈ ਤੇ ਹਰ ਸਾਲ ਲੱਖਾਂ ਦੀ ਗਿਣਤੀ 'ਚ ਵਿਦਿਆਰਥੀਆਂ ਦਾ ਦਾਖਲਾ ਵਧ ਰਿਹਾ ਹੈ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਮਿਹਨਤ ਸਦਕਾ ਪੀ.ਜੀ.ਆਈ. ਵਾਂਗ ਨੈਸ 'ਚ ਵੀ ਪੰਜਾਬ ਦੇਸ਼ ਭਰ 'ਚੋਂ ਅੱਵਲ ਰਹੇਗਾ। ਉਪ ਜਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਰਾਜੇਸ਼ਵਰ ਸਲਾਰੀਆ ਅਤੇ ਉਪ ਜ਼ਲ੍ਹਿਾ ਸਿੱਖਿਆ ਅਫ਼ਸਰ ਐਲੀਮੈਂਟਰੀ ਰਮੇਸ਼ ਲਾਲ ਠਾਕੁਰ ਨੇ ਦੱਸਿਆ ਕਿ ਸਕੱਤਰ ਸਕੂਲ ਸਿੱਖਿਆ ਕ੍ਰਿਸ਼ਨ ਕੁਮਾਰ ਦੀ ਸੁਚੱਜੀ ਅਗਵਾਈ 'ਚ ਰਾਜ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਡਿਜ਼ੀਟਲ ਸਹੂਲਤਾਂ ਜਿੰਨ੍ਹਾਂ 'ਚ ਪ੍ਰੋ-ਜੈਕਟਰ, ਐਜੂਕੇਅਰ ਐਪ ਤੇ ਆਨਲਾਈਨ ਸ਼ਾਮਲ ਹਨ, ਦਾ ਭਰਪੂਰ ਫਾਇਦਾ ਉਠਾ ਰਹੇ ਹਨ। ਉਨ੍ਹਾਂ ਕਿਹਾ ਕਿ ਡਿਜ਼ੀਟਲ ਸਾਧਨਾਂ ਨੇ ਵਿਦਿਅਕ ਗਤੀਵਿਧੀਆਂ ਨੂੰ ਸਰਲਤਾ ਪ੍ਰਦਾਨ ਕੀਤੀ ਹੈ ਤੇ ਵਿਦਿਆਰਥੀ ਹਰ ਸਵਾਲ ਦਾ ਜਵਾਬ ਅਸਾਨੀ ਨਾਲ ਲੱਭ ਲੈਂਦੇ ਹਨ। ਸਰਕਾਰੀ ਸਕੂਲ ਅਧਿਆਪਕਾਂ ਵੱਲੋਂ ਤਿਆਰੀ ਕੀਤੀ ਡਿਜ਼ੀਟਲ ਸਮੱਗਰੀ ਨੇ ਸਕੂਲੀ ਸਿੱਖਿਆ ਨੂੰ ਪੂਰੀ ਤਰ੍ਹਾਂ ਸਮਾਰਟ ਬਣਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਨੈਸ ਦੀ ਤਿਆਰੀ ਲਈ ਸਰਕਾਰੀ ਸਕੂਲ ਅਧਿਆਪਕਾਂ ਤੇ ਵਿਦਿਆਰਥੀਆਂ ਵੱਲੋਂ ਡਿਜ਼ੀਟਲ ਸਾਧਨਾਂ ਦਾ ਪੂਰਾ ਲਾਹਾ ਲਿਆ ਜਾ ਰਿਹਾ ਹੈ।

ਜਿਲ੍ਹਾ ਕੋਆਰਡੀਨੇਟਰ ਮੀਡੀਆ ਸੈਲ ਬਲਕਾਰ ਅੱਤਰੀ ਨੇ ਕਿਹਾ ਕਿ ਅਜੋਕੇ ਡਿਜ਼ੀਟਲ ਸਾਧਨਾਂ ਨੇ ਵਿਦਿਆਰਥੀਆਂ ਦੇ ਸਿੱਖਣ ਪਰਿਣਾਮਾਂ 'ਚ ਬਹੁਤ ਵਾਧਾ ਕੀਤਾ ਹੈ। ਇਨ੍ਹਾਂ ਜਰੀਏ ਵਿਦਿਆਰਥੀ ਪ੍ਰੈਕਟੀਕਲ ਰੂਪ 'ਚ ਬਹੁਤ ਜਲਦ ਕਿਸੇ ਵੀ ਵਿਸ਼ੇ ਨੂੰ ਸਮਝ ਲੈਂਦੇ ਹਨ। ਪੰਜਾਬ ਸਰਕਾਰ ਦਾ ਰਾਜ ਦੇ ਸਰਕਾਰੀ ਸਕੂਲਾਂ 'ਚ ਡਿਜ਼ੀਟਲ ਸਾਧਨ ਮੁਹਈਆ ਕਰਵਾਉਣ ਦਾ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ।

**ਲੇਖ਼ਕ ਰਾਜਿੰਦਰ ਸਿੰਘ ਰਾਜਨ ਪਠਾਨਕੋਟ**
**91-94174-27656**

# ਅੰਮ੍ਰਿਤਸਰ ਵਿਕਾਸ ਮੰਚ ਨੇ ਕੈਨੇਡਾ ਵਾਂਗ ਵਿਧਾਇਕਾਂ ਨੂੰ ਜੁਆਬਦੇਅ ਬਨਾਉਣ ਤੇ ਬੇ-ਲੋੜੀਆਂ ਸਹੂਲਤਾਂ ਬੰਦ ਕਰਨ ਦੀ ਮੰਗ ਕੀਤੀ

ਅੰਮ੍ਰਿਤਸਰ 2 ਸਤੰਬਰ 2021 : ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਪੰਜਾਬ ਦੇ ਵਿਧਾਇਕਾਂ ਨੂੰ ਬੇ-ਲੋੜੀਆਂ ਸਹੂਲਤਾਂ, ਭੱਤੇ ਬੰਦ ਕਰਨ ਤੋਂ ਇਲਾਵਾ ਉਨ੍ਹਾਂ ਦੇ ਸਰਕਾਰੀ ਦਫ਼ਤਰਾਂ ਵਾਂਗ ਦਫ਼ਤਰ ਬਨਾਉਣ ਦੀ ਮੰਗ ਕੀਤੀ ਹੈ। ਮੁੱਖ-ਮੰਤਰੀ ਕੈਪਟਨ ਅਮਰਿੰਦਰ ਸਿੰਘ ,ਕਾਂਗਰਸ ਪ੍ਰਧਾਨ ਤੇ ਵਿਧਾਇਕ ਸ. ਨਵਜੋਤ ਸਿੰਘ ਸਿੱਧੂ ,ਵਿਰੋਧੀ ਧਿਰ ਦੇ ਨੇਤਾ ਸ. ਹਰਪਾਲ ਸਿੰਘ ਚੀਮਾ ਤੇ ਹੋਰਨਾਂ ਆਗੂਆਂ ਨੂੰ ਲਿਖੇ ਵੱਖ ਵੱਖ ਪੱਤਰਾਂ ਵਿੱਚ ਮੰਚ ਆਗੂ ਨੇ ਕਿਹਾ ਕਿ ਉਹ ਕੈਨੇਡਾ ਦੇ ਸ਼ਹਿਰ ਟੋਰਾਂਟੋ ਜਾ ਕੇ ਖੁਦ ਵੇਖ ਕੇ ਆਏ ਹਨ ਕਿ ਹਰ ਅਸੈਂਬਲੀ ਹਲਕੇ ਵਿੱਚ ਸਰਕਾਰੀ ਦਫ਼ਤਰ ਵਾਂਗ ਵਧਾਇਕ ਦਾ ਦਫ਼ਤਰ ਹੈ, ਜਿੱਥੇ ਕਲਰਕ ਤੇ ਹੋਰ ਸਟਾਫ ਹੈ ਤੇ ਵਿਧਾਇਕ ਵੀ ਬਕਾਇਦਾ ਬੈਠਦੇ ਹਨ। ਸਾਡੇ ਐਸੀ ਵਿਵਸਥਾ ਨਹੀਂ ਲੋਕ ਵਿਧਾਇਕ ਨੂੰ ਲੱਭਦੇ ਫਿਰਦੇ ਹਨ। ਦੂਸਰਾ ਸਾਡੇ ਵਿਧਾਇਕਾਂ ਨੂੰ ਮਹਿੰਗੀਆਂ ਗੱਡੀਆਂ ਲੈ ਕੇ ਦਿੱਤੀਆਂ ਹਨ। ਡਰਾਈਵਰ ਤੇ ਸੁਰੱਖਿਆ ਕਰਮਚਾਰੀ ਹਰ ਵੇਲੇ ਵਿਧਾਇਕਾਂ ਦੇ ਨਾਲ ਹੁੰਦੇ ਹਨ। ਕੈਨੇਡਾ ਵਿੱਚ ਵਿਧਾਇਕਾਂ ਨੂੰ ਸਿਰਫ ਤਨਖਾਹ ਮਿਲਦੀ ਹੈ।ਨਾ ਤਾਂ ਸਰਕਾਰੀ ਗੱਡੀ ਤੇ ਨਾ ਹੀ ਡਰ-ਾਇਵਰ ਮਿਲਦੇ ਹਨ। ਉਹ ਆਪਣੀ ਕਾਰ ਆਪ ਖ਼ੁਦ ਚਲਾਉਂਦੇ ਹਨ।ਪੰਜਾਬ ਵਿੱਚ ਅੱਤਵਾਦ ਸਮੇਂ ਗੱਡੀਆਂ ਤੇ ਸੁਰੱਖਿਆ ਕਰਮਚਾਰੀ ਦਿੱਤੇ ਜਾਣ ਲੱਗੇ ਸਨ। ਹੁਣ ਹਾਲਾਤ ਠੀਕ ਹੋ ਗਏ ਹਨ, ਇਸ ਲਈ ਸਰਕਾਰੀ ਗੱਡੀਆਂ ਤੇ ਸੁਰੱਖਿਆ ਕਰਮਚਾਰੀ ਵਾਪਿਸ ਲਏ ਜਾਣ। ਜੇ ਦੇਣਾ ਹੈ ਤਾਂ ਇੱਕ ਇੱਕ ਗਨਮੈਨ ਦੇ ਦਿੱਤਾ ਜਾਵੇ।

ਕੈਨੇਡਾ ਵਿੱਚ ਵਿਧਾਇਕ ਆਪਣਾ ਆਮਦਨ ਕਰ ਆਪ ਤਾਰਦੇ ਹਨ। ਪੰਜਾਬ ਵਿੱਚ ਸਰਕਾਰੀ ਕਰਮਚਾਰੀ ਇੱਥੋਂ ਤੀਕ ਪੈਨਸ਼ਨਰ ਵੀ ਬਣਦਾ ਇਨਕਮ ਟੈਕਸ ਆਪ ਤਾਰਦੇ ਹਨ। ਪਰ ਪੰਜਾਬ ਵਿੱਚ ਵਿਧਾਇਕਾਂ, ਮੁੱਖ ਮੰਤਰੀ ਤੇ ਮੰਤਰੀਆਂ ਦਾ ਟੈਕਸ ਸਰਕਾਰੀ ਖਜ਼ਾਨੇ ਵਿੱਚੋਂ ਤਾਰਿਆ ਜਾਂਦਾ ਹੈ। ਇਸ ਲਈ ਸਾਡੇ ਜਨ ਪ੍ਰਤੀਨਿਧੀ ਵੀ ਖ਼ੁਦ ਟੈਕਸ ਉਤਾਰਨ ਅਜਿਹੀ ਸੋਧ ਕਰਨੀ ਚਾਹੀਦੀ ਹੈ। ਪੰਜਾਬ ਵਿੱਚ ਹਰ ਵਾਰੀ ਚੁਣੇ ਜਾਣ 'ਤੇ ਵਿਧਾਇਕ ਨੂੰ ਤਨਖਾਹ ਵਧਾਈ ਜਾਂਦੀ ਹੈ।

ਇਹੋ ਕਾਰਨ ਹੈ ਕਿ ਕਈ ਵਿਧਾਇਕ ਕਈ ਤਨਖਾਹਾਂ ਲੈ ਰਹੇ ਹਨ, ਜੋ ਕਿ ਗਲਤ ਹੈ। ਕੈਨੇਡਾ ਵਿੱਚ ਵਿਧਾਇਕਾਂ ਦੇ ਕਾਰੋਬਾਰ ਕਰਨ 'ਤੇ ਪਾਬੰਦੀ ਹੈ। ਭਾਵ ਕਿ ਜਿਵੇਂ ਭਾਰਤ ਵਿੱਚ ਸਰਕਾਰੀ ਕਰਮਚਾਰੀ ਕੋਈ ਕਾਰੋਬਾਰ ਨਹੀਂ ਕਰ ਸਕਦੇ, ਉਸੇ ਤਰ੍ਹਾਂ ਵਿਧਾਇਕ ਵੀ ਨਹੀਂ ਕਰ ਸਕਦੇ । ਸਾਡੇ ਹਰ ਵਿਧਾਇਕ ਕੋਈ ਨਾ ਕੋਈ ਕਾਰੋਬਰ ਕਰ ਰਿਹਾ ਹੈ। ਇਸ ਲਈ ਕਾਰੋਬਾਰ ਕਰਨ 'ਤੇ ਪਾਬੰਦੀ ਲਾਈ ਜਾਵੇ ਤਾਂ ਜੋ ਉਹ ਸਾਰਾ ਸਮਾਂ ਲੋਕਾਂ ਦੀ ਭਲਾਈ 'ਤੇ ਲਾ ਸਕਣ।

ਆਪ ਪਾਰਟੀ ਦੇ ਵਿਧਾਇਕਾਂ ਨੇ 17 ਅਗਸਤ 2021 ਨੂੰ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰੀ ਰਾਣਾ ਕੇ ਪੀ ਸਿੰਘ ਨਾਲ ਮੁਲਾਕਾਤ ਕਰਕੇ ਵਿਧਾਇਕਾਂ ਨੂੰ ਇੱਕ ਤੋਂ ਵੱਧ ਪੈਨਸ਼ਨਾਂ ਰੋਕਣ ਦੀ ਮੰਗ ਕੀਤੀ ਹੈ। ਆਪ ਆਗੂਆਂ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ, ਅੱਜ ਤੋਂ 17 ਸਾਲ ਪਹਿਲਾ 2004 ਵਿੱਚ ਸੁਧਾਰ ਦੇ ਨਾਂ 'ਤੇ ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਦੀ ਪੈਨਸ਼ਨ ਬੰਦ ਕਰ ਦਿੱਤੀ ਸੀ, ਜਿਸਦਾ ਸਰਕਾਰੀ ਮੁਲਾਜ਼ਮ ਤੇ ਪੈਨਸ਼ਨਰ ਅੱਜ ਤੀਕ ਵਿਰੋਧ ਕਰ ਰਹੇ ਹਨ ਪਰ ਕਈ ਸਿਆਸੀ ਆਗੂ ਪੰਜ-ਪੰਜ ਪੈਨਸ਼ਨਾਂ ਲੈ ਰਹੇ ਹਨ ਪਰ ਆਪ ਦੇ ਵਿਧਾਇਕ ਇੱਕ ਤੋਂ ਵੱਧ ਪੈਨਸ਼ਨ ਦੇ ਵਿਰੁੱਧ ਹਨ।

ਆਪ ਆਗੂਆਂ ਨੇ ਸਰਕਾਰੀ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਬਹਾਲ ਕਰਨ ਤੋਂ ਇਲਾਵਾ ਸਭ ਨੂੰ ਬਰਾਬਰਤਾ ਦੇ ਆਧਾਰ 'ਤੇ ਪੈਨਸ਼ਨ ਦਿੱਤੀ ਜਾਵੇ। 2 ਅਗਸਤ 2021 ਦੀ ਖ਼ਬਰ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਦੇ ਸਿਰਫ਼ ਤਿੰਨ ਵਿਧਾਇਕ ਸ. ਕੁਲਜੀਤ ਸਿੰਘ ਨਾਗਰਾ, ਸ. ਸਿਮਰਨਜੀਤ ਸਿੰਘ ਬੈਂਸ ਤੇ ਸ. ਬਲਵਿੰਦਰ ਸਿੰਘ ਬੈਂਸ ਹੀ ਅਜਿਹੇ ਵਿਧਾਇਕ ਹਨ ਜਿਨ੍ਹਾਂ ਦੀ ਤਨਖਾਹ ਵਿੱਚੋਂ ਆਮਦਨ ਕਰ ਅਦਾ ਕੀਤਾ ਜਾਂਦਾ ਹੈ ਜਦ ਕਿ 93 ਵਿਧਾਇਕਾਂ ਦਾ ਆਮਦਨ ਕਰ ਸਰਕਾਰੀ ਖਜ਼ਾਨੇ ਵਿੱਚੋ ਦਿੱਤਾ ਜਾ ਰਿਹਾ ਹੈ। 2017-18 ਵਿੱਚ 82 ਲੱਖ 77 ਹਜ਼ਾਰ 506 ਰੁਪਏ, 2018-19 ਵਿੱਚ 65 ਲੱਖ 95 ਹਜ਼ਾਰ 264 ਰੁਪਏ, 2019-20 ਵਿੱਚ 64 ਲੱਖ 93 ਹਜ਼ਾਰ 652 ਰੁਪਏ, 2020-21 ਵਿੱਚ 62 ਲੱਖ 54 ਹਜ਼ਾਰ 952 ਰੁਪਏ ਆਮਦਨ ਕਰ ਸਰਕਾਰ ਵਜੋਂ ਅਦਾ ਕੀਤੇ ਗਏ।

13 ਅਗਸਤ 2021 ਦੀ ਖ਼ਬਰ ਅਨੁਸਾਰ 27 ਵਿਧਾਇਕਾਂ ਜਿਨ੍ਹਾਂ ਵਿੱਚ ਜ਼ਿਆਦਾਤਰ ਵਿਧਾਇਕ ਸ. ਨਵਜੋਤ ਸਿੰਘ ਸਿੱਧੂ ਦੇ ਖੇਮੇ ਵਿੱਚੋਂ ਸਨ ਉਨ੍ਹਾਂ ਨੂੰ ਇਹ ਆਖ ਕੇ ਕਿ ਫੰਡ ਖ਼ਤਮ ਹੋ ਗਿਆ ਕਹਿ ਕਿ ਕਾਰਾਂ ਨਹੀਂ ਦਿੱਤੀਆਂ ਗਈਆਂ ਜਦ ਕਿ ਕੈਪਟਨ ਧੜ੍ਹੇ ਦੇ 22 ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨੂੰ 3 ਕਰੋੜ 45 ਲੱਖ ਖ਼ਰਚ ਕੇ ਗੱਡੀਆਂ ਲੈ ਕੇ ਦਿੱਤੀਆਂ ਗਈਆਂ। ਪਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸੁਰੱਖਿਆ ਲਈ ਚਾਰ ਨਵੀਆਂ ਗੱਡੀਆਂ ਖਰੀਦੀਆਂ ਗਈਆਂ ਜਿਨ੍ਹਾਂ ਵਿੱਚ ਤਕਰੀਬਨ 55 ਲੱਖ ਰੁਪਏ ਖਰਚ ਗਏ। ਮੰਚ ਆਗੂ ਨੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਪਾਰਟੀ ਬਾਜੀ ਤੋਂ ਉੱਠ ਕੇ ਸਰਕਾਰੀ ਖਜਾਨੇ ਦੀ ਲੁੱਟ-ਘਸੁੱਟ ਵਿਰੁੱਧ ਆਵਾਜ਼ ਉਠਾਉਣ।

# ਇਕ ਆਦਰਸ਼ ਪਿਤਾ ਹੁੰਦਾ ਹੈ ਬੱਚੇ ਦਾ ਆਦਰਸ਼

ਹਰਜਿੰਦਰ ਸਿੰਘ ਬਸਿਆਲਾ (ਨਿਊਜ਼ੀਲੈਂਡ)
021 025 39 830

ਬੱਚਿਆਂ ਦੇ ਜੀਵਨ ਵਿਚ ਮਾਂ-ਬਾਪ ਇਕ ਤਰ੍ਹਾਂ ਨਾਲ ਪ੍ਰਮਾਤਮਾ ਦਾ ਰੂਪ ਹੁੰਦੇ ਹਨ ਕਿਉਂਕਿ ਇਹ ਹੀ ਇਸ ਦੇ ਜਨਮ ਦਾਤਾ ਹੁੰਦੇ ਹਨ। ਛੋਟੇ ਹੁੰਦਿਆਂ ਬੱਚਿਆਂ ਨੂੰ ਮਾਂ-ਬਾਪ ਵੱਲੋਂ ਰੱਜਵਾਂ ਪਿਆਰ ਅਤੇ ਹੋਰ ਜ਼ਰੂਰਤਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਬੱਚੇ ਨੂੰ ਉਂਗਲ ਫੜ ਕੇ ਰੁੜ੍ਹਨਾ ਸਿਖਾਉਣ ਤੋਂ ਲੈ ਕੇ ਸਿਧੇ ਹੋ ਦੁਨੀਆ ਵਿਚ ਤੁਰਨਾ ਸਿਖਾਉਣਾ ਮਾਪਿਆਂ ਦੇ ਹਿੱਸੇ ਆਉਂਦਾ ਹੈ। ਸਕੂਲੀ ਪੜ੍ਹਾਈ ਭਾਵੇਂ ਜਿੰਨੀ ਮਰਜ਼ ਕੋਈ ਕਰ ਲਵੇ ਪਰ ਸਿਆਣਿਆ ਦਾ ਕਿਹਾ ਕਿ ''ਇਕ ਪਿਤਾ ਸੌ ਤੋਂ ਵੱਧ ਸਕੂਲੀ ਅਧਿਆਪਕਾਂ ਨਾਲ ਉਪਰ ਹੁੰਦਾ ਹੈ'' ਵੀ ਡੂੰਘੇ ਮਾਇਨੇ ਰੱਖਦਾ ਹੈ। ਅੱਜ ਜਿਨ੍ਹਾਂ ਦੇ ਮਾਪੇ ਵਿਸਰ ਗਏ ਹਨ, ਉਨ੍ਹਾਂ ਨੂੰ ਪੁੱਛਿਆਂ ਪਤਾ ਲਗਦਾ ਹੈ ਕਿ ਉਨ੍ਹਾਂ ਦੀ ਕੀ ਕੀਮਤ ਸੀ। ਬੇਫਿਕਰੇ ਆਜ਼ਾਦ ਪੰਛੀ ਤਾਂ ਹੀ ਬਣਿਆ ਜਾ ਸਕਦਾ ਹੈ ਜਦੋਂ ਇਹ ਅਹਿਸਾਸ ਹੋਵੇ ਕਿ ਜਿਸ ਆਲ੍ਹਣੇ ਵਿਚੋਂ ਮੈਂ ਉਡਾ, ਮੁੜ ਕੇ ਆਉਂਦਿਆਂ ਨੂੰ ਉਥੇ ਜਨਮ ਦਾਤੇ ਉਡੀਕਦੇ ਹੋਣ।

ਬੱਚੇ ਨੂੰ ਪਾਲਣ-ਪੋਸ਼ਣ ਲਈ ਜਿੱਥੇ ਮਾਂ ਦੀ ਮਮਤਾ ਆਪਣਾ ਸਾਰਾ ਕੁਝ ਉਸ ਉੱਤੇ ਨਿਛਾਵਰ ਕਰ ਦੇਣ ਨੂੰ ਤਿਆਰ ਹੁੰਦੀ ਹੈ ਉੱਥੇ ਪਿਤਾ ਵੀ ਘਰ ਗ੍ਰਹਿਸਥੀ ਦੇ ਨਾਲ-ਨਾਲ ਬੱਚਿਆਂ ਨੂੰ ਪਿਆਰਨ ਅਤੇ ਦੁਲਾਰਨ ਵਿਚ ਪਿੱਛੇ ਨਹੀਂ ਰਹਿੰਦਾ। ਜਿੱਥੇ ਮਾਂ ਦੇ ਪਿਆਰ ਦਾ ਦੇਣ ਨਹੀਂ ਦਿੱਤਾ ਜਾ ਸਕਦਾ ਉੱਥੇ ਪਿਤਾ ਵੱਲੋਂ ਦਿਨ-ਰਾਤ ਸਿਖਾਈ ਜੀਵਨ ਜਾਚ ਦੇ ਬਰਾਬਰ ਦਾ ਕੋਈ ਹੋਰ ਨਹੀਂ ਹੋ ਸਕਦਾ ਬਸ਼ਰਤੇ ਕਿ ਪਿਤਾ ਵੀ ਇਕ ਆਦਰਸ਼ਵਾਦੀ ਅਤੇ ਆਪਣੇ ਆਪ ਵਿਚ ਇਕ ਆਦਰਸ਼ ਉਦਾਹਰਣ ਹੋਵੇ। ਮਨੋਵਿਗਿਆਨੀਆ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਜਿਨ੍ਹਾਂ ਬੱਚਿਆਂ ਦੀ ਮਾਂ ਜਾਂ ਫਿਰ ਪਿਤਾ ਦੋਵਾਂ ਵਿਚੋਂ ਇਕ ਦਾ ਵੀ ਪਿਆਰ ਨਾ ਮਿਲਿਆ ਹੋਵੇ ਤਾਂ ਉਸ ਬੱਚੇ ਦੀ ਮਾਨਸਿਕਤਾ ਅਤੇ ਜੀਵਨ ਸ਼ੈਲੀ ਵਿਚ ਕਿਤੇ ਨਾ ਕਿਤੇ ਨਾ




ਕੋਈ ਊਣਤਾਈ ਰਹਿ ਜਾਂਦੀ ਹੈ। ਗੁਰਬਾਣੀ ਵਿਚ ਪਿਤਾ ਦੇ ਦਰਜੇ ਨੂੰ ਮਾਂ ਦੇ ਦਰਜੇ ਤੋਂ ਉੱਪਰ ਮੰਨਿਆ ਗਿਆ ਹੈ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:-

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥
ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥ -103

ਅਤੇ

ਤੂ ਮੇਰਾ ਪਿਤਾ ਤੂ ਹੈ ਮੇਰਾ ਮਾਤਾ॥
ਤੂ ਮੇਰੇ ਜੀਅ ਪ੍ਰਾਨ ਸੁਖਦਾਤਾ॥ -1144

ਮਤਲਬ ਕਿ ਉਸ ਵਾਹਿਗੁਰੂ ਨੂੰ ਪਿਤਾ ਦੇ ਰੂਪ ਵਿਚ ਸਭ ਤੋਂ ਪਹਿਲਾਂ ਰੱਖਿਆ ਹੈ ਮਾਂ ਅਤੇ ਭਰਾ ਦੇ ਰਿਸ਼ਤੇ ਨੂੰ ਬਾਅਦ ਵਿਚ।

ਭਾਵੇਂ ਪਿਤਾ ਦੇ ਬੱਚਿਆਂ ਪ੍ਰਤੀ ਕੀਤੇ ਗਏ ਅਹਿਸਾਨਾਂ ਦਾ ਕੋਈ ਮੁੱਲ ਨਹੀਂ ਮੋੜਿਆ ਜਾ ਸਕਦਾ ਫਿਰ ਵੀ ਦੁਨੀਆ ਭਰ ਦੇ ਬੱਚਿਆਂ ਨੂੰ ਇਸ ਗੱਲ ਦਾ ਥੋੜ੍ਹਾ ਮਾਣ ਹੈ ਕਿ ਉਨ੍ਹਾਂ ਨੇ ਸਾਲ ਵਿਚ ਇਕ ਦਿਨ ਆਪਣੇ ਪਿਤਾ ਜੀ ਦੇ ਨਾਂਅ ਨਾਲ ਰਿਜ਼ਰਵ ਕਰਵਾ ਲਿਆ ਹੈ। ਇਹ ਵਿਚਾਰ ਵਾਸ਼ਿੰਗਟਨ ਵਿਚ 'ਸੋਨਾਰਾ ਸਮਾਟ ਡੌਡ' ਨਾਂਅ ਦੀ ਇਕ ਇਸਤਰੀ ਨੇ 'ਮਦਰ ਡੇ 1909' ਤੋਂ ਪ੍ਰਭਾਵਿਤ ਹੋ ਕੇ ਦਿੱਤਾ ਸੀ। ਇਸ ਇਸਤਰੀ ਨੂੰ ਇਸ ਦੇ ਪਿਤਾ ਦੇ ਗੁਜ਼ਰ ਜਾਣ ਤੋਂ ਬਾਅਦ ਇਸ ਦੇ ਪਿਤਾ ਨੇ ਹੀ ਪਾਲਿਆ-ਪੋਸਿਆ ਸੀ। ਇਸ ਪਾਲਣ-ਪੋਸ਼ਣ ਲਈ ਇਸ ਦੇ ਪਿਤਾ ਨੇ ਜੋ ਦੁਖ ਹੰਢਾਇਆ, ਜੋ ਮਾਵਾਂ ਵਰਗੇ ਕੰਮ ਕੀਤੇ ਉਹ ਇਕ ਤਰ੍ਹਾਂ ਨਾਲ 'ਪਿਤਾ ਦਿਵਸ' ਦੀ ਨੀਂਹ ਰੱਖ ਗਏ। ਇਸ ਇਸਤਰੀ ਦੇ ਉੱਦਮ ਸਦਕਾ ਪਹਿਲਾ 'ਪਿਤਾ ਦਿਵਸ' 19 ਜੂਨ, 1910 ਨੂੰ 'ਸਪੋਕੇਨ' (ਵਾਸ਼ਿੰਗਟਨ) ਵਿਖੇ ਮਨਾਇਆ ਗਿਆ। 1926 ਵਿਚ ਬਾਕਾਇਦਾ ਨੈਸ਼ਨਲ ਫਾਦਰ ਡੇ ਕਮੇਟੀ ਹੋਂਦ ਵਿਚ ਆਈ।

ਇਸ ਕਮੇਟੀ ਵੱਲੋਂ ਕੀਤੇ ਉਦਮਾਂ ਸਦਕਾ 1956 ਵਿਚ ਇਕ ਮਤਾ ਪਾਸ ਕੀਤਾ ਗਿਆ। ਇਸ ਦਰਮਿਆਨ ਕਈ ਉਤਰਾਅ ਚੜ੍ਹਾਅ ਆਏ ਅੰਤ 1972 ਵਿਚ ਅਮਰੀਕੀ ਰਾਸ਼ਟਰਪਤੀ 'ਰਿਚਰਡ ਨਿਕਸਨ' ਨੇ ਹਰ ਸਾਲ ਅਮਰੀਕਾ ਦੇ ਵਿਚ ਜੂਨ ਮਹੀਨੇ ਦੇ ਤੀਸਰੇ ਐਤਵਾਰ ਨੂੰ 'ਪਿਤਾ ਦਿਵਸ' ਮਨਾਉਣ ਦਾ ਫ਼ੈਸਲਾ ਕੀਤਾ। 1935 ਵਿਚ 'ਪਿਤਾ ਦਿਵਸ' ਦੀ ਸਿਲਵਰ ਸਾਲਗਿਰਾ' ਵੀ ਮਨਾਈ ਜਾ ਚੁੱਕੀ ਹੈ।

ਨਿਊਜ਼ੀਲੈਂਡ ਅਤੇ ਆਸਟਰੇਲੀਆ ਵਿਖੇ ਪਿਤਾ ਦਿਵਸ ਸਤੰਬਰ ਮਹੀਨੇ ਦੇ ਪਹਿਲੇ ਐਤਵਾਰ ਨੂੰ ਹਰ ਸਾਲ ਮਨਾਇਆ ਜਾਂਦਾ ਹੈ। ਸੋ ਨਿਊਜ਼ੀਲੈਂਡ ਦੇ ਵਿਚ ਅੱਜ ਦੇ ਦਿਨ ਹੋਣਹਾਰ ਮਾਪਿਆਂ ਦੇ ਭਾਗਸ਼ਾਲੀ ਬੱਚੇ ਇਸ ਦਿਨ ਨੂੰ ਆਪਣੇ ਪਿਤਾ ਜੀ ਦੇ ਸਤਿਕਾਰ ਦੇ ਰੂਪ ਵਿਚ ਮਨਾਉਂਦੇ ਹਨ। ਉਨ੍ਹਾਂ ਲਈ ਸ਼ੁੱਭ ਇਛਾਵਾਂ ਅਤੇ ਸੌਗਤਾਂ ਦੇ ਕੇ ਅਤੇ ਇਕ ਥਾਂ ਇਕੱਠੇ ਹੋ ਕੇ ਖਸ਼ੀ-ਖੁਸ਼ੀ ਜਸ਼ਨ ਮਨਾਉਂਦੇ ਹਨ।

# ਇਮੀਗ੍ਰੇਸ਼ਨ ਵਿਭਾਗ ਨੇ ਰੈਜ਼ੀਡੈਂਟ ਵੀਜ਼ੇ ਵਾਲਿਆਂ ਨੂੰ ਵਾਪਿਸ ਪਰਤਣ ਲਈ ਦਿੱਤਾ ਸਾਲ ਭਰ ਦਾ ਹੋਰ ਸਮਾਂ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਇਮੀਗ੍ਰੇਸ਼ਨ ਹੁਣ ਹਵਾਈ ਯਾਤਰਾ ਨੇੜ ਭਵਿੱਖ ਦੇ ਵਿਚ ਨਾ ਖੁੱਲਣ ਦੀ ਸੰਭਾਵਨਾ ਜਾਂ ਕਹਿ ਲਈ ਨਾ ਖੋਲ੍ਹਣ ਦੀ ਮਣਸ਼ਾ ਦੇ ਨਾਲ ਮੋਟਾ-ਮੋਟਾ ਹਿਸਾਬ ਲਾ ਕੇ ਕੁਝ ਵੀਜ਼ਾ ਸ਼੍ਰੇਣੀਆਂ ਸ਼ਰਤਾਂ ਨੂੰ ਨਰਮ ਕਰ ਰਹੀ ਹੈ। ਰੈਜ਼ੀਡੈਂਟ ਵੀਜ਼ੇ ਵਾਲਿਆਂ ਦੇ ਲਈ ਖਬਰ ਹੈ ਕਿ ਜਿਹੜੇ ਲੋਕ ਇਸ ਵੇਲੇ ਦੇਸ਼ ਤੋਂ ਬਾਹਰ ਹਨ ਅਤੇ ਪ੍ਰਤੀ ਸਾਲ 184 ਦਿਨ (ਦੋ ਸਾਲ ਤੱਕ) ਪੂਰੇ ਕਰਨ ਤੋਂ ਅਸਮਰਥ ਹਨ ਤਾਂ ਉਨ੍ਹਾਂ ਦੇ ਲਈ ਵੀਜ਼ਾ ਯਾਤਰਾ ਸ਼ਰਤਾਂ ਨੂੰ 10 ਸਤੰਬਰ 2022 ਤੱਕ ਵਧਾ ਦਿੱਤਾ ਗਿਆ ਹੈ। ਇਹ ਉਨ੍ਹਾਂ ਵਾਸਤੇ ਹੈ ਜਿਨ੍ਹਾਂ ਦੀਆਂ ਵੀਜ਼ਾ ਯਾਤਰਾ ਸ਼ਰਤਾਂ 25 ਅਗਸਤ 2021 ਤੋਂ 10 ਸਤੰਬਰ 2022 ਤੱਕ ਖਤਮ ਹੋਣ ਵਾਲੀਆਂ ਸਨ ਅਤੇ ਉਹ 22 ਅਗਸਤ 2021 ਨੂੰ ਦੇਸ਼ ਤੋਂ ਬਾਹਰ ਸਨ। ਇਹੀ ਵੀਜ਼ਾ ਯਾਤਰਾ ਸ਼ਰਤਾਂ ਪਿਛਲੇ ਸਾਲ 11 ਸਤੰਬਰ 2021 ਤੱਕ ਵਧਾਈਆਂ ਗਈਆਂ ਸਨ ਅਤੇ ਹੁਣ ਇਕ ਸਾਲ ਲਈ ਹੋਰ ਵਧਾ ਦਿੱਤੀਆਂ ਗਈਆਂ ਹਨ। ਜਿਨ੍ਹਾਂ ਦਾ ਰੈਜ਼ੀਡੈਂਟ ਵੀਜ਼ਾ ਨਵਾਂ ਲੱਗਿਆ ਸੀ ਅਤੇ ਸਰਹੱਦਾਂ ਬੰਦ ਹੋਣ ਕਰਕੇ ਇਥੇ ਇਕ ਵਾਰ ਵੀ ਦਾਖਲ ਨਹੀਂ ਹੋ ਸਕੇ, ਉਨ੍ਹਾਂ ਵਾਸਤੇ ਇਮੀਗ੍ਰੇਸ਼ਨ ਨੇ ਵਿਸ਼ੇਸ਼ 'ਐਂਟਰੀ ਪਰਮਿਸ਼ਨ' ਖੋਲ੍ਹੀ ਸੀ, ਜਿਸਦਾ ਮਤਲਬ ਸੀ ਕਿ ਇਥੇ ਆਉਣ ਤੋਂ ਪਹਿਲਾਂ ਆਗਿਆ ਲੈ ਲਓ।





ਜਿਨ੍ਹਾਂ ਲੋਕਾਂ ਨੂੰ ਰੈਜ਼ੀਡੈਂਸੀ ਤਾਂ ਮਿਲ ਗਈ ਸੀ, ਪਰ ਪ੍ਰਤੀ ਸਾਲ 184 ਦਿਨ (ਦੋ ਸਾਲ ਤੱਕ) ਇਥੇ ਪੂਰੇ ਕਰਨੇ ਸੀ, ਪਰ ਨਹੀਂ ਕਰ ਸਕੇ ਸਰਹੱਦਾਂ ਬੰਦ ਕਾਰਨ ਚਾਹੁੰਦੇ ਹੋਏ ਵੀ ਨਹੀਂ ਆ ਪਾਏ, ਉਨ੍ਹਾਂ ਵਿਚੋਂ ਬਹੁਤਿਆਂ ਦੀ ਰੈਜੀਡੈਂਸੀ ਰੱਦ ਹੋ ਜਾਣ ਦੀ ਸੰਭਾਵਨਾ ਸੀ, ਪਰ ਹੁਣ ਉਹ ਇਸ ਵਾਪਿਸੀ ਯਾਤਰਾ ਲਈ ਮਿਲੇ ਹੋਰ ਇਕ ਸਾਲ ਦੇ ਰਾਹਤ ਸਮੇਂ ਵਿਚ ਵਾਪਿਸ ਆ ਕੇ 184 ਦਿਨ ਪੂਰੇ ਕਰ ਸਕਦੇ ਹਨ ਅਤੇ ਪਰਮਾਨੈਂਟ ਰੈਜ਼ੀਡੈਂਸੀ ਵਾਸਤੇ ਅਪਲਾਈ ਕਰ ਸਕਦੇ ਹਨ। ਇਸ ਸਬੰਧੀ ਇਮੀ-ਗ੍ਰੇਸ਼ਨ ਵਿਭਾਗ 10 ਸਤੰਬਰ 2021 ਤੱਕ ਲੋਕਾਂ ਨੂੰ ਈਮੇਲ ਰਾਹੀਂ ਸੂਚਿਤ ਵੀ ਕਰੇਗਾ। ਕੁਆਰਨਟੀਨ ਫ੍ਰੀ ਯਾਤਰਾ ਇਸ ਵੇਲੇ ਬੰਦ ਹੈ ਇਸ ਕਰਕੇ ਜਿਹੜਾ ਵੀ ਹੁਣ ਆਵੇਗਾ ਉਹ ਸੇਫ ਜ਼ੋਨ ਦੇਸ਼ ਦੇ ਵਿਚੋਂ 14 ਦਨਿ ਰਹਿ ਕੇ ਇਥੇ ਆਵੇਗਾ ਅਤੇ ਦੁਬਾਰਾ ਮੈਨੇਜ਼ ਆਈਸੋਲੇਸ਼ਨ ਦੇ ਵਿਚ 14 ਦਿਨ ਰਹੇਗਾ। ਜੇਕਰ ਕੋਈ 2 ਸਾਲ ਤੋਂ ਉਪਰ ਹੈ ਤਾਂ 72 ਘੰਟੇ ਪਹਿਲਾਂ ਕਰੋਨਾ ਟੈਸਟ (“-3 (3) ਨੈਗੇਟਿਵ ਆਉਣਾ ਚਾਹੀਦਾ ਹੈ। ਇਥੇ ਪਹੁੰਚਣ ਉਤੇ ਪਹਿਲੇ ਦਿਨ, ਤੀਜੇ ਦਿਨ ਅਤੇ 12ਵੇਂ ਦਿਨ ਦੁਬਾਰਾ ਕਰੋਨਾ ਟੈਸਟ ਹੋਵੇਗਾ।

ਵਾਪਿਸੀ ਵਾਸਤੇ ਪ੍ਰਬੰਧਕੀ ਇਕਾਂਤਵਾਸ ਲਈ ਬੁਕਿੰਗ ਕਰਨੀ ਵੀ ਜ਼ਰੂਰੀ ਹੈ, ਪਰ ਉਹ ਕਰੋਨਾ ਮਹਾਂਮਾਰੀ ਦੁਬਾਰਾ ਆਉਣ ਕਰਕੇ ਬੰਦ ਪਈ ਹੈ। ਕਰੋਨਾ ਮਹਾਂਮਾਰੀ ਲਈ ਸਭ ਤੋਂ ਜਿਆਦਾ ਖਤਰੇ ਵਾਲੇ ਦੇਸ਼ਾਂ ਦੇ ਵਿਚ ਬ੍ਰਾਜ਼ੀਲ, ਫੀਜ਼ੀ, ਇੰਡੀਆ, ਇੰਡੋਨੇਸ਼ੀਆ, ਪਾਕਿਸਤਾਨ ਅਤੇ ਪਾਪੂਆ ਨਿਊ ਗੀਨ ਹਨ। ਭਾਰਤ ਤੋਂ ਆਉਣ ਵਾਲੀਆਂ ਫਲਾਈਟਾਂ 11 ਅਪ੍ਰੈਲ ਤੋਂ ਬੰਦ ਕੀਤਆਂ ਗਈਆਂ ਸਨ ਅਤੇ 28 ਅਪ੍ਰੈਲ ਤੱਕ ਜਾਰੀ ਰਹੀਆਂ ਸਨ। 2 ਸਤੰਬਰ ਤੱਕ ਇਥੇ 3742 ਲੋਕ ਆਈਸੋਲੇਸ਼ਨ ਦੇ ਵਿਚ, 744 ਕੁਆਰਨਟੀਨ ਦੇ ਵਿਚ ਸਨ। ਅਗਲੇ 15 ਦਿਨਾਂ ਦੇ ਵਿਚ 3464 ਹੋਰ ਲੋਕਾਂ ਦੇ ਆਉਣ ਦਾ ਅਨੁਮਾਨ ਸੀ।

# ਸਿੰਗਾਪੋਰਟ ਏਅਰਪੋਰਟ ਮਨਾ ਰਿਹਾ 40ਵੀਂ ਸਾਲਗਿਰਾ-ਅਤੇ ਕੀਵੀਆਂ ਨੂੰ ਕਰ ਰਿਹੈ ਸ਼ਿੱਦਤ ਨਾਲ 'ਮਿਸ'

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਅੰਤਰਰਾਸ਼ਟਰੀ ਸਰਹੱਦਾਂ ਬੰਦ ਹੋਣ ਕਾਰਨ ਲਗਪਗ ਸਾਰੇ ਦੇਸ਼ਾਂ ਦੇ ਹਵਾਈ ਅੱਡੇ ਬੇਰੌਣਕੇ ਹੋ ਕੇ ਰਹਿ ਗਏ ਹਨ। ਹਵਾਈ ਅੱਡੇ ਆਪਣੇ ਯਾਤਰੀਆਂ ਨੂੰ ਆਵਾਜ਼ਾ ਮਾਰਦੇ ਵਿਖਾਈ ਦਿੰਦੇ ਹਨ ਕਿ ਜਦੋਂ ਵੀ ਸਮਾਂ ਬਣੇ ਸਾਡੇ ਦੇਸ਼ ਆਓ, ਸਾਡੇ ਹਵਾਈ ਅੱਡੇ ਦੀ ਖੂਬਸੂਰਤੀ ਵੇਖਣ ਆਓ। ਦੁਨੀਆ ਦਾ ਇਕ ਬਿਹਤਰੀਨ ਹਵਾਈ ਅੱਡਾ 'ਚਾਂਗੀ (ਸ਼ਾਂਗੀ) ਏਅਰਪੋਰਟ' (ਸਿੰਗਾਪੋਰ) ਇਸ ਵੇਲੇ ਨਿਊਜ਼ੀਲੈਂਡਰਾਂ (ਕੀਵੀਆਂ) ਨੂੰ ਬਹੁਤ ਸ਼ਿੱਦਤ ਨਾਲ ਯਾਦ (ਮਿਸ) ਕਰ ਰਿਹਾ ਹੈ। ਇਸ ਸਬੰਧੀ ਉਨ੍ਹਾਂ ਫੇਸਬੁੱਕ ਉਤੇ ਪੋਸਟ ਵੀ ਪਾਈ ਹੈ। 1981 ਤੋਂ ਵਿਸ਼ਵ ਭਰ ਦੇ ਜਹਾਜ਼ਾਂ ਲਈ ਲਿਸ਼ਕਦੇ ਰੱਨਵੇਅ ਖੋਲ੍ਹਣ ਵਾਲਾ ਇਹ ਹਵਾਈ ਅੱਡਾ ਆਪਣੀ 40ਵੀਂ ਸਾਲਗਿਰਾ ਮਨਾ ਰਿਹਾ ਹੈ। ਉਂਜ 1959 ਦੇ ਵਿਚ ਇਥੇ 'ਪਾਇਆ ਲੇਬਾਰ' ਹਵਾਈ ਅੱਡੇ (ਫੌਜ ਦਾ ਹਵਾਈ ਅੱਡਾ) ਉਤੇ ਪਹਿਲੀ ਅੰਤਰਰਾਸ਼ਟਰੀ ਉਡਾਣ (ਕੁਆਇੰਟਸ) ਦੀ ਪਹੁੰਚੀ ਸੀ। ਇਹ ਅੱਡਾ ਹੁਣ ਤੱਕ 40 'ਕੁਤਾਹੀ ਮੁਕਤ ਉਡਾਣਾਂ' ਦਾ ਐਵਾਰਡ ਵੀ ਹਾਸਿਲ ਕਰ ਚੁੱਕਾ ਹੈ ਤੇ ਇਸ ਤੋਂ ਇਲਾਵਾ ਹਵਾਈ ਅੱਡਿਆਂ ਨੂੰ ਮਿਲਣ ਵਾਲੇ ਸਾਰੇ ਐਵਾਰਡਾਂ ਦੇ ਵਿਚ ਉਹ ਮੋਹਰੀ ਹੀ ਰਿਹਾ ਹੈ।



40ਵੀਂ ਸਾਲਾਗਿਰਾ ਸਬੰਧੀ ਹਵਾਈ ਅੱਡੇ ਅੰਦਰ ਇਕ ਪ੍ਰਦਰਸ਼ਨੀ ਵੀ ਲਾਈ ਗਈ ਹੈ ਜਿੱਥੇ ਵੱਖ-ਵੱਖ ਦੇਸ਼ਾਂ ਦੇ ਸੈਰ ਸਪਾਟਾ ਥਾਵਾਂ ਨੂੰ ਅਧਾਰ ਬਣਾਇਆ ਗਿਆ ਹੈ। ਪ੍ਰਦਰਸ਼ਨੀ ਵੇਖਣ ਵਾਸਤੇ ਕਾਰ ਪਾਰਕਿੰਗ ਫ੍ਰੀ ਕੀਤੀ ਗਈ ਹੈ ਤਾਂ ਕਿ ਲੋਕ ਏਅਰਪੋਰਟ ਆਉਣਾ ਸੌਖਾ ਮਹਿਸੂਸ ਕਰ ਸਕਣ। ਸਿੰਗਾਪੋਰ ਏਅਰ ਲਾਈਨ ਕੋਲ ਇਸ ਵੇਲ 160 ਦੇ ਕਰੀਬ ਛੋਟੇ-ਵੱਡੇ ਜਹਾਜ਼ ਹਨ। ਏਅਰਫੋਰਸ ਅਤੇ ਸਿੰਗਾਪੋਰ ਵਾਲੇ ਸਿੱਖ: ਵਰਨਣਯੋਗ ਹੈ ਕਿ ਸਿੰਗਾਪੋਰ ਏਅਰਫੋਰਸ ਦੇ ਕੋਲ 319 ਏਅਰ ਕਰਾਫਟ ਹਨ। ਇਥੇ ਵਸਦੇ ਸਿੱਖਾਂ ਦਾ ਏਅਰ ਫੋਰਸ ਦੇ ਵਿਚ ਵੱਡਾ ਯੋਗਦਾਨ ਹੈ। ਫਾਈਟਰ ਜਹਾਜ਼-5 ਸ਼੍ਰੇਣੀ ਅਤੇ ਫਾਈਟਰ ਜਹਾਜ਼-16 ਸ਼੍ਰੇਣੀ ਵੀ ਸਿੰਗਾਪੋਰ ਕੋਲ ਹਨ। ਸਿੰਗਾਪੋਰ ਸਮੇਤ ਪੂਰੇ ਵਿਸ਼ਵ ਵਿਚ ਇਸ ਤਰ੍ਹਾਂ ਦੇ ਲੜਾਕੇ ਜਹਾਜ਼ਾਂ ਨੂੰ ਉਡਾਉਣ ਵਾਲੇ (ਆਪ੍ਰੇਸ਼ਨਲ ਪਾਇਲਟ) ਪਹਿਲੇ ਸਿੱਖ ਬ੍ਰਿਗੇਡੀਅਰ ਜਨਰਲ ਸਰਬਜੀਤ ਸਿੰਘ ਹਨ ਜਿਨ੍ਹਾਂ 32 ਸਾਲ ਦਾ ਰੀਪਬਲਿਕ ਆਫ ਸਿੰਗਾਪੋਰ ਏਅਰ ਫੋਰਸ (ਆਰ. ਐਸ. ਏ. ਐਫ਼) ਦੇ ਵਿਚ ਸੇਵਾ ਕੀਤੀ ਹੈ ਤੇ 29 ਅਕਤੂਬਰ 2014 ਨੂੰ ਉਹ ਰਿਟਾਇਰ ਹੋਏ ਹਨ। ਕਮਾਂਡਰ ਆਫ ਦਾ ਏਅਰ ਪਾਵਰ ਜਨਰੇਸ਼ਨ ਕਮਾਂਡ ਦੇ ਅਹੁਦੇ ਤੋਂ ਰਿਟਾਇਰਡ ਹੁੰਦਿਆ ਉਨ੍ਹਾਂ 01 ਅਗਸਤ 2014 ਨੂੰ ਇਹ ਕਮਾਨ ਅਗਲੇ ਕਮਾਂਡਰ ਬੀ. ਜੀ. ਨੀਓ ਹਾਂਗ ਕੀਟ ਨੂੰ ਸੌਂਪੀ ਸੀ। ਸ. ਸਰਬਜੀਤ ਸਿੰਘ ਨੂੰ ਛੋਟੇ ਹੁੰਦਿਆ ਪਾਇਲਟ ਬਨਣ ਦਾ ਸ਼ੌਕ ਸੀ। ਇਕ ਵਾਰ ਉਹ ਉਪਰ ਜਹਾਜ਼ ਉਡਦਾ ਵੇਖਦਿਆਂ ਖੱਡੇ ਵਿਚ ਡਿੱਗ ਵੀ ਪਏ ਸਨ ਅਤੇ ਨੱਕ ਦੀ ਹੱਡੀ ਟੁੱਟ ਗਈ ਸੀ। ਪ੍ਰਾਈਵੇਟ ਪਾਇਲਟ ਬਨਣ ਦੇ ਟੈਸਟ ਮੌਕੇ ਉਨ੍ਹਾਂ ਨੂੰ ਦਿਲ ਦੀ ਧੜਕਣ ਆਮ ਨਾ ਹੋਣ ਕਰਕੇ ਦਾਖਲਾ ਨਹੀਂ ਸੀ ਮਿਲਿਆ। ਉਨ੍ਹਾਂ ਆਪਣਾ ਸੁਪਨਾ ਫਿਰ ਜਨਵਰੀ 1983 'ਚ ਏਅਰਫੋਰਸ ਦੇ ਵਿਚ ਭਰਤੀ ਹੋ ਕੇ ਪੂਰਾ ਕੀਤਾ ਸੀ। 2002 ਦੇ ਵਿਚ ਉਹ 'ਏਅਰ ਵਾਰ ਕਾਲਜ ਅਮਰੀਕਾ' ਗਏ। ਨੌਕਰੀ ਅਤੇ ਪ੍ਰਸ਼ਾਸਨਿਕ ਡਿਊਟੀ ਦੌਰਾਨ ਕਈ ਐਵਾਰਡ ਅਤੇ ਕਾਂਸੀ ਦਾ ਤਮਗਾ ਮਿਲਿਆ। ਸਿੰਗਾਪੋਰ ਵਿਖੇ ਬ੍ਰਿਗੇਡੀਅਰ ਦਾ ਰੈਂਕ ਵਾਲੇ ਉਹ ਪਹਿਲੇ ਸਿੱਖ ਸਨ। ਸਾਲ 2015 ਦੇ ਵਿਚ ਸਿੰਗਾਪੋਰ ਨੇ ਆਪਣੀ ਆਜ਼ਾਦੀ ਦੀ 50ਵੀਂ ਸਾਲਗਿਰਾ ਮਨਾਈ ਸੀ ਤਾਂ ਉਥੇ ਵਸਦੇ ਸਿੱਖਾਂ ਨੇ 50 ਪ੍ਰਮੁੱਖ ਸਿੰਗਾਪੋਰ ਵਾਲੇ ਸਿੱਖਾਂ ਦੀ ਜੀਵਨ ਕਹਾਣੀ ਛਾਪੀ ਸੀ। ਇਨ੍ਹਾਂ ਸਾਰਿਆਂ ਦੀ ਜੀਵਨ ਕਹਾਣੀ ਪੜ੍ਹ ਕੇ ਇਕ ਵਾਰ ਤਾਂ ਜਰੂਰ ਮਾਣ ਮਹਿਸੂਸ ਹੁੰਦਾ ਹੈ ਕਿ ਕਿਵੇਂ ਸਿੱਖ ਲੋਕ ਸਿੰਗਾਪੋਰ ਵਰਗੇ ਮੁਲਕਾਂ ਦੇ ਵਿਚ ਉਚ ਅਹੁਦਿਆਂ ਉਤੇ ਕੰਮ ਕਰ ਰਹੇ ਹਨ। ਸਿੰਗਾਪੋਰ ਪੁਲਿਸ ਦੇ ਵਿਚ ਪੰਜਾਬੀਆਂ ਨੇ ਬਹੁੱਤ ਵੱਡੀਆਂ ਮੱਲਾਂ ਮਾਰੀਆਂ ਹਨ। 1881 ਦੇ ਵਿਚ ਇਥੇ ਪੰਜਾਬ ਤੋਂ 165 ਦੇ ਕਰੀਬ ਲੋਕ ਆਏ ਸਨ 100 ਨੌਜਵਾਨ ਆ ਕੇ ਪੁਲਿਸ ਵਿਚ ਭਰਤੀ ਹੋਏ ਸਨ। 1849 ਦੇ ਵਿਚ ਇਥੇ ਪਹਿਲਾ ਸਿੱਖ (ਰਾਜਨੀਤਕ ਕੈਦੀ) ਪਹੁੰਚਿਆ ਸੀ।

# ਬੈਂਸ ਖ਼ਿਲਾਫ਼ ਮਾਮਲਿਆਂ ਦੀ ਜਾਂਚ 'ਤੇ ਹਾਈ ਕੋਰਟ ਨੇ ਉਠਾਏ ਸਵਾਲ

**ਚੰਡੀਗੜ੍ਹ-** ਸਾਬਕਾ ਤੇ ਮੌਜੂਦਾ ਸੰਸਦ ਮੈਂਬਰਾਂ/ਵਿਧਾਇਕਾਂ ਖ਼ਿਲਾਫ਼ ਚੱਲ ਰਹੇ ਮਾਮਲਿਆਂ ਵਿਚ ਪੰਜਾਬ ਸਰਕਾਰ ਨੇ ਲੁਧਿਆਣਾ ਦੇ ਆਤਮਾ ਨਗਰ ਤੋਂ ਵਿਧਾਇਕ ਸਿਮਰਜੀਤ ਬੈਂਸ ਬਾਰੇ ਹਾਈ ਕੋਰਟ ਨੂੰ ਦੱਸਿਆ ਕਿ ਬੈਂਸ ਖ਼ਿਲਾਫ਼ ਦਰਜ 17 ਮਾਮਲਿਆਂ ਵਿਚ ਜਾਂਚ ਜਾਰੀ ਹੈ। ਇਸ ਵਿਚ ਬੈਂਸ ਖ਼ਿਲਾਫ਼ ਜਬਰ ਜਨਾਹ ਦੇ ਮਾਮਲੇ ਨੂੰ ਲੈ ਕੇ 10 ਜੁਲਾਈ ਨੂੰ ਦਰਜ ਐੱਫਆਈਆਰ ਵੀ ਸ਼ਾਮਲ ਹੈ।

ਇਸ ਜਾਣਕਾਰੀ 'ਤੇ ਇਸ ਮਾਮਲੇ ਵਿਚ ਹਾਈ ਕੋਰਟ ਨੂੰ ਸਹਿਯੋਗ ਦੇ ਰਹੇ ਸੀਨੀਅਰ ਐਡਵੋਕੇਟ ਰੁਪਿੰਦਰ ਖੋਸਲਾ ਨੇ ਕਿਹਾ ਕਿ ਜੇ ਇਸੇ ਤਰ੍ਹਾਂ ਨਾਲ ਪੁਲਿਸ ਨੇ ਜਾਂਚ ਕਰਨੀ ਹੈ ਅਤੇ ਕੋਈ ਕਾਰਵਾਈ ਨਹੀਂ ਕਰਨੀ ਤਾਂ ਇਸ ਪਟੀਸ਼ਨ ਦਾ ਕੋਈ ਮਤਲਬ ਹੀ ਨਹੀਂ ਹੈ। ਪੁਲਿਸ ਮਾਮਲੇ ਵਿਚ ਕਾਰਵਾਈ ਨਹੀਂ ਕਰ ਰਹੀ ਹੈ। ਇਸ 'ਤੇ ਜਸਟਿਸ ਰਾਜਨ ਗੁਪਤਾ ਤੇ ਜਸਟਿਸ ਕਰਮਜੀਤ ਸਿੰਘ ਦੇ ਬੈਂਚ ਨੇ ਪੰਜਾਬ ਸਰਕਾਰ ਦੀ ਝਾੜਝੰਬ ਕਰਦੇ ਹੋਏ ਕਿਹਾ ਕਿ ਜੇ ਮਾਮਲੇ ਵਿਚ ਜਾਂਚ ਅਧਿਕਾਰੀ ਸਹੀ ਜਾਂਚ ਨਹੀਂ ਕਰ ਰਿਹਾ ਹੈ ਤਾਂ ਸਰਕਾਰ ਚਾਹੇ ਤਾਂ ਜਾਂਚ ਅਧਿਕਾਰੀ ਨੂੰ ਬਦਲ ਸਕਦੀ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਧੂਮ ਧਾਮ ਨਾਲ ਮਨਾਇਆ ਜਾਵੇਗਾ 14 ਅਕਤੂਬਰ ਨੂੰ ਧੱਮ-ਚੱਕਰ ਪਰਵਰਤਨ ਦਿਵਸ

**ਜਲੰਧਰ (ਜਨ ਸੰਗਰਾਮ ਚੁੰਬਰ)–** ਅੱਜ ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਅੰਬੇਡਕਰ ਭਵਨ ਲੰਧਰ ਵਿਖੇ ਸੋਸਾਇਟੀ ਦੇ ਪ੍ਰਧਾਨ ਸੋਹਨ ਲਾਲ ਸੇਵਾ ਮੁਕਤ ਡੀਪੀਆਈ (ਕਾਲਜਾਂ) ਦੀ ਪ੍ਰਧਾਨਗੀ ਹੇਠ ਹੋਈ। ਸ਼੍ਰੀ ਸੋਹਨ ਲਾਲ ਨੇ ਦੱਸਿਆ ਕਿ ਬਾਬਾ ਸਾਹਿਬ ਡਾ. ਅੰਬੇਡਕਰ ਦਾ ਵਿਚਾਰ ਸੀ ਕਿ ਹਿੰਦੂ ਧਰਮ ਵਿੱਚ ਅਛੂਤਾਂ ਦਾ ਕੋਈ ਭਵਿੱਖ ਨਹੀਂ ਹੈ ਅਤੇ ਲੋੜ ਪੈਣ ਤੇ ਉਨ੍ਹਾਂ ਨੂੰ ਆਪਣਾ ਧਰਮ ਬਦਲਣਾ ਚਾਹੀਦਾ ਹੈ। 1935 ਵਿੱਚ, ਉਨ੍ਹਾਂ ਨੇ ਜਨਤਕ ਤੌਰ ਤੇ ਘੋਸ਼ਣਾ ਕੀਤੀ, "ਮੈਂ ਇੱਕ ਹਿੰਦੂ ਪੈਦਾ ਹੋਇਆ ਸੀ ਕਿਉਂਕਿ ਮੇਰਾ ਇਸ ਉੱਤੇ ਕੋਈ ਨਿਯੰਤਰਣ ਨਹੀਂ ਸੀ ਪਰ ਮੈਂ ਇੱਕ ਹਿੰਦੂ ਨਹੀਂ ਮਰਾਂਗਾ." ਫਿਰ ਉਨ੍ਹਾਂ ਨੇ 14 ਅਕਤੂਬਰ,1956 ਨੂੰ ਨਾਗਪੁਰ ਵਿਖੇ ਹਿੰਦੂ ਧਰਮ ਦਾ ਤਿਆਗ ਕਰਕੇ ਭੰਤੇ ਚੰਦਰਮਣੀ ਕੋਲੋਂ ਬੁੱਧ ਧੱਮ ਦੀ ਦੀਕਸ਼ਾ ਲਈ ਅਤੇ ਕਿਹਾ ਕਿ ਅੱਜ ਮੇਰਾ ਨਵਾਂ ਜਨਮ ਹੋਇਆ ਹੈ ਅਤੇ ਮੈਂ ਨਰਕ ਤੋਂ ਛੁੱਟਿਆਂ ਹਾਂ. ਉਨ੍ਹਾਂ ਨੇ ਆਪਣੇ ਲੱਖਾਂ ਪੈਰੋਕਾਰਾਂ ਨੂੰ ਬੁੱਧ ਧੱਮ ਦੀਕਸ਼ਾ ਦਿੱਤੀ ਅਤੇ 22 ਪ੍ਰੀਤਿਗਿਆਵਾਂ ਵੀ ਗ੍ਰਹਿਣ ਕਰ-




ਾਈਆਂ. ਇਸ ਦਿਨ ਨੂੰ ਅੰਬੇਡਕਰ ਮਿਸ਼ਨ ਸੋਸਾਇਟੀ ਹਰ ਸਾਲ ਧੱਮ-ਚੱਕਰ ਪਰਵਰਤਨ ਦਿਵਸ ਦੇ ਰੂਪ ਵਿਚ ਮਨਾਉਂਦੀ ਹੈ. ਮੀਟਿੰਗ ਵਿਚ ਇਸ ਬਾਰ ਵੀ ਧੱਮ-ਚੱਕਰ ਪਰਵਰਤਨ ਦਿਵਸ 14 ਅਕਤੂਬਰ, 2021 ਨੂੰ ਬੜੀ ਧੂਮ ਧਾਮ ਅਤੇ ਸ਼ਰਧਾ ਨਾਲ ਮਨਾਉਣ ਦਾ ਸਰਵ ਸੰਮਤੀ ਨਾਲ ਫੈਸਲਾ ਕੀਤਾ ਗਿਆ. ਅੱਜ ਟੀਚਰਸ ਡੇ ਦੇ ਸੰਬੰਧ ਵਿਚ ਸ਼੍ਰੀ ਜਯੋਤੀ ਰਾਓ ਫੂਲੇ ਅਤੇ ਮਾਤਾ ਸਾਵਿਤਰੀ ਬਾਈ ਫੂਲੇ ਵੱਲੋਂ ਸ਼ੋਸ਼ਿਤ ਵਰਗਾਂ ਵਿਚ ਵਿਦਿਆ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਸਭ ਤੋਂ ਪਹਿਲੇ ਕੀਤੇ ਗਏ ਉਪਰਾਲਿਆਂ ਦੀ ਸ਼ਲਾਘਾ ਕੀਤੀ ਗਈ. ਕਰਨਾਲ ਅਤੇ ਮੋਗਾ ਵਿਖੇ ਪੁਲਿਸ ਵੱਲੋਂ ਕਿਸਾਨਾਂ ਤੇ ਕੀਤੇ ਗਏ ਤਸ਼ੱਦਦ ਦੀ ਸੋਸਾਇਟੀ ਨੇ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ. ਦੋਨੋ ਧਿਰਾਂ ਸ਼ਾਂਤੀ ਬਣਾਈ ਰੱਖਣ. ਸੋਸਾਇਟੀ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਜਲਦੀ ਕਿਸਾਨਾਂ ਦੀਆਂ ਮੰਗਾਂ ਤੇ ਗੌਰ ਕਰਕੇ ਉਨ੍ਹਾਂ ਨੂੰ ਇਨਸਾਫ ਦਿੱਤਾ ਜਾਵੇ। ਮੀਟਿੰਗ ਵਿਚ ਲਾਹੌਰੀ ਰਾਮ ਬਾਲੀ, ਬਲਦੇਵ ਰਾਜ ਭਾਰਦਵਾਜ, ਡਾ. ਰਵੀਕਾਂਤ ਪਾਲ, ਐਡਵੋਕੇਟ ਕੁਲਦੀਪ ਭੱਟੀ, ਤਿਲਕ ਰਾਜ, ਐਡਵੋਕੇਟ ਪਰਮਿੰਦਰ ਸਿੰਘ ਖੁੱਤਣ, ਐਡਵੋਕੇਟ ਹਰਭਜਨ ਸਾਂਪਲਾ ਅਤੇ ਮੈਡਮ ਸੁਦੇਸ਼ ਕਲਿਆਣ, ਜਸਵਿੰਦਰ ਵਰਿਆਣਾ, ਸ਼ੰਕਰ ਨਾਵਧਰੇ, ਰਾਜ ਕੁਮਾਰ ਵਰਿਆਣਾ, ਡਾ. ਜੀਵਨ ਸਹੋਤਾ ਅਤੇ ਰਾਜਿੰਦਰ ਪਟਾਕਾ ਹਾਜਰ ਸਨ. ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਵਿਚ ਦਿੱਤੀ।

# ਮਾਲੜੀ ਦੇ ਨਾਵਲ 'ਅਸੀਂ ਨੀ ਜਾਣਾ ਪਾਤਾਲ ਲੋਕ' 'ਤੇ ਵਿਚਾਰ-ਚਰਚਾ









**ਜਲੰਧਰ (ਜਨ ਸੰਗਰਾਮ ਚੁੰਬਰ)––** ਹਰਮੇਸ਼ ਮਾਲੜੀ ਦੇ ਨਾਵਲ 'ਅਸੀਂ ਨੀ ਜਾਣਾ ਪਾਤਾਲ ਲੋਕ' 'ਤੇ ਹੋਈ ਵਿਚਾਰ-ਚਰਚਾ 'ਚ ਸਮਾਜ ਅੰਦਰ ਜਾਤੀ, ਜਮਾਤੀ ਪਾੜੇ, ਦਾਬੇ, ਅਨਿਆ ਅਤੇ ਜਬਰ ਸਿਤਮ ਦੇ ਸੰਤਾਪ ਅਤੇ ਇਸ ਖ਼ਿਲਾਫ਼ ਪਨਪਦੇ ਰੋਹ, ਵਿਦਰੋਹ ਦੀ ਮਾਰਮਕ ਪੇਸ਼ਕਾਰੀ ਦੇ ਗੁੰਦਵੇਂ ਵਰਤਾਰਿਆਂ ਨੂੰ ਮਰਕਜ਼ ਵਿੱਚ ਰੱਖਿਆ ਗਿਆ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਵਿਚਾਰ-ਚਰਚਾ ਦੇ ਮੁੱਖ ਵਕਤਾ ਪ੍ਰੋ.ਮਨਪ੍ਰੀਤ ਜਸ, ਭਗਵੰਤ ਰਸੂਲਪੁਰੀ ਅਤੇ ਦੇਸ ਰਾਜ ਕਾਲੀ ਮੰਚ 'ਤੇ ਸਸ਼ੋਭਤ ਸਨ।

ਅੰਮ੍ਰਿਤਪਾਲ ਬਠਿੰਡਾ ਦੇ ਗੀਤ ਉਪਰੰਤ ਨਾਵਲ 'ਤੇ ਹੋਈ ਵਿਚਾਰ-ਚਰਚਾ ਵਿੱਚ ਬੋਲਦਿਆਂ ਪ੍ਰੋ.ਮਨਪ੍ਰੀਤ ਜਸ ਨੇ ਕਿਹਾ ਕਿ ਨਾਵਲ ਦੀ ਅਸਲ 'ਚ ਮੁੱਖ ਪਾਤਰ ਮਿੰਦੋ ਹੈ ਜਿਹੜੀ ਜਾਤ-ਪਾਤੀ ਅਤੇ ਜਮਾਤੀ ਕੋਹਲੂ ਵਿੱਚ ਪੀੜੀ ਜਾਂਦੀ ਅਖੀਰ ਨਾਬਰ ਹੋ ਕੇ ਨਵੀਂ ਜ਼ਿੰਦਗੀ ਦਾ ਰਾਹ ਚੁਣਦੀ ਹੈ।

ਪ੍ਰੋ. ਜਸ ਨੇ ਕਿਹਾ ਕਿ ਸਾਡੇ ਸਮਿਆਂ ਦੀ ਵਿਆਪਕ ਅਤੇ ਤਿੱਖੀ ਤ੍ਰਾਸਦੀ ਨੂੰ ਨਾਵਲ ਫੜਨ ਦਾ ਯਤਨ ਕਰਦਾ ਹੈ ਜਿਹੜੀ ਇਹ ਦਰਸਾਉਂਦੀ ਹੈ ਕਿ ਹਨੇਰੀ ਲੰਮੀ ਗੁਫ਼ਾ ਵਰਗੀ ਜ਼ਿੰਦਗੀ ਭੋਗਦੀ ਬਹੁ-ਪਰਤੀ ਦਲਿਤ ਸ਼੍ਰੇਣੀ ਵਕਤ ਦੀਆਂ ਚਪੇੜਾਂ ਖਾਣ ਦੀ ਬਜਾਏ ਆਪਣੀ ਕਿਰਤ ਲਈ ਮਾਣ-ਮੱਤਾ ਸਥਾਨ ਹਾਸਲ ਕਰਨਾ ਲੋਚਦੀ ਹੋਈ ਵੀ ਕਿਹੋ ਜਿਹੇ ਬੈਰੀਕੇਡ ਉੱਤੇ ਘਿਰੀ ਖੜ੍ਹੀ ਹੈ।

ਡੇਰਿਆਂ ਤੋਂ ਦੀਕਸ਼ਾ ਦੀ ਆਸ ਰੱਖਦੀ ਭਟਕਣ ਹੰਢਾ ਰਿਹਾ ਮਿਹਨਤਕਸ਼ ਆਵਾਮ, ਨਾਵਲ ਵਿੱਚ ਆਪਣੇ ਮਨ ਦੀ ਬਾਤ ਪਾਉਂਦਾ ਨਜ਼ਰ ਆਉਂਦਾ ਹੈ।

ਭਗਵੰਤ ਰਸੂਲਪੁਰੀ ਨੇ ਕਿਹਾ ਕਿ ਹਰਮੇਸ਼ ਮਾਲੜੀ ਨੇ ਆਪਣੇ ਨਾਵਲ ਵਿੱਚ ਪਰੰਪਰਾਵਾਂ ਤੋਂ ਹਟਕੇ ਨਵੀਆਂ ਅਤੇ ਖੂਬਸੂਰਤ ਗੱਲਾਂ ਕੀਤੀਆਂ ਹਨ। ਨਾਵਲ ਵਿੱਚ ਪ੍ਰਤਿਭਾਵਾਨ ਪਾਤਰਾਂ ਰਾਹੀਂ ਦੁਆਬੇ 'ਚ ਵਸਦੀ ਵਿਸ਼ੇਸ਼ ਸ਼੍ਰੇਣੀ ਦੀ ਹਿਰਦੇਵੇਦਕ ਕਹਾਣੀ ਨੂੰ ਰੂਪਮਾਨ ਕੀਤਾ ਹੈ।

ਦੇਸ਼ ਰਾਜ ਕਾਲੀ ਨੇ ਕਿਹਾ ਕਿ ਦਲਿਤ ਰੋਹ ਦੀ ਮੁੱਲਵਾਨ ਅਤੇ ਨਿਵੇਕਲੀ ਦਾਸਤਾਂ ਹੈ; 'ਅਸੀਂ ਨਹੀਂ ਜਾਣਾ ਪਾਤਾਲ ਲੋਕ'।

ਉੱਘੇ ਕਹਾਣੀਕਾਰ ਅਤਰਜੀਤ, ਜਸਪਾਲ ਮਾਨਖੇੜਾ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਮੰਗਤ ਰਾਮ ਪਾਸਲਾ, ਸੁਰਿੰਦਰ ਕੁਮਾਰੀ ਕੋਛੜ, ਰਮੇਸ਼ ਚੋਹਕਾ, ਡਾ. ਸੈਲੇਸ਼, ਨਾਵਲਕਾਰ ਜਸਵਿੰਦਰ ਜਸ ਹੋਰਾਂ ਨੇ ਨਾਵਲ ਦੇ ਅਨੇਕਾਂ ਪੱਖਾਂ 'ਤੇ ਚਰਚਾ ਕਰਦਿਆਂ ਕਿਹਾ ਕਿ ਸਮਾਜਕ ਯਥਾਰਥ ਨੂੰ ਬਾਰੀਕੀ ਅਤੇ ਗਹਿਰਾਈ ਨਾਲ ਫੜਦਿਆਂ ਹਰਮੇਸ਼ ਮਾਲੜੀ ਨੇ ਸਮਾਜ ਦੇ ਅਦਿਖ ਵਰਤਾਰੇ ਰੌਸ਼ਨੀ ਵਿੱਚ ਲਿਆਂਦੇ ਹਨ।

ਵਿਚਾਰ-ਚਰਚਾ 'ਤੇ ਸਮੇਟਵੀਂ ਟਿੱਪਣੀ ਕਰਦਿਆਂ ਡਾ. ਪਰਮਿੰਦਰ ਨੇ ਕਿਹਾ ਕਿ ਪੇਂਡੂ ਅਰਥਚਾਰੇ, ਸਮਾਜਕ/ਸਭਿਆਚਾਰਕ ਬਣਤਰ ਉਪਰ ਮਜ਼ਬੂਤ ਪਕੜ ਦਾ ਸਬੂਤ ਦਿੰਦੇ ਹੋਏ ਸਮਾਜ ਦੇ ਦਰੜੇ ਇੱਕ ਵਿਸ਼ੇਸ਼ ਤਬਕੇ ਦੀ ਪੀੜ ਅਤੇ ਵਿਦਰੋਹ ਦੀ ਨਾਲ-ਨਾਲ ਤੁਰਦੀ ਦਾਸਤਾਂ ਨੂੰ ਨਾਵਲ ਅੰਦਰ ਬਾਖ਼ੂਬੀ ਬਿਆਨ ਕੀਤਾ ਹੈ। ਉਹਨਾਂ ਸੁਝਾਅ ਦਿੱਤਾ ਕਿ ਮਾਲੜੀ ਦੀ ਜਿੰਨੀ ਮਜ਼ਬੂਤ ਪਕੜ ਕਹਾਣੀ ਸੰਗ੍ਰਹਿ ਦੀ ਸਿਰਜਣਾ ਵਿੱਚ ਸਾਹਮਣੇ ਆਈ ਹੈ, ਉਥੇ ਨਾਵਲ ਸ਼ਿਲਪਕਾਰੀ ਲਈ ਉਚੇਰੀ ਪਰਵਾਜ਼ ਦੀ ਮਿਹਨਤ ਸੰਗ ਉਮੀਦ ਬੱਝਦੀ ਹੈ। ਹਰਮੇਸ਼ ਮਾਲੜੀ ਨੇ ਨਾਵਲ ਸਬੰਧੀ ਹੋਈ ਵਿਚਾਰ-ਚਰਚਾ ਨੂੰ ਉਸਾਰੂ ਦ੍ਰਿਸ਼ਟੀ ਤੋਂ ਲੈਦਿਆਂ ਸਭਨਾਂ ਦਾ ਹਾਰਦਿਕ ਸੁਆਗਤ ਅਤੇ ਧੰਨਵਾਦ ਕੀਤਾ।

ਅਖੀਰ 'ਚ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਹਰਮੇਸ਼ ਮਾਲੜੀ ਨੂੰ ਕਮੇਟੀ ਵੱਲੋਂ ਮੁਬਾਰਕ ਦਿੰਦੇ ਹੋਏ ਕਿਹਾ ਕਿ ਦਲਿਤ ਵਰਗ ਅੰਦਰ ਚੇਤਨਾ ਦੇ ਚਾਨਣ ਦਾ ਛੱਟਾ ਦੇਣ ਲਈ ਸਾਹਿਤਕ ਪਿੜ੍ਹ ਅੰਦਰ ਵੀ ਮਾਲੜੀ ਓਨੀ ਸਿੱਦਤ ਨਾਲ ਹੀ ਕੰਮ ਕਰ ਰਿਹਾ ਹੈ ਜਿੰਨੀ ਸਿੱਦਤ ਨਾਲ ਉਹ ਮਿਹਨਤਕਸ਼ ਲੋਕਾਂ ਦੀ ਮੁਕਤੀ ਲਈ ਸੰਘਰਸ਼ ਦੇ ਪਿੜ ਵਿੱਚ ਸਰਗਰਮ ਹੈ।

# ਭਾਰਟਾ ਸਕੂਲ ਦੀ ਗੁਰਪ੍ਰੀਤ ਤੇ ਸਤਵੀਰ ਬੈਸਟ ਟੀਚਰ ਐਵਾਰਡ ਨਾਲ ਸਨਮਾਨਿਤ

**ਮਾਹਿਲਪੁਰ (ਜਨ ਸੰਗਰਾਮ ਚੁੰਬਰ)–** ਸਰਕਾਰੀ ਮਿਡਲ ਸਕੂਲ ਭਾਰਟਾ ਗਣੇਸ਼ਪੁਰ ਵਿੱਚ ਅਧਿਆਪਕ ਦਿਵਸ ਮੌਕੇ ਸਕੂਲ ਦੇ ਮੁੱਖ ਅਧਿਆਪਕ, ਗਰਾਮ ਪੰਚਾਇਤ, ਅਤੇ ਐਸਐਮਸੀ ਵੱਲੋਂ ਸਕੂਲ ਦੀ ਅਧਿਆਪਕਾ ਗੁਰਪ੍ਰੀਤ ਕੌਰ ਅਤੇ ਸਤਵੀਰ ਕੌਰ ਨੂੰ ਬੈਸਟ ਟੀਚਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਮੁਖੀ ਬਲਜਿੰਦਰ ਮਾਨ ਨੇ ਕਿਹਾ ਕਿ ਇਨ੍ਹਾਂ ਅਧਿਆਪਕਾਂ ਨੇ ਹਰ ਮੌਕੇ ਤੇ ਹਰ ਪ੍ਰਕਾਰ ਦੇ ਮੁਕਾਬਲਿਆਂ ਵਿਚ ਬੱਚਿਆਂ ਨੂੰ ਕਾਮਯਾਬ ਕਰਨ ਲਈ ਦਿਨ ਰਾਤ ਮਿਹਨਤ ਕੀਤੀ ਅਤੇ ਕਰ ਰਹੇ ਹਨ। ਇਹ ਅਧਿਆਪਕ ਆਪਣੇ ਕਿੱਤੇ ਨੂੰ ਸਮਰਪਿਤ ਹਨ।

ਪਿੰਡ ਦੇ ਸਰਪੰਚ ਰਸ਼ਪਾਲ ਸਿੰਘ ਲਾਲੀ ਨੇ ਸਕੂਲ ਸਟਾਫ ਅਤੇ ਮੁਖੀ ਤੇ ਮਾਣ ਮਹਿਸੂਸ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਸਕੂਲ ਨੂੰ ਹਰ ਪੱਖੋਂ ਉੱਚੀਆਂ ਮੰਜ਼ਲਾਂ ਵੱਲ ਤੋਰਿਆ ਜਾ ਰਿਹਾ ਹੈ। ਸਕੂਲ ਮੈਨੇਜਿੰਗ ਕਮੇਟੀ ਦੀ ਚੇਅਰਪਰਸਨ ਸ੍ਰੀਮਤੀ




ਮਨਜੀਤ ਕੌਰ ਨੇ ਕਿਹਾ ਕਿ ਅਧਿਆਪਕਾਂ ਵੱਲੋਂ ਬੱਚਿਆਂ ਦੇ ਸਰਬਪੱਖੀ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਇਸ ਕਰਕੇ ਸਾਨੂੰ ਇਨ੍ਹਾਂ ਮੈਂਬਰਾਂ ਤੇ ਬਹੁਤ ਫਖ਼ਰ ਹੈ। ਸਾਡੇ ਬੱਚੇ ਸਰਵਪੱਖੀ ਗਿਆਨ ਹਾਸਲ ਕਰਕੇ ਉੱਚੀਆਂ ਮੰਜ਼ਿਲਾਂ ਦੇ ਪਾਂਧੀ ਬਣ ਰਹੇ ਹਨ। ਇਸ ਮੌਕੇ ਉਚੇਚੇ ਤੌਰ ਤੇ ਹਾਜ਼ਰ ਹੋਏ ਯੂਥ ਕਲੱਬ ਦੇ ਨੁਮਾਇੰਦੇ ਸੰਜੀਵ ਕੁਮਾਰ ਅਤੇ ਹਰਮੇਲ ਸਿੰਘ ਨੇ ਕਿਹਾ ਕਿ ਸਾਨੂੰ ਅਜਿਹੇ ਸਟਾਫ ਤੋਂ ਬਹੁਤ ਉਮੀਦਾਂ ਹਨ ਤੇ ਉਨ੍ਹਾਂ ਵੱਲੋਂ ਵੀ ਸਕੂਲ ਨੂੰ ਪੂਰਾ ਸਹਿਯੋਗ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ।

ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਕੂਲ ਦੀ ਬਿਹਤਰੀ ਵਿੱਚ ਆਪਣਾ ਯੋਗਦਾਨ ਪਾਉਣ। ਇਸ ਮੌਕੇ ਸਕੂਲ ਵਿਦਿਆਰਥੀਆਂ ਵੱਲੋਂ ਇਕ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਜਿਸ ਵਿਚ ਗੁਰਪ੍ਰੀਤ ਕੌਰ ਸਿਮਰਨ ਅਤੇ ਜਸਮੀਨ ਨੇ ਸ਼ਾਨਦਾਰ ਭੂਮਿਕਾਵਾਂ ਅਦਾ ਕੀਤੀਆਂ। ਸਨਮਾਨਿਤ ਕਰਨ ਮੌਕੇ ਸਕੂਲ ਸਟਾਫ, ਬੱਚੇ ਅਤੇ ਮਾਪੇ ਉਚੇਚੇ ਤੌਰ ਤੇ ਹਾਜ਼ਰ ਹੋਏ।

# ਏਐਸਆਈ ਰਾਮ ਪ੍ਰਕਾਸ਼ ਨੂੰ ਸਦਮਾ, ਮਾਤਾ ਦਾ ਦਿਹਾਂਤ

**ਲਸਾੜਾ/ਉੜਾਪੜ–** ਅਨੇਕਾਂ ਸਮਾਜ ਸੇਵੀ ਸੰਸਥਾ ਨਾਲ ਜੁੜੇ ਉਘੇ ਸਮਾਜ ਸੇਵੀ ਤੇ ਏਐਸਆਈ ਰਾਮ ਪ੍ਰਕਾਸ਼ ਚੁੰਬਰ ਨੂੰ ਉਸ ਸਮੇਂ ਸਦਮਾ ਲੱਗਾ ਜਦੋਂ ਉਸ ਦੀ ਮਾਤਾ ਮਹਿੰਦਰ ਕੋਰ 77 ਸਾਲ, ਪਤਨੀ ਸਵ.ਦੇਵ ਰਾਮ ਵਾਸੀ ਬਖਲੋਰ ਜੋ ਪਿਛਲੇ ਲੰਬੇ ਸਮੇਂ ਬਿਮਾਰ ਹੋਣ ਕਾਰਨ ਨਿੱਜੀ ਹਸਪਤਾਲ ਚ ਜੇਰੇ ਇਲਾਜ ਸਨ ਤੇ ਬੀਤੀ ਰਾਤ ਉਹ ਆਪਣੇ ਪਰਿਵਾਰ ਤੇ ਇਸ ਸੰਸਾਰ ਤੋਂ ਸਦਾ ਲਈ ਚਲੇ ਦੂਰ ਚਲੇ ਗਏ ਤੇ ਉਨਾਂ ਦਾ ਅੰਤਿਮ ਸੰਸਕਾਰ ਪਿੰਡ ਦੀ ਸ਼ਮਸ਼ਾਨਘਾਟ ਚ ਕਰ ਦਿਤਾ ਗਿਆ ਮਾਤਾ ਆਪਣੇ ਪਿਛੇ ਤਿੰਨ ਪੁੱਤਰ ਤੇ ਧੀਆਂ ਨੂੰ ਸਦਾ ਲਈ ਵਿਛੋੜਾ ਦੇ ਗਈ ਤੇ ਇਸ ਦੁੱਖ ਦੀ ਘੜੀ ਉਘੀਆਂ ਨਾਮਵਰ ਸ਼ਖਸ਼ੀਅਤਾਂ ਜਿਨਾਂ ਚ ਸੰਤ ਸੁਰਿੰਦਰ ਦਾਸ ਡੇਰਾ ਦੁੱਧਾਧਾਰੀ ਅਟਾਰੀ, ਡਾ. ਸੁਖਵਿੰਦਰ ਕੁਮਾਰ ਸੁੱਖੀ ਹਲਕਾ ਵਿਧਾਇਕ ਬੰਗਾ,ਸੋਖੀ ਰਾਮ ਬੱਜੋਂ ਪ੍ਰਧਾਨ ਕਾਂਗਰਸ ਐਸਸੀ ਵਿੰਗ ਨਵਾਂ ਸ਼ਹਿਰ, ਸ਼੍ਰੀ ਸੋਹਣ ਲਾਲ ਢੰਡਾ ਪ੍ਰਧਾਨ ਸ਼੍ਰੋ.ਅ.ਦਲ ਨਵਾਂਸਹਿਰ, ਪ੍ਰਵੀਨ ਬੰਗਾ ਬਸਪਾ ਆਗੂ,ਡਾ. ਰਵਿੰਦਰ ਸਿੰਘ ਐਸਐਮਓ ਮੁਕੰਦਪੁਰ ਰਾਣਾ





ਗੁਰਦੀਪ ਸਿੰਘ, ਮਾਸਟਰ ਸੱਤਪਾਲ ਰਟੈਂਡਾ, ਸਤਨਾਮ ਰਟੈਂਡਾ,ਜਸਵਿੰਦਰ ਸਰੋਆ, ਮੰਗਤ ਢੰਡਾ ਦੋਵੇਂ ਏਐਸਆਈ, ਮਾਸਟਰ ਮੱਖਣ ਬਖਲੋਰ,ਜੋਗਰਾਜ ਜੰਗਲਾਤ ਅਫਸਰ, ਸਰਪੰਚ ਬਿਮਲ ਕਿਸ਼ੋਰ, ਸੁਰਿੰਦਰ ਸਿੰਘ ਸਾ. ਸਰਪੰਚ, ਦੇਸ਼ ਰਾਜ, ਸਰਵਜੀਤ, ਸ਼ਮਸ਼ੇਰ ਸਿੰਘ ਸਾਰੇ ਪੰਚ, ਰੂਪ ਲਾਲ ਧੀਰ, ਨੰਬਰਦਾਰ ਰਾਜ ਦਦਰਾਲ, ਕੁਲਵੀਰ ਤਲਵੰਡੀ, ਮਨੋਹਰ ਲਾਲ ਸਰਪੰਚ ਕਮਾਮ, ਮੰਗਤ ਸਿੰਘ ਗਰਚਾ, ਪੰਮੀ ਲਾਲੋਮਜਾਰਾ, ਸੱਤਪਾਲ ਸਾਹਲੋਂ, ਬੱਗਾ ਸੇਲਕੀਆਣਾ,ਜਗਜੀਵਨ ਮਹਿੰਮੀ, ਸੋਮ ਨਾਥ, ਡਾ.ਅਸ਼ਨੀ, ਸੰਤੋਖ ਲਾਲ ਸਾ. ਸਰਪੰਚ, ਕੋਟ, ਰਮੇਸ਼ ਕੁਮਾਰ, ਸੰਤੋਖ ਲਾਲ ਪੱਲ਼ੀਆਂ ਤੋਂ ਇਲਾਵਾ ਸਮੂੰਹ ਰਿਸ਼ਤੇਦਾਰ ਤੇ ਪਿੰਡ ਵਾਸੀ ਹਾਜਰ ਸਨ ਮਾਤਾ ਮਹਿੰਦਰ ਕੋਰ ਦੀ ਆਤਮਿਕ ਸ਼ਾਂਤੀ ਲਈ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਗੁਰਦੁਆਰਾ ਸਤਿਗੁਰੂ ਰਵਿਦਾਸ ਜੀ ਦੇ ਧਾਰਮਿਕ ਅਸਥਾਨ ਬਖਲੋਰ ਵਿਖੇ ਪਾਏ ਜਾਣਗੇ ਉਪਰੰਤ ਸ਼ਰਧਾਜਲ਼ੀ ਸਮਾਗਮ ਹੋਵੇਗਾ ਜਿਸ ਵਿੱਚ ਰਾਜਨੀਤਿਕ,ਸਮਾਜਿਕ,ਧਾਰਮਿਕ ਸ਼ਖਸ਼ੀਅਤਾਂ ਮਾਤਾ ਮਹਿੰਦਰ ਕੋਰ ਸ਼ਰਧਾ ਦੇ ਫੁੱਲ ਭੇਂਟ ਕਰਨਗੀਆਂ।

**– ਬੱਗਾ ਸੇਲਕੀਆਣਾ**

# ਅਧਿਆਪਕ ਦਿਵਸ ਮੌਕੇ ਲਾਇਨਜ ਕਲੱਬ ਫਗਵਾੜਾ ਸਿਟੀ ਨੇ ਕੀਤਾ ਪੰਜ ਅਧਿਆਪਕਾਂ ਦਾ ਸਨਮਾਨ




**ਫਗਵਾੜਾ (ਬੀ.ਕੇ.ਰੱਤੂ)** ਸਮਾਜ ਸੇਵਾ ਨੂੰ ਸਮਰਪਿਤ ਫਗਵਾੜਾ ਦੀ ਇਲੈਵਨ ਸਟਾਰ ਐਕਟਿਵ ਲਾਇਨਜ ਕਲੱਬ ਫਗਵਾੜਾ ਸਿਟੀ ਵਲੋਂ ਟੀਚਰਸ ਦਿਵਸ ਨੂੰ ਸਮਰਪਿਤ ਸਮਾਗਮ ਦਾ ਆਯੋਜਨ ਸ੍ਰੀ ਮਹਾਵੀਰ ਜੈਨ ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਕੀਤਾ ਗਿਆ। ਕਲੱਬ ਦੇ ਪ੍ਰਧਾਨ ਲਾਇਨ ਅਤੁਲ ਜੈਨ ਦੀ ਅਗਵਾਈ ਹੇਠ ਆਯ-ੋਜਿਤ ਸਮਾਗਮ ਦੌਰਾਨ ਲਾਇਨਜ ਇੰਟਰਨੈਸ਼ਨਲ 321-ਡੀ ਦੇ ਰਿਜਨ ਚੇਅਰ ਪਰਸਨ ਲਾਇਨ ਗੁਰਦੀਪ ਸਿੰਘ ਕੰਗ ਅਤੇ ਜੋਨ ਚੇਅਰਮੈਨ ਲਾਇਨ ਗੁਰਪ੍ਰੀਤ ਸਿੰਘ ਸੈਣੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਸਮਾਗਮ ਦੌਰਾਨ ਵਿਦਿਆ ਦੇ ਖੇਤਰ ਵਿਚ ਵਢਮੁੱਲਾ ਯੋਗਦਾਨ ਪਾਉਣ ਲਈ ਪੰਜ ਅਧਿਆਪਕਾਂ ਨੂੰ ਸਨਮਾਨਤ ਕਰਤੇ ਉਹਨਾਂ ਦੀ ਹੌਸਲਾ ਅਫਜਾਈ ਕੀਤੀ ਗਈ। ਰਿਜਨ ਚੇਅਰ ਪਰਸਨ ਲਾਇਨ ਗੁਰ-ਦੀਪ ਸਿੰਘ ਕੰਗ ਨੇ ਕਿਹਾ ਕਿ ਅਧਿਆਪਕ ਇਕ ਨੋਬਲ ਪ੍ਰੋਫੈਸ਼ਨ ਹੈ ਜੋ ਇਕ ਅਬੋਧ ਬੱਚੇ ਨੂੰ ਸਿੱਖਿਆ ਅਤੇ ਨੈਤਿਕ ਕਦਰਾਂ ਕੀਮਤਾਂ ਦਾ ਗਿਆਨ ਦੇ ਕੇ ਚਰਿੱਤਰਵਾਨ ਨਾਗਰਿਕ ਬਣਾਉਂਦਾ ਹੈ। ਲਾਇਨ ਅਤੁਲ ਜੈਨ ਨੇ ਕਿਹਾ ਕਿ ਅਧਿਆਪਕਾਂ ਦੇ ਮਾਰਗ ਦਰਸ਼ਨ ਹੇਠ ਹੀ ਵਿਦਿਆਰਥੀ ਆਦਰਸ਼ ਨਾਗਰਿਕ ਬਣਦੇ ਹਨ। ਉਹਨਾਂ ਦੱਸਿਆ ਕਿ ਜਿਹਨਾਂ ਪੰਜ ਅਧਿਆਪਕਾਂ ਨੂੰ ਸਨਮਾਨਤ ਕੀਤਾ ਗਿਆ ਹੈ ਉਹਨਾਂ ਵਿਚ ਐਸ.ਡੀ. ਕੰਨਿਆ ਮਹਾਵਿਦਿਆਲਿਆ ਦੀ ਇੰਗਲਿਸ਼ ਮਿਸਟ੍ਰੈਸ ਸ੍ਰੀਮਤੀ ਬਲਵਿੰਦਰ ਕੌਰ ਰਿਹਲ, ਸ੍ਰੀ ਮਹਾਵੀਰ ਜੈਨ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੇ ਫਿਜਿਕਸ ਲੈਕਚਰਾਰ ਜਗਪਾਲ ਸਿੰਘ, ਕਾਮਰਸ ਲੈਕਚਰਾਰ ਪ੍ਰਦੀਪ ਸਿੰਘ ਅਤੇ ਅੰਗ੍ਰੇਜੀ ਅਧਿਆਪਕ ਨਿਰਮਲ ਸ਼ਰਮਾ ਤੋਂ ਇਲਾਵਾ ਅੰਗ੍ਰੇਜੀ ਅਧਿਆਪਿਕਾ ਸ੍ਰੀਮਤੀ ਸ਼ਸ਼ੀ ਡੋਗਰਾ ਸ਼ਾਮਲ ਹਨ। ਇਸ ਪ੍ਰੋਜੈਕਟ ਦੇ ਡਾਇਰੈਕਟਰ ਲਾਇਨ ਸੁਨੀਲ ਢੀਂਗਰਾ ਅਤੇ ਲਾਇਨ ਰਣਧੀਰ ਕਰਵਲ ਸਨ। ਸਨਮਾਨਤ ਹੋਣ ਵਾਲੇ ਅਧਿਆਪਕਾਂ ਨੇ ਕੱਲਬ ਦਾ ਸ਼ੁਕਰੀਆ ਅਦਾ ਕਰਦਿਆਂ ਕਿਹਾ ਕਿ ਅਜਿਹੀ ਹੌਸਲਾ ਅਫਜਾਈ ਨਾਲ ਆਪਣੇ ਫਰਜ਼ ਨੂੰ ਹੋਰ ਵੀ ਤਨਦੇਹੀ ਨਾਲ ਨਿਭਾਉਣ ਦੀ ਪ੍ਰੇਰਣਾ ਮਿਲਦੀ ਹੈ। ਸਟੇਜ ਦੀ ਸੇਵਾ ਲਾਇਨ ਜਸਵੀਰ ਮਾਹੀ ਨੇ ਨਿਭਾਈ। ਇਸ ਮੌਕੇ ਕਲੱਬ ਕੈਸ਼ੀਅਰ ਲਾਇਨ ਅਮਿਤ ਸ਼ਰਮਾ ਆਸ਼ੂ, ਪੀ.ਆਰ.ਓ. ਸੰਜੀਵ ਲਾਂਬਾ, ਲਾਇਨ ਜੁਗਲ ਬਵੇਜਾ, ਲਾਇਨ ਵਿਪਨ ਠਾਕੁਰ, ਲਾਇਨ ਅਸ਼ਵਨੀ ਕਵਾਤਰਾ, ਲਾਇਨ ਵਿਪਨ ਕੁਮਾਰ, ਲਾਇਨ ਸੰਜੇ ਤ੍ਰੇਹਨ, ਲਾਇਨ ਸ਼ਸ਼ੀ ਕਾਲੀਆ, ਲਾਇਨ ਅਜੇ ਕੁਮਾਰ ਆਦਿ ਹਾਜਰ ਸਨ।

# ਯੂਥ ਕਾਂਗਰਸ ਨੇ ਕੀਤਾ ਸਾਂਝੀ ਸਿਆਸਤ ਸਾਂਝੀ ਵਿਰਾਸਤ ਤਹਿਤ 'ਕਾਂਗਰਸ ਦੇ ਹੀਰੇ ਮੁਹਿਮ ਦਾ ਆਗਾਜ਼ - ਸੌਰਵ ਖੁੱਲਰ



**ਫਗਵਾੜਾ (ਬੀ.ਕੇ.ਰੱਤੂ)** ਪੰਜਾਬ ਯੂਥ ਕਾਂਗਰਸ ਪ੍ਰਧਾਨ ਬਰਿੰਦਰ ਢਿੱਲੋਂ ਵਲੋਂ ਸ਼ੁਰੂ ਕੀਤੀ 'ਕਾਂਗਰਸ ਦੇ ਹੀਰੇ' ਮੁਹਿਮ ਤਹਿਤ ਸੀਨੀਅਰ ਕਾਂਗਰਸੀ ਆਗੂਆਂ ਸ੍ਰ. ਚਰਨਜੀਤ ਸਿੰਘ ਝਿੱਕਾ, ਸ੍ਰ. ਹਰਗੁਰਦੇਵ ਸਿੰਘ ਝਿੱਕਾ ਅਤੇ ਸ੍ਰ. ਰਾਜਵੰਤ ਸਿੰਘ ਝਿੱਕਾ ਨੂੰ ਉਹਨਾਂ ਦੀਆਂ ਕਾਂਗਰਸ ਪਾਰਟੀ ਪ੍ਰਤੀ ਨਿਭਾਈਆਂ ਸੇਵਾਵਾਂ ਤੇ ਹਲਕੇ ਵਿਚ ਪਾਰਟੀ ਦੀ ਮਜਬੂਤੀ ਲਈ ਲੰਬੇ ਸਮੇਂ ਤੱਕ ਪਾਏ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਉਹਨਾਂ ਦੇ ਸਨਮਾਨ ਵਿੱਚ ਭੇਜੀ ਗਈ ਲੋਈ ਅਤੇ ਸਨਮਾਨ ਚਿੰਨ੍ਹ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਉਹਨਾਂ ਦੇ ਘਰ ਪਹੁੰਚ ਕੇ ਭੇਂਟ ਕੀਤੇ। ਇਸ ਮੌਕੇ ਜਿਲ੍ਹਾ ਯੂਥ ਕਾਂਗਰਸ ਪ੍ਰਧਾਨ ਸੌਰਵ ਖੁੱਲਰ ਤੋਂ ਇਲਾਵਾ ਸਾਬਕਾ ਕੌਂਸਲਰ ਤਰਨਜੀਤ ਸਿੰਘ ਬੰਟੀ ਵਾਲੀਆ, ਅਵਿਨਾਸ਼ ਗੁਪਤਾ ਬਾਸ਼ੀ, ਵਿਨੋਦ ਵਰਮਾਨੀ, ਇੰਪਰੂਵਮੈਂਟ ਟਰੱਸਟ ਮੈਂਬਰ ਰਾਕੇਸ਼ ਪ੍ਰਭਾਕਰ ਅਤੇ ਸ੍ਰੀ ਹੁਸਨ ਲਾਲ ਘੁੰਮਨ ਵੀ ਖਾਸ ਤੌਰ ਤੇ ਮੌਜੂਦ ਰਹੇ। ਸੌਰਵ ਖੁੱਲਰ ਨੇ ਦੱਸਿਆ ਕਿ ਪੰਜਾਬ ਯੂਥ ਪ੍ਰਧਾਨ ਬਰਿੰਦਰ ਢਿੱਲੋਂ ਨੇ ਸਾਂਝੀ ਸਿਆਸਤ ਸਾਂਝੀ ਵਿਰਾਸਤ ਤਹਿਤ 'ਕਾਂਗਰਸ ਦੇ ਹੀਰੇ' ਮੁਹਿਮ ਦਾ ਆਗਾਜ਼ ਕੀਤਾ ਹੈ।

ਇਸ ਮੁਹਿਮ ਤਹਿਤ ਕਾਂਗਰਸ ਪਾਰਟੀ ਦੇ ਪੁਰਾਣੇ ਆਗੂਆਂ, ਜਿੰਨ੍ਹਾਂ ਨੇ ਕਾਂਗਰਸ ਪਾਰਟੀ ਨੂੰ ਆਪਣੀ ਅਣਥੱਕ ਮਿਹਨਤ ਨਾਲ ਸਿੰਜਿਆ ਅਤੇ ਪਾਰਟੀ ਦੀ ਮਜ਼ਬੂਤੀ ਲਈ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ ਹੈ, ਉਹਨਾਂ ਨੂੰ ਪੰਜਾਬ ਯੂਥ ਕਾਂਗਰਸ ਉਹਨਾਂ ਦੇ ਘਰਾਂ ਵਿੱਚ ਪਹੁੰਚ ਕੇ ਸਨਮਾਨਿਤ ਕਰੇਗੀ।

# ਧਰਤੀ ਉਪਰ ਜੀਵਨ ਦੀ ਸੁਰੱਖਿਆ ਲਈ ਵੱਧ ਤੋਂ ਵੱਧ ਬੂਟੇ ਲਗਾਉਣਾ ਜਰੂਰੀ - ਹਰਜੀ ਮਾਨ



**ਫਗਵਾੜਾ (ਬੀ.ਕੇ.ਰੱਤੂ)** ਰਾਜਾ ਗਾਰਡਨ ਵੈਲਫੇਅਰ ਸੁਸਾਇਟੀ ਫਗਵਾੜਾ ਵਲੋਂ ਵਣ ਮਹਾਂਉਤਸਵ ਮਨਾਇਆ ਗਿਆ। ਜਿਸ ਦੇ ਤਹਿਤ ਵੱਡੀ ਪੱਧਰ ਤੇ ਫਲਦਾਰ ਅਤੇ ਛਾਂਦਾਰ ਰੁੱਖਾਂ ਦੇ ਬੂਟੇ ਲਗਾਏ ਗਏ। ਇਸ ਮੌਕੇ ਇੰਡੀਅਨ ਯੂਥ ਕਾਂਗਰਸ ਦੇ ਜਿਲ੍ਹਾ ਕਾਰਜਕਾਰੀ ਪ੍ਰਧਾਨ ਹਰਨੂਰ ਸਿੰਘ ਮਾਨ ਵਿਸ਼ੇਸ ਤੌਰ ਤੇ ਸਾਮਲ ਹੋਏ। ਉਨ੍ਹਾਂ ਨੇ ਬੂਟੇ ਲਗਾਉਣ ਦੀ ਸ਼ੁਰੂਆਤ ਕਰਵਾਈ ਅਤੇ ਸੁਸਾਇਟੀ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਧਰਤੀ ਦੇ ਵੱਧਦੇ ਤਾਪਮਾਨ ਨੂੰ ਕੰਟਰੋਲ ਕਰਨ ਲਈ ਜਰੂਰੀ ਹੈ ਕਿ ਵੱਧ ਤੋਂ ਵੱਧ ਰੁੱਖ ਲਗਾਏ ਜਾਣ। ਜੇਕਰ ਸਮਾਂ ਰਹਿੰਦੇ ਵਿਗੜਦੇ ਮੌਸਮ ਚੱਕਰ ਨੂੰ ਕਾਬੂ ਨਾ ਕੀਤਾ ਗਿਆ ਤਾਂ ਧਰਤੀ ਉੱਪਰ ਜੀਵਨ ਸਮਾਪਤ ਹੋ ਜਾਵੇਗਾ। ਪ੍ਰਬੰਧਕਾਂ ਨੇ ਹਰਨੂਰ ਸਿੰਘ ਹਰਜੀ ਮਾਨ ਦਾ ਪਹੁੰਚਣ ਲਈ ਧੰਨਵਾਦ ਕੀਤਾ ਅਤੇ ਨਾਲ ਹੀ ਇਹ ਭਰੋਸਾ ਵੀ ਦਿੱਤਾ ਕਿ ਜੋ ਬੂਟੇ ਲਗਾਏ ਜਾ ਰਹੇ ਹਨ ਉਹਨਾਂ ਦੀ ਦੇਖਭਾਲ ਦਾ ਉੱਚ ਪਧਰਾ ਪ੍ਰਬੰਧ ਵੀ ਕੀਤਾ ਜਾਵੇਗਾ। ਇਸ ਮੌਕੇ ਸੁਸਾਇਟੀ ਦੇ ਮੈਂਬਰ ਕੁਲਵਿੰਦਰ ਸਿੰਘ ਚੱਠਾ, ਗੁਰਨਾਮ ਦਾਸ, ਮੈਡਮ ਮਨਜੀਤ ਕੌਰ, ਰਘੁਵੀਰ ਸਿੰਘ ਚੱਠਾ, ਗੁਰਦੇਵ ਸਿੰਘ, ਡਾ. ਪ੍ਰਿਤਪਾਲ ਸਿੰਘ, ਧਲਵਿੰਦਰ ਸਿੰਘ, ਗੁਰਨਾਮ ਸਿੰਘ, ਇੰਦਰਜੀਤ ਸਿੰਘ, ਸੁਮੀਤ, ਹਰਭਜਨ ਅਤੇ ਗੁਰਮੀਤ ਰਾਮ ਆਦਿ ਹਾਜਰ ਸਨ।

# ਬਤੌਰ ਇੰਸਪੈਕਟਰ ਪਦਉੱਨਤ ਹੋਏ ਪੀਸੀਆਰ. ਇੰਚਾਰਜ਼ ਸੁਮਿੰਦਰ ਸਿੰਘ ਭੱਟੀ

**ਫਗਵਾੜਾ (ਬੀ.ਕੇ.ਰੱਤੂ)** ਫਗਵਾੜਾ ਵਿਖੇ ਬਤੌਰ ਪੀ.ਸੀ.ਆਰ. ਇੰਚਾਰਜ਼ ਸੇਵਾਵਾਂ ਨਿਭਾ ਰਹੇ ਐਸ.ਆਈ. ਸੁਮਿੰਦਰ ਸਿੰਘ ਭੱਟੀ ਨੂੰ ਪੁਲਿਸ ਵਿਭਾਗ ਵਲੋਂ ਇੰਸਪੈਕਟਰ



ਪਦਉੰਨਤ ਕੀਤਾ ਗਿਆ ਹੈ। ਉਹਨਾਂ ਨੂੰ ਇੰਸਪੈਕਟਰ ਰੈਂਕ ਦਾ ਸਟਾਰ ਐਸ.ਐਸ.ਪੀ. ਕਪੂਰਥਲਾ ਹਰਕਮਲ ਪ੍ਰੀਤ ਸਿੰਘ ਖੱਖ ਅਤੇ ਜਸਵੀਰ ਸਿੰਘ ਐਸ.ਪੀ. ਹੈਡ ਕੁਆਰਟਰ ਕਪੂਰਥਲਾ ਨੇ ਲਗਾਇਆ। ਸੁਮਿੰਦਰ ਸਿੰਘ ਭੱਟੀ ਨੇ ਕਿਹਾ ਕਿ ਉਹਨਾਂ ਆਪਣੀ ਡਿਊਟੀ ਨੂੰ ਹਮੇਸ਼ਾ ਪੂਰੀ ਇਮਾਨਦਾਰੀ ਨਾਲ ਨਿਭਾਇਆ ਹੈ ਅਤੇ ਭਵਿੱਖ ਵਿਚ ਹੋਰ ਵੀ ਤਨਦੇਹੀ ਨਾਲ ਜਨਤਾ ਦੀ ਸੇਵਾ ਕਰਨਗੇ। ਜਿਕਰਯੋਗ ਹੈ ਕਿ ਸੁਮਿੰਦਰ ਸਿੰਘ ਭੱਟੀ ਥਾਣਾ ਰਾਵਲਪਿੰਡੀ ਦੇ ਐਸ.ਐਚ.ਓ. ਤੋਂ ਇਲਾਵਾ ਸਾਂਝ ਕੇਂਦਰ ਫਗਵਾੜਾ ਅਤੇ ਸੀ.ਆਈ.ਏ. ਸਟਾਫ ਵਿਖੇ ਬਤੌਰ ਇੰਚਾਰਜ ਵਧੀਆ ਸੇਵਾਵਾਂ ਨਿਭਾ ਚੁੱਕੇ ਹਨ ਤੇ ਇਸ ਸਮੇਂ ਪੀ.ਸੀ.ਆਰ. ਫਗਵਾੜਾ ਦੇ ਇੰਚਾਰਜ਼ ਹਨ।

# ਫ੍ਰੀਸ਼ਿਪ ਕਾਰਡ ਦੇ ਲਈ ਬੇਨਤੀ ਪੱਤਰ ਜਮ੍ਹਾ ਕਰਵਾਉਣ ਲਈ ਡਾ.ਅੰਬੇਡਕਰ ਸਕਾਲਰਸ਼ਿਪ ਪੋਰਟਲ ਆਰੰਭ

**ਜਲੰਧਰ–** ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਫ੍ਰੀਸ਼ਿਪ ਕਾਰਡ ਦੇ ਲਈ ਬੇਨਤੀ ਪੱਤਰ ਜਮ੍ਹਾ ਕਰਵਾਉਣ ਲਈ ਡਾ. ਅੰ-ਬੇਡਕਰ ਸਕਾਲਰਸ਼ਿਪ ਪੋਰਟਲ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਵਿਚ ਵਿਦਿਆਰਥੀਆਂ ਵੱਲੋਂ 30 ਸਤੰਬਰ ਤੱਕ ਫ੍ਰੀਸ਼ਿਪ ਕਾਰਡ ਅਪਲਾਈ ਕੀਤੇ ਜਾ ਸਕਦੇ ਹਨ। ਏ. ਡੀ. ਸੀ. ਜਨਰਲ ਅਮਰਜੀਤ ਬੈਂਸ ਨੇ ਦੱਸਿਆ ਕਿ ਜ਼ਿਲ੍ਹੇ ਦੇ ਅਨੁਸੂਚਿਤ ਜਾਤੀਆਂ ਦੇ ਨਾਲ ਸਬੰਧਤ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦਾ ਲਾਭ ਮਿਲਣਾ ਯਕੀਨੀ ਬਣ-ਾਇਆ ਜਾਵੇਗਾ, ਤਾਂ ਜੋ ਇਸ ਵਰਗ ਨਾਲ ਸਬੰਧਤ ਵਿਦਿਆਰਥੀ ਬਿਨਾਂ ਕਿਸੇ ਰੁਕਾਵਟ ਦੇ ਉਚ ਸਿੱਖਿਆ ਹਾਸਲ ਕਰ ਸਕਣ।

ਇਸ ਦੌਰਾਨ ਸਿਟੀ ਦੇ ਅਲੱਗ-ਅਲੱਗ ਸਕੂਲਾਂ ਅਤੇ ਕਾਲਜਾਂ ਦੇ ਅਹੁਦੇਦਾਰਾਂ ਨਾਲ ਮੀਟਿੰਗ ਕੀਤੀ ਗਈ। ਅਮਰਜੀਤ ਨੇ ਦੱਸਿਆ ਕਿ ਇਸ ਸਕੀਮ ਦੇ ਅਧੀਨ ਰਾਜ ਦੇ ਅਨੁਸੂਚਿਤ ਜਾਤੀ ਦੇ ਵਿਦਿਆਰਥੀ, ਜਿਹਨਾਂ ਦੇ ਮਾਤਾ-ਪਿਤਾ ਦੀ ਸਾਲਾਨਾ ਆਮਦਨ 2.50 ਲੱਖ ਰੁਪਏ ਤੋਂ ਘੱਟ ਹੈ ਅਤੇ ਦਸਵੀਂ ਤੋਂ ਬਾਅਦ ਅਲੱਗ-ਅਲੱਗ ਕਲਾਸਾਂ ਲਈ ਪੰਜਾਬ ਅਤੇ ਸੂਬੇ ਤੋਂ ਬਾਹਰ ਸਿੱਖਿਆ ਸੰਸਥਾਵਾਂ ਵਿਚ ਉਚ ਸਿੱਖਿਆ ਹਾਸਲ ਕਰਨ ਦੇ ਲਈ ਵਜੀਫੇ ਦੇ ਯੋਗ ਹਨ।

ਉਹਨਾਂ ਨੇ ਤਹਿਸੀਲਦਾਰਾਂ ਨੂੰ ਵਿਦਿਆਥੀਆਂ ਦੇ ਮਾਪਿਆਂ ਦੀ ਸਾਲਾਨਾ ਆਮਦਨ ਨਾਲ ਸਬੰਧਤ ਸਰਟੀਫਿਕੇਟ ਪਹਿਲ ਦੇ ਆਧਾਰ 'ਤੇ ਬਣਾਉਣ ਲਈ ਕਿਹਾ ਤਾਂ ਜੋ ਵਜੀਫੇ ਦੇ ਲਈ ਬਿਨਾਂ ਕਿਸੇ ਦੇਰੀ ਦੇ ਦਸਤਾਵੇਜ਼ ਪ੍ਰਾਪਤ ਹੋ ਸਕਣ।

----

# ਸਮਾਜ ਦੇ ਮੰਨੇ ਪ੍ਰਮੰਨੇ ਦਲਿਤ ਆਗੂ ਪਰਮਜੀਤ ਮਹਿਮਾ ਭਾਜਪਾ ਵਿਚ ਸ਼ਾਮਲ




**ਚੰਡੀਗੜ੍ਹ–** ਪੰਜਾਬ ਭਾਜਪਾ ਨੂੰ ਉਦੋਂ ਵੱਡਾ ਬਲ ਮਿਲਿਆ ਜਦੋਂ ਦਲਿਤ ਸਮਾਜ ਦੀ ਅਗਵਾਈ ਕਰਨ ਵਾਲੇ ਆਗੂ ਪਰਮਜੀਤ ਮਹਿਮੀ ਨੇ ਚੰਡੀਗੜ੍ਹ ਵਿਖੇ ਪੰਜਾਬ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗਵਾਈ ਵਿਚ ਭਾਜਪਾ ਜੁਆਇਨ ਕਰ ਲਈ। ਪੰਜਾਬ ਪ੍ਰਧਾਨ ਸ੍ਰੀ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪਰਮਜੀਤ ਮਹਿਮੀ ਦੇ ਆਉਣ ਨਾਲ ਪਾਰਟੀ ਦੁਆਬੇ ਦੇ ਖੇਤਰ ਵਿਚ ਮਜ਼ਬੂਤ ਹੋਵੇਗੀ ਅਤੇ ਆਉਣ ਵਾਲੇ ਸਮੇਂ ਵਿਚ ਪੰਜਾਬ ਵਿਚ ਭਾਜਪਾ ਦੀ ਹੀ ਸਰਕਾਰ ਬਣੇਗੀ ਅਤੇ ਹਰੇਕ ਸਮਾਜ ਨੂੰ ਹਿੱਸੇਦਾਰੀ ਦੇਣ ਦਾ ਕੰਮ ਕਰੇਗੀ। ਇਸ ਮੌਕੇ ਪਰਮਜੀਤ ਮਹਿਮੀ ਨੇ ਕਿਹਾ ਕਿ ਉਹਨਾਂ ਨੇ ਜ਼ਿੰਦਗੀ ਦੇ 30 ਸਾਲ ਸਮਾਜ ਲਈ ਸੰਘਰਸ਼ ਕੀਤਾ ਹੈ ਅਤੇ ਆਉਣ ਵਾਲੇ ਸਮੇਂ ਵਿਚ ਭਾਜਪਾ ਦੀ ਸਰਕਾਰ ਬਣਾਉਣ ਲਈ ਅਤੇ ਦਲਿਤ ਸਮਾਜ ਨਾਲ ਜੋ 70 ਸਾਲਾਂ ਵਿਚ ਬੇਇਨਸਾਫੀ ਹੋਈ ਹੈ, ਉਸਨੂੰ ਇਨਸਾਫ ਦਿਵਾਉਣ ਦਾ ਕੰਮ ਕਰਨਗੇ ਅਤੇ ਦਲਿਤ ਸਮਾਜ ਵਿਚੋਂ ਮੁੱਖ ਮੰਤਰੀ ਬਣਾਉਣ ਦਾ ਕੰਮ ਹੋਵੇਗਾ। ਇਸ ਮੌਕੇ ਪੰਜਾਬ ਜਨਰਲ ਸਕੱਤਰ ਸ੍ਰੀ ਰਾਜੇਸ਼ ਬਾਘਾ ਅਤੇ ਜੀਵਨ ਗੁਪਤਾ ਵੀ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਪੰਜਾਬ ਭਾਜਪਾ ਦੀ ਲੀਡਰਸ਼ਿਪ ਨੇ ਕਿਹਾ ਕਿ ਮਹਿਮੀ ਸਾਹਿਬ ਨੂੰ ਆਉਦ ਵਾਲੇ ਸਮੇਂ ਵਿਚ ਬਹੁਤ ਵੱਡੀ ਜ਼ਿੰਮੇਵਾਰੀ ਦਿੱਤੀ ਜਾਵੇਗੀ। ਇਸ ਮੌਕੇ ਉਹਨਾਂ ਨਾਲ ਸ੍ਰੀ ਧਰਮਵੀਰ ਦਾਦਰਾ ਵੀ ਸਾਥੀਆਂ ਸਮੇਤ ਭਾਜਪਾ ਵਿਚ ਸ਼ਾਮਲ ਹੋਏ।

# ਸਿਆਟਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਉਤਸਵ ਮਨਾਇਆ



**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਗੁਰਦੁਆਰਾ ਸੱਚਾ ਮਾਰਗ ਐਬਰਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ, ਜਿੱਥੇ ਹਫਤਾਵਾਰੀ ਧਾਰਮਿਕ ਦੀਵਾਨ ਸਜਾਏ ਗਏ ਅਤੇ ਭਾਈ ਕੁਲਵਿੰਦਰ ਸਿੰਘ ਤੇ ਭਾਈ ਮਨਜੀਤ ਸਿੰਘ ਨੇ ਕੀਰਤਨ ਕਰਕੇ ਗੁਰੂ ਦੀ ਉਪਮਾ ਕੀਤੀ। ਸਟੇਜ ਸਕੱਤਰ ਹਰਸ਼ਿੰਦਰ ਸਿੰਘ ਸੰਧੂ ਨੇ ਸਮੂਹ ਸੰਗਤ ਨੂੰ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ। ਉਹਨਾਂ ਲੰਗਰਾਂ ਦੀ ਸੇਵਾ ਕਰਨ ਵਾਲੇ ਪਰਿਵਾਰ ਦੇ ਮੁਖੀ ਪਰਮਜੀਤ ਸਿੰਘ ਧਾਲੀਵਾਲ ਤੇ ਕੀਰਤਨੀ ਜਥੇ ਦੇ ਭਾਈ ਮਨਜੀਤ ਸਿੰਘ ਗੁਰੂ ਘਰ ਵੱਲੋਂ ਸਿਰੋਪਾਓ ਦੇ ਕੇ ਨਿਵਾਜਿਆ ਗਿਆ। ਭਾਰੀ ਗਿਣਤੀ ਵਿਚ ਸੰਗਤਾਂ ਗੁਰੂ ਘਰ ਵਿਚ ਨਤਮਸਤਕ ਹੋਈਆਂ। ਅਖੀਰ ਵਿਚ ਹਰਸ਼ਿੰਦਰ ਸਿੰਘ ਸੰਧੂਨੇ ਗੁਰੂ ਦੀ ਨਵੀਂ ਇਮਾਰਤ ਲਈ ਬੁੱਧਵਾਰ ਨੂੰ ਵੱਡੀ ਮੀਟਿੰਗ ਵਿਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ।

# ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਰੰਗਰੇਟੇ ਗੁਰੂ ਕੇ ਬੇਟੇ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ





















**ਯੂਬਾ ਸਿਟੀ (ਬਿਊਰੋ)–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਦੇ ਸੱਦੇ 'ਤੇ 5 ਸਤੰਬਰ 2021 ਦਿਨ ਐਤਵਾਰ ਨੂੰ ਮਹਾਂਰਿਸ਼ੀ ਵਾਲਮੀਕ ਟੈਂਪਲ, ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਰੰਗਰੇਟੇ ਗੁਰੂ ਕੇ ਬੇਟੇ ਉਰਫ ਭਾਈ ਜੈਤਾ ਜੀ ਦਾ 360ਵਾਂ ਪ੍ਰਕਾਸ਼ ਦਿਹਾੜਾ ਸੰਗਤਾਂ ਵੱਲੋਂ ਬਹੁਤ ਹੀ ਖੁਸ਼ੀਆਂ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਹ ਪ੍ਰੋਗਰਾਮ ਸ. ਜਗਜੀਤ ਸਿੰਘ ਗਿੱਲ (ਰਾਣਾ) ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਸਾਡੇ ਬਹੁਤ ਸਤਿਕਾਰਿਤ ਕਲਾਕਾਰਾਂ ਅਮਰਜੀਤ ਸਿੰਘ ਲਾਲੀ, ਭੁਪਿੰਦਰ ਭਿੰਦਾ, ਜੋਗਿੰਦਰ ਸਿੰਘ ਸ਼ੌਂਕੀ ਅਤੇ ਛੋਟੀ ਬੱਚੀ ਸਿਮਰਨ ਭਗਾਣੀਆ ਆਦਿ ਵੱਲੋਂ ਉਤਸ਼ਾਹ ਭਰਪੂਰ ਸ਼ਬਦਾਂ/ਗੀਤਾਂ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਗਿਆ। ਇਸ ਤੋਂ ਇਲਾਵਾ ਕੈਲੇਫੋਰਨੀਆ ਦੇ ਮਸ਼ਹੂਰ ਢਾਡੀ ਜਥੇ ਸ. ਲਖਵਿੰਦਰ ਸਿੰਘ ਸੋਹਲ ਤੇ ਉਹਨਾਂ ਦੇ ਸਾਥੀਆਂ ਵੱਲੋਂ ਕਥਾ ਤੇ ਵਾਰਾਂ ਗਾ ਕੇ ਰੰਗਰੇਟੇ ਗੁਰੂ ਕੇ ਬੇਟੇ, ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਜਨਮ ਤੋਂ ਲੈ ਕੇ ਕੁਰਬਾਨੀਆਂ ਭਰਿਆ ਤੇ ਮਾਣਮੱਤਾ ਇਤਿਹਾਸ ਸੰਗਤਾਂ ਨਾਲ ਸਾਂਝਾ ਕੀਤਾ। ਉਹਨਾਂ ਇਹ ਗੱਲ ਵੀ ਵਿਸਥਾਰ ਪੂਰਵਕ ਸਾਂਝੀ ਕੀਤੀ ਕਿ ਇਹ ਪੂਰਾ ਪਰਿਵਾਰ ਹੀ ਸਿੱਖੀ ਨਾਲ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਜੁੜਿਆ ਹੋਇਆ ਹੈ ਅਤੇ ਇਹਨਾਂ ਦੇ ਪੁਰਖੇ ਭਾਈ ਕਲਿਆਣਾ ਜੀ ਤੋਂ ਲੈ ਕੇ ਸਾਰੇ ਪਰਿਵਾਰ ਦਾ ਕੁਰਬਾਨੀਆਂ ਭਰਪੂਰ ਇਤਿਹਾਸ ਹੈ।

ਇਹਨਾਂ ਤੋਂ ਇਲਾਵਾ ਵੱਖ-ਵੱਖ ਬੁਲਾਰਿਆਂ ਸੰਤੋਖ ਸਿੰਘ ਗਿੱਲ, ਜਨਰਲ ਸਕੱਤਰ, ਦੀਪਕ ਸਹੋਤਾ ਵਾਈਸ ਪ੍ਰਧਾਨ, ਜਸਪਾਲ ਮਾਲੜੀ ਸਾਬਕਾ ਸਕੱਤਰ ਆਦਿ ਨੇ ਬਾਬਾ ਜੀ ਦੇ ਜੀਵਨ ਨਾਲ ਸਬੰਧਤ ਵਿਚਾਰ ਸਾਂਝੇ ਕੀਤੇ। ਸੰਗਤਾਂ ਨੇ ਸਾਰਾ ਪ੍ਰੋਗਰਾਮ 9 ਵਜੇ ਤੋਂ 3 ਵਜੇ ਤੱਕ ਬਹੁਤ ਪਿਆਰ ਅਤੇ ਸਤਿਕਾਰ ਨਾਲ ਸੁਣਿਆ। ਗੁਰੂ ਕੇ ਲੰਗਰ ਸਾਰਾ ਦਿਨ ਅਤੁੱਟ ਵਰਤਦੇ ਰਹੇ। ਇਸ ਪ੍ਰੋਗਰਾਮ ਤੇ ਲੰਗਰ ਦੀ ਸੇਵਾ ਕੁਲਦੀਪ (ਦੀਪਾ) ਥਾਪਰ ਪੁੱਤਰ ਸ੍ਰੀ ਤਰਸੇਮ ਲਾਲ ਥਾਪਰ (ਫੌਜੀ) ਪਰਿਵਾਰ ਵੱਲੋਂ ਕੀਤੀ ਗਈ। ਸਭਾ ਵੱਲੋਂ ਸੇਵਾਦਾਰ ਪਰਿਵਾਰ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ। ਹਰ ਵਾਰ ਦੀ ਤਰ੍ਹਾਂ ਸਟੇਜ ਸਕੱਤਰ ਦੀ ਭੂਮਿਕਾ ਸੰਤੋਖ ਸਿੰਘ ਗਿੱਲ ਵੱਲੋਂ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ ਗਈ। ਪ੍ਰੋਗਰਾਮ ਦੇ ਅੰਤ ਵਿਚ ਸਭਾ ਦੇ ਜਨਰਲ ਸਕੱਤਰ ਵੱਲੋਂ ਸਮੂਹ ਕਲਾਕਾਰਾਂ, ਬੁਲਾਰਿਆਂ, ਢਾਡੀ ਜਥੇ ਅਤੇ ਸਮੂਹ ਸੰਗਤਾਂ ਦਾ ਸਭਾ ਵੱਲੋਂ ਤਹਿ ਦਿਲੋਂ ਧੰਨਵਾਦ ਕਰਦਿਆਂ ਹੋਇਆਂ ਸੰਗਤਾਂ ਦੇ ਚਰਨਾਂ 'ਚ ਬੇਨਤੀ ਕੀਤੀ ਕਿ ਇਸ ਤਰ੍ਹਾਂ ਦੇ ਪ੍ਰੋਗਰਾਮਾਂ 'ਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ ਅਤੇ ਗੁਰੂ ਚਰਨਾਂ 'ਚ ਹਾਜ਼ਰੀਆਂ ਲਗਵਾ ਕੇ ਅਸ਼ੀਰਵਾਦ ਦੀਆਂ ਝੋਲੀਆਂ ਭਰਨ।

# ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਰੰਗਰੇਟੇ ਗੁਰੂ ਕੇ ਬੇਟੇ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ













SUNSHINE AUTO CARE INC.
DBA
PHILLIPS AUTO CARE

Auto Services:
* Oil Change Services
* Fectory Scheduled Maintenance
* Transmission Repair / Replacement
* 4WD Repairs Clutch Replacement
* Power Door Lock & Windows Repairs
* Electrical / Battery Service & Repair
* Engine Diagnostic Service
* Air Conditioning Service & Repair
* Cooling System Service & Repair
* Major Engine Repair
* Brake Repairs
* And Much More...

Trucks & Trailers Services:
* DPF Filter Cleaning
* Clutch
* Computer Check
* Transmission
* Differential
* New / Use Tires
* Inspections
* Oil changes
* Van/Reefer Work
* Wheel Balancing
* Truck & Trailer Repair
* All Major & Minor Repairs
* We Do Aluminium Welding




ਅਸੀਂ ਕਸਟਮਰ ਨੂੰ ਪਿਕ ਅਪ ਅਤੇ ਡਰੋਪ ਵੀ ਕਰਦੇ ਹਾਂ

ਅਸੀਂ ਪੰਜਾਬੀ ਤੇ ਸਪੈਨਿਸ਼ ਵੀ ਬੋਲਦੇ ਹਾਂ

hablamos español

We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

ACCEPTED HERE
Com-Check
T-Check
EFS Check

We Provide All Autos, Trucks & Trailers Repair




Contact: Deep Suman: (408) 561-1846, (209) 239-1551 (24/7 Available)

Address: 1003 Moffat Blvd, Manteca CA 95336

# ਬਦਲਿਆ-ਬਦਲਿਆ ਮੇਰਾ ਜਲ੍ਹਿਆਂਵਾਲਾ ਬਾਗ ਨਜ਼ਰ ਆਉਂਦਾ ਹੈ


ਡਾ. ਸ਼ਿਆਮ ਸੁੰਦਰ ਦੀਪਤੀ
98158-08508

ਦੇਸ਼ ਦੀ ਆਜ਼ਾਦੀ ਦੇ ਘੋਲ ਵਿਚ ਅਨੇਕਾਂ ਹੀ ਕੁਰਬਾਨੀਆਂ ਦੇ ਕਿੱਸੇ, ਅੰਗਰੇਜ਼ੀ ਹਕੂਮਤ ਦੇ ਕਈ ਤਸ਼ੱਦਦ ਦੇ ਬਿਰਤਾਂਤ ਦਰਜ ਹਨ। ਇਸ ਇਤਿਹਾਸਕ ਘੋਲ ਵਿਚ ਹੋਰ ਜੋ ਮਰਜ਼ੀ ਗਾਇਬ ਹੋਵੇ ਜਾਂ ਕੀਤਾ ਗਿਆ ਹੋਵੇ, ਪਰ ਜਲ੍ਹਿਆਂਵਾਲੇ ਬਾਗ ਦਾ ਸਾਕਾ ਜ਼ਰੂਰ ਦਰਜ ਹੈ। ਇਹ ਗੱਲ ਵੱਖਰੀ ਹੈ ਕਿ ਉਸ ਨੂੰ ਥਾਂ ਕਿੰਨੀ ਕੁ ਮਿਲੀ ਹੈ ਤੇ ਉਸ ਦਾ ਬਿਆਨ ਕਿਸ ਅੰਦਾਜ਼ ਵਿਚ ਹੈ। ਇਹ ਗੱਲ ਇਸ ਲਈ ਕਰਨੀ ਬਣਦੀ ਹੈ ਕਿ ਕਿਉਂ ਜੋ ਇਹ ਵਰਤਾਰਾ ਪੂਰੇ ਆਜ਼ਾਦੀ ਘੋਲ ਵਿਚ ਵੱਖਰਾ ਨਜ਼ਰ ਆਉਂਦਾ ਹੈ। ਜਲ੍ਹਿਆਂਵਾਲੇ ਬਾਗ ਵਿਚ ਹਜ਼ਾਰਾਂ ਲੋਕਾਂ ਦਾ, ਬੇਦੋਸ਼ਿਆਂ ਦਾ ਡੁੱਲ੍ਹਾ ਖੂਨ, ਪੂਰੀ ਦੁਨੀਆਂ ਲਈ ਵਿਸ਼ੇਸ਼ ਸੀ ਤੇ ਬ੍ਰਿਟਿਸ਼ ਹਕੂਮਤ ਲਈ ਵੀ ਇਹ ਕੋਈ ਬੜੇ ਮਾਣ ਵਾਲੀ, ਕਿਸੇ ਜਿੱਤ ਦੀ ਘਟਨਾ ਨਹੀਂ ਸੀ। ਭਾਵੇਂ ਜਨਰਲ ਡਾਇਰ ਨੇ ਕਿਹਾ ਕਿ ਇਸ ਤਰ੍ਹਾਂ ਕਰਨ ਨਾਲ ਮੈਂ ਬ੍ਰਿਟਿਸ਼ ਹਕੂਮਤ ਦੀਆਂ ਜੜ੍ਹਾਂ ਮਜ਼ਬੂਤ ਕਰ ਰਿਹਾ ਸੀ ਤੇ ਲੋਕਾਂ ਨੂੰ ਸਬਕ ਸਿਖਾ ਰਿਹਾ ਸੀ ਕਿ ਅਜਿਹੀ ਕੋਈ ਵੀ ਘਟਨਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਸ ਨੂੰ ਇਸ ਵਰਤਾਰੇ ਲਈ ਮੁਆਫ ਵੀ ਕੀਤਾ ਗਿਆ ਸੀ, ਜਿਵੇਂ ਹਕੂਮਤਾਂ ਆਪਣੇ ਚਹੇਤਿਆਂ ਨੂੰ ਕਰਦੀਆਂ ਹੀ ਹਨ।

ਆਜ਼ਾਦੀ ਦੇ 75ਵੇਂ ਵਰ੍ਹੇ ਨੂੰ ਮੌਜੂਦਾ ਸੱਤਾਧਾਰੀ ਸਰਕਾਰ ਵਿਸ਼ੇਸ਼ ਸਮਾਗਮਾਂ ਜ਼ਰੀਏ ਅੰਮ੍ਰਿਤ ਮਹਾਂ ਉਤਸਵ ਦੇ ਰੂਪ ਵਿਚ ਮਨਾਉਣ ਦੀ ਚਾਹਵਾਨ ਹੈ। ਦੇਸ਼ ਦੀ ਆਜ਼ਾਦੀ ਲਈ ਹੋਈਆਂ ਕੁਰਬਾਨੀਆਂ ਨੂੰ ਯਾਦ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਜਲ੍ਹਿਆਂਵਾਲਾ ਬਾਗ ਅਤ ਅਜਿਹੀਆਂ ਹੋਰ ਥਾਵਾਂ ਦਾ ਨਵੀਨੀਕਰਨ ਹੋਵੇਗਾ ਤੇ ਸਮਾਰਕ ਬਣਾਏ ਜਾਣਗੇ। ਇਸੇ ਲੜੀ ਵਿਚ ਜਲ੍ਹਿਆਂਵਾਲੇ ਬਾਗ ਦਾ ਨਵਾਂ ਰੂਪ ਦੇਸ਼ ਨੂੰ ਸਮਰਪਿਤ ਕੀਤਾ ਗਿਆ ਹੈ। ਭਾਵੇਂ ਕਿ ਇਸ ਸਾਕੇ ਦੀ ਸ਼ਤਾਬਦੀ ਮੌਕੇ ਇਹ ਕਾਰਜ ਹੋਣਾ ਸੀ, ਜੋ ਕਿ ਕਰੋਨਾ ਕਰਕੇ ਅੱਗੇ ਪੈਂਦਾ ਰਿਹਾ ਤੇ ਤਕਰੀਬਨ ਦੋ ਸਾਲ ਬਾਅਦ ਇਹ ਲੋਕਾਂ ਲਈ ਖੋਲ੍ਹਿਆ ਗਿਆ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨੇ ਦਿੱਲੀ ਤੋਂ ਹੀ ਰਿਮੋਟ ਰਾਹੀਂ ਇਸ ਦਾ ਉਦਘਾਟਨ ਕੀਤਾ ਹੈ, ਭਾਵੇਂ ਕਿ ਸਥਾਨਕ ਲੋਕਾਂ ਨੇ ਅੰਦਰ ਬੈਠ ਕੇ ਗਵਾਹੀ ਭਰੀ ਤੇ ਕਈਆਂ ਨੂੰ ਰੋਕਿਆ ਵੀ ਗਿਆ ਤੇ ਪੁਲਿਸ ਦੀਆਂ ਲਾਠੀਆਂ ਦਾ ਸਾਹਮਣਾ ਵੀ ਕਰਨਾ ਪਿਆ। ਇੱਥੇ ਆ ਕੇ ਲੋਕਾਂ ਨਾਲ ਸਿੱਧਾ ਸੰਬੋਧਨ ਤਾਂ ਵੱਖਰੀ ਗੱਲ ਹੈ, ਜਲ੍ਹਿਆਂਵਾਲੇ ਬਾਗ ਦੀ ਉਹ ਮਿੱਟੀ ਜਿੱਥੇ ਅਜੇ ਵੀ ਨਿਰਦੋਸ਼ਾਂ ਦਾ ਖੂਨ ਆਪਣੀ ਕਹਾਣੀ ਕਹਿ ਰਿਹਾ ਹੈ, ਸੁਣੀ ਜਾਂਦੀ ਤਾਂ ਲੋਕਾਂ ਨੂੰ ਚੰਗਾ ਲੱਗਦਾ। ਖੈਰ, ਦੋ ਹਫਤੇ ਪਹਿਲਾਂ ਦੇਸ਼ ਦੇ ਆਜ਼ਾਦੀ ਦਿਹਾੜੇ 'ਤੇ ਬੈਰੀਕੇਟਾਂ/ਕੈਂਟਰਾਂ ਦੀ ਓਟ ਵਿਚ ਝੰਡਾ ਝੁਲਾਉਣਾ ਵੀ ਲੋਕਾਂ ਨੇ ਦੇਖਿਆ ਹੈ।

ਪ੍ਰਧਾਨ ਮੰਤਰੀ ਨੇ ਆਪਣੇ ਸੰਬੋਧਨ ਵਿਚ ਉਹਨਾਂ ਬੇਕਸੂਰ ਲੋਕਾਂ ਨੂੰ ਯਾਦ ਕੀਤਾ ਤੇ ਅਜਿਹੀਆਂ ਘਟਨਾਵਾਂ ਤੋਂ ਸਬਕ ਲੈਣ, ਪ੍ਰੇਰਨਾ ਲੈਣ ਦੀ ਗੱਲ ਕੀਤੀ। ਉਹਨਾਂ ਕਿਹਾ ਕਿ ਰਾਸ਼ਟਰ ਪ੍ਰਤੀ ਕੀ ਕਰਤੱਵ ਹੁੰਦੇ ਹਨ ਅਤੇ ਦੇਸ਼ ਸਰਵਉਚ ਹੁੰਦਾ ਹੈ ਦੀ ਮਿਸਾਲ ਹੈ ਇਹ ਜਲ੍ਹਿਆਂਵਾਲਾ ਬਾਗ। ਜਲ੍ਹਿਆਂਵਾਲਾ ਬਾਗ ਜੋ ਆਪਣੇ-ਆਪ ਵਿਚ ਇਕ ਵਿਲੱਖਣ ਇਤਿਹਾਸਕ ਘਟਨਾਕ੍ਰਮ ਸਮੋਈ ਬੈਠਾ ਹੈ, ਉਸ ਨੂੰ ਆਪਣੇ ਰਵਾਇਤੀ ਫਲਸਫੇ ਰਾਸ਼ਟਰਵਾਦ ਵਿਚ ਤਬਦੀਲ ਕਰਨਾ, ਉਸ ਸਚਾਈ ਤੋਂ ਮੁਨਕਰ ਹੋਣਾ ਹੈ, ਜੋ ਦੇਸ਼ ਲਈ ਅਮਲੀ ਪ੍ਰੇਰਨਾ ਸਰੋਤ ਹੈ।

ਇਸ ਕਾਂਡ ਤੋਂ ਪਹਿਲੇ ਦਿਨ ਦਾ ਘਟਨਾਕ੍ਰਮ ਰਾਮਨੌਮੀ ਤੋਂ ਸ਼ੁਰੂ ਹੁੰਦਾ ਹੈ। ਉਹ ਤਿਉਹਾਰ 9 ਅਪ੍ਰੈਲ ਨੂੰ ਸੀ।



ਦੇਸ਼ ਪੰਜਾਬ ਵਿਚ ਖਾਸ ਕਰ ਰੋਲਟ ਐਕਟ ਖਿਲਾਫ ਹੋ ਰਹੀਆਂ ਰੈਲੀਆਂ ਦੇ ਮੱਦੇਨਜ਼ਰ, ਅੰਗਰੇਜ਼ਾਂ ਨੇ ਆਪਣੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਤਹਿਤ ਹਿੰਦੂ ਪਾਣੀ, ਮੁਸਲਿਮ ਪਾਣੀ ਦੀ ਖੇਡ ਖੇਡੀ। ਰਾਮਨੌਮੀ ਵਾਲੇ ਦਿਨ ਇਕ ਸ਼ੋਭਾ ਯਾਤਰਾ ਨਿਕਲੀ, ਜਿਸ ਦੀ ਅਗਵਾਈ ਡਾ. ਬਸ਼ੀਰ ਨੇ ਕੀਤੀ। ਹਿੰਦੂ-ਮੁਸਲਮਾਨਾਂ ਨੇ ਇਕੋ ਘੜੇ ਵਿਚ ਪਾਣੀ ਪੀਤਾ ਤੇ ਇਹ ਸਭ ਅੰਗਰੇਜ਼ੀ ਹਕੂਮਤ ਨੂੰ ਹੋਰ ਗੁੱਸਾ ਚੜ੍ਹਾਉਣ ਵਾਲਾ ਸੀ। ਜਲ੍ਹਿਆਂਵਾਲੇ ਬਾਗ ਵਿਚ ਚੱਲ ਰਹੀ ਸ਼ਾਂਤਮਈ ਰੈਲੀ/ਇਕੱਠ ਨੂੰ ਹੰਸ ਰਾਜ, ਅਬਦੁਲ ਮਜੀਦ, ਜਮਨਾ ਪ੍ਰਸ਼ਾਦ, ਰਾਏ ਰਾਮ ਸਿੰਘ ਨੇ ਸੰਬੋਧਨ ਕੀਤਾ। ਸਾਰੇ ਫਿਰਕਿਆਂ ਦੇ ਲੋਕਾਂ ਦਾ ਖੂਨ ਵਹਾਇਆ ਗਿਆ। ਇਹ ਏਕਾ, ਇਹ ਭਾਈਚਾਰਾ ਉਸ ਥਾਂ ਦਾ ਪ੍ਰੇਰਨਾ ਸਰੋਤ ਹੈ। ਜਦੋਂ ਇਹ ਬਣਿਆ ਹੋਵੇ ਤਾਂ ਰਾਸ਼ਟਰਵਾਦ ਦੀ ਮੋਹਰ ਲਗਾਉਣ ਦੀ ਲੋੜ ਨਹੀਂ ਪੈਂਦੀ।

ਇਤਿਹਾਸ ਨੂੰ ਸਾਂਭਣਾ, ਯਾਦ ਕਰਨਾ ਇਸ ਲਈ ਜ਼ਰੂਰੀ ਹੁੰਦਾ ਹੈ ਕਿ ਅਜਿਹਾ ਕੁਝ ਭਵਿੱਖ ਵਿਚ ਫਿਰ ਤੋਂ ਨਾ ਵਾਪਰੇ। ਜਲ੍ਹਿਆਂਵਾਲੇ ਬਾਗ ਦੇ ਕਾਂਡ ਲੋਕ ਫਿਰ ਤੋਂ ਨਾ ਦੇਖ ਸਕਣ। ਇਸ ਲਈ ਉਥੇ ਉਹ ਸਭ ਉਲੀਕਣਾ ਜ਼ਰੂਰੀ ਹੈ। ਸ਼ਹੀਦੀ ਖੂਹ ਨੂੰ ਨਵੀਂ ਤਕਨੀਕ ਨਾਲ ਸੁਰੱਖਿਅਤ ਕਰਨਾ ਵਧੀਆ ਗੱਲ ਹੈ, ਪਰ ਜਿਨ੍ਹਾਂ ਚਾਰ ਗੈਲਰੀਆਂ ਵਿਚ ਇਤਿਹਾਸਕ ਘਟਨਾਕ੍ਰਮ ਦਿਖਾਇਆ-ਦਰਸਾਇਆ ਗਿਆ ਹੈ, ਉਥੇ ਉਹ ਭਾਵਨਾ ਗਾਇਬ ਹੈ, ਜੋ ਲੋਕਾਂ ਨੂੰ ਉਥੋਂ ਮਹਿਸੂਸ ਕਰਕੇ ਜਾਣੀ ਚਾਹੀਦੀ ਹੈ।

ਸੱਤਾ ਦੀ ਮਨਸ਼ਾ ਹਮੇਸ਼ਾ ਆਪਣੇ ਨਜ਼ਰੀਏ ਤੋਂ ਇਤਿਹਾਸ ਸਾਂਭਣ ਦੀ ਹੁੰਦੀ ਹੈ। ਜੇਕਰ ਉਸ ਵਾਰਦਾਤ ਵਿਚ ਸਾਂਭਣਯੋਗ ਨਾ ਲੱਗੇ ਤਾਂ ਉਸ ਨੂੰ ਆਪਣੇ ਢੰਗ ਨਾਲ ਤੋੜਿਆ-ਮਰੋੜਿਆ (ਛੇੜਛਾੜ) ਕੀਤਾ ਜਾਂਦਾ ਹੈ। ਜਲ੍ਹਿਆਂਵਾਲਾ ਬਾਗ ਦਾ ਸੁੰਦਰੀਕਰਨ-ਨਵੀਨੀਕਰਨ ਕੀਤਾ ਗਿਆ ਹੈ, ਜੋ ਕਿ ਸਾਫ ਸਫਾਈ, ਰੰਗ ਰੋਗਨ ਨਾਲ ਵੀ ਹੋ ਜਾਂਦਾ ਹੈ। ਇਹ ਪ੍ਰਚਾਰਿਆ ਗਿਆ ਹੈ ਕਿ ਪੁਰਾਤਨ ਰੂਪ ਬਰਕਰਾਰ ਹੈ, ਪਰ ਜੋ ਲੋਕ ਇਤਿਹਾਸ ਦੀ ਸਮਝ ਰੱਖਦੇ ਹਨ ਤੇ ਅਜਿਹੀਆਂ ਥਾਵਾਂ ਨੂੰ ਸੰਭਾਲਣ ਦੇ ਮਹੱਤਵ ਨੂੰ ਜਾਣਦੇ ਨੇ, ਉਹ ਇਸ ਬਦਲਾਅ ਤੋਂ ਜ਼ਰੂਰ ਪ੍ਰੇਸ਼ਾਨ ਹੋਣਗੇ। ਕਿਤਾਬਾਂ ਵਿਚ ਪੜ੍ਹਦਿਆਂ ਤੇ ਅਧਿਆਪਕਾਂ ਵੱਲੋਂ ਵਿਆਖਿਆ ਕਰਦਿਆਂ ਜੋ ਦੱਸਿਆ ਜਾਂਦਾ ਸੀ ਕਿ ਜਲ੍ਹਿਆਂਵਾਲੇ ਬਾਗ ਨੂੰ ਜਾਣ ਵਾਲੀ ਇਕ ਭੀੜੀ ਜਿਹੀ ਗਲੀ ਸੀ, ਮਸਾਂ ਦੋ ਵਿਅਕਤੀ ਇਕੱਠੇ ਜਾ ਸਕਦੇ ਸੀ। ਜਨਰਲ ਡਾਇਰ ਨੇ ਉਥੇ ਫੌਜਾਂ ਖੜ੍ਹੀਆਂ ਕਰ ਦਿੱਤੀਆਂ। ਬਾਹਰ ਆਉਣ ਦਾ ਕੋਈ ਰਸਤਾ ਨਹੀਂ ਸੀ। ਬਾਗ ਦੀ ਚਾਰਦੀਵਾਰੀ ਵੀ ਇੰਨੀ ਨਹੀਂ ਸੀ ਕਿ ਕੰਧ ਟੱਪੀ ਜਾ ਸਕੇ। ਲੋਕਾਂ ਨੇ ਬਚਣ ਲਈ ਖੂਹ ਵਿਚ ਛਾਲਾਂ ਮਾਰੀਆਂ ਤੇ ਦੇਖਦੇ-ਦੇਖਦੇ ਖੂਹ ਲਾਸ਼ਾਂ ਨਾਲ ਭਰ ਗਿਆ। ਜਲ੍ਹਿਆਂਵਾਲਾ ਬਾਗ ਨੂੰ ਬਿਨਾਂ ਦੇਖੇ ਹੀ ਇਹ ਦ੍ਰਿਸ਼ ਸਾਹਮਣੇ ਆਉਂਦੇ ਸੀ। ਉਹ ਦ੍ਰਿਸ਼ ਮਹਿਸੂਸ ਕਰਨਾ, ਉਥੇ ਆਏ ਹਰ ਸੈਲਾਨੀ ਦੇ ਹਿੱਸੇ ਆਉਣਾ ਚਾਹੀਦਾ ਹੈ। ਉਹ ਗਾਇਬ ਹੈ। ਵੈਸੇ ਤਾਂ ਕੁਝ ਸਮਾਂ ਪਹਿਲਾਂ ਹੀ ਇਕ ਗੈਲਰੀ ਦੇ ਨਾਂਅ 'ਤੇ ਨੇਤਾਵਾਂ/ਅਫਸਰਾਂ ਦੇ ਬਾਹਰ ਆਉਣ ਲਈ ਵੱਖਰਾ ਰਾਹ ਬਣਾਇਆ ਗਿਆ ਸੀ, ਜੋ ਕਿ ਬਹੁਤਾ ਪਸੰਦ ਨਹੀਂ ਕੀਤਾ ਗਿਆ, ਪਰ ਇਸ ਨਵੀਨੀਕਰਨ ਵਿਚ ਜੋ ਪ੍ਰੇਸ਼ਾਨ ਕਰਨ ਵਾਲੀ ਛੇੜਛਾੜ ਹੈ, ਉਹ ਹੈ 'ਬਾਹਰ ਜਾਣ ਦਾ ਰਸਤਾ' ਐਗਜ਼ਿਟ। ਲੋਕ ਇਕ ਰਾਹ ਤੋਂ, ਭੀੜੀ ਗਲੀ ਤੋਂ ਜਾਂਦੇ ਨੇ, ਜੋ ਕਿ ਕੰਧ ਬੁੱਤਾਂ ਨਾਲ ਸਜਾਈ ਹੋਈ ਹੈ, ਮਤਲਬ ਉਸ ਦਾ ਵੀ ਅਸਲੀ ਰੂਪ ਤਬਦੀਲ ਹੋਇਆ ਹੈ, ਤੇ ਬਾਗ ਦਾ ਗੇੜਾ ਮਾਰ ਕੇ ਗੈਲ-ਰੀਆਂ ਦੇ ਦਰਸ਼ਨ ਕਰਕੇ ਬੜੇ ਆਰਾਮ ਨਾਲ ਬਾਹਰ ਆ ਜਾਂਦਾ ਹੈ।

ਇਹ ਸਾਰਾ ਨਵਾਂ ਰੂਪ, ਇਹ ਸੌਖ, ਉਸ ਭਾਵਨਾ ਨੂੰ ਪੈਦਾ ਨਹੀਂ ਕਰਦੀ, ਪ੍ਰੇਰਨਾ ਸਰੋਤ ਕਿੱਥੋਂ ਹਾਸਲ ਕੀਤਾ ਜਾਵੇ? ਦੇਸ਼ ਦੇ ਪ੍ਰਧਾਨ ਮੰਤਰੀ ਨੇ ਆਪਣੇ ਸੰਬੋਧਨ ਵਿਚ ਪੰਜਾਬ ਨੂੰ ਵਿਸ਼ੇਸ਼ ਤੌਰ 'ਤੇ ਯਾਦ ਕੀਤਾ। ਪੰਜਾਬ ਦੇ ਗੁਰੂਆਂ ਨੂੰ ਯਾਦ ਕਰਨਾ, ਉਹਨਾਂ ਦੇ ਸੰਬੋਧਨ ਦਾ ਅਹਿਮ ਹਿੱਸਾ ਬਣਿਆ ਹੈ। ਉਹਨਾਂ ਨੇ ਗੁਰੂ ਨਾਨਕ ਦੇ ਕਿਰਤ ਸੰਦੇਸ਼ ਨੂੰ ਅਤੇ ਇਸ ਵਰ੍ਹੇ ਗੁਰੂ ਤੇਗ ਬਹਾਦਰ ਦੀ ਕੁਰਬਾਨੀ ਨੂੰ ਚੇਤੇ ਕੀਤਾ ਅਤੇ ਇਸ ਮੌਕੇ ਗੁਰੂ ਗੋਬਿੰਦ ਸਿੰਘ ਦੇ 'ਖਾਲਸਾ ਸਾਜਣਾ' ਨੂੰ ਵੀ ਚੇਤੇ ਰੱਖਿਆ। ਚੰਗਾ ਹੁੰਦਾ, ਜੇਕਰ ਇਸ ਮੌਕੇ ਉਹ ਸੈਫੂਦੀਨ ਸ਼ਾਇਰ ਦੀਆਂ ਇਹ ਲਾਈਨਾਂ ਵੀ ਯਾਦ ਕਰ ਲੈਂਦੇ।

ਇੱਕੋ ਰੂਪ ਅੰਦਰ ਡਿੱਠਾ ਸਾਰਿਆਂ ਨੇ,
ਉਹ ਰਹੀਮਾ, ਕਰਤਾਰ, ਭਗਵਾਨ ਸਿੰਘ।
ਹੋਏ ਜ਼ਮਜ਼ਮ ਤੇ ਗੰਗਾ ਇਕ ਥਾਂ 'ਕੱਠੇ।
ਰਲਿਆ ਖੂਨ ਹਿੰਦੂ-ਮੁਸਲਮਾਨ ਇੱਥੇ।

ਕਵਿਤਾ ਲੰਮੀ ਹੈ, ਪੜ੍ਹੀ ਜਾ ਸਕਦੀ ਹੈ। ਇਸੇ ਤਰ੍ਹਾਂ ਨਾਵਲਕਾਰ ਨਾਨਕ ਸਿੰਘ ਦੀ ਕਵਿਤਾ 'ਖੂਨੀ ਵਿਸਾਖੀ' ਹੈ। ਗੈਲਰੀਆਂ ਵਿਚ ਉਸ ਨੂੰ ਥਾਂ ਦੇਣੀ ਬਣਦੀ ਸੀ।

ਜਲ੍ਹਿਆਂਵਾਲੇ ਬਾਗ ਦਾ ਜ਼ਿਕਰ ਹੁੰਦਾ ਤਾਂ ਦੇਸ਼ ਦੀ ਆਜ਼ਾਦੀ ਦਾ ਜ਼ਿਕਰ ਹੋਣਾ ਹੀ ਸੀ। ਆਜ਼ਾਦੀ ਮਿਲੀ ਤਾਂ ਦੇਸ਼ ਵੰਡ ਦੀ ਗੱਲ ਵੀ ਆਉਣੀ ਸੀ। ਚੰਗੀ ਗੱਲ ਹੈ ਕਿ ਉਸ ਵੰਡ ਵੇਲੇ ਹੋਏ ਪੰਜਾਬ ਦੇ ਨੁਕਸਾਨ ਨੂੰ ਲੱਖਾਂ ਲੋਕਾਂ ਦੀਆਂ ਆਹਾਂ ਨੂੰ ਚੇਤੇ ਕੀਤਾ ਗਿਆ ਪਰ ਯਾਦ ਇਹ ਵੀ ਰੱਖਣਾ ਲਾਜ਼ਮੀ ਹੈ ਕਿ ਦੋਵੇਂ ਪੰਜਾਬਾਂ ਨੇ ਇਸ ਨੂੰ ਝੱਲਿਆ।

ਵਿਸ਼ੇਸ਼ ਗੱਲ ਇਹ ਹੈ ਕਿ ਇਹ ਵੀ ਇਤਿਹਾਸ ਨੂੰ ਯਾਦ ਕਰਨ ਵਾਲੀ ਘਟਨਾ ਹੈ, ਪਰ ਸਿਖਿਆ ਜਾਵੇ ਤਾਂ, ਪਰ ਅਸੀਂ ਤਾਂ 1984, 2002 ਅਤੇ ਹੋਰ ਅਜਿਹੇ ਛੋਟੇ-ਮੋਟੇ ਕਾਂਡ ਸਿਰਜੇ। ਇਸੇ ਸਿੱਖਣ ਪ੍ਰਕਿਰਿਆ ਤਹਿਤ ਅਸੀਂ ਤਕਰੀਬਨ ਹਰ ਰੋਜ਼ ਹੀ ਜਲ੍ਹਿਆਂਵਾਲਾ ਬਾਗ ਕਾਂਡ ਹੁੰਦੇ ਦੇਖਦੇ ਹਾਂ। ਸਾਡੇ ਨੇਤਾ/ਅਫਸਰ ਸਾਰੇ ਹੀ ਜਨਰਲ ਡਾਇਰ ਦੀ ਰੂਹ ਨੂੰ ਨਾਲ ਹੀ ਰੱਖਦੇ ਹਨ ਤੇ ਸਬਕ ਸਿਖਾਉਣ ਦੀ ਗੱਲ ਕਰਦੇ ਹਨ। ਹਰਿਆਣਾ ਦੇ ਮੁੱਖ ਮੰਤਰੀ ਦੀ ਸਮਝ ਹੈ ਕਿ ਲੋਕਤੰਤਰ ਦੀ ਰਾਖੀ ਲਈ ਸਖਤੀ ਤਾਂ ਜ਼ਰੂਰੀ ਹੈ। ਫਿਰ ਰਾਜਾਸ਼ਾਹੀ/ ਤਾਨ-ਾਸ਼ਾਹੀ ਦੀ ਥਾਂ ਲੋਕਤੰਤਰ ਹੀ ਕਿਉਂ ਚੁਣਿਆ।

ਮੁੱਕਦੀ ਗੱਲ ਹੈ ਕਿ ਹੁਣ ਹਰ ਸਾਲ 14 ਅਗਸਤ ਨੂੰ ਦੇਸ਼ ਵੰਡ ਦੁਖਾਂਤ ਦਿਹਾੜਾ ਮਨਾਇਆ ਜਾਇਆ ਕਰੇਗਾ। ਚੰਗੀ ਗੱਲ ਹੈ, ਪਰ ਯਾਦ ਕੀ ਕਰਾਂਗੇ ਤੇ ਸਿੱਖਾਂਗੇ ਕੀ ਕੁਝ?

ਕੱਲ੍ਹ ਨੂੰ ਉਹਨਾਂ ਦਸ ਲੱਖ ਬੇਕਸੂਰਾਂ ਦੀ ਯਾਦ ਵਿਚ ਕੋਈ ਸਮਾਰਕ ਬਣੇ ਤਾਂ ਉਸ ਵਿਚੋਂ ਪੰਜ ਲੱਖ, ਵਾਘੇ ਪਾਰ ਵਾਲੇ ਗਾਇਬ ਹੀ ਕਰ ਦਿੱਤੇ ਤਾਂ ਫਿਰ ਕੀ ਫਾਇਦਾ ਅਜਿਹੇ ਸਮਾਰਕਾਂ

# ਹੁਣ ਕਿਹੜੀ ਖੁੱਡ ਵਿੱਚ ਵੜ ਗਿਆ ਓਲੰਪਿਕ ਜੇਤੂਆਂ ਨੂੰ ਲੱਖ ਡਾਲਰ ਦੇਣ ਵਾਲਾ ਜੁਗਾੜੀ ਖੇਡ ਪ੍ਰਮੋਟਰ

ਖੇਡ ਮੈਦਾਨ ਬੋਲਦਾ ਹੈ
ਜਗਰੂਪ ਸਿੰਘ ਜਰਖੜ
98143-00722



ਟੋਕੀਓ ਓਲੰਪਿਕ ਖੇਡਾਂ ਅਤੇ ਪੈਰਾਲੰਪਿਕ ਖੇਡਾਂ 2021 ਵਿੱਚ ਭਾਰਤ ਦਾ ਪੈਰਦਰਸ਼ਨ ਇਸ ਵਾਰ ਪਹਿਲਾਂ ਨਾਲੋਂ ਕਾਫੀ ਬਿਹਤਰ ਰਿਹਾ ਹੈ । ਭਾਰਤ ਸਰਕਾਰ ਅਤੇ ਵੱਖ ਵੱਖ ਰਾਜਾਂ ਦੀਆਂ ਸਰਕਾਰਾਂ ਨੇ ਜੇਤੂ ਖਿਡਾਰੀਆਂ ਨੂੰ ਜੋ ਵੀ ਇਨਾਮ ਐਲਾਨੇ ਸਨ, ਉਸ ਤੋਂ ਕਿਤੇ ਵੱਧ ਮਾਣ ਸਨਮਾਨ ਅਤੇ ਇਨਾਮੀ ਰਾਸ਼ੀ ਦੇ ਕੇ ਸਤਿਕਾਰ ਦਿੱਤਾ ਹੈ ਪੰਜਾਬ ਦੀ ਖੇਡ ਪਾਲਿਸੀ ਵਿਚ ਕਾਂਸੀ ਤਮਗਾ ਜੇਤੂਆਂ ਦਾ ਇਨਾਮ 1 ਕਰੋੜ ਬਣਦਾ ਸੀ ਪਰ ਪੰਜਾਬ ਸਰਕਾਰ ਨੇ ਜੇਤੂਆਂ ਨੂੰ ਢਾਈ ਢਾਈ ਕਰੋੜ ਅਤੇ ਹੋਰ ਹਿੱਸਾ ਲੈਣ ਵਾਲੇ ਖਿਡਾਰੀਆਂ ਨੂੰ ਵੀ 50-50 ਲੱਖ ਰੁਪਏ ਦੀ ਇਨਾਮੀ ਰਾਸ਼ੀ ਦੇ ਕੇ ਖਿਡਾਰੀਆਂ ਦਾ ਹੌਸਲਾ ਵਧਾਇਆ ਹੈ। ਹਰਿਆਣਾ ਸਰਕਾਰ ਨੇ ਤਾਂ ਸਨਮਾਨ ਵਿਚ ਬਾ- ਕਮਾਲ ਹੀ ਕਰ ਦਿੱਤੀ ਹੈ ਹਰਿਆਣਾ ਸਰਕਾਰ ਨੇ ਓਲੰਪਿਕ ਦੇ ਗੋਲਡ ਮੈਡਲ ਜੇਤੂ ਨੀਰਜ ਚੋਪੜਾ ਨੂੰ 6 ਕਰੋੜ ਦਾ ਸਨਮਾਨ ਦਿੱਤਾ ਹੈ, ਬਾਕੀ ਜੇਤੂਆਂ ਨੂੰ ਵੀ ਕਰੋੜਾਂ ਤੋਂ ਥੱਲੇ ਨਹੀਂ ਆਉਣ ਦਿੱਤਾ । ਸਰਕਾਰਾਂ ਦਾ ਇਹ ਕਦਮ ਖਿਡਾਰੀਆਂ ਪੈਰਤੀ ਬਹੁਤ ਹੀ ਸ਼ਲਾਘਾਯੋਗ ਹਨ। ਸਰਕਾਰਾਂ ਅਤੇ ਓਲੰਪਿਕ ਖੇਡਾਂ ਵਿਚ ਗਏ ਖਿਡਾਰੀ ਵੀ ਆਪਣੀਆਂ ਪੈਰਾਪਤੀਆਂ ਸਦਕਾ ਵਧਾਈ ਦੇ ਪਾਤਰ ਹਨ ।

ਖਿਡਾਰੀਆਂ ਨੇ ਦੇਸ਼ ਦਾ ਨਾਮ ਦੁਨੀਆਂ ਵਿਚ ਚਮਕਾਇਆ ,ਸਰਕਾਰਾਂ ਨੇ ਖਿਡਾਰੀਆਂ ਨੂੰ ਮਾਣ ਸਤਿਕਾਰ ਦੇ ਕੇ ਚਮਕਾਇਆ ਹੈ ਪਰ ਦੂਸਰੇ ਪਾਸੇ ਕਈ ਖੇਡਾਂ ਦੇ ਨਾਮ ਤੇ ਬਣੇ ਜੁਗਾੜੀ ਅਤੇ ਚੋਰ ਚੱਕੇ, ਜਾਅਲੀ ਖੇਡ ਪੈਰਮੋਟਰ ਜਿਹੜੇ ਸਿਰਫ਼ ਆਪਣਾ ਨਾਮ ਚਮਕਾਉਣ ਦੀ ਆੜ ਵਿੱਚ ਰਹਿੰਦੇ ਹਨ। ਉਨੈਹਾਂ ਨੇ ਵੀ ਓਲੰਪਿਕ ਖੇਡਾਂ ਤੋਂ ਪਹਿਲਾਂ ਤਮਗਾ ਜੇਤੂਆਂ ਨੂੰ ਵੱਡੇ ਵੱਡੇ ਇਨਾਮ ਦੇਣ ਦੇ ਐਲਾਨ ਕਰ ਦਿੱਤੇ ਪਰ ਜਦੋਂ ਖਿਡਾਰੀ ਤਮਗਾ ਜਿੱਤ ਕੇ ਆਏ ਉਹ ਚੋਰ ਚੱਕੇ ਖੇਡ ਪੈਰਮੋਟਰ ਕਿਤੇ ਦੀਵਾ ਲਾਇਆ ਵੀ ਨਹੀਂ ਲੱਭੇ ਉਨੈਹਾਂ ਦੇ ਕੀਤੇ ਐਲਾਨ ਸਿਰਫ਼ ਐਲਾਨਾਂ ਤੱਕ ਹੀ ਸੀਮਤ ਰਹਿ ਗਏ । ਕੁਝ ਸਾਲ ਪਹਿਲਾਂ ਅਮਰੀਕਾ ਦੇ ਸ਼ਹਿਰ ਸਿਆਟਲ ਦੀ ਇਕ ਬਸਤੀ ਵਿਚ ਰਹਿੰਦੇ ਇਕ ਚੰਨਾ ਨਾਮ ਦੇ ਜੁਗਾੜੀ ਜਿਹੇ ਕਬੱਡੀ ਪੈਰਮੋਟਰ ਨੇ ਇਹ ਐਲਾਨ ਕਰ ਦਿੱਤਾ ਕਿ ਜੋ ਖਿਡਾਰੀ ਓਲੰਪਿਕ ਖੇਡਾਂ ਚੋਂ ਸੋਨ ਤਮਗਾ ਜਿੱਤੇਗਾ ਉਸ ਨੂੰ ਓਹ ਇੱਕ ਲੱਖ ਅਮਰੀਕੀ ਡਾਲਰ ਦਾ ਇਨਾਮ ਦੇਵੇਗਾ । ਇਸ ਤੋਂ ਇਲਾਵਾ ਕਈ ਹੋਰ ਕਬੱਡੀ ਕੱਪਾਂ ਵਾਲਿਆਂ ਨੇ ਕਿਸੇ ਨੇ 5 ਲੱਖ ਕਿਸੇ ਨੇ 11 ਲੱਖ ਕਿਸੇ ਨੇ ਕੁੱਝ ,ਕਿਸੇ ਨੇ ਕੱਝ ਜੇਤੂਆਂ ਲਈ ਐਲਾਨ ਕਰ ਦਿੱਤਾ । ਅਜਿਹੇ ਐਲਾਨਾਂ ਨਾਲ ਖਿਡਾਰੀਆਂ ਦੇ ਹੌਸਲੇ ਵੀ ਬੁਲੰਦ ਹੋ ਗਏ ਅਤੇ ਅਸੀਂ ਵੀ ਚਾਪਲੂਸੀ ਵਾਲੀ ਪੱਤਰਕਾਰੀ ਦੀਆਂ ਹੱਦਾਂ ਪਾਰ ਕਰ ਕੇ ਕਰਕੇ ਅਖ਼ਬਾਰਾਂ ਵਿੱਚ ਇਨੈਹਾਂ ਖੇਡ ਪੈਰਮੋਟਰਾਂ ਦੀਆਂ ਤਾਰੀਫ਼ਾਂ ਦੇ ਵੱਡੇ ਵੱਡੇ ਪੁਲ ਬੰਨੈਹ ਦਿੱਤੇ ।

ਪਰ ਜਦੋਂ ਬੀਜਿੰਗ ਓਲੰਪਿਕ ਖੇਡਾਂ ਵਿੱਚ ਭਾਰਤ ਦੇ ਚੰਗੇ ਭਾਗਾਂ ਨੂੰ ,ਇਨੈਹਾਂ ਜੁਗਾੜੀ ਪ੍ਰਮੋਟਰਾਂ ਦੇ ਮਾੜੇ ਭਾਗਾਂ




ਨੂੰ ਪੰਜਾਬ ਦੇ ਅਭਿਨਵ ਬਿੰਦਰਾ ਨੇ ਨਿਸ਼ਾਨੇਬਾਜ਼ੀ ਵਿੱਚ ਸੋਨ ਤਮਗਾ ਜਿੱਤ ਲਿਆ ਅਤੇ ਕਈ ਹੋਰ ਤਮਗੇ ਵੀ ਆ ਗਏ ਤਾਂ ਇਹ ਜੁਗਾੜੀ ਚੋਰ ਚੱਕੇ ਖੇਡ ਪੈਰਮੋਟਰ ਖਿਡਾਰੀਆਂ ਨੂੰ ਐਲਾਨੇ ਇਨਾਮ ਦੇਣ ਦੀ ਬਜਾਏ ਪਤਾ ਨਹੀਂ ਲੱਗਿਆ ਕਿ ਕਿਹੜੀ ਖੁੱਡ ਵਿੱਚ ਵੜ ਗਏ ਮੁੜ ਕੇ ਬੋਲੇ ਹੀ ਨਹੀਂ । ਬਥੇਰਾ ਰੌਲਾ ਪਾਇਆ ਜੇਤੂਆਂ ਨੂੰ ਇਨਾਮ ਦਿਓ ,ਪਰ ਅਜੇ ਤੱਕ ਵੀ ਕਿਤੇ ਰੜਕੇ ਹੀ ਨਹੀਂ ਆਖ਼ਿਰ ਬਿੰਦਰੇ ਵਰਗਿਆਂ ਨੂੰ ਵੀ ਕਹਿਣਾ ਪਿਆ ਕਿ ਹੁਣ ਮਰੇ ਮੁੱਕਰਿਆਂ ਦਾ ਕੀ ਕਰੀਏ ।ਓਸ ਵਕਤ ਹਰ ਖੇਡ ਮੇਲੇ ਤੇ ਇੱਕ ਲੱਖ ਅਮਰੀਕੀ ਡਾਲਰ ਦੇਣ ਵਾਲੇ ਦੀ ਅਤੇ ਹੋਰ ਲੱਖਾਂ ਰੁਪਏ ਦੇਣ ਵਾਲਿਆਂ ਦੀ ਚਰਚਾ ਹੋਈ ਪਰ ਜਦੋਂ ਇਨਾਮ ਨਾ ਦਿੱਤੇ ਗਏ ਤਾਂ ਸਭ ਤੋਂ ਵੱਧ ਸ਼ਰਮਿੰਦਗੀ ਮੀਡੀਆ ਵਾਲਿਆਂ ਨੂੰ ਅਤੇ ਖੇਡਾਂ ਪੈਰਤੀ ਗੰਭੀਰਤਾ ਰੱਖਣ ਵਾਲੇ ਅਸਲੀ ਖੇਡ ਪੈਰਮੋਟਰਾਂ ਨੂੰ ਹੋਈ ਕਿ ਅਸੀਂ ਕਿਉਂ ਏਦਾਂ ਦੇ ਚੋਰ ਚੱਕਿਆਂ ਨੂੰ ਢੂਹੇ ਚੜੈਹਾਉਂਦੇ ਰਹੇ ਹਾਂ ਅਤੇ ਵੱਡੀਆਂ ਵੱਡੀਆਂ ਖ਼ਬਰਾਂ ਲਾਉਂਦੇ ਰਹੇ ਹਾਂ ਪਰ ਕਿਸੇ ਦੇ ਐਲਾਨ ਤੇ ਸਿਰਫ਼ ਇਕ ਵਿਸ਼ਵਾਸ ਹੀ ਕੀਤਾ ਜਾ ਸਕਦਾ ਫਿਰ ਵਿਸ਼ਵਾਸ ਤੋੜਨ ਵਾਲੇ ਦਾ ਹੱਲ ਵੀ ਕੀ ਹੋ ਸਕਦਾ, ਇਸੇ ਕਰਕੇ ਇਸ ਵਿਸਵਾਸ ਦੇ ਵਿੱਚ ਹੀ ਸਾਡੇ ਖੇਡਾਂ ਦੇ ਸਿਰਮੌਰ ਲੇਖਕ ਨੇ ਤਾਂ ਇਸ ਜੁਗਾੜੀ ,ਚੋਰ ਚੱਕੇ ਖੇਡ ਪੈਰਮੋਟਰ ਦੀਆਂ ਤਾਰੀਫ਼ਾਂ ਵਾਲਾ ਇਕ ਆਰ-ਟੀਕਲ ਆਪਣੀ ਕਿਤਾਬ ਵਿੱਚ ਵੀ ਛਾਪ ਦਿੱਤਾ , ਜਿਹਾ ਕੁਝ ਲਿਖਣ ਵਿੱਚ ਮੈਂ ਵੀ ਇਨੈਹਾਂ ਪਾਪਾਂ ਦਾ ਭਾਗੀ ਬਣਿਆ ਪਰ ਪਛਤਾਵਾ ਸਾਨੂੰ ਸਾਰਿਆਂ ਨੂੰ ਹੀ ਹੈ ।ਕਿਉਂਕਿ ਕਈ ਵਾਰ ਅਕਲ ਚੋਟ ਲੱਗਣ ਤੋਂ ਬਾਅਦ ਹੀ ਆਉਂਦੀ ਹੈ । ਪਰ ਲੱਖ ਡਾਲਰ ਦਾ ਨਾਮ ਐਲਾਨ ਕਰਨ ਵਾਲੇ ਦੀ ਮਾਂ ਨੇ ਮੈਨੂੰ ਤਾਂ ਪਹਿਲਾਂ ਹੀ ਚੁਕੰਨੇ ਕਰ ਦਿੱਤਾ ਸੀ ਕਿ ਜਿਹੜਾ ਮੇਰਾ ਸਕਾ ਨਹੀਂ ਬਣਿਆ ਇਹ ਲੋਕਾਂ ਨੂੰ ਕੀ ਦੇਦੂ । ਇੱਥੇ ਹੀ ਬੱਸ ਨਹੀਂ ਆਹ ਚੰਨੇ ਠੱਗ ਨੇ ਤਾਂ ਪਾਕਿਸਤਾਨ ਦੇ ਵਿੱਚ 29 ਅਕਤੂਬਰ ਸਾਲ 2008 ਵਿੱਚ ਆਏ ਭੂਚਾਲ ਪੀੜ ਨੂੰ ਵੀ 50 ਲੱਖ ਦੇਣ ਦਾ ਐਲਾਨ ਕਰਕੇ ਵੱਡੀਆਂ ਵੱਡੀਆਂ ਅਖ਼ਬਾਰਾਂ ਦੀਆਂ ਸੁਰਖੀਆਂ ਬਟੋਰ ਲਈਆਂ ਫੇਰ ਭਾਰਤੀ ਹਾਕੀ ਟੀਮ ਨੂੰ ਵੀ ਪੰਜ ਲੱਖ ਦੇਣ ਦਾ ਐਲਾਨ ਕੀਤਾ ਸੀ ਹੋਰ ਬੜਾ ਕੁਝ ਝੂਠ ਤੂਫ਼ਾਨ ਦਾ ਡਰਾਮਾ ਕੀਤਾ ਕਿ ਮੈਂ ਰਾਤੋ ਰਾਤ ਹੀਰੋ ਬਣ ਜਾਵਾਂ । ਪਰ ਦਿੱਤਾ ਕਿਸੇ ਨੂੰ ਧੇਲਾ ਨਹੀਂ , ਉਲਟਾ ਲੋਕਾਂ ਨਾਲ ਠੱਗੀਆਂ ਲੱਖਾਂ ਡਾਲਰਾਂ ਦੀਆਂ ਮਾਰ ਗਿਆ। ਅੱਜ ਵੀ ਬੇਸ਼ਰਮ ਹੋਕੇ ਖੇਡਾਂ ਦੀ ਦੁਨੀਆਂ ਵਿੱਚ ਝੂਠ ਤੂਫਾਨ ਬੋਲੀ ਜਾਂਦਾਂ ਹੈ।ਬੇਇੱਜ਼ਤੀ ਦਾ ਕੋਈ ਰੰਗ ਨਹੀਂ ਹੁੰਦਾ ਇਹ ਸਿਰਫ਼ ਮੰਨਣ ਦੀ ਹੁੰਦੀ ਹੈ, ਮੰਨਣਾ ਬੇਸ਼ਰਮਾ ਦੇ ਖਾਨਦਾਨ ਵਿਚ ਵੀ ਨਹੀਂ ਹੁੰਦਾ ।

੧ਓ ਇਸੇ ਤਰੈਹਾਂ ਟੋਕੀਓ ਓਲੰਪਿਕ 2021 ਦੇ ਜੇਤੂਆਂ ਨੂੰ ਐਤਕੀਂ ਵੀ ਕਈ ਪਰਵਾਸੀ ਖੇਡ ਪੈਰਮੋਟਰਾਂ ਨੇ ਕਈ ਲੱਖਾਂ ਦੇ ਇਨਾਮ ਦੇਣ ਦਾ ਐਲਾਨ ਕੀਤਾ ਹੈ,ਜੋ ਕਿ ਇੱਕ ਵਧੀਆ ਗੱਲ ਹੈ । ਮੇਰੀ ਤਾਂ ਇਹੋ ਬੇਨਤੀ ਹੈ ਕਿ ਉਨੈਹਾਂ ਨੂੰ ਆਪਣੇ ਇਸ ਐਲਾਨ ਦਾ ਵਾਅਦਾ ਜਲਦੀ ਪੂਰਾ ਕਰਨਾ ਚਾਹੀਦਾ ਹੈ ਪਰ ਜੇ ਕਿਤੇ ਉਨੈਹਾਂ ਦੇ ਕੀਤੇ ਐਲਾਨ ਸਿਰਫ਼ ਐਲਾਨ ਹੀ ਰਹਿ ਗਏ ਤਾਂ ਜਨਾਜ਼ਾ ਉਨੈਹਾਂ ਦਾ ਵੀ ਮੀਡੀਏ ਵਿੱਚ ਬੜਾ ਧੂਮ ਧਾਮ ਨਾਲ ਹੀ ਨਿਕਲੇਗਾ। ਪਰ ਦੂਜੇ ਪਾਸੇ ਗੱਲ ਇਹ ਵੀ ਹੈ ਕਿ ਜੋ ਖੇਡ ਪੈਰਮੋਟਰ ਆਪਣੇ ਕੀਤੇ ਵਾਅਦੇ ਉੱਤੇ ਖਰਾ ਉਤਰਦੇ ਹਨ ਉਹਨਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨ ਵੀ ਮਿਲਣਾ ਚਾਹੀਦਾ ਹੈ ਪੰਜਾਬ ਸਰਕਾਰ ਨੂੰ ਵੀ ਬਣਦਾ ਸਤਿਕਾਰ ਦੇਣਾ ਚਾਹੀਦਾ ਹੈ ਪਰ ਜੋ ਠੱਗ ਚੋਰ ਖੇਡ ਪੈਰਮੋਟਰਾਂ ਦੇ ਰੂਪ ਵਿੱਚ ਖਿਡਾਰੀਆਂ ਦੀਆਂ ਭਾਵਨਾਵਾਂ ਦਾ ਖਿਲਵਾੜ ਕਰਦੇ ਹਨ ,ਆਪਣੀ ਝੂਠੀ ਚੌਧਰ ਨੂੰ ਚਮਕਾਉਣ ਦਾ ਯਤਨ ਕਰਦੇ ਹਨ ਜੋ ਆਪਣੀ ਕਹਿਣੀ ਕਰਨੀ ਤੇ ਖ਼ਰੇ ਨਹੀਂ ਉਤਰਦੇ ਉਨੈਹਾਂ ਦਾ ਚੰਗੀ ਤਰੈਹਾਂ ਸਮਾਜਿਕ ਬਾਈਕਾਟ ਹੋਣਾ ਚਾਹੀਦਾ ਹੈ, ਖ਼ਾਸ ਕਰਕੇ ਕੈਨੇਡਾ ,ਅਮਰੀਕਾ ਦੇ ਵਿਚ ਜੋ ਪੈਰਮੁੱਖ ਖੇਡ ਮੇਲੇ ਵੱਡੇ ਕਬੱਡੀ ਕੱਪਾਂ ਦੇ ਰੂਪ ਵਿੱਚ ਹੁੰਦੇ ਹਨ ਉਥੋ ਦੀਆਂ ਕਬੱਡੀ ਫੈਡਰੇਸ਼ਨਾਂ ਅਤੇ ਪੈਰਬੰਧਕੀ ਕਮੇਟੀਆਂ ਨੂੰ ਇਨੈਹਾਂ ਦੀ ਐਂਟਰੀ ਮੁਕੰਮਲ ਤੌਰ ਤੇ ਬੈਨ ਹੋਣੀ ਚਾਹੀਦੀ ਹੈ ,ਬਾਕੀ ਪੰਜਾਬ ਦਾ ਫ਼ਿਕਰ ਨਾ ਕਰੋ ਇੱਥੇ ਤਾਂ ਕਿਸਾਨਾਂ ਨੇ ਝੂਠੇ ਰਾਜਨੀਤਕ ਲੀਡਰਾਂ ਨੂੰ ਵਾਹਣੀ ਪਾ ਲਿਆ ਹੈ ਇਹ ਚੋਰ ਚੱਕੇ, ਖੇਡਾਂ ਦੇ ਜੁਗਾੜੀ ਤਾਂ ਕਿਸ ਬਾਗ਼ ਦੀ ਮੂਲੀ ਹਨ ?

ਇਸ ਮੌਕੇ ਖਿਡਾਰੀਆਂ ਦਾ ਖਿਲਵਾੜ ਅਤੇ ਖੇਡ ਭਾਵਨਾਵਾਂ ਦਾ ਮਜ਼ਾਕ ਕਰਨ ਵਾਲੇ ਇਹ ਚੰਨੇ, ਮੰਨੇ ,ਬੱਟੇ ,ਖੱਟੇ ਇਨੈਹਾਂ ਜੁਗਾੜੀ ਲੋਕਾਂ ਵਿਰੁਧ ਜਦੋਂ ਅਸੀਂ ਇੱਕ ਸੁਹਿਰਦ , ਠੋਸ ਅਤੇ ਸੱਚ ਦੀ ਆਵਾਜ਼ ਨੂੰ ਬੁਲੰਦ ਕਰਨ ਵਾਲਾ ਪਲੇਟਫਾਰਮ ਸਿਰਜਾਂਗੇ ਫੇਰ ਨਾਂ ਤਾਂ ਕੋਈ ਭਵਿੱਖ ਵਿੱਚ ਝੂਠਾ ਐਲਾਨ ਕਰਨ ਦੀ ਹਿੰਮਤ ਕਰੇਗਾ, ਨਾ ਹੀਂ ਜੇਤੂ ਖਿਡਾਰੀਆਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਹੋਵੇਗਾ ਅਤੇ ਫਿਰ ਹੀ ਪੰਜਾਬ ਦੇ ਵਿੱਚ ਅਸੀਂ ਖੇਡਾਂ ਦੀ ਤਰੱਕੀ ਦੀ ਕੋਈ ਆਸ ਰੱਖ ਸਕਦੇ ਹਾਂ । ਸਾਡਾ ਇੱਕੋ ਮਕਸਦ ਖੇਡਾਂ ਦੇ ਚੋਰ ਚੱਕੇ ਜੁਗਾੜੀਆਂ ਨੂੰ ਭਜਾਉਣਾ ,ਖੇਡਾਂ ਪੈਰਤੀ ਸੱਚੇ ਸੁੱਚੇ ਅਤੇ ਸੁਹਿਰਦ ਲੋਕਾਂ ਨੂੰ ਅੱਗੇ ਲੈਕੇ ਆਉਣਾ ਹੈ । ਸਾਡੀ ਤਾਂ ਇਹੋ ਦੁਆ ਹੈ ਕਿ ਪੈਰਮਾਤਮਾ ਇਨੈਹਾਂ ਜੁਗਾੜੀ ਲੋਕਾਂ ਨੂੰ ਵੀ ਸੁਮੱਤ ਦੇਵੇ, ਅਤੇ ਖੇਡਾਂ ਦੀ ਸੇਵਾ ਕਰਨ ਵਾਲਿਆਂ ਤੇ ਵੀ ਹਮੇਸ਼ਾ ਰਹਿਮਤ ਰੱਖੇ । ਬਾਕੀ ਪੰਜਾਬ ਦੇ ਖਿਡਾਰੀਆਂ ਦਾ ਰੱਬ ਰਾਖਾ!

# ਮੁਜ਼ੱਫ਼ਰਨਗਰ ਮਹਾਂ ਪੰਚਾਇਤ ਦੇ ਵਿਸ਼ਾਲ ਇਕੱਠ ਨੇ ਕੇਂਦਰ ਸਰਕਾਰ ਦੀ ਨੀਂਦ ਹਰਾਮ ਕੀਤੀ



ਉਜਾਗਰ ਸਿੰਘ
91-94178 13072

ਮੁਜ਼ੱਫ਼ਰਨਗਰ ਵਿਖੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਆਯੋਜਤ ਕੀਤੀ ਗਈ ਮਹਾਂ ਪੰਚਾਇਤ ਵਿੱਚ ਸ਼ਾਮਲ ਮਾਨਵਤਾ ਦੇ ਸਮੁੰਦਰ ਨੇ ਕੇਂਦਰ ਸਰਕਾਰ ਦੀ ਨੀਂਦ ਹਰਾਮ ਕਰ ਦਿੱਤੀ ਹੈ। ਸਾਰਾ ਮੁਜ਼ੱਫ਼ਰਨਗਰ ਸ਼ਹਿਰ ਵਿਸ਼ਾਲ ਰੈਲੀ ਦਾ ਰੂਪ ਧਾਰਨ ਕਰ ਗਿਆ ਸੀ। ਸ਼ਹਿਰ ਦੀ ਹਰ ਗਲੀ ਮੁਹੱਲਾ ਅਤੇ ਸੜਕਾਂ ਉਪਰ ਤਿਲ ਸੁੱਟਣ ਲਈ ਖਾਲੀ ਥਾਂ ਨਹੀਂ ਸੀ। ਜਿਧਰ ਵੀ ਨਿਗਾਹ ਮਾਰੋ ਉਧਰ ਹੀ ਇਨਸਾਨੀਅਤ ਦਾ ਜਨ ਸਮੂਹ ਠਾਠਾਂ ਮਾਰਦਾ ਦਿਸ ਰਿਹਾ ਸੀ। ਲੱਖਾਂ ਕਿਸਾਨ ਪੰਡਾਲ ਵਿੱਚ ਪਹੁੰਚ ਹੀ ਨਹੀਂ ਸਕੇ ਪ੍ਰੰਤੂ ਸੰਯੁਕਤ ਕਿਸਾਨ ਮੋਰਚੇ ਦੇ ਪ੍ਰਬੰਧਕਾਂ ਨੇ ਜਨਤਕ ਸੰਬੰਧੋਨ ਪ੍ਰਣਾਲੀ ਦਾ ਸਾਰੇ ਸ਼ਹਿਰ ਵਿੱਚ ਜਾਲ ਵਿਛਾ ਦਿੱਤਾ ਸੀ, ਜਿਸ ਕਰਕੇ ਠਾਠਾਂ ਮਾਰਦਾ ਮਨੁੱਖਤਾ ਦਾ ਸਮੁੰਦਰ ਜਿਥੇ ਵੀ ਜਗ੍ਹਾ ਮਿਲੀ ਉਥੇ ਹੀ ਖੜ੍ਹਕੇ ਸੰਯੁਕਤ ਕਿਸਾਨ ਮੋਰਚੇ ਦੇ ਨੇਤਾਵਾਂ ਦੇ ਭਾਸ਼ਣ ਨੂੰ ਸ਼ਾਂਤਮਈ ਢੰਗ ਨਾਲ ਸੁਣ ਰਹੇ ਸਨ। ਲੋਕਾਂ ਦਾ ਹੜ੍ਹ ਪਹੁੰਚਕੇ ਮੁਜ਼ੱਫ਼ਰਨਗਰ ਦੇ ਇਤਿਹਾਸ ਵਿੱਚ ਨਵੀਂਆਂ ਬੁਲੰਦੀਆਂ ਪ੍ਰਾਪਤ ਕਰ ਗਿਆ। ਇਸ ਮਹਾਂ ਪੰਚਾਇਤ ਵਿੱਚ ਸੈਂਕੜੇ ਲੰਗਰ ਗੁਰਦੁਆਰਾ ਸਿੰਘ ਸਭਾ ਨੇ, ਪੀਣ ਵਾਲੇ ਪਾਣੀ ਦਾ ਪ੍ਰਬੰਧ, ਡਾਕਟਰੀ ਸਹੂਲਤਾਂ ਅਤੇ ਮੋਬਾਈਲ ਕਲਿਨਕਾਂ ਸਥਾਪਤ ਕੀਤੀਆਂ ਗਈਆਂ ਸਨ। ਇਹ ਸਾਰੇ ਪ੍ਰਬੰਧ ਸਵੈਇਛਤ ਸੰਸਥਾਵਾਂ ਨੇ ਮਹਾਂ ਪੰਚਾਇਤ ਦੀ ਸਫਲਤਾ ਲਈ ਕੀਤੇ ਸਨ। ਦੇਸ਼ ਅਤੇ ਵਿਦੇਸ਼ ਦਾ ਮੀਡੀਆ ਇਸ ਮਹਾਂ ਪੰਚਾਇਤ ਨੂੰ ਕਵਰ ਕਰਨ ਲਈ ਪਹੁੰਚਿਆ ਹੋਇਆ ਸੀ। ਇਤਨਾ ਵੱਡਾ ਇਕੱਠ ਵੇਖਕੇ ਸੰਸਾਰ ਦੰਗ ਰਹਿ ਗਿਆ। ਸੰਸਾਰ ਵਿੱਚ ਮੋਦੀ ਸਰਕਾਰ ਦੀ ਥੂ ਥੂ ਹੋ ਗਈ। ਸੰਯੁਕਤ ਕਿਸਾਨ ਮੋਰਚੇ ਦੀਆਂ ਆਸਾਂ ਤੋਂ ਵੱਧ ਲੋਕਾਂ ਨੇ ਹਾਜ਼ਰੀ ਲਵਾਈ ਹੈ। 17 ਏਕੜ ਦੇ ਜੀ ਆਈ ਕਾਲਜ ਦਾ ਅਹਾਤਾ 4 ਸਤੰਬਰ ਦੀ ਰਾਤ ਨੂੰ ਹੀ ਖਚਾਖਚ ਭਰ ਗਿਆ ਸੀ। ਇਸ ਨਾਲੋਂ ਦੁਗਣੇ ਭਵਿਖ ਧੁੰਦਲਾ ਵੇਖ ਰਹੀ ਹੈ ਕਿਉਂਕਿ ਕਿਸਾਨਾ ਨੇ ਉਤਰ ਪ੍ਰਦੇਸ਼ ਦੇ 18 ਮੰਡਲਾਂ ਵਿੱਚ ਮਹਾਂ ਪੰਚਾਇਤਾਂ ਕਰਨ ਦਾ ਫ਼ੈਸਲਾ ਕਰ ਲਿਆ ਹੈ। ਇਸ ਜਨ ਸਮੂਹ ਨੇ ਸਾਬਤ ਕਰ ਦਿੱਤਾ ਹੈ ਕਿ ਇਸ ਮਹਾ ਪੰਚਾਇਤ ਵਿੱਚ ਸਾਰੇ ਧਰਮਾ, ਜ਼ਾਤਾਂ ਅਤੇ ਵਰਗਾਂ ਦੇ ਲੋਕ ਸ਼ਾਮਲ ਹੋਏ ਹਨ। ਇਹ ਅੰਦੋਲਨ ਧਰਮ ਨਿ-ਰਪੱਖਤਾ, ਸਾਰੀਆਂ ਜ਼ਾਤਾਂ ਅਤੇ ਧਰਮਾਂ ਨੂੰ ਜੋੜਨ ਦੀ ਕੜੀ ਦਾ ਕੰਮ ਕਰੇਗਾ। ਮੰਚ ਤੋਂ ਸਾਰੀਆਂ ਭਾਸ਼ਾਵਾਂ ਵਿੱਚ ਭਾਸ਼ਣ ਦਿੱਤੇ ਗਏ ਜਿਨ੍ਹਾਂ ਦਾ ਨਾਲ ਦੀ ਨਾਲ ਹਿੰਦੀ ਵਿਚ ਉਲਥਾ ਕਰਕੇ ਦੱਸਿਆ ਗਿਆ। ਕਿਸਾਨਾ ਨੇ ਇਹ ਵੀ ਐਲਾਨ ਕੀਤਾ ਹੈ ਕਿ ਉਹ ਚੋਣ ਨਹੀਂ ਲੜਨਗੇ ਪ੍ਰੰਤੂ ਰਾਕੇਸ਼ ਟਿਕੈਤ ਨੇ ਕਿਹਾ ਹੈ ਵੋਟ ਦੀ ਚੋਟ ਦਾ ਅਧਿਕਾਰ ਵਰਤਿਆ ਜਾਵੇਗਾ। ਜਿਸ ਕਰਕੇ ਭਾਰਤੀ ਜਨਤਾ ਪਾਰਟੀ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਜਾ ਰਹੀ ਹੈ। ਕਿਸਾਨਾਂ ਨੇ 27 ਸਤੰਬਰ ਨੂੰ ਸਮੁੱਚੇ ਭਾਰਤ ਵਿੱਚ ਉਹ ਸੰਯੁਕਤ ਕਿਸਾਨ ਮੋਰਚੇ ਦੇ ਨੇਤਾਵਾਂ ਨੂੰ ਖ਼ੁਸ਼ ਕਰ ਸਕਣ। ਉਨ੍ਹਾਂ ਇਥੇ ਹੀ ਬਸ ਨਹੀਂ ਕੀਤਾ ਸਗੋਂ ਸਾਰੀਆਂ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੇ ਜੰਤਰ ਮੰਤਰ 'ਤੇ ਹੋ ਰਹੀ ''ਕਿਸਾਨ ਸੰਸਦ'' ਦੀ ਵਿਜਿਟਰ ਗੈਲਰੀ ਵਿੱਚ ਰਾਹੁਲ ਗਾਂਧੀ ਦੀ ਅਗਵਾਈ ਵਿੱਚ ਹਾਜ਼ਰੀ ਭਰੀ ਹੈ, ਜਦੋਂ ਕਿ ਇਸ ਤੋਂ ਪਹਿਲਾਂ ਸਾਰੀਆਂ ਸਿਆਸੀ







ਵੱਖ-ਵੱਖ ਸੂਬਿਆਂ, ਧਰਮਾਂ ,ਜ਼ਾਤਾਂ, ਮਜ਼ਹਬਾਂ, ਖ਼ੇਤਰਾਂ ਅਤੇ ਭਾਸ਼ਾਵਾਂ ਬੋਲਣ ਵਾਲੇ ਕਿਸਾਨ ਮਜ਼ਦੂਰ ਹੁੰਮ ਹੁਮਾ ਕੇ ਪਹੁੰਚੇ ਹੋਏ ਸਨ। ਸੰਯੁਕਤ ਕਿਸਾਨ ਮੋਰਚੇ ਨੂੰ ਬੇਮਿਸਾਲ ਸਮਰਥਨ ਮਿਲਿਆ ਹੈ, ਜਿਸਨੇ ਭਾਰਤੀ ਜਨਤਾ ਪਾਰਟੀ ਦੀ ਲੀਡਰਸ਼ਿਪ ਨੂੰ ਕੰਬਣੀ ਛੇੜ ਦਿੱਤੀ ਹੈ। ਸ਼ਹਿਰ ਤੋਂ ਬਾਹਰ ਵੀ ਕਈ ਕਿਲੋਮੀਟਰ ਤੱਕ ਸੜਕਾਂ ਜਾਮ ਹੋ ਗਈਆਂ ਸਨ। ਦੇਸ਼ ਦੇ 15 ਰਾਜਾਂ ਉਤਰ ਪ੍ਰਦੇਸ਼, ਉਤਰਾਖੰਡ, ਪੰਜਾਬ, ਹਰਿਆਣਾ, ਰਾਜਸਥਾਨ, ਮੱਧ ਪ੍ਰਦਸ਼, ਪੱਛਵੀਂ ਬੰਗਾਲ, ਤਾਮਿਲ ਨਾਡੂ, ਆਸਾਮ, ਬਿਹਾਰ, ਕੇਰਲ, ਕਰਨਾਟਕਾ, ਆਂਧਰਾ ਪ੍ਰਦੇਸ਼, ਤੇਲੰਗਾਨਾ ਅਤੇ ਮਹਾਰਾਸ਼ਟਰ ਵਿੱਚੋਂ ਵਿਸ਼ੇਸ਼ ਤੌਰ ਤੇ ਕਿਸਾਨ ਮਜ਼ਦੂਰ ਟਰੱਕਾਂ, ਬੱਸਾਂ, ਕਾਰਾਂ, ਟਰੈਕਟਰਾਂ ਅਤੇ ਹੋਰ ਸਾਧਨਾ ਰਾਹੀਂ ਪਹੁੰਚੇ ਹੋਏ ਸਨ। ਇਸਤਰੀਆਂ ਅਤੇ ਨੌਜਵਾਨ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ ਹਨ।

ਜਿਨ੍ਹਾਂ ਕਿਸਾਨ ਮਜ਼ਦੂਰਾਂ ਨੂੰ ਦੇਸ਼ ਧਰੋਹੀ, ਮਾਓਵਾਦੀ ਅਤੇ ਖਾਲਿਸਤਾਨੀ ਵਰਗੇ ਫਤਵੇ ਦੇ ਕੇ ਨਿੰਦਿਆ ਜਾ ਰਿਹਾ ਸੀ, ਉਹ ਸਾਰੇ ਕੌਮੀ ਝੰਡੇ ਅਤੇ ਆਪੋ ਆਪਣੇ ਸੰਗਠਨਾ ਦੇ ਝੰਡਿਆਂ ਸਮੇਤ ਪਹੁੰਚੇ ਹੋਏ ਸਨ। ਇਸ ਮਹਾਂ ਪੰਚਾਇਤ ਦੀ ਵਿਲੱਖਣਤਾ ਇਹ ਹੈ ਕਿ ਭਾਰਤ ਦੇ ਇਤਿਹਾਸ ਵਿੱਚ ਹੁਣ ਤੱਕ ਸਾਰੇ ਧਰਮਾ, ਜ਼ਾਤਾਂ ਅਤੇ ਭਾਸ਼ਾਵਾਂ ਵਾਲੀ ਲੋਕਾਈ ਦਾ ਇਤਨਾ ਵੱਡਾ ਸ਼ਾਂਤਮਈ ਜਨ ਸਮੂਹ ਕਦੀਂ ਵੀ ਕਿਸੇ ਜਲਸੇ ਵਿੱਚ ਵੇਖਣ ਨੂੰ ਨਹੀਂ ਮਿਲਿਆ। ਇਸ ਮਹਾਂ ਪੰਚਾਇਤ ਨੇ ਦੇਸ਼ ਦੇ ਇਤਿਹਾਸ ਵਿੱਚ ਨਵਾਂ ਕੀਰਤੀਮਾਨ ਸਥਾਪਤ ਕੀਤਾ ਹੈ। ਯੋਗੀ ਸਰਕਾਰ ਵੱਲੋਂ ਬੱਸਾਂ, ਟਰੱਕਾਂ ਅਤੇ ਕਾਰਾਂ ਦੇ ਕਾਫ਼ਲਿਆਂ ਨੂੰ ਅਨੇਕਾਂ ਰੋਕਾਂ ਲਾ ਕੇ ਰੋਕਣ ਦੇ ਬਾਵਜੂਦ ਕਿਸਾਨ ਮਜ਼ਦੂਰ ਹਰ ਹੀਲਾ ਵਰਤਕੇ ਪਹੁੰਚ ਗਏ। ਕੇਂਦਰ ਸਰਕਾਰ ਨੇ ਰੇਲਾਂ ਨੂੰ ਲੇਟ ਕੀਤਾ ਤਾਂ ਜੋ ਕਿਸਾਨ ਸਮੇਂ ਸਿਰ ਪਹੁੰਚ ਨਾ ਸਕਣ ਅਤੇ ਕਈ ਰੇਲਾਂ ਰੱਦ ਕਰ ਦਿੱਤੀਆਂ ਗਈਆਂ ਸਨ। ... ਲੋਕ ਪੰਡਾਲ ਦੇ ਬਾਹਰ ਬਾਜ਼ਾਰਾਂ ਵਿੱਖ ਖੜ੍ਹੇ ਸਨ। ਭਾਵ 51 ਏਕੜ ਥਾਂ ਵਿਚ ਕਿਸਾਨ ਮਜ਼ਦੂਰ ਅਤੇ ਲੋਕਾਈ ਬੈਠੀ ਹੋਈ ਸੀ। ਭਾਰਤੀ ਜਨਤਾ ਪਾਰਟੀ ਦਿੱਲੀ ਦੀਆਂ ਸਰਹੱਦਾਂ 'ਤੇ ਪਿਛਲੇ 9 ਮਹੀਨੇ ਤੋਂ ਬੈਠੇ ਕਿਸਾਨਾ ਨੂੰ ਮੁੱਠੀ ਭਰ ਪੰਜਾਬ ਅਤੇ ਹਰਿਆਣਾ ਦੇ ਕਿਸਾਨ ਕਹਿ ਰਹੇ ਸਨ। 5 ਸਤੰਬਰ ਦੇ ਜਨ ਸਮੂਹ ਨੇ ਭਾਰਤੀ ਜਨਤਾ ਪਾਰਟੀ ਦੀ ਇਹ ਗ਼ਲਤ ਫ਼ਹਿਮੀ ਵੀ ਦੂਰ ਕਰ ਦਿੱਤੀ ਹੈ। ਕਿਸਾਨ ਅੰਦੋਲਨ ਲੋਕ ਅੰਦੋਲਨ ਬਣ ਗਿਆ ਹੈ, ਜਿਸ ਕਰਕੇ ਇਸਦੀ ਸਭ ਤੋਂ ਵੱਡੀ ਦੇਣ ਲੋਕਾਂ ਦੇ ਸਾਹਮਣੇ ਆਉਣੀ ਸ਼ੁਰੂ ਹੋ ਗਈ ਹੈ। ਸੰਸਾਰ ਵਿੱਚ ਇਸ ਅੰ-ਦੋਲਨ ਦਾ ਪ੍ਰਭਾਵ ਸਾਫ਼ ਵਿਖਾਈ ਦਿੰਦਾ ਹੈ। ਇਸ ਅੰਦੋਲਨ ਨੇ ਆਮ ਲੋਕਾਂ ਖਾਸ ਤੌਰ ਤੇ ਦੇਸ਼ ਦੇ ਵੋਟਰਾਂ ਵਿੱਚ ਇਤਨੀ ਜਾਗ੍ਰਤੀ ਪੈਦਾ ਕਰ ਦਿੱਤੀ ਹੈ ਕਿ ਹੁਣ ਸਾਰੀਆਂ ਸਿਆਸੀ ਪਾਰਟੀਆਂ ਅਤੇ ਵਿਸ਼ੇਸ਼ ਤੌਰ 'ਤੇ ਭਾਰਤੀ ਜਨਤਾ ਪਾਰਟੀ ਨੂੰ ਲੈਣੇ ਦੇ ਦੇਣੇ ਪੈ ਗਏ ਹਨ। ਉਹ ਅਸੰਜਮ ਮਹਿਸੂਸ ਕਰ ਰਹੀ ਹੈ। ਭਾਰਤ ਵਿੱਚ ਉਹ ਬੇਮਾਇਨਾ ਹੋ ਚੁੱਕੀ ਹੈ। ਉਨ੍ਹਾਂ ਨੂੰ ਅਨੁਭਵ ਹੋ ਗਿਆ ਹੈ ਕਿ ਸਿਆਸੀ ਜ਼ਮੀਨ ਉਨ੍ਹਾਂ ਦੇ ਹੱਥੋਂ ਖਿਸਕ ਰਹੀ ਹੈ। ਭਾਰਤੀ ਜਨਤਾ ਪਾਰਟੀ ਸਮੇਤ ਭਾਰਤ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਇਤਨੀਆਂ ਘਬਰਾ ਗਈਆਂ ਹਨ ਕਿ ਉਹ ਆਪਣਾ ਕੋਈ ਵੀ ਅਜਿਹਾ ਫ਼ੈਸਲਾ ਨਹੀਂ ਕਰਦੀਆਂ, ਜਿਸ ਨਾਲ ਕਿਸਾਨ ਅੰਦੋਲਨ ਉਪਰ ਬੁਰਾ ਪ੍ਰਭਾਵ ਪਵੇ।

ਮੁਜ਼ੱਫ਼ਰਨਗਰ ਕਿਸਾਨਾ ਦਾ ਮੱਕਾ ਸਾਬਤ ਹੋ ਰਿਹਾ ਹੈ ਕਿਉਂਕਿ ਚੌਧਰੀ ਚਰਨ ਸਿੰਘ ਅਤੇ ਕਿਸਾਨ ਨੇਤਾ ਮਹਿੰਦਰ ਸਿੰਘ ਟਿਕੈਤ ਨੇ ਵੀ ਕਿਸਾਨਾ ਦੇ ਹੱਕਾਂ ਲਈ ਮੁਜ਼ੱਫ਼ਰਨਗਰ ਤੋਂ ਹੀ ਅੰਦੋਲਨ ਸ਼ੁਰੂ ਕਰਕੇ ਸਫਲਤਾ ਪ੍ਰਾਪਤ ਕੀਤੀ ਹੈ। ਇਸ ਲਈ ਮਹਾਂ ਪੰਚਾਇਤ ਕਰਨ ਲਈ ਹੀ ਮੁਜ਼ੱਫ਼ਰਨਗਰ ਦੀ ਚੋਣ ਕੀਤੀ ਗਈ ਹੈ। ਕਿਸਾਨਾ ਨੇ ਆਰ ਪਾਰ ਦੀ ਲੜਾਈ ਸ਼ੁਰੂ ਕਰ ਦਿੱਤੀ ਹੈ। ਜਿਸ ਕਰਕੇ ਭਾਰਤੀ ਜਨਤਾ ਪਾਰਟੀ ਆਪਣਾ ... ਬੰਦ ਕਰਨ ਦਾ ਐਲਾਨ ਵੀ ਕੀਤਾ ਹੈ। ਕਿਸਾਨ ਮਜ਼ਦੂਰ ਮਹਾਂ ਪੰਚਾਇਤ ਦੀ ਸਫਲਤਾ ਕਰਕੇ ਕਿਸਾਨ ਅੰਦੋਲਨ ਹੋਰ ਤੇਜ਼ ਹੋਵੇਗਾ। ਇਉਂ ਲੱਗ ਰਿਹਾ ਹੈ ਕਿ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ 700 ਕਿਸਾਨਾ ਦੀ ਕੁਰਬਾਨੀ ਨੂੰ ਅਜਾਈਂ ਨਹੀਂ ਜਾਣ ਦਿੱਤਾ ਜਾਵੇਗਾ। ਪੱਛਵੀਂ ਬੰਗਾਲ ਦੀ ਵਿਧਾਨ ਸਭਾ ਦੇ ਚੋਣ ਨਤੀਜਿਆਂ ਨੇ ਤਾਂ ਸਾਰੀਆਂ ਪਾਰਟੀਆਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਸਨ ਕਿ ਉਨ੍ਹਾਂ ਕੋਲ ਕਿਸਾਨ ਅੰਦੋਲਨ ਦੀ ਹਮਾਇਤ ਕਰਨ ਤੋਂ ਇਲਾਵਾ ਆਪਣਾ ਅਸਤਿਤਵ ਬਚਾਉਣ ਲਈ ਕੋਈ ਚਾਰਾ ਹੀ ਬਾਕੀ ਨਹੀਂ ਰਿਹਾ। ਹੁਣ 2022 ਵਿੱਚ ਉਤਰ ਪ੍ਰਦੇਸ਼ ਸਮੇਤ 5 ਰਾਜਾਂ ਦੀਆਂ ਵਿਧਾਨ ਸਭਾ ਚੋਣਾ ਦੇ ਨਤੀਜੇ ਇਸ ਅੰ-ਦੋਲਨ ਤੋਂ ਸਾਫ਼ ਵਿਖਾਈ ਦੇਣ ਲੱਗ ਪਏ ਹਨ।

ਪੰਜਾਬ ਵਿੱਚ ਇਕੱਲੀ ਭਾਰਤੀ ਜਨਤਾ ਪਾਰਟੀ ਹੀ ਤਿੰਨ ਖੇਤੀ ਕਾਨੂੰਨਾ ਦੇ ਹੱਕ ਵਿੱਚ ਬੋਲ ਰਹੀ ਹੈ। ਹੁਣ ਹਾਲਾਤ ਇਹ ਬਣ ਗਏ ਹਨ ਕਿ ਡਰੀਆਂ ਹੋਈਆਂ ਸਿਆਸੀ ਪਾਰਟੀਆਂ ਸੰਯੁਕਤ ਕਿਸਾਨ ਮੋਰਚੇ ਦੇ ਹਰ ਹੁਕਮ 'ਤੇ ਫੁੱਲ ਚੜ੍ਹਾਉਣ ਲਈ ਮਜਬੂਰ ਹੋ ਰਹੀਆਂ ਹਨ। ਸੰਯੁਕਤ ਕਿਸਾਨ ਮੋਰਚੇ ਨੇ ਜਦੋਂ ਵਿਰੋਧੀ ਪਾਰਟੀਆਂ ਨੂੰ ਵਿਪ ਜ਼ਾਰੀ ਕੀਤਾ ਕਿ ਸੰਸਦ ਵਿੱਚੋਂ ਵਾਕ ਆਊਟ ਕਰਨ ਦੀ ਥਾਂ ਸੰਸਦ ਦੇ ਅੰਦਰ ਰਹਿਕੇ ਆਪਣੀ ਗੱਲ ਕਹੀ ਜਾਵੇ। ਸਾਰੀਆਂ ਵਿਰੋਧੀ ਪਾਰਟੀਆਂ ਨੇ ਸੰਯੁਕਤ ਕਿਸਾਨ ਮੋਰਚੇ ਦੇ ਹੁਕਮ ਮੁਤਾਬਕ ਹੀ ਕੰਮ ਕੀਤਾ ਹੈ। ਇਕ ਵਾਰ ਵੀ ਸੰਸਦ ਵਿੱਚੋਂ ਨਾ ਤਾਂ ਵਾਕ ਆਊਟ ਕੀਤਾ ਹੈ ਅਤੇ ਨਾ ਹੀ ਸੰਸਦ ਦੇ ਦੋਵੇਂ ਸਦਨਾ ਨੂੰ ਚਲਣ ਦਿੱਤਾ ਹੈ। ਇਹ ਭਾਰਤ ਦੇ ਲੋਕਤੰਤਰ ਦੇ ਇਤਿਹਾਸ ਵਿੱਚ ਸ਼ਾਇਦ ਪਹਿਲਾ ਮੌਕਾ ਹੈ ਕਿ ਸੰਸਦ ਦੇ ਦੋਵੇਂ ਸਦਨ ਵਿਰੋਧੀ ਪਾਰਟੀਆਂ ਨੇ ਚਲਣ ਹੀ ਨਹੀਂ ਦਿੱਤੇ।

ਸਗੋਂ ਵਿਰੋਧੀ ਪਾਰਟੀਆਂ ਦੇ ਮੈਂਬਰ ਇਕ ਦੂਜੇ ਤੋਂ ਅੱਗੇ ਹੋ ਕੇ ਅਜਿਹੇ ਢੰਗ ਨਾਲ ਵਿਰੋਧ ਕਰਦੇ ਰਹੇ ਹਨ ਤਾਂ ਜੋ ਪਾਰਟੀਆਂ ਇਹ ਚਾਹੁੰਦੀਆਂ ਸਨ ਕਿ ਲੋਕ ਉਨ੍ਹਾਂ ਕੋਲ ਆਉਣ। ਇਕ ਸ਼ੁਭ ਸ਼ਗਨ ਇਹ ਵੀ ਹੋਇਆ ਹੈ ਕਿ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਇਕਮੁੱਠ ਹੋ ਕੇ ਤਿੰਨ ਖੇਤੀ ਕਾਨੂੰਨਾ ਦਾ ਵਿਰੋਧ ਕਰ ਰਹੀਆਂ ਹਨ। ਸੰਸਦ ਦੇ ਮੁਖ ਦਰਵਾਜ਼ੇ ਕੋਲ ਇਕ ਦੂਜੇ ਨੂੰ ਭੰਡਣ ਵਾਲੇ ਕਾਂਗਰਸੀ ਅਤੇ ਅਕਾਲੀ ਇਕੱਠੇ ਤਿੰਨ ਖੇਤੀ ਕਾਨੂੰਨਾ ਦੇ ਵਿਰੁਧ ਪਲੇ ਕਾਰਡ ਲੈ ਕੇ ਖੜ੍ਹੇ ਰਹੇ ਹਨ। ਕਾਂਗਰਸ ਦੇ ਦੋ ਲੋਕ ਸਭਾ ਮੈਂਬਰਾਂ ਰਵਨੀਤ ਸਿੰਘ ਬਿੱਟੂ ਲੁਧਿਆਣਾ ਤੋਂ ਅਤੇ ਗੁਰਜੀਤ ਸਿੰਘ ਅੰਮ੍ਰਿਤਸਰ ਤੋਂ ਨੇ ਤਾਂ ਜਿਤਨੇ ਦਿਨ ਲੋਕ ਸਭਾ ਦਾ ਸ਼ੈਸ਼ਨ ਚਲਦਾ ਰਿਹਾ, ਉਹ ਲੋਕ ਸਭਾ ਦੇ ਹਾਲ ਵਿੱਚ ਹੀ ਸੌਂਦੇ ਰਹੇ ਹਨ। ਕਿਸਾਨ ਅੰਦੋਲਨ ਦੀ ਸਫ਼ਲਤਾ ਦਾ ਰਾਜ਼ ਸ਼ਾਂਤਮਈ ਢੰਗ ਨਾਲ ਵਿਰੋਧ ਕਰਨ ਨੂੰ ਜਾਂਦਾ ਹੈ। ਪਹਿਲੀ ਵਾਰ ਕਿਸਾਨ, ਮਜ਼ਦੂਰ ਅਤੇ ਆੜ੍ਹਤੀਆ ਵਰਗ ਇਕੱਠੇ ਹੋਏ ਹਨ, ਜਦੋਂ ਕਿ ਇਨ੍ਹਾਂ ਤਿੰਨ ਦੇ ਹਿਤ ਵੱਖਰੇ ਹਨ।

ਮੁਫ਼ਰਨਗਰ ਦੀ ਮਹਾਂ ਪੰਚਾਇਤ ਨੇ 27 ਸਤੰਬਰ ਨੂੰ ਭਾਰਤ ਬੰਦ ਦਾ ਸੱਦਾ ਦਿੱਤਾ ਹੈ। ਇਸ ਤੋਂ ਇਲਾਵਾ ਉਨ੍ਹਾਂ ਹਰਿਆਣਾ ਸਰਕਾਰ ਨੂੰ ਚੇਤਾਵਨੀ ਦਿੱਤੀ ਹੈ ਕਿ ਕਰਨਾਲ ਦੇ ਸਬ ਡਵੀਜ਼ਨਲ ਆਫੀਸਰ ਦੇ ਖਿਫ਼ ਜੇ ਕਾਰਵਾਈ ਨਾ ਕੀਤੀ ਤਾਂ 7 ਸਤੰਬਰ ਨੂੰ ਕਰਨਾਲ ਵਿਖੇ ਸੰਯਕਤ ਕਿਸਾਨ ਮੋਰਚਾ ਅੰਦੋਲਨ ਕਰੇਗਾ। ਸਰਕਾਰ ਨੇ ਜੋ ਕਰਨਾ ਹੈ੍ ਹ ਕਰ ਲਵੇ ਪ੍ਰੰਤੂ ਕਿਸਾਨ ਮੋਰਚਾ ਬਿਲਕੁਲ ਹੀ ਆਪਣਾ ਫ਼ੈਸਲਾ ਨਹੀਂ ਬਦਲੇਗਾ। ਰਾਕੇਸ਼ ਟਿਕੈਤ ਨੇ ਤਾਂ ਇਹ ਵੀ ਕਹਿ ਦਿੱਤਾ ਹੈ ਜਿੱਦੀ ਸਰਕਾਰ ਨੂੰ ਵੋਟ ਦੇ ਅਧਿਕਾਰ ਨਾਲ ਸਬਕ ਸਿਖਾਇਆ ਜਾਵੇਗਾ।

ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਇਸ ਲਈ ਭਾਰਤੀ ਜਨਤਾ ਪਾਰਟੀ ਨੂੰ ਹੁਣ ਸੰਜੀਦਗੀ ਤੋਂ ਕੰਮ ਲੈਂਦਿਆਂ ਕਿਸਾਨਾ ਨਾਲ ਗਲਬਾਤ ਸ਼ੁਰੂ ਕਰਨ ਦੀ ਪਹਿਲ ਕਰਨੀ ਚਾਹੀਦੀ ਹੈ।

# ਦੰਦਰਾਲਾ ਢੀਂਡਸਾ ਦੇ ਕਿਸਾਨ ਮੁਜ਼ੱਫਰ ਨਗਰ ਦੀ ਰੈਲੀ 'ਚ ਪੁੱਜੇ



**ਨਾਭਾ-** ਪਿਛਲੇ ਸਾਲ ਤੋਂ ਕਿਸਾਨ ਆਪਣੀਆਂ ਮੰਗਾਂ ਮਨਵਾਉਣ ਲਈ ਕੇਂਦਰ ਸਰਕਾਰ ਵਿਰੁੱਧ ਸ਼ੰਘਰਸ਼ ਕਰ ਰਹੇ ਹਨ। ਪੰਜਾਬ ਦੇ ਕਿਸਾਨ ਮੋਹਰੀ ਹੋ ਕੇ ਇਸ ਵਿੱਚ ਆਪਣਾ ਹਰ ਪੱਖੋਂ ਯੁਗਦਾਨ ਪਾ ਰਹੇ ਹਨ। ਪਿੰਡਾਂ ਦੇ ਕਿਸਾਨ ਬੜੇ ਅਨੁਸਾਸ਼ਨ ਨਾਲ ਆਪਣੀਆਂ ਡਿਊਟੀਆਂ ਨਿਭਾ ਰਹੇ ਹਨ ਦੰਦਰਾਲਾ ਢੀਂਡਸਾ ਦੇ ਜਾਗਰੂਕ ਕਿਸਾਨ ਇਸ ਸ਼ੰਘਰਸ਼ ਵਿੱਚ ਅਹਿਮ ਰੋਲ ਨਿਭਾ ਰਹੇ ਹਨ ।ਦਿੱਲੀ ਦੇ ਬਾਰਡਰ ਤੇ ਪੱਕੇ ਘਰ ਬਣਾ ਕੇ ਬੈਠੇ ਹਨ ਜੋ ਕਿ ਵਾਰੀ ਵਾਰੀ ਮੁਤਾਬਕ ਉਥੇ ਠਹਿਰਦੇ ਹਨ। ਇਸੇ ਲੜੀ ਅਧੀਨ ਮੁਜੱਫਰ ਨਗਰ (ਯੂ.ਪੀ.) ਦੀ ਰੈਲੀ 'ਚ ਸਮੂਲੀਅਤ ਕਰਨ ਲਈ ਕਿਸਾਨ ਯੂਨੀਅਨ (ਰਾਜੇਵਾਲ) ਨਾਭਾ ਬਲਾਕ ਦੇ ਪ੍ਰਧਾਨ ਅਵਤਾਰ ਸਿੰਘ ਕੈਦੂਪੁਰ ਦੀ ਅਗਵਾਈ ਵਿੱਚ ਦੰਦਰਾਲਾ ਢੀਂਡਸਾ ਦੇ ਸਾਬਕਾ ਸਰਪੰਚ ਰਣਜੀਤ ਸਿੰਘ ਢੀਂਡਸਾ, ਚਰਨਜੀਤ ਸਿੰਘ ਢੀਂਡਸਾ, ਅੰਮ੍ਰਿਤ ਸਿੰਘ ਢੀਂਡਸਾ (ਐਕਸ-ਸਰਵਿਸਮੈਨ) ਅਤੇ ਮੇਜਰ ਸਿੰਘ ਨੇ ਹਾਜ਼ਰੀ ਭਰੀ। ਇਸ ਤਰ੍ਹਾਂ ਕਿਸਾਨਾਂ ਦੇ ਇਹੋ ਜਿਹੇ ਬੁਲੰਦ ਹੌਸ਼ਲਿਆਂ ਨੂੰ ਦਾਦ ਦੇਣੀ ਬਣਦੀ ਹੈ, ਕੇਂਦਰ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ਨੂੰ ਪਹਿਲ ਦੇ ਅਧਾਰ ਤੇ ਹਮਦਰਦੀ ਨਾਲ ਵਿਚਾਰ ਕੇ ਹੱਲ ਕਰਨਾ ਚਾਹੀਦਾ ਹੈ।

# ਕਬੱਡੀ ਅਤੇ ਹਾਕੀ ਦਾ ਹੋਵੇਗਾ ਮਹਾਂਕੁੰਭ, ਪਹਿਲੀ ਵਾਰ ਹੋਵੇਗੀ ਮੁੱਕੇਬਾਜੀ, ਗਾਇਕ ਕਰਨ ਔਜਲਾ ਦਾ ਲੱਗੇਗਾ ਅਖਾੜਾ

**ਲੁਧਿਆਣਾ-** ਜੇਕਰ ਕੋਰੋਨਾ ਮਹਾਂਮਾਰੀ ਦੇ ਹਾਲਾਤ ਠੀਕ ਰਹੇ ਤਾਂ ਇਸ ਵਾਰ ਦੀਆਂ ਕਿਸਾਨ ਅੰਦੋਲਨ ਨੂੰ ਸਮਰਪਿਤ 35ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ 17-18 ਅਤੇ 19 ਦਸੰਬਰ 2021 ਨੂੰ ਹੋਣਗੀਆਂ। ਜਰਖੜ ਖੇਡਾਂ ਸਬੰਧੀ ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਦੀ ਜ਼ਰੂਰੀ ਮੀਟਿੰਗ ਇੰਡ-ਇਅਨ ਗਾਰਡੀਅਨ ਸੈਂਟਰ ਲੁਧਿਆਣਾ ਵਿਖੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਇੰਗਲੈਂਡ ਤੋਂ ਹੰਸਲੋ ਦੇ ਸਾਬਕਾ ਮੇਅਰ ਪ੍ਰੀਤਮ ਸਿੰਘ ਗਰੇਵਾਲ, ਪ੍ਰਧਾਨ ਐਡਵੋਕੇਟ ਹਰਕਮਲ ਸਿੰਘ, ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਇੰਸਪੈਕਟਰ ਬਲਵੀਰ ਸਿੰਘ, ਨਿਰਮਲ ਸਿੰਘ ਨਿੰਮਾ ਡੇਹਲੋਂ, ਸਾਹਿਬਜੀਤ ਸਿੰਘ ਜਰਖੜ, ਤੇਜਿੰਦਰ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪਰਗਟ, ਤਰਨ ਜੋਧਾਂ ,ਰਾਣਾ ਜੋਧਾਂ ਯਾਦਵਿੰਦਰ ਸਿੰਘ ਤੂਰ ਆਦਿ ਪ੍ਰਮੁੱਖ ਮੈਂਬਰਾਂ ਨੇ ਹਿੱਸਾ ਲਿਆ। ਮੀਟਿੰਗ ਦੀ ਕਾਰਵਾਈ ਬਾਰੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਤੇ ਪ੍ਰੀਤਮ ਸਿੰਘ ਗਰੇਵਾਲ ਨੇ ਦੱਸਿਆ ਇਸ ਵਾਰ ਕਬੱਡੀ ਅਤੇ ਹਾਕੀ ਦਾ ਵੱਡੇ ਪੱਧਰ ਤੇ ਮਹਾਕੁੰਭ ਕਰਵਾਇਆ ਜਾਵੇਗਾ। ਆਲ ਓਪਨ ਕਬੱਡੀ ਕੱਪ ਨਾਇਬ ਸਿੰਘ ਗਰੇਵਾਲ ਜੋਧਾਂ ਦੀ ਯਾਦ ਵਿੱਚ ਹੋਵੇਗਾ ਜਦਕਿ ਹਾਕੀ ਕੱਪ ਮਹਿੰਦਰਪ੍ਰਤਾਪ ਸਿੰਘ ਗਰੇਵਾਲ ਦੀ ਯਾਦ ਵਿੱਚ ਕਰਵਾਇਆ ਜਾਵੇਗਾ। ਹਾਕੀ ਵਿੱਚ ਅੰਡਰ 12 ਸਾਲ ਮੁੰਡੇ, ਹਾਕੀ ਲੜਕੀਆਂ ਅਤੇ ਮਰਦਾਂ ਦੇ ਸੀਨੀਅਰ ਵਰਗ ਦੇ ਮੁਕਾਬਲੇ ਹੋਣਗੇ। ਇਸ ਤੋਂ ਇਲਾਵਾ ਵਾਲੀਬਾਲ ਸ਼ੂਟਿੰਗ ਕੱਪ ਅਮਰਜੀਤ ਗਰੇਵਾਲ ਅਤੇ ਬਾਬਾ ਸੁਰਜਨ ਸਿੰਘ ਸਰੀਹ ਦੀ ਯਾਦ ਨੂੰ ਸਮਰਪਿਤ ਹੋਵੇਗਾ। ਇਸ ਵਾਰ ਜਰਖੜ ਖੇਡਾਂ ਵਿੱਚ ਪਹਿਲੀ ਵਾਰ ਮੁੱਕੇਬਾਜ਼ੀ ਮੁਕਾਬਲਿਆਂ ਦੀ ਸ਼ੁਰੂਆਤ ਕੀਤੀ ਜਾਵੇਗੀ। ਹਾਕੀ ਮੁਕਾਬਲੇ ਮਹਿੰਦਰਪ੍ਰਤਾਪ ਗਰੇਵਾਲ ਟਰੱਸਟ ਵੱਲੋਂ ਸਪਾਂਸਰ ਹੋਣਗੇ ਜਦਕਿ ਕਬੱਡੀ ਕੱਪ ਪੰਜਾਬ ਸਪੋਰਟਸ ਕਬੱਡੀ ਕਲੱਬ ਸਿਆਟਲ ਮੋਹਣਾਂ ਜੋਧਾਂ ਹੋਰਾਂ ਦੀ ਪੂਰੀ ਟੀਮ ਵੱਲੋਂ ਸਪੋਂਸਰ ਹੋਵੇਗਾ। ਇਸ ਵਰ੍ਹੇ ਦੀਆਂ ਖੇਡਾਂ ਕਬੱਡੀ ਸਟਾਰ ਮਾਣਕ ਜੋਧਾ, ਉੱਘੇ ਕੁਮੈਂਟੇਟਰ ਡਾ ਦਰਸ਼ਨ ਬੜੀ ਅਤੇ ਹਰਬੰਸ ਸਿੰਘ ਗਿੱਲ ਦੀ ਯਾਦ ਨੂੰ ਸਮਰਪਿਤ ਹੋਣਗੀਆਂ। ਇਸ ਵਾਰ ਅਖਾੜਾ ਲਾਉਣ ਦੀ ਵਾਰੀ ਉੱਘੇ ਲੋਕ ਗਾਇਕ ਕਰਨ ਔਜਲਾ ਦੀ ਰਹੇਗੀ। ਫਾਈਨਲ ਸਮਾਰੋਹ ਤੇ ਇਲਾਕੇ ਦੀਆਂ ਉੱਘੀਆਂ 6 ਸ਼ਖ਼ਸੀਅਤਾਂ ਦਾ ਸਨਮਾਨ ਹੋਵੇਗਾ।



# ਧਰਤੀ 'ਤੇ ਵੱਧ ਰਹੀ ਤਪਸ਼, ਖ਼ਤਰੇ ਦੀ ਘੰਟੀ



ਗੁਰਮੀਤ ਪਲਾਹੀ
91-98158-02070

ਕੈਨੇਡਾ ਵਿੱਚ ਉਸ ਵੇਲੇ ਹਾਹਾਕਾਰ ਮੱਚ ਗਈ, ਜਦੋਂ ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ(ਬੀ.ਸੀ.) 'ਚ ਧਰਤੀ ਦਾ ਤਾਪਮਾਨ ਇਸ ਵਰ੍ਹੇ ਜੂਨ 'ਚ 47.9 ਡਿਗਰੀ ਸੈਂਟੀਗਰੇਡ ਪੁੱਜ ਗਿਆ। ਕੈਨੇਡਾ ਦਾ ਇੱਕ ਛੋਟਾ ਜਿਹਾ ਕਸਬਾ ਦੁਨੀਆ ਦਾ ਸਭ ਤੋਂ ਗਰਮ ਕਸਬਾ ਬਣ ਗਿਆ, ਜਿਥੇ ਤਪਸ਼ ਨਾਲ ਇਮਾਰਤਾਂ ਨੂੰ ਅੱਗ ਲੱਗ ਗਈ ਅਤੇ ਉਹਨਾ ਵਿੱਚ ਪਿਆ ਸਮਾਨ ਰਾਖ ਹੋ ਗਿਆ। ਲੋਕਾਂ ਨੂੰ ਬਚਾ ਲਿਆ ਗਿਆ। ਸਹਾਰਾ ਮਾਰੂਥਲ 'ਚ ਚੱਲੀਆਂ ਗਰਮ ਹਵਾਵਾਂ ਨੇ ਬਿਜਲੀ ਦੀਆਂ ਕੇਬਲਾਂ ਤੱਕ ਪਿਘਲਾ ਦਿੱਤੀਆਂ। ਮੱਧ ਪੂਰਬੀ ਪੰਜ ਦੇਸ਼ਾਂ ਵਿੱਚ ਇਸ ਵਰ੍ਹੇ ਦੇ ਜੂਨ ਮਹੀਨੇ ਤਾਪਮਾਨ 50 ਡਿਗਰੀ ਸੈਂਟੀਗਰੇਡ ਨਾਪਿਆ ਗਿਆ। ਪਾਕਿਸਤਾਨ 'ਚ ਵਗੀਆਂ ਤਪਸ਼ ਹਵਾਵਾਂ ਨਾਲ ਇੱਕ ਕਲਾਸ ਰੂਮ ਵਿੱਚ ਪੜ੍ਹ ਰਹੇ 20 ਬੱਚੇ ਬੇਹੋਸ਼ ਹੋ ਗਏ। ਸਾਲ 2019 'ਚ ਯੂਰਪੀ ਖਿੱਤੇ 'ਚ ਚੱਲੀਆ ਤਪਸ਼ ਹਵਾਵਾਂ ਨਾਲ 2500 ਬੰਦੇ ਮਾਰੇ ਗਏ ਸਨ। ਵਾਤਾਵਰਨ ਵਿਗਿਆਨੀਆਂ ਅਨੁਸਾਰ ਸਾਲ 2030 ਤੱਕ ਧਰਤੀ ਉੱਤੇ ਤਾਪਮਾਨ 1.5 ਡਿਗਰੀ ਸੈਂਟੀਗਰੇਡ ਵੱਧਣ ਦਾ ਅਨੁਮਾਨ ਹੈ। ਡੇਢ ਡਿਗਰੀ ਸੈਂਟੀਗਰੇਡ ਤਾਪਮਾਨ ਦਾ ਵਧ ਜਾਣਾ ਧਰਤੀ ਉੱਤੇ ਤਪਸ਼ ਦਾ ਬਹੁਤ ਵੱਡਾ ਵਾਧਾ ਹੈ। ਸਾਲ 2030 ਦੇ ਬਾਅਦ ਵਾਤਾਵਰਨ ਬਦਲੀ ਕਾਰਨ ਹੋਣ ਵਾਲੀ ਗੜਬੜੀ ਕੋਵਿਡ-19 ਮਹਾਂਮਾਰੀ ਵਾਂਗਰ ਆਪਣੇ ਸਾਰਿਆਂ ਦੇ ਘਰੋ-ਘਰੀ ਪਹੁੰਚ ਜਾਏਗੀ, ਖਾਸਕਰ ਗਰੀਬਾਂ ਦੇ ਵਿਹੜਿਆਂ ਵਿਚ।

ਦੁਨੀਆਂ ਦੇ ਸਭ ਤੋਂ ਅਮੀਰ ਇਕ ਅਰਬ ਲੋਕ ਧਰਤੀ ਉੱਤੇ ਤਾਪਮਾਨ ਵਧਾਉਣ ਵਾਲੀਆਂ ਗੈਸਾਂ ਦੀ 50 ਫ਼ੀਸਦੀ ਦੀ ਪੈਦਾਇਸ਼ ਦੇ ਜ਼ੁੰਮੇਵਾਰ ਹਨ ਜਦਕਿ ਦੁਨੀਆਂ ਦੇ ਗਰੀਬ ਤਿੰਨ ਅਰਬ ਲੋਕਾਂ ਦਾ ਤਾਪਮਾਨ ਵਧਾਉਣ ਵਾਲੀਆਂ ਗੈਸਾਂ 'ਚ ਯੋਗਦਾਨ ਸਿਰਫ 5 ਫੀਸਦੀ ਹੈ।ਇਹਨਾ ਤਿੰਨ ਅਰਬ ਗਰੀਬ ਲੋਕਾਂ ਕੋਲ ਅਤਿ ਦੀ ਗਰਮੀ, ਸੋਕੇ, ਹੜ੍ਹ, ਅੱਗਜ਼ਨੀ, ਫ਼ਸਲਾਂ ਦੀ ਬਰਬਾਦੀ, ਮੱਖੀਆਂ-ਮੱਛਰਾਂ ਤੋਂ ਫੈਲਣ ਵਾਲੀਆਂ ਬਿਮਾਰੀਆਂ ਅਤੇ ਪਾਣੀ ਤੋਂ ਹੋਣ ਵਾਲੀਆਂ ਬੀਮਾਰੀਆਂ ਤੋਂ ਬਚਣ ਲਈ ਬਹੁਤ ਸੀਮਤ ਜਿਹੇ ਸਾਧਨ ਹਨ। ਜਦੋਂ ਅਗਲੇ 9 ਸਾਲਾਂ 'ਚ ਜਾਂ ਇਸਦੇ ਆਸ ਪਾਸ ਧਰਤੀ ਦਾ ਤਾਪਮਾਨ 1.5 ਡਿਗਰੀ ਸੈਂਟੀਗਰੇਡ ਵਧ ਜਾਏਗਾ ਤਾਂ ਉਪਰ ਗਿਣੀਆਂ ਸਾਰੀਆਂ ਹਾਲਤਾਂ ਹੋਰ ਖਰਾਬ ਹੋ ਜਾਣਗੀਆਂ।

ਅਸਲ ਵਿਚ ਆਮ ਲੋਕਾਂ ਦੀ ਘੱਟ ਲਾਗਤ ਵਾਲੇ ਜਲਣ ਵਾਲੇ ਪਦਾਰਥਾਂ ਤੱਕ ਪਹੁੰਚ ਨਹੀਂ ਹੈ, ਜਿਸ ਨਾਲ ਵਾਤਾਵਰਨ ਵਿਗਾੜ ਸਾਡੇ ਸਮੇਂ ਦੀ ਸਭ ਤੋਂ ਵੱਡੀ ਚਣੌਤੀ ਬਣੀ ਹੋਈ ਹੈ।ਸੂਰਜੀ ਊਰਜਾ ਅਤੇ ਹੋਰ ਨਵੀਨੀ ਬਾਇਓ ਸਰੋਤਾਂ ਤੱਕ ਪਹੁੰਚ ਦੀ ਵਿਜਾਏ ਅੰਨ੍ਹੇਵਾਹ ਡੀਜ਼ਲ, ਪੈਟਰੋਲ, ਤੇਲ ਦੀ ਵਰਤੋਂ ਨੇ ਵਾਤਾਵਰਨ 'ਚ ਉਵੇਂ ਦਾ ਹੀ ਰੋਲ ਅਦਾ ਕੀਤਾ ਹੈ, ਜਿਵੇਂ ਮੌਜੂਦਾ ਦੌਰ 'ਚ ਲੈਂਡ ਲਾਈਨ ਫੋਨ ਤੱਕ ਪਹੁੰਚ ਤੋਂ ਬਿਨ੍ਹਾਂ ਮੋਬਾਇਲ ਫੋਨ ਤੱਕ ਪਹੁੰਚ ਬਣੀ ਹੋਈ ਹੈ।

ਧਰਤੀ ਉੱਤੇ ਗਰਮੀ ਦੇ ਵਾਧੇ ਲਈ ਮੁੱਖ ਸਰੋਤਾਂ ਵਿਚ ਕੋਲਾ, ਪੈਟਰੋਲੀਅਮ ਵਸਤਾਂ ਅਤੇ ਕੁਦਰਤੀ ਗੈਸਾਂ ਹਨ। ਇਹ ਗੈਸਾਂ ਹੀ ਹਵਾ ਪ੍ਰਦੂਸ਼ਨ ਦਾ ਕਾਰਨ ਬਣਦੀਆਂ ਹਨ। ਇਸ ਨਾਲ ਹਰ ਸਾਲ ਦਿਲ ਦੀਆਂ ਬਿਮਾਰੀਆਂ, ਲਕਵੇ, ਸਾਹ ਦੇ ਰੋਗਾਂ ਅਤੇ ਫੇਫੜਿਆਂ ਦੇ ਕੈਂਸਰ ਨਾਲ 50 ਲੱਖ ਤੋਂ ਇਕ ਕਰੋੜ ਲੋਕ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਵਾਤਾਵਰਨ ਬਦਲਾਅ ਉੱਤੇ ਜੇਕਰ ਸਮਿਆਂ ਦੀਆਂ ਸਰਕਾਰਾਂ ਨੇ ਵਿਗਿਆਨੀਆਂ ਦੀ ਸਲਾਹ ਨਾਲ ਰੋਕ ਪਾਉਣ ਦਾ ਯੋਗ ਪ੍ਰਬੰਧ ਨਾ ਕੀਤਾ ਹੁੰਦਾ ਤਾਂ ਇਹ ਲੋਕਾਂ ਅਤੇ ਈਕੋਸਿਸਟਮ ਲਈ ਅਜਿਹਾ ਸੰਕਟ ਬਣ ਜਾਂਦਾ ਜਿਸ ਨਾਲ ਨਿਪਟਿਆ ਨਹੀਂ ਸੀ ਜਾ ਸਕਦਾ। ਭਾਰਤ ਵਿਚ ਪ੍ਰਦੂਸ਼ਨ ਨਾਲ ਹੋਣ ਵਾਲੀਆਂ ਮੌਤਾਂ ਦਾ ਅੰਕੜਾ ਬਹੁਤ ਜਿਆਦਾ ਹੈ। ਇਸ ਨਾਲ ਹਰ ਸਾਲ 25 ਲੱਖ ਲੋਕਾਂ ਦੀ ਸਮੇਂ ਤੋਂ ਪਹਿਲਾਂ ਮੌਤ ਹੋ ਜਾਂਦੀ ਹੈ। ਇਸ ਵਿਚ 1,14,000 ਬਾਲਾਂ ਦੀ ਮੌਤ ਵੀ ਸ਼ਾਮਲ ਹੈ। ਭਾਰਤ ਅਤੇ ਦੱਖਣੀ ਏਸ਼ੀਆਂ ਦੇਸ਼ਾਂ ਦੇ ਹਵਾ ਪ੍ਰਦੂਸ਼ਨ ਦਾ ਮੁਖ ਕਾਰਨ ਕਾਰਬਨਡਾਈਔਕਸਾਈਡ ਗੈਸਾਂ 'ਚ ਵਾਧਾ ਹੈ। ਵਿਸ਼ਵੀ ਤਾਪਮਾਨ 'ਚ ਵਾਧੇ ਦੇ ਅੰਕੜੇ ਦਸਦੇ ਹਨ ਕਿ ਗਰਮ ਹਵਾ ਜ਼ਿਆਦਾ ਨਮੀ ਪੈਦਾ ਕਰਦੀ ਹੈ। ਉਪਗ੍ਰਹੀ ਅੰਕੜਿਆਂ ਅਨੁਸਾਰ ਹਵਾ ਵਿਚ ਇਕ ਡਿਗਰੀ ਦੀ ਗਰਮੀ ਵਿਚ ਵਾਧਾ ਨਮੀ ਵਿਚ 7 ਫ਼ੀਸਦੀ ਵਾਧਾ ਕਰਦਾ ਹੈ।

ਤਾਪਮਾਨ ਵਿਚ ਵਾਧਾ ਅਤੇ ਨਮੀ 'ਚ ਵਾਧਾ ਭਾਰਤ ਵਰਗੇ ਦੇਸ਼ ਲਈ ਵੱਡੀ ਪ੍ਰੇਸ਼ਾਨੀਆਂ ਵਾਲਾ ਮੁੱਦਾ ਹੈ। ਜੇਕਰ ਗਰਮੀ 'ਚ ਵਾਧਾ ਇਵੇਂ ਹੁੰਦਾ ਰਿਹਾ ਤਾਂ ਨਮੀ ਵਾਲੀਆਂ ਗਰਮ ਹਵਾਵਾਂ ਚੱਲ ਸਕਦੀਆਂ ਹਨ। ਮਾਨਸੂਨ ਦੀ ਵਰਖਾ ਤਿੰਨ ਗੁਣਾ ਤੱਕ ਵੱਧ ਸਕਦੀ ਹੈ ਅਤੇ ਇਸ ਸਭ ਕੁਝ ਦਾ ਅਸਰ ਜੀਵਨ, ਖੇਤੀ ਅਤੇ ਜਾਇਦਾਦ ਦੇ ਵਿਨਾਸ਼ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ।

ਵਾਤਾਵਰਨ ਪ੍ਰਦੂਸ਼ਨ ਪੈਦਾ ਕਰਨ ਵਾਲੇ ਮੀਥੇਨ, ਹੇਠਲੇ ਵਾਯੂਮੰਡਲ ਵਿਚ ਓਜ਼ੋਨ, ਕਾਲੇ ਕਾਰਬਨ ਦੇ ਕਣ ਅਤੇ ਹਾਈਡਰੋਫਲੋਰੋਕਾਰਬਨ ਹਨ, ਜਿਹਨਾ ਨੂੰ ਥੋੜ੍ਹੇ ਸਮੇਂ ਤੱਕ ਜੀਉਣ ਵਾਲੇ ਮੰਨਿਆ ਜਾਂਦਾ ਹੈ। ਵਾਤਾਵਰਨ ਵਿਚੋਂ ਕਾਰਬਨਡਾਈਔਕਸਾਈਡ ਅਤੇ ਇਹ ਚਾਰੇ ਪ੍ਰਦੂਸ਼ਕ ਜੇਕਰ ਘੱਟ ਕੀਤੇ ਜਾਂਦੇ ਹਨ ਤਾਂ ਵਾਤਾਵਰਨ ਵਿਗਾੜ ਅੱਧਾ ਰਹਿ ਸਕਦਾ ਹੈ। ਵਾਤਾਵਰਨ ਪ੍ਰਦੂਸ਼ਨ ਗੈਸਾਂ ਦੀ ਬੇਲੋੜੀ ਪੈਦਾਵਾਰ ਨਾਲ ਧਰਤੀ ਉੱਤੇ ਤਪਸ਼ ਦਾ ਬੇਲਗਾਮ ਵਾਧਾ ਹੋ ਰਿਹਾ ਹੈ। ਜੇਕਰ ਭਾਰਤ ਦੇ ਪਿੰਡਾਂ ਵਿਚ ਸੂਰਜੀ ਊਰਜਾ ਅਤੇ ਬਾਇਓਮਾਸ ਊਰਜਾ ਦੀ ਵਰਤੋਂ ਯਕੀਨੀ ਕੀਤੀ ਜਾਵੇਂ ਅਤੇ ਲੋਕਾਂ ਨੂੰ ਖਾਣਾ ਬਨਾਉਣ, ਖਾਣਾ ਗਰਮ ਕਰਨ ਅਤੇ ਰੌਸ਼ਨੀ ਲਈ ਇਹਨਾ ਸਾਧਨਾਂ ਦੀ ਵਰਤੋਂ ਹੋਵੇ ਤਾਂ ਪ੍ਰਦੂਸ਼ਕ ਤੱਤ ਘੱਟ ਸਕਦੇ ਹਨ। ਉਹ ਖੇਤੀ ਨਾਲ ਸਬੰਧਤ ਵਾਧੂ ਪਦਾਰਥ ਜਿਹਨਾ ਨੂੰ ਜਲਾਇਆ ਜਾਂਦਾ ਹੈ, ਉਹ ਪ੍ਰਦੂਸ਼ਨ ਤਾਂ ਪੈਦਾ ਕਰਦੇ ਹੀ ਹਨ, ਸਿਹਤਮੰਦ ਧਰਤੀ ਨੂੰ ਨੁਕਸਾਨ ਵੀ ਪਹੁੰਚਾਉਂਦੇ ਹਨ। ਇਸ ਖੇਤੀ ਰਹਿੰਦ-ਖੂਹੰਦ ਤੋਂ ਖਾਦ ਤਿਆਰ ਹੋਵੇ ਜਾਂ ਇਸ ਨੂੰ ਬਿਜਲੀ ਬਨਾਉਣ ਲਈ ਵਰਤਿਆ ਜਾਵੇ ਤਾਂ ਸਾਰਥਕ ਸਿੱਟੇ ਨਿਕਲ ਸਕਦੇ ਹਨ। ਕਚਰਾ ਪ੍ਰਬੰਧਕ ਹਵਾ ਪ੍ਰਦੂਸ਼ਨ 'ਚ ਕਟੌਤੀ, ਰੂੜੀ ਖਾਦ ਬਿਹਤਰ ਬਦਲ ਹੋ ਸਕਦੇ ਹਨ।

ਡੀਜ਼ਲ ਦੀ ਵਰਤੋਂ ਬੰਦ ਕਰਨੀ ਸਮੇਂ ਦੀ ਲੋੜ ਹੈ। ਇਸ ਤੋਂ ਪੈਦਾ ਹੋਏ ਕਾਲੇ ਕਾਰਬਨ ਕਣਾਂ ਦੀ ਇੱਕ ਟਨ ਮਾਤਰਾ ਨਾਲ ਉਤਨੀ ਗਰਮੀ ਧਰਤੀ ਉਤੇ ਪੈਦਾ ਹੁੰਦੀ ਹੈ ਜਿੰਨੀ 2000 ਟਨ ਕਾਰਬਨ ਡਾਈਔਕਸਾਈਡ ਨਾਲ। ਜੇਕਰ ਡੀਜ਼ਲ ਦੀ ਵਰਤੋਂ ਭਾਰਤ ਵਿੱਚ ਬੰਦ ਹੁੰਦੀ ਹੈ ਤਾਂ ਪ੍ਰਦੂਸ਼ਣ ਰੁਕੇਗਾ ਤੇ ਭਾਰਤ ਵਿੱਚ ਸਮੇਂ ਤੋਂ ਪਹਿਲਾਂ ਜਿਹੜੀਆਂ 10 ਲੱਖ ਮੌਤਾਂ ਹਰ ਸਾਲ ਹੁੰਦੀਆਂ ਹਨ, ਉਹਨਾ ਨੂੰ ਠੱਲ ਪਵੇਗੀ। ਇੰਨਾ ਹੀ ਨਹੀਂ ਹਿਮਾਲਿਆ ਦੇ ਗਲੈਸ਼ੀਅਰ ਜੋ ਪਿਘਲਦੇ ਹਨ, ਉਹਨਾ ਦੀ ਦਰ ਅੱਧੀ ਰਹਿ ਜਾਏਗੀ ਇਸ ਨਾਲ ਭਾਰਤ ਦਾ ਵਿਸ਼ਵ ਪੱਧਰੀ ਤਾ-ਪਮਾਨ 'ਚ ਵਾਧੇ 'ਚ ਜੋ ਉਸਦਾ ਹਿੱਸਾ ਹੈ ਉਹ ਘੱਟ ਹੋ ਜਾਏਗਾ। ਇਸਦਾ ਲਾਭ ਇਹ ਵੀ ਮਿਲੇਗਾ ਕਿ ਭਾਰਤ ਵਿੱਚ ਕਣਕ ਦੇ ਉਤਪਾਦਨ ਵਿੱਚ 35 ਫ਼ੀਸਦੀ ਅਤੇ ਚੌਲਾਂ ਦੇ ਉਤਪਾਦਨ ਵਿੱਚ 10 ਫ਼ੀਸਦੀ ਦਾ ਵਾਧਾ ਹੋਵੇਗਾ।



ਵਾਤਾਵਰਨ ਸੰਕਟ ਦਾ ਹੱਲ ਇਹ ਹੈ ਕਿ ਮੌਜੂਦਾ ਈਂਧਨ ਨੂੰ ਬੀਤੇ ਸਮੇਂ ਦੀ ਗੱਲ ਬਣਾ ਦਿੱਤਾ ਜਾਏ ਅਤੇ ਊਰਜਾ ਦੇ ਉਹਨਾ ਸਰੋਤਾਂ ਦੀ ਵਰਤੋਂ ਕੀਤੀ ਜਾਵੇ, ਜਿਹੜੇ ਗਰਮੀ ਪੈਦਾ ਕਰਨ ਵਾਲੀਆਂ ਗੈਸਾਂ ਪੈਦਾ ਨਹੀਂ ਕਰਦੇ ਅਤੇ ਨਾ ਹੀ ਕਾਲਾ ਕਾਰਬਨ ਪੈਦਾ ਕਰਦੇ ਹਨ। ਵਿਸ਼ਵ ਵਿੱਚ ਕਿਧਰੇ ਵੀ ਵਾਤਾਵਰਨ ਪ੍ਰਦੂਸ਼ਣ ਗੈਸਾਂ ਪੈਦਾ ਹੁੰਦੀਆਂ ਹੋਣ ਉਹ ਵਿਸ਼ਵ ਤਾਪਮਾਨ ਵਧਾਉਣ ਦਾ ਕਾਰਨ ਬਣਦੀਆਂ ਹਨ।

ਵਾਤਾਵਰਨ ਸੰਕਟ ਦੇ ਹੱਲ ਲਈ ਸਾਰੀਆਂ ਥਾਵਾਂ ਅਤੇ ਸਾਰੇ ਲੋਕਾਂ ਤੱਕ ਸਾਫ਼-ਸੁਥਰੀ ਊਰਜਾ ਦੀ ਪਹੁੰਚ ਦੀ ਜ਼ਰੂਰਤ ਹੈ। ਭਾਵੇਂ ਉਹ ਗਰੀਬ ਹੋਣ ਜਾਂ ਅਮੀਰ । ਭਾਵੇਂ ਦੁਨੀਆ ਭਰ ਦੇ ਸ਼ਹਿਰੀ ਖੇਤਰ ਵਿਸ਼ਵ ਭੂ-ਭਾਗ ਦੀ ਸਿਰਫ਼ ਦੋ ਫ਼ੀਸਦੀ ਥਾਂ ਘੇਰਦੇ ਹਨ, ਪਰ ਵਿਸ਼ਵ ਦੀ ਕੁੱਲ ਊਰਜਾ ਦਾ ਦੋ-ਤਿਹਾਈ ਹਿੱਸਾ ਵਰਤਦੇ ਹਨ ਅਤੇ ਨਾਲ ਹੀ ਉਹ ਵਿਸ਼ਵ ਪੱਧਰ ਤੇ ਜਿਤਨੀ ਕਾਰਬਨ ਡਾਈਅਕਸਾਈਡ ਪੈਦਾ ਹੁੰਦੀ ਹੈ, ਉਸਦੇ 70 ਫ਼ੀਸਦੀ ਲਈ ਜ਼ੁੰਮੇਵਾਰ ਹਨ। ਸ਼ਹਿਰਾਂ ਵਿੱਚ ਹਰੀਆਂ ਛੱਤਾਂ ਅਤੇ ਏਅਰ ਕੰਡੀਸ਼ਨਰਾਂ 'ਚ ਕਮੀ, ਸਰਵਜਨਕ ਪਰਿਵਾਹਨ ਦੀ ਵਰਤੋਂ ਅਤੇ ਊਰਜਾ ਦੇ ਨਵੇਂ ਸਰੋਤਾਂ ਦਾ ਇਸਤੇਮਾਲ ਵਾਤਾਵਰਨ ਬਦਲੀ ਨੂੰ ਨਿਪਟਨ 'ਚ ਸਹਾਈ ਹੋ ਸਕਦਾ ਹੈ।

ਜਿਵੇਂ ਮੌਂਟਰੀਅਲ ਅੰਤਰਰਾਸ਼ਟਰੀ ਪ੍ਰੋਟੋਕੋਲ ਦੇ ਤਹਿਤ ਸੀ.ਐਫ਼.ਸੀ (ਕਲੋਰੋਫਲੋਰੋ ਕਾਰਬਨ) ਦੇ ਸਬੰਧ 'ਚ ਵਿਸ਼ਵ ਪੱਧਰੀ ਅਜੰਡਾ ਜਾਰੀ ਕੀਤਾ ਗਿਆ ਸੀ। ਇਹ ਵਾਤਾਵਰਨ ਵਿੱਚ ਗਰਮੀ ਨੂੰ ਲੈਕੇ ਨਹੀਂ ਸੀ, ਸਗੋਂ ਅੰਨਟਾਰਟਿਕਾ ਓਜ਼ੋਨ ਛੇਕਾਂ ਉਤੇ ਇਸਦੇ ਪ੍ਰਭਾਵ ਨੂੰ ਲੈਕੇ ਕੀਤਾ ਗਿਆ ਸੀ। ਇਸ ਏਜੰਡੇ ਨੂੰ ਲਾਗੂ ਕਰਨ ਸਬੰਧੀ ਵੱਡੇ ਯਤਨ ਵੀ ਹੋਏ ਸਨ। ਜੇਕਰ ਸੀ.ਐਫ਼.ਸੀ. ਸਬੰਧੀ ਲੋੜੀਂਦੇ ਕਦਮ ਨਾ ਪੁੱਟੇ ਹੁੰਦੇ ਤਾਂ ਹੁਣ ਤੱਕ ਧਰਤੀ ਦਾ ਤਾਪਮਾਨ 1.5 ਡਿਗਰੀ ਸੈਂਟੀਗਰੇਡ ਵੱਧ ਚੁੱਕਾ ਹੁੰਦਾ।

ਧਿਆਨ ਕਰਨ ਵਾਲੀ ਗੱਲ ਤਾਂ ਇਹ ਹੈ ਕਿ ਅਗਲੇ ਸਾਲਾਂ ਵਿੱਚ 1.7 ਬਿਲੀਅਨ ਲੋਕਾਂ ਨੂੰ ਗਰਮ ਹਵਾਵਾਂ ਦਾ ਸੇਕ ਲਗੇਗਾ। ਸਮੁੰਦਰ ਦਾ ਤਲ ਚਾਰ ਇੰਚ ਵਧੇਗਾ, ਜੋ ਧਰਤੀ ਨੂੰ ਨੁਕਸਾਨ ਪਹੁੰਚਾਏਗਾ। ਇਸ ਨਾਲ ਸਮੁੰਦਰ ਕੰਢੇ ਮੱਛੀ ਫੜਨ ਦੇ ਕਿੱਤੇ ਨੂੰ ਢਾਅ ਲੱਗੇਗੀ।

ਇਸ ਸਭ ਕੁਝ ਨੁਕਸਾਨ ਦੇ ਬਾਵਜੂਦ ਵੀ ਵਿਸ਼ਵ ਦੀਆਂ ਵੱਡੀਆਂ ਸਿਆਸੀ ਤਾਕਤਾਂ, ਜੋ ਪ੍ਰਦੂਸ਼ਨ ਲਈ ਜ਼ੁੰਮੇਵਾਰ ਹਨ, ਖੇਡਾਂ ਖੇਡ ਰਹੀਆਂ ਹਨ। ਸਾਲ 2009 'ਚ ਇੱਕ ਵਿਸ਼ਵ ਸਮਝੌਤੇ ਅਧੀਨ ਯੂਨਾਈਟੈਡ ਨੈਸ਼ਨਜ਼ ਦੀ ਪਾਲਿਸੀ ਤਹਿਤ ਵਿਸ਼ਵ ਦੀ ਤਪਸ਼ ਰੋਕਣ ਲਈ ਆਲਮੀ ਸਮਝੌਤੇ ਤੇ ਦਸਤਖ਼ਤ ਹੋਏ ਸਨ। ਕੁਝ ਸਰਕਾਰਾਂ ਨੇ ਤਾਂ ਇਸ ਸਬੰਧੀ ਚੰਗਾ ਕੰਮ ਕੀਤਾ, ਪਰ ਬਹੁਤੀਆਂ ਨੇ ਅਵੇਸਲਾਪਨ ਵਿਖਾਇਆ। ਕੁਝ ਵਾਤਵਰਨ ਪ੍ਰੇਮੀਆਂ ਨੇ ਇਹ ਵਿਚਾਰ ਦਿੱਤਾ ਕਿ ਵਿਸ਼ਵ ਭਰ 'ਚ ਬਿਲੀਅਨ ਦੀ ਗਿਣਤੀ 'ਚ ਦਰਖ਼ਤ ਲਗਾਏ ਜਾਣ। ਇਸ ਨਾਲ ਕਾਰਬਨਡਾਈਔਕਸਾਈਡ ਨੂੰ ਥੰਮਣ ਲਈ ਬੱਲ ਮਿਲੇਗਾ ਅਤੇ ਦਰਖ਼ਤ ਵਾਤਾਵਰਨ 'ਚ ਸਾਫ਼ ਹਵਾ ਦੇਣਗੇ।

ਪਰ ਆਲਮੀ ਤਪਸ਼ ਨੂੰ ਠੱਲ ਪਾਉਣੀ ਸੌਖਾ ਕੰਮ ਨਹੀਂ ਹੈ। ਰਿਪੋਰਟਾਂ ਅਨੁਸਾਰ ਆਲਮੀ ਤਪਸ਼ ਜਿਸਨੂੰ 1.5 ਡਿਗਰੀ ਸੈਂਟੀਗਰੇਡ ਤੱਕ ਵੱਧਣ ਤੋਂ ਰੋਕਣ ਲਈ ਯਤਨ ਹੋ ਰਹੇ ਹਨ। ਪਹਿਲਾਂ ਹੀ ਇੱਕ ਡਿਗਰੀ ਸੈਂਟੀਗਰੇਡ ਵੱਧ ਚੁੱਕੀ ਹੈ। ਦੁਨੀਆ ਦੇ ਇੱਕ ਵੱਡੇ ਸਾਇੰਸਦਾਨ ਦੀ ਰਾਏ ਇਸ ਸਮੇਂ ਮਹੱਤਵ ਰੱਖਦੀ ਹੈ ਕਿ ਜੇਕਰ ਵਿਸ਼ਵੀ ਤਪਸ਼ 1.5 ਡਿਗਰੀ ਸੈਂਟੀਗਰੇਡ ਵੱਧ ਜਾਂਦੀ ਹੈ ਤਾਂ ਦੁਨੀਆ ਦੇ ਪਹਿਲਾਂ ਹੀ ਗਰਮ ਖਿੱਤੇ ਹੋਰ ਗਰਮ ਹੋ ਜਾਣਗੇ ਅਤੇ ਬਹੁਤੀਆਂ ਥਾਵਾਂ ਉਤੇ ਮਨੁੱਖੀ ਅਤੇ ਵਣ ਜੀਵਨ ਖ਼ਤਰਿਆਂ ਭਰਪੂਰ ਹੋ ਜਾਏਗਾ।

ਵਾਤਾਵਰਨ ਵਿੱਚ ਬਦਲਾਅ ਜਿਆਦਾ ਕਰਕੇ ਮਨੁੱਖੀ ਲੋੜਾਂ ਦੀ ਪੂਰਤੀ ਹਿੱਤ ਗਰੀਨ ਹਾਊਸ ਗੈਸਾਂ ਦੀ ਪੈਦਾਵਾਰ ਨਾਲ ਹੋ ਰਿਹਾ ਹੈ। ਇਸ ਲਈ ਮਨੁੱਖੀ ਵਰਤਾਓ ਵਿੱਚ ਬਦਲਾਅ ਦੇ ਜ਼ਰੀਏ ਹੀ ਇਸ ਨੂੰ ਰੋਕਿਆ ਜਾ ਸਕਦਾ ਹੈ।

# ਜਰਖੜ ਹਾਕੀ ਅਕੈਡਮੀ ਦੀ ਨਵੀਂ ਵਰਦੀ ਰਿਲੀਜ਼, ਬੱਚਿਆਂ ਨੂੰ ਵੰਡੀਆਂ ਸਪੋਰਟਸ ਕਿੱਟਾਂ, ਹਾਕੀ ਸਟਿੱਕਾ, ਬਾਲਾ ਤੇ ਬੂਟ







**ਲੁਧਿਆਣਾ-** ਜਰਖੜ ਹਾਕੀ ਅਕੈਡਮੀ ਨੇ ਆਪਣੇ ਨਵੇਂ ਸੈਸ਼ਨ ਦੀ ਸ਼ੁਰੂਆਤ ਕਰ ਦਿੱਤੀ ਹੈ ਜਿਸ ਵਿੱਚ ਜ਼ਿਆਦਾਤਰ ਸਥਾਨਕ ਬੱਚੇ ਹੀ ਟਰੇਨਿੰਗ ਲੈ ਰਹੇ ਹਨ। ਜਰਖੜ ਹਾਕੀ ਅਕੈਡਮੀ ਅਗਲੇ ਮਹੀਨੇ ਹਾਕੀ ਇੰਡੀਆ ਵੱਲੋਂ ਕਰਵਾਈ ਜਾ ਰਹੀ ਸਬ ਜੂਨੀਅਰ ਅਤੇ ਅਕੈਡਮੀਜ਼ ਮੈਂਬਰ ਦੀ ਕੌਮੀ ਹਾਕੀ ਚੈਂਪੀਅਨਸ਼ਿਪ ਜੋ ਭੋਪਾਲ ਮੱਧ ਪ੍ਰਦੇਸ਼ ਵਿਖੇ ਹੋ ਰਹੀ ਹੈ ਉਸ ਵਿਚ ਹਿੱਸਾ ਲਵੇਗੀ। ਜਿਸ ਦੀਆਂ ਤਿਆਰੀਆਂ ਨੂੰ ਵੇਖਦਿਆਂ ਜਰਖੜ ਹਾਕੀ ਅਕੈਡਮੀ ਦੇ ਇਸ ਸੈਸ਼ਨ ਦੀ ਨਵੀਂ ਵਰਦੀ ਵੀ ਪ੍ਰਬੰਧਕਾਂ ਨੇ ਰਿਲੀਜ਼ ਕਰ ਦਿੱਤੀ ਹੈ ਜਿਸ ਨੂੰ ਫਾਈਵ ਜਾਪ (5) ਅਤੇ ਫਲੈਸ਼ ਕੰਪਨੀ ਨੇ ਸਪਾਂਸਰ ਕੀਤਾ ਹੈ । ਇਸ ਤੋਂ ਇਲਾਵਾ ਜਰਖੜ ਹਾਕੀ ਅਕੈਡਮੀ ਨੂੰ ਮੁੰਬਈ ਦੀ ਇਕ ਵੱਡੀ ਵਪਾਰਕ ਕੰਪਨੀ ਗਰੀਨ ਇਲੈਵਨ ਨੇ ਸਪਾਂਸਰਸ਼ਿਪ ਦੇਣ ਦਾ ਐਲਾਨ ਕੀਤਾ ਹੈ।

ਇਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਕੈਪਟਨ ਸੰਦੀਪ ਸਿੰਘ ਸੰਧੂ ਰਾਜਸੀ ਸਕੱਤਰ ਮੁੱਖ ਮੰਤਰੀ ਪੰਜਾਬ ਨੇ ਜਰਖੜ ਹਾਕੀ ਅਕੈਡਮੀ ਦੇ ਨਵੇਂ ਸੈਸ਼ਨ ਦੀ ਵਰਦੀ ਰਿਲੀਜ਼ ਕੀਤੀ ਇਸ ਮੌਕੇ 70 ਬੱਚਿਆਂ ਨੂੰ ਸਪੋਰਟਸ ਕਿੱਟਾਂ ਵੰਡੀਆਂ ਗਈਆਂ ਜਿਸ ਵਿਚ ਹਾਕੀ ਸਟਿੱਕਾਂ , ਬਾਲਾ , ਬੂਟ,ਜੁਰਾਬਾ ਅਤੇ ਹਾਕੀ ਨਾਲ ਸਬੰਧਤ ਲੋੜੀਂਦਾ ਹੋਰ ਸਾਮਾਨ ਬੱਚਿਆਂ ਨੂੰ ਦਿੱਤਾ ਗਿਆ ਹੈ। ਬੱਚਿਆਂ ਨੂੰ ਲਗਪਗ 3:50 ਲੱਖ ਰੁਪਏ ਦਾ ਸਾਮਾਨ ਵੰਡਿਆ ਗਿਆ ਇਹ ਖੇਡਾਂ ਦਾ ਸਮਾਨ ਦੇਣ ਵਿਚ ਖੇਡ ਪ੍ਰਮੋਟਰ ਪਰਵਾਸੀ ਅਤੇ ਜਰਖੜ ਹਾਕੀ ਅਕੈਡਮੀ ਦੇ ਤਕਨੀਕੀ ਡਾਇਰੈਕਟਰ ਨਰਾਇਣ ਸਿੰਘ ਗਰੇਵਾਲ, ਮਨਮੋਹਨ ਗਰੇਵਾਲ ਮੋਹਣਾਂ ਜੋਧਾਂ ਅਮਰੀਕਾ ,ਦਲਜੀਤ ਸਿੰਘ ਜਰਖੜ ਕੈਨੇਡਾ , ਨਵਤੇਜ ਸਿੰਘ ਆਸਟ੍ਰੇਲੀਆ ਨੇ ਵੀ ਮਾਇਆ ਦੇ ਗੱਫੇ ਵਜੋਂ ਆਪਣਾ ਯੋਗਦਾਨ ਪਾਇਆ। ਇਸ ਮੌਕੇ ਜਰਖੜ ਹਾਕੀ ਅਕੈਡਮੀ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ, ਐਡਵੋਕੇਟ ਹਰਕਮਲ ਸਿੰਘ ਨੇ ਮੁੱਖ ਮਹਿਮਾਨ ਸੰਦੀਪ ਸਿੰਘ ਸੰਧੂ ਰਾਜਸੀ ਸਕੱਤਰ ਮੁੱਖ ਮੰਤਰੀ ਪੰਜਾਬ ਦਾ ਵਿਸ਼ੇਸ਼ ਧੰਨਵਾਦ ਕੀਤਾ।

ਇਸ ਮੌਕੇ ਜਰਖੜ ਹਾਕੀ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ, ਪ੍ਰੋ ਰਜਿੰਦਰ ਸਿੰਘ ਖ਼ਾਲਸਾ ਕਾਲਜ, ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ, ਇੰਸਪੈਕਟਰ ਬਲਬੀਰ ਸਿੰਘ, ਤੇਜਿੰਦਰ ਸਿੰਘ ਜਰਖੜ, ਕੋਚ ਗੁਰਸਤਿੰਦਰ ਸਿੰਘ ਪਰਗਟ , ਸੰਦੀਪ ਸਿੰਘ ਪੰਧੇਰ, ਸਰਬਜੀਤ ਸਿੰਘ ਸਾਬੀ, ਰਜਿੰਦਰ ਸਿੰਘ ਜਰਖੜ ਲਖਵੀਰ ਸਿੰਘ ਜਰਖੜ, ਗੁਰਿੰਦਰਪਾਲ ਸਿੰਘ ਜਰਖੜ, ਜਤਿੰਦਰਪਾਲ ਸਿੰਘ ਦੁਲੇਅ, ਪਹਿਲਵਾਨ ਹਰਮੇਲ ਸਿੰਘ, ਯਾਦਵਿੰਦਰ ਸਿੰਘ ਤੂਰ, ਤਰਨ ਜੋਧਾਂ, ਰਾਣਾ ਜੋਧਾਂ ਗੁਰਪ੍ਰੀਤ ਸਿੰਘ ਘਵੱਦੀ, ਲਵਜੀਤ ਸਿੰਘ ਰਵਿੰਦਰ ਸਿੰਘ ਕਾਲਾ, ਸੰਜੇ ਸ਼ਰਮਾ, ਨਿਹੰਗ ਬਾਬਾ ਰਮਨਦੀਪ ਸਿੰਘ ਸਾਇਆਂ ਕਲਾਂ, ਸਿਮਰਨਜੀਤ ਸਿੰਘ ਢਿੱਲੋਂ ਲੁਹਾਰਾ, ਸ਼ੇਰ ਸਿੰਘ ਅਮਨ ਸਵੀਟ ਲੁਧਿਆਣਾ, ਸ਼ਾਮ ਲਾਲ ਢੀਂਗਰਾ, ਗੁਰਮੀਤ ਸਿੰਘ ਬੂਟਾ ਗਿੱਲ, ਰਾਜਿੰਦਰ ਸਿੰਘ ਰਾਜੂ ਗਿੱਲ, ਦਲਵੀਰ ਸਿੰਘ ਜਰਖੜ, ਬਾਬਾ ਰੁਲਦਾ ਸਿੰਘ ਸਾਇਆਂ ਕਲਾਂ ਹੋਰ ਅਕੈਡਮੀ ਮੈਂਬਰ ਅਹੁਦੇਦਾਰ ਅਤੇ ਖਿਡਾਰੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ ।

## ਜ਼ਿੰਮੇਵਾਰ ਨਾਗਰਿਕ

ਬਾਅਦ ਦੁਪਹਿਰ ਦਾ ਵੇਲ਼ਾ ਸੀ । ਮੈਂ ਦਫਤਰੋਂ ਘਰ ਆ ਰਿਹਾ ਸੀ । ਸੜਕ ਦੂਰ ਤੱਕ ਸੱਪ ਵਾਂਗ ਮੇਲਦੀ ਲੱਗ ਰਹੀ ਸੀ। ਮੋਟਰਸਾਈਕਲ ਤੇ ਬੈਠੇ ਨੂੰ ਹਵਾ ਦੇ ਫਰਾਟੇ ਆ ਰਹੇ ਸਨ। ਅਚਾਨਕ ਮੇਰਾ ਧਿਆਨ ਖੇਤ ਦੀ ਇੱਕ ਮੋਟਰ ਦੇ ਕੋਠੇ ਦੇ ਅੱਗੇ ਇੱਕ ਰਚਨਾਤਮਕ ਕੰਮ ਤੇ ਪਿਆ । ਜਿੱਥੇ ਕਿਸਾਨਾਂ ਵੱਲੋਂ ਕੀਟਨਾਸ਼ਕਾਂ ਅਤੇ ਨਦੀਨਨਾਸ਼ਕਾਂ ਵਾਲੇ ਖਾਲੀ ਪੈਕਟ ਜੋ ਕਿ ਫਾਲਤੂ ਸਮਝ ਕੇ ਇੱਧਰ-ਉੱਧਰ ਸੁੱਟ ਦਿੱਤੇ ਜਾਂਦੇ ਹਨ । ਪਰ ਇਸ ਮੋਟਰ ਤੇ ਇਹਨਾਂ ਪੈਕਟਾਂ ਵਿੱਚ ਮਿੱਟੀ ਭਰ ਕੇ ਉਸ ਵਿੱਚ ਰੰਗ ਬਰੰਗੇ ਫੁੱਲ ਲਾਏ ਹੋਏ ਸਨ। ਰੂਹ ਨੂੰ ਸਕੂਨ ਮਿਲਿਆ।ਪਰ ਮੇਰੇ ਕੋਲੋਂ ਲੰਘਦੀ ਸਕੂਲ ਵੈਨ ਵਿਚੋਂ ਇੱਕ ਮਹਿੰਗੀ ਘੜੀ ਵਾਲੀ , ਸੁੰਦਰ ਕੱਪੜਿਆਂ ਵਾਲੀ, ਅੰਦਾਜ਼ਨ ਤੀਹ ਕੁ ਸਾਲ ਦੇ ਵਿਅਕਤੀ ਦੀ ਬਾਂਹ ਸ਼ੀਸ਼ੇ ਵਿੱਚੋਂ ਬਾਹਰ ਨਿੱਕਲਦੀ ਹੈ । ਕੁਰਕੁਰਿਆਂ ਵਾਲਾ ਖਾਲੀ ਪੈਕਟ ਬਾਹਰ ਹਵਾ ਵਿੱਚ ਛੱਡ ਕੇ ਅੰਦਰ ਚਲੀ ਜਾਂਦੀ ਹੈ। ਬਾਂਹ ਵਾਲਾ ਸੁਰਖ਼ਰੂ ਹੋ ਗਿਆ। ਵੈਨ ਵੀ ਹੌਲੀ-ਹੌਲੀ ਅੱਖੋਂ ਓਹਲੇ ਹੋ ਗਈ। ਮੈਂ ਵੀ ਘਰ ਚਲਾ ਗਿਆ। ਚਾਹ ਦਾ ਕੱਪ ਵੀ ਹੱਥ ਚ ਆ ਗਿਆ । ਪਰ ਇੱਕ ਜਿੰਮੇਵਾਰ ਨਾਗਰਿਕ ਵਾਲਾ ਸਵਾਲ ਅਜੇ ਵੀ ਮਨ ਵਿੱਚ ਖਰੂਦ ਮਚਾ ਰਿਹਾ ਸੀ।


**– ਕੇਵਲ ਧਰਮਪੁਰਾ** (91-98788-01561)


# ਅਮਰ ਸੂਫ਼ੀ ਦੀ ਪੁਸਤਕ 'ਰਾਜ ਕਰੇਂਦੇ ਰਾਜਿਆ' ਕਿਸਾਨੀ ਸਰੋਕਾਰਾਂ ਦੀ ਪ੍ਰਤੀਕ




ਅਮਰ ਸੂਫ਼ੀ ਨੇ ਦੋਹਿਆਂ ਦੀ ਪੁਸਤਕ ਰਾਜ ਕਰੇਂਦੇ ਰਾਜਿਆ ਕਿਸਾਨੀ ਅੰਦੋਲਨ ਵਿੱਚ ਸੰਘਰਸ਼ ਕਰ ਰਹੇ ਯੋਧਿਆਂ, ਕਿਰਤੀ ਅਤੇ ਕਿਸਾਨ ਸ਼ਹੀਦਾਂ ਨੂੰ ਸਮਰਪਤ ਕੀਤੀ ਹੈ। ਉਨ੍ਹਾਂ ਦੀ 127 ਪੰਨਿਆਂ ਅਤੇ 150 ਰੁਪਏ ਕੀਮਤ ਵਾਲੀ ਇਸ ਪੁਸਤਕ ਵਿੱਚ 97 ਪੰਨਿਆਂ ਵਿੱਚ ਕਿਸਾਨੀ ਸਰੋਕਾਰਾਂ ਨਾਲ ਸੰਬੰਧਤ ਦੋਹੇ ਹਨ। ਕਿਸਾਨ ਅੰਦੋਲਨ ਚਰਮ ਸੀਮਾ ਤੇ ਪਹੁੰਚ ਚੁਕਿਆ ਹੈ। ਦੇਸ਼ ਦਾ ਹਰ ਨਾਗਰਿਕ ਇਸ ਅੰਦੋਲਨ ਨਾਲ ਮਾਨਸਿਕ ਤੌਰ ਤੇ ਜੁੜ ਗਿਆ ਹੈ। ਹਰ ਵਰਗ ਇਸ ਅੰਦੋਲਨ ਵਿੱਚ ਆਪੋ ਆਪਣਾ ਯੋਗਦਾਨ ਆਪਣੀ ਦਿਲਚਸਪੀ ਅਤੇ ਅਕੀਦੇ ਅਨੁਸਾਰ ਪਾ ਰਿਹਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਸ਼ਬਦਾਂ ਦੀ ਚੋਟ ਤਲਵਾਰ ਦੀ ਚੋਟ ਨਾਲੋਂ ਗਹਿਰੀ ਅਤੇ ਗੰਭੀਰ ਹੁੰਦੀ ਹੈ। ਇਸ ਕਰਕੇ ਅੱਠ ਮਹੀਨਿਆਂ ਦੇ ਇਸ ਅੰਦੋਲਨ ਦੌਰਾਨ ਦਰਜਨਾ ਪੁਸਤਕਾਂ ਸ਼ਾਇਰਾਂ ਨੇ ਕੇਂਦਰ ਸਰਕਾਰ ਦੀ ਬਦਨੀਤੀ ਅਤੇ ਕਿਸਾਨੀ ਅੰਦੋਲਨ ਨੂੰ ਤੇਜ਼ ਕਰਨ ਲਈ ਪ੍ਰਕਾਸ਼ਤ ਕਰਵਾਈਆਂ ਹਨ। ਇਨ੍ਹਾਂ ਪੁਸਤਕਾਂ ਵਿੱਚੋਂ ਬਹੁਤੀਆਂ ਕਵਿਤਾ ਦੀਆਂ ਪੁਸਤਕਾਂ ਹਨ। ਪੰਜਾਬੀ ਦੇ ਅਖ਼ਬਾਰਾਂ ਵਿੱਚ ਵੀ ਬਹੁਤ ਸਾਰੇ ਲੇਖਕਾਂ ਨੇ ਅੰਦੋਲਨ ਦੇ ਹੱਕ ਵਿੱਚ ਲੇਖ ਲਿਖੇ ਹਨ। ਸਥਾਨਕ ਮੀਡੀਆ ਨੇ ਗੋਦੀ ਮੀਡੀਆ ਦੇ ਗ਼ਲਤ ਪ੍ਰਚਾਰ ਨੂੰ ਰੋਕਣ ਵਿੱਚ ਅਹਿਮ ਯੋਗਦਾਨ ਪਾਇਆ ਹੈ। ਅਮਰ ਸੂਫ਼ੀ ਨੇ ਕਿਸਾਨ ਦਾ ਸਪੁੱਤਰ ਹੋਣ ਕਰਕੇ ਆਪਣੇ ਦੋਹਿਆਂ ਨਾਲ ਕੇਂਦਰ ਸਰਕਾਰ ਦੀਆਂ ਗ਼ਲਤ ਨੀਤੀਆਂ ਖਾਸ ਤੌਰ ਤੇ ਤਿੰਨ ਕਾਲੇ ਕਾਨੂੰਨਾਂ ਦਾ ਪਰਦਾ ਫਾਸ਼ ਕੀਤਾ ਹੈ। ਉਨ੍ਹਾਂ ਬਹੁਤ ਹੀ ਸਰਲ ਪੰਜਾਬੀ ਭਾਸ਼ਾ ਵਿੱਚ ਕਿਸਾਨੀ ਦੇ ਸਮਝ ਵਿੱਚ ਆਉਣ ਵਾਲੇ ਦੋਹੇ ਲਿਖੇ ਹਨ, ਜਿਹੜੇ ਸਿੱਧਾ ਲੋਕ ਮਨਾਂ 'ਤੇ ਅਸਰ ਕਰਦੇ ਹਨ। ਅਮਰ ਸੂਫ਼ੀ ਹਰ ਦੋਹੇ ਦੇ ਪਹਿਲੇ ਮਿਸਰੇ ਵਿੱਚ ਰਾਜ ਕਰੇਂਦੇ ਰਾਜਿਆ ਲਿਖਦੇ ਹਨ, ਜਿਸਦਾ ਦਾ ਭਾਵ ਕੇਂਦਰ ਸਰਕਾਰ ਦੀ ਖੇਤੀ ਕਾਨੂੰਨਾ ਨੂੰ ਲਾਗੂ ਕਰਨ ਵਿੱਚ ਮੰਦ ਭਾਵਨਾ ਦਾ ਪ੍ਰਗਟਾਵਾ ਕਰਦਾ ਹੈ। ਕੁਝ ਦੋਹਿਆਂ ਵਿੱਚ ਸ਼ਾਇਰ ਲਿਖਦਾ ਹੈ ਕਿ ਖੇਤ ਕਿਸਾਨ ਦੀ ਜ਼ਿੰਦ ਜਾਨ ਹੁੰਦੇ ਹਨ। ਖੇਤਾਂ ਵਲ ਝਾਕਣ ਵਾਲੇ ਨਾਲ ਕਿਸਾਨ ਅਤੇ ਮਜ਼ਦੂਰ ਹਰ ਪ੍ਰਕਾਰ ਦਾ ਲੋਹਾ ਲੈਣ ਲਈ ਤਿਆਰ ਹੁੰਦੇ ਹਨ-

ਰਾਜ ਕਰੇਂਦੇ ਰਾਜਿਆ, ਇਹ ਗੱਲ ਚੇਤੇ ਰੱਖ।
ਖੇਤਾਂ ਵੱਲ ਜੋ ਝਾਕਿਆ, ਕੱਢ ਦੇਵਾਂਗੇ ਅੱਖ।
ਰਾਜ ਕਰੇਂਦੇ ਰਾਜਿਆ, ਲੋਕੀਂ ਪੁੱਛਣ ਯਾਰ।
ਦੱਸ ਤਿਰੇ ਕੀ ਲਗਦੇ, ਜੋ ਸਰਮਾਏਦਾਰ।
ਰਾਜ ਕਰੇਂਦੇ ਰਾਜਿਆ, ਡਿੱਗੇ ਕੂੜ ਧੜੰਮ।
ਦੱਸ ਛਪੰਜਾ ਇੰਚ ਦੀ, ਛਾਤੀ ਕਿਹੜੇ ਕੰਮ।
ਰਾਜ ਕਰੇਂਦੇ ਰਾਜਿਆ, ਕੁੱਕੜ ਦੀ ਸੁਣ ਬਾਂਗ।
ਝਾਕੇ ਖੇਤਾਂ ਵੱਲ ਜੋ, ਗਿੱਟੇ ਦੇਣੇ ਛਾਂਗ।




ਦੇਸ਼ ਦੇ ਨਾਗਰਿਕ ਮਹਿਸੂਸ ਕਰਦੇ ਹਨ ਕਿ ਕੇਂਦਰ ਸਰਕਾਰ ਹੰਕਾਰ ਵਿੱਚ ਆ ਕੇ ਆਪਣੀ ਪਰਜਾ ਦੇ ਹਿਤਾਂ ਨੂੰ ਅੱਖੋਂ ਪ੍ਰੋਖੇ ਕਰ ਰਹੀ ਹੈ। ਅਮਰ ਸੂਫ਼ੀ ਆਪਣੇ ਦੋਹਿਆਂ ਵਿੱਚ ਲਿਖਦੇ ਹਨ ਕਿ ਹੰਕਾਰ ਕਰਨ ਵਾਲਾ ਇਨਸਾਨ ਇਕ ਨਾ ਇਕ ਦਿਨ ਮੂੰਹ ਦੇ ਭਾਰ ਡਿਗਦਾ ਹੈ।

ਰਾਜ ਕਰੇਂਦੇ ਰਾਜਿਆ, ਨਾ ਕਰ ਤੂੰ ਹੰਕਾਰ।
ਪੈਂਦੀ ਹੈ ਹੰਕਾਰ ਨੂੰ, ਕੁਦਰਤ ਵੱਲੋਂ ਮਾਰ।
ਰਾਜ ਕਰੇਂਦੇ ਰਾਜਿਆ, ਸਭ ਦੀ ਇਕ ਪੁਕਾਰ।
ਆਓ ਰਲ ਮਿਲ ਤੋੜੀਏ, ਜ਼ਾਲਮ ਦਾ ਹੰਕਾਰ।

ਕੇਂਦਰ ਸਰਕਾਰ ਧਰਮ , ਫਿਰਕਿਆਂ ਅਤੇ ਜ਼ਾਤ ਪਾਤ ਦੇ ਨਾਵਾਂ ਤੇ ਨਫ਼ਰਤ ਫੈਲਾ ਕੇ ਲੋਕਾਂ ਵਿੱਚ ਵੰਡੀਆਂ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਸਾਧ ਦੇ ਭੇਖ ਵਿੱਚ ਅਪਰਾਧਿਕ ਕੰਮ ਕੀਤੇ ਜਾ ਰਹੇ ਹਨ। ਜਿਸ ਤੋਂ ਕੇਂਦਰ ਸਰਕਾਰ ਦੀ ਬਦਨੀਤੀ ਦਾ ਪਰਦਾ ਸ਼ਾਇਰ ਆਪਣੇ ਦੋਹਿਆਂ ਵਿੱਚ ਲਿਖਦੇ ਹਨ ਕਿ ਫਾਸ਼ ਹੁੰਦਾ ਹੈ-

ਰਾਜ ਕਰੇਂਦੇ ਰਾਜਿਆ, ਆਖਾਂ ਸਿੱਧੀ ਗੱਲ।
ਤੇਰੇ ਧਰਮੀ ਸੇਵਕਾਂ, ਪਾ ਦਿੱਤਾ ਤਰਥੱਲ।
ਰਾਜ ਕਰੇਂਦੇ ਰਾਜਿਆ, ਸਮਝ ਜਰਾ ਇਹ ਬਾਤ।
ਮੱਠ ਬਣਾ ਕੇ ਵੰਡ ਨਾ, ਨਫ਼ਰਤ ਵਾਲੀ ਦਾਤ।
ਰਾਜ ਕਰੇਂਦੇ ਰਾਜਿਆ, ਤੂੰ ਹੋ ਨਾ ਬਦਨੀਤ।
ਭਾਈਚਾਰਾ ਤੋੜਦੈਂ, ਖ਼ਲਕਤ ਹੈ ਭੈ ਭੀਤ।
ਰਾਜ ਕਰੇਂਦੇ ਰਾਜਿਆ, ਸ਼ੁੱਧ ਨਾ ਹੋਵੇ ਕਾਜ਼।
ਤੀਲੀ ਬਾਂਦਰ ਹੱਥ ਤੇ, ਮੂਰਖ ਹੱਥੀਂ ਰਾਜ।
ਰਾਜ ਕਰੇਂਦੇ ਰਾਜਿਆ, ਬਾਹਰੋਂ ਦਿਸਦੇ ਸਾਧ।
ਸੁਣ ਕੇ ਕੰਬੇ ਆਦਮੀ, ਕਰਦੇ ਜੋ ਅਪਰਾਧ।
ਰਾਜ ਕਰੇਂਦੇ ਰਾਜਿਆ, ਤੇਰੇ ਰਾਜ 'ਚ ਸਾਧ।
ਬਦਮਾਸ਼ਾਂ ਤੋਂ ਵੱਧ ਹੁਣ, ਕਰਦੇ ਨੇ ਅਪਰਾਧ।

ਲੋਕ ਰਾਜ ਵਿੱਚ ਪਰਜਾ ਆਪਣੇ ਹੱਕਾਂ ਦੀ ਪੂਰਤੀ ਲਈ ਜਦੋ-ਜਹਿਦ ਕਰ ਸਕਦੀ ਹੈ ਪ੍ਰੰਤੂ ਜਿਹੜੇ ਲੋਕ ਆਪਣੀ ਆਵਾਜ਼ ਬੁਲੰਦ ਕਰਦੇ ਹਨ, ਕੇਂਦਰ ਸਰਕਾਰ ਉਨ੍ਹਾਂ ਦੀ ਆਵਾਜ਼ ਬੰਦ ਕਰਨ ਲਈ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਡੱਕ ਰਹੀ ਹੈ-

ਰਾਜ ਕਰੇਂਦੇ ਰਾਜਿਆ, ਲੋਕੀ ਮੰਗਣ ਹੱਕ।
ਹੱਕ ਜੋ ਮੰਗਣ ਆਪਣਾ, ਜੇਲ੍ਹੀਂ ਦੇਵੇਂ ਧੱਕ।
ਰਾਜ ਕਰੇਂਦੇ ਰਾਜਿਆ, ਕੁਝ ਤਾਂ ਮੂੰਹੋਂ ਬੋਲ।
ਤੂੰ ਕਿਰਤੀ-ਕਿਰਸਾਨ ਨਾ, ਪੈਰਾਂ ਹੇਠ ਮਧੋਲ।

ਅਮਰ ਸੂਫ਼ੀ ਨੇ ਇਕ ਸਾਹਿਤਕਾਰ ਦੀ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਮਹਿਸੂਸ ਕਰਦਿਆਂ ਕਿਸਾਨ ਅੰਦੋਲਨ ਨੂੰ ਹੋਰ ਮਜ਼ਬੂਤ ਅਤੇ ਤੇਜ਼ ਕਰਨ ਲਈ ਵਡਮੁੱਲਾ ਯੋਗਦਾਨ ਪਾਇਆ ਹੈ। ਆਪਣੇ ਆਪ ਨੂੰ ਵੱਡੇ ਸਾਹਿਤਕਾਰ ਸਮਝਣ ਵਾਲੇ ਵਿਦਵਾਨਾ ਨੂੰ ਬੇਨਤੀ ਹੈ ਕਿ ਕਿਸਾਨ ਅੰਦੋਲਨ ਨੂੰ ਅੱਖੋਂ ਪ੍ਰੋਖੇ ਨਹੀਂ ਕਰਨਾ ਚਾਹੀਦਾ। ਸਗੋਂ ਗੋਦੀ ਮੀਡੀਆ ਨੂੰ ਕਾਟ ਕਰਨ ਲਈ ਆਪਣਾ ਯੋਗਦਾਨ ਪਾ ਕੇ ਆਮ ਜਨਤਾ ਨੂੰ ਜਾਗਰੂਕ ਕਰਨਾ ਚਾਹੀਦਾ ਹੈ।&; ਅਮਰ ਸੂਫ਼ੀ ਨੇ ਪੰਜਾਬ ਸਰਕਾਰ ਨੂੰ ਉਸ ਦੀਆਂ ਗ਼ਲਤੀਆਂ ਕਰਕੇ ਦੋਹਿਆਂ ਰਾਹੀਂ ਕਟਹਿਰੇ ਵਿੱਚ ਖੜ੍ਹਾ ਕੀਤਾ ਹੈ। ਅਖ਼ੀਰ ਵਿੱਚ ਕਿਹਾ ਜਾ ਸਕਦਾ ਹੈ ਕਿ ਅਮਰ ਸੂਫ਼ੀ ਦੇ ਦੋਹੇ ਕੇਂਦਰ ਸਰਕਾਰ ਦੀ ਬਦਨੀਤੀ ਦਾ ਪਰਦਾ ਫਾਸ਼ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਉਣਗੇ। ਅਮਰ ਸੂਫ਼ੀ ਨਾਲ ਸੰਪਰਕ 9855543660 ਇਸ ਨੰਬਰ ਤੇ ਕੀਤਾ ਜਾ ਸਕਦਾ ਹੈ।

### (7 ਸਤੰਬਰ ਪਹਿਲਾ ਪ੍ਰਕਾਸ਼ ਦਿਵਸ)

## ਗੁਰੂ ਗ੍ਰੰਥ ਸਾਹਿਬ

ਉਂਝ ਤਾਂ ਦੁਨੀਆਂ ਵਿਚ ਧਰਮ ਦੇ ਗ੍ਰੰਥ ਬਥੇਰੇ ਨੇ,
ਜਿਨ੍ਹਾਂ ਦੇ ਵਿਚ ਲਿਖੇ ਹੋਏ ਕਈ ਬਚਨ ਚੰਗੇਰੇ ਨੇ,
ਜੋ ਕਹਿ ਗਏ ਬਾਣੀਕਾਰ ਨਹੀਂ ਗੱਲ ਹੋਰ ਉਹ ਕਹਿ ਸਕਦਾ।
ਗੁਰੂ ਗ੍ਰੰਥ ਸਾਹਿਬ ਦੀ ਥਾਂ ਕੋਈ ਹੋਰ ਗ੍ਰੰਥ ਨਹੀਂ ਲੈ ਸਕਦਾ।
ਨੀਚਾਂ ਦੇ ਨਾਲ ਖੜ੍ਹਨ ਵਾਲੀ ਗੱਲ ਵਿਰਲੇ ਕੀਤੀ ਹੈ,
ਇਹਨਾਂ ਪ੍ਰਤੀ ਦਿਖਾਈ ਕਿਸੇ ਨੇ ਨਹੀਂ ਪ੍ਰੀਤੀ ਹੈ,
ਧੰਨ ਧੰਨ ਗੁਰੂ ਨਾਨਕ ਜੋ ਇਹਨਾਂ ਸੰਗ ਬਹਿ ਸਕਦਾ।
ਗੁਰੂ ਗ੍ਰੰਥ ਸਾਹਿਬ..................।
ਨਾ ਕੋਈ ਵੈਰੀ ਨਹੀਂ ਬਿਗਾਨਾ ਬਣਦੀ ਨਾਲ ਸਾਰਿਆਂ ਦੇ,
ਗੁਰੂਆਂ ਦੇ ਨਾਲ ਦਰਜ ਬੋਲ ਕਈ ਭਗਤ ਪਿਆਰਿਆਂ ਦੇ,
ਭੱਟ ਸਾਹਿਬਾਨ ਦਾ ਜ਼ਜਬਾ ਇਸ ਦੇ ਵਿਚ ਦੀ ਵਹਿ ਸਕਦਾ।
ਗੁਰੂ ਗ੍ਰੰਥ ਸਾਹਿਬ ....................।
ਨਿਕਟਵਰਤੀ ਗੁਰੂ ਘਰ ਦਿਆਂ ਜੋ ਅੱਖਾਂ ਨਾਲ ਡਿੱਠਾ ਹੈ,
ਅਹਿਸਾਸ ਉਨ੍ਹਾਂ ਦੀ ਬਾਣੀ ਦੇ ਵਿਚ ਬਹੁਤ ਹੀ ਮਿੱਠਾ ਹੈ,
ਜੇ ਪੜ੍ਹੀਏ ਨਾਲ ਪਿਆਰ ਅਸਰ ਨਹੀਂ ਹੋਣੋਂ ਰਹਿ ਸਕਦਾ।
ਗੁਰੂ ਗ੍ਰੰਥ ਸਾਹਿਬ ...................।
ਖੱਤਰੀ, ਬ੍ਰਹਾਮਣ, ਵੈਸ਼, ਸ਼ੂਦ ਉਪਦੇਸ਼ ਸਾਰਿਆਂ ਲਈ,
ਇਸ ਦੇ ਵਿਚ ਸਹਾਰਾ ਹੈ ਕਈ ਬੇਸਹਾਰਿਆਂ ਲਈ,
ਉੱਚਾ ਬੁਰਜ ਹਉਮੈਂ ਦਾ ਇਸ ਨੂੰ ਪੜ੍ਹਕੇ ਢਹਿ ਸਕਦਾ।
ਗੁਰੂ ਗ੍ਰੰਥ ਸਾਹਿਬ .......................।
ਮਹਾਂਪੁਰਖਾਂ ਦੇ ਮਹਾਂਵਾਕ ਰੁਸ਼ਨਾਉਂਦੇ ਜ਼ਿੰਦਗੀ ਨੂੰ,
ਹਰੇਕ ਪੱਖ ਤੋਂ ਜੀਵਣਯੋਗ ਬਣਾਉਂਦੇ ਜ਼ਿੰਦਗੀ ਨੂੰ,
ਰੋਸ਼ਨ ਹੋਇਆ ਦਿਮਾਗ ਕਦੇ ਨਾ ਲੀਹੋਂ ਲਹਿ ਸਕਦਾ।
ਗੁਰੂ ਗ੍ਰੰਥ ਸਾਹਿਬ..........................।
ਸ਼ਬਦ ਗੁਰੂ ਸਮਰੱਥ ਇਹ ਕਾਜ ਸੰਵਾਰਨਹਾਰਾ ਹੈ,
ਭਵਸਾਗਰ ਦੇ ਵਿਚੋਂ ਇਹ ਪਾਰ ਉਤਾਰਨਹਾਰਾ ਹੈ,
ਨਜ਼ਰ ਮੇਹਰ ਦੀ ਕਰਕੇ ਝਟਪੱਟ ਬਦਲ ਗ੍ਰਹਿ ਸਕਦਾ।
ਗੁਰੂ ਗ੍ਰੰਥ ਸਾਹਿਬ.....................................।
ਪੰਜਵੇਂ ਗੁਰ ਨੇ ਗੁਰਮਤਿ ਦਾ ਇਹ ਥਾਲ ਸਜਾਇਆ ਹੈ,
ਸਤਿ, ਸੰਤੋਖ,ਵਿਚਾਰ ਨਾਲ ਵਿਚ ਨਾਮ ਟਿਕਾਇਆ ਹੈ,
ਜਿਸ ਨੂੰ ਜਪ ਕੇ ਬੰਦਾ ਸੱਚ ਦੇ ਮਾਰਗ ਪੈ ਸਕਦਾ।
ਗੁਰੂ ਗ੍ਰੰਥ ਸਾਹਿਬ ........................।
ਹਾਜ਼ਰ ਨਾਜ਼ਰ ਹਰਦਮ ਜੁਗੋ ਜੁੱਗ ਹੈ ਅਟੱਲ ਗੁਰੂ,
'ਚੋਹਲੇ' ਵਾਲਿਆ ਕਰਦਾ ਸੱਚੀ ਸੁੱਚੀ ਗੱਲ ਗੁਰੂ,
ਜਿਸ ਨੇ ਬੰਨ੍ਹ ਲਈ ਪੱਲੇ ਉਹ ਕਰ ਪੜਚੋਲ ਸਵੈ ਸਕਦਾ।
ਗੁਰੂ ਗ੍ਰੰਥ ਸਾਹਿਬ ਦੀ ਥਾਂ ਕੋਈ ਹੋਰ ਗ੍ਰੰਥ ਨਹੀਂ ਲੈ ਸਕਦਾ।

**– ਰਮੇਸ਼ ਬੱਗਾ ਚੋਹਲਾ**

### (05 ਸਤੰਬਰ ਜਨਮ ਦਿਨ)

## ਰੰਗਰੇਟੇ ਗੁਰੂ ਕੇ ਬੇਟੇ

ਕਰਕੇ ਹੌਂਸਲਾ ਵੱਡਾ ਕਰਮ ਕਮਾਇਆ ਸਿੱਖੀ ਦਾ।
ਰੰਗਰੇਟੇ ਗੁਰੂ ਕੇ ਬੇਟੇ ਤੂੰ ਮਾਣ ਵਧਾਇਆ ਸਿੱਖੀ ਦਾ।

ਹਿੰਮਤ ਕਰਕੇ ਗੁਰੂ ਪਿਤਾ ਦਾ ਸੀਸ ਉਠਾ ਲਿਆ ਤੂੰ,
ਨਾਲ ਅਦਬ ਦੇ ਘੁੱਟ ਕੇ ਛਾਤੀ ਨਾਲ ਲਗਾ ਲਿਆ ਤੂੰ,
ਜਾਨ ਤਲੀ 'ਤੇ ਧਰਕੇ ਫਰਜ਼ ਨਿਭਾਇਆ ਸਿੱਖੀ ਦਾ।
ਰੰਗਰੇਟੇ........।

ਮੁਗਲ ਰਾਜ ਦੇ ਪਹਿਰੇ ਵਿਚ ਤੂੰ ਸੰਨ ਲਗਾ ਦਿੱਤੀ,
ਬੜੀ ਖ਼ਤਰਨਾਕ ਸੀ ਖੇਡ ਜਿਹੜੀ ਖੇਡ ਦਿਖਾ ਦਿੱਤੀ,
ਜਾ ਦੁਸ਼ਮਣ ਦੇ ਦਰ 'ਤੇ ਬਿਗਲ ਵਜਾਇਆ ਸਿੱਖੀ ਦਾ।
ਰੰਗਰੇਟੇ .........।

ਔਰੰਗਜ਼ੇਬ ਦਾ ਸੁਪਨਾ ਤੂੰ ਕਰ ਚਕਨਾਚੂਰ ਦਿੱਤਾ,
ਭਰਮ ਪਾਲਿਆ ਉਸਨੇ ਜੋ ਕਰ ਉਸਨੂੰ ਦੂਰ ਦਿੱਤਾ,
ਅਸਲੀ ਰੁਤਬਾ ਉਸ ਨੂੰ ਤੂੰ ਦਰਸਾਇਆ ਸਿੱਖੀ ਦਾ।
ਰੰਗਰੇਟੇ ........।

ਨਾਲ ਹੌਂਸਲੇ ਸਫ਼ਰ ਮੁਕਾਇਆ ਨ੍ਹੇਰੀਆਂ ਰਾਤਾਂ ਦਾ,
ਡੱਟਕੇ ਸਾਹਮਣਾ ਕਰਦਾ ਰਿਹਾ ਤੂੰ ਬੁਰੇ ਹਲਾਤਾਂ ਦਾ,
ਸਹਿ ਕੇ ਦੁੱਖ ਤਕਲੀਫ਼ਾਂ ਚੰਗਾ ਚਾਹਿਆ ਸਿੱਖੀ ਦਾ।
ਰੰਗਰੇਟੇ ........।

ਤੇਰਾ ਇਹ ਉਪਕਾਰ ਨਾ ਕਦੇ ਭੁਲਾਇਆ ਜਾਵੇਗਾ,
ਸਿੱਖ ਇਤਿਹਾਸ ਦੇ ਪੰਨੇ 'ਤੇ ਵਡਿਆਇਆ ਜਾਵੇਗਾ,
ਉੱਚਾ ਕਰਕੇ ਪਰਚਮ ਤੂੰ ਲਹਿਰਾਇਆ ਸਿੱਖੀ ਦਾ।
ਰੰਗਰੇਟੇ ........।

ਚਕਮਾ ਦੇ ਕੇ ਮੁਗ਼ਲ ਰਾਜ ਦੀ ਪਹਿਰੇਦਾਰੀ ਨੂੰ,
ਸਾਬਤ ਕਦਮਾਂ ਨਾਲ ਨਿਭਾਇਆ ਜ਼ਿੰਮੇਵਾਰੀ ਨੂੰ,
'ਚੋਹਲਾ' ਕਹਿੰਦਾ ਤੂੰ ਸੱਚਾ ਸਰਮਾਇਆ ਸਿੱਖੀ ਦਾ।
ਰੰਗਰੇਟੇ ਗੁਰੂ ਕੇ ਬੇਟੇ ਤੂੰ ਮਾਣ ਵਧਾਇਆ ਸਿੱਖੀ ਦਾ।

**– ਰਮੇਸ਼ ਬੱਗਾ ਚੋਹਲਾ**


Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ




Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691
Email: myfuturetruck@gmail.com

## ਵਿਸ਼ਵ ਆਤਮ ਹੱਤਿਆ ਰੋਕਥਾਮ ਦਿਵਸ ਸਬੰਧੀ ਵਿਸ਼ੇਸ਼


# ਵਿਸ਼ਵ ਵਿੱਚ ਹਰ 40 ਸਕਿੰਟ ਵਿੱਚ 1 ਆਤਮ ਹੱਤਿਆ ਦੀ ਘਟਨਾ ਵਾਪਰ ਰਹੀ ਹੈ



ਕੁਲਦੀਪ ਚੰਦ
91-9417563054

ਇੰਟਰਨੈਸ਼ਨਲ ਐਸੋਸੀਏਸ਼ਨ ਫਾਰ ਸੁਸਾਇਡ ਪ੍ਰੀਵੈਂਸ਼ਨ-ਆਈਏਐਸਪੀ, ਵਿਸ਼ਵ ਸਿਹਤ ਸੰਗਠਨ ਅਤੇ ਵਰਲਡ ਫੈਡਰੇਸ਼ਨ ਫਾਰ ਮੈਂਟਲ ਹੈਲਥ ਵਲੋਂ ਅੱਜ 10 ਸਤੰਬਰ ਨੂੰ ਪੂਰੀ ਦੁਨੀਆਂ ਵਿੱਚ ਵਿਸ਼ਵ ਆਤਮ ਹੱਤਿਆ ਰੋਕਥਾਮ ਦਿਵਸ ਮਨਾਇਆ ਜਾ ਰਿਹਾ ਹੈ। ਵਿਸ਼ਵ ਵਿੱਚ ਆਤਮ ਹੱਤਿਆਵਾਂ ਦੇ ਵੱਧ ਰਹੇ ਮਾਮਲਿਆਂ ਨੂੰ ਵੇਖਦੇ ਹੋਏ ਸਾਲ 2003 ਵਿੱਚ ਇਸ ਦਿਨ ਦੀ ਸ਼ੁਰੂਆਤ ਕੀਤੀ ਗਈ। 2014 ਵਿੱਚ ਪਹਿਲੀ ਵਰਲਡ ਸੁਸਾਇਡ ਰਿਪੋਰਟ ਵਿੱਚ " ਪ੍ਰੀਵੈਂਟਿੰਗ ਸੁਸਾਇਡ: ਏ ਗਲੋਬਲ ਇੰਪੀਰੇਟਿਵ'' ਜਾਰੀ ਕੀਤੀ ਗਈ ਜੋਕਿ ਆਤਮ ਹੱਤਿਆਵਾਂ ਦੀ ਰੋਕਥਾਮ ਤੇ ਕੇਂਦਰਿਤ ਸੀ ਅਤੇ ਵਿਸ਼ਵ ਸਰਵਜਨਿਕ ਸਿਹਤ ਏਜੰਡੇ ਸਬੰਧੀ ਪਹਿਲ ਬਣਾਉਣ ਲਈ ਕਿਹਾ ਗਿਆ ਸੀ। ਹਰ ਸਾਲ ਵਾਂਗ ਇਸ ਸਾਲ 2021 ਲਈ ਵਿਸ਼ੇਸ਼ ਥੀਮ 'ਕਾਰਵਾਈ ਦੁਆਰਾ ਉਮੀਦ ਬਣਾਉਣਾ' ਰੱਖਿਆ ਗਿਆ ਹੈ। ਇਸ ਦਿਨ ਦਾ ਮੁੱਖ ਮੰਤਵ ਆਤਮ ਹੱਤਿਆ ਸਬੰਧੀ ਲੋਕਾਂ ਨੂੰ ਜਾਗਰੂਕ ਕਰਨਾ ਹੈ ਅਤੇ ਆਤਮ ਹੱਤਿਆਵਾਂ ਨੂੰ ਘਟਾਉਣ ਲਈ ਕੰਮ ਕਰਨਾ ਹੈ। ਆਤਮ ਹੱਤਿਆਵਾਂ ਦੀਆਂ ਘਟਨਾਵਾਂ ਸਬੰਧੀ ਸਹੀ ਅਤੇ ਮੁਕ-ਮਲ ਅੰਕੜੇ ਸਾਹਮਣੇ ਨਹੀਂ ਆ ਰਹੇ ਹਨ। ਵਿਸ਼ਵ ਸਿਹਤ ਸੰਗਠਨ ਨਾਲ ਜੁੜੇ 183 ਵਿੱਚੋਂ ਸਿਰਫ 80 ਦੇਸ਼ਾਂ ਨੇ ਹੀ ਇਸ ਸਬੰਧੀ ਸਹੀ ਅੰਕੜੇ ਇਕੱਠੇ ਕੀਤੇ ਹਨ ਅਤੇ ਬਹੁਤੇ ਘੱਟ ਅਤੇ ਮੱਧਿਅਮ ਆਮਦਨ ਵਾਲੇ ਦੇਸ਼ ਭਰੋਸੇਯੋਗ ਜਾਣਕਾਰੀ ਅਤੇ ਅੰਕੜੇ ਇਕੱਠੇ ਨਹੀਂ ਕਰ ਰਹੇ ਹਨ। ਇਸ ਸਬੰਧੀ ਪ੍ਰਾਪਤ ਵੱਖ-ਵੱਖ ਅੰਕੜਿਆਂ ਅਨੁਸਾਰ ਆਤਮ ਹੱਤਿਆਵਾਂ ਕਰਨ ਦਾ ਰੁਝਾਨ ਵੱਧ ਰਿਹਾ ਹੈ ਅਤੇ ਹਰ 40 ਸਕਿੰਟ ਵਿੱਚ ਆਤਮ ਹੱਤਿਆ ਦੀ ਘਟਨਾ ਵਾਪਰ ਰਹੀ ਹੈ ਅਤੇ ਸਾਲ ਵਿੱਚ ਲੱਗਭੱਗ 08 ਲੱਖ ਵਿਅਕਤੀ ਆਤਮ ਹੱਤਿਆ ਨਾਲ ਮਰਦੇ ਹਨ ਅਤੇ ਇਨ੍ਹਾਂ ਵਿੱਚੋਂ ਲੱਗਭੱਗ 135000 ਭਾਵ 17 ਫਿਸਦੀ ਭਾਰਤੀ ਹੀ ਹਨ। ਵਿਸ਼ਵ ਵਿੱਚ ਹੋਣ ਵਾਲੀਆਂ ਕੁੱਲ ਮੌਤਾਂ ਵਿੱਚੋਂ 1.3 ਫਿਸਦੀ ਆਤਮ ਹੱਤਿਆ ਦੇ ਕਾਰਨ ਹੀ ਹੁੰਦੀਆਂ ਹਨ ਅਤੇ ਇਹ ਮੌਤ ਦਾ 17ਵਾਂ ਪ੍ਰਮੁੱਖ ਕਾਰਨ ਹੈ। ਵਿਸ਼ਵ ਸਿਹਤ ਸੰਗਠਨ ਵਲੋਂ ਜਾਰੀ ਇੱਕ ਰਿਪੋਰਟ ਅਨੁਸਾਰ ਦੁਨੀਆਂ ਵਿੱਚ ਔਸਤਨ ਇੱਕ ਲੱਖ ਪਿੱਛੇ 10.5 ਵਿਅਕਤੀਆਂ ਨੇ ਆਤਮ ਹੱਤਿਆ ਕੀਤੀ ਹੈ ਅਤੇ ਆਤਮ ਹੱਤਿਆ ਕਰਨ ਵਾਲਿਆਂ ਵਿੱਚ ਨੌਜਵਾਨਾਂ ਦੀ ਗਿਣਤੀ ਸਭ ਤੋਂ ਵੱਧ ਹੈ। ਵੱਖ-ਵੱਖ ਦੇਸ਼ਾਂ ਵਿੱਚ ਇਹ ਆਤਮ ਹੱਤਿਆਵਾਂ ਦੀ ਦਰ 01 ਲੱਖ ਪਿੱਛੇ 5 ਤੋਂ 30 ਵਿਅਕਤੀਆਂ ਦੀ ਹੈ। ਆਤਮ ਹੱਤਿਆਵਾਂ ਦੀਆਂ ਲੱਗਭੱਗ 79 ਫਿਸਦੀ ਘਟ-ਨਾਵਾਂ ਘੱਟ ਅਤੇ ਮੱਧਿਅਮ ਆਮਦਨੀ ਵਾਲੇ ਦੇਸ਼ਾਂ ਵਿੱਚ ਵਾ-ਪਰਦੀਆਂ ਹਨ ਅਤੇ ਇਨ੍ਹਾਂ ਦੇਸ਼ਾਂ ਵਿੱਚ ਇਹ ਦਰ ਇੱਕ ਲੱਖ ਪਿੱਛੇ 11.5 ਤੱਕ ਪਹੁੰਚ ਰਹੀ ਹੈ। ਉੱਚ ਆਮਦਨ ਵਾਲੇ ਦੇਸ਼ਾਂ ਵਿੱਚ ਮਹਿਲਾਵਾਂ ਦੇ ਮੁਕਾਬਲੇ ਲੱਗਭੱਗ ਤਿੰਨ ਗੁਣਾ ਪੁਰਸ਼ ਆਤਮ ਹੱਤਿਆਵਾਂ ਕਰਦੇ ਹਨ ਜਦਕਿ ਘੱਟ ਅਤੇ ਮੱਧਿਅਮ ਆਮਦਨ ਵਾਲੇ ਦੇਸ਼ਾਂ ਵਿੱਚ ਆਤਮ ਹੱਤਿਆਵਾਂ ਕਰਨ ਵਾਲੇ ਪੁਰਸ਼ਾਂ ਅਤੇ ਮਹਿਲਾਵਾਂ ਦੀ ਗਿਣਤੀ ਲੱਗਭੱਗ ਬਰਾਬਰ ਹੀ ਰਹਿੰਦੀ ਹੈ। ਆਤਮ ਹੱਤਿਆ ਇੱਕ ਵਿਸ਼ਵ ਵਿਆਪੀ ਚਿੰਤਾ ਹੈ ਅਤੇ ਹਰੇਕ ਦੇਸ਼ ਵਿੱਚ ਇਹ ਜਨਤਕ ਸਿਹਤ ਦਾ ਗੰਭੀਰ ਮੁੱਦਾ ਹੈ। ਆਤਮ ਹੱਤਿਆ ਦੇ ਕਾਰਨਾਂ ਸਬੰਧੀ ਪ੍ਰਾਪਤ ਜਾਣਕਾਰੀ ਅਨੁਸਾਰ ਨੌਜਵਾਨਾਂ ਵਿੱਚ ਆਤਮ ਹੱਤਿਆਵਾਂ ਦੇ ਪ੍ਰਮੁੱਖ ਕਾਰਨਾਂ ਵਿੱਚ ਪੜ੍ਹਾਈ ਦਾ ਦਬਾਓ, ਵਿਗੜ ਰਹੇ ਰਿਸ਼ਤੇ, ਕੈਰੀਅਰ ਦੀ ਚਿੰਤਾ ਆਦਿ ਸ਼ਾਮਲ ਹਨ। ਸੜਕ ਦੁਰਘਟਨਾ ਵਿੱਚ ਲੱਗੀਆਂ ਗੰਭੀਰ ਸੱਟਾਂ 15-29 ਸਾਲ ਦੇ ਨੌਜਵਾਨਾਂ ਵਿੱਚ ਆਤਮ ਹੱਤਿਆ ਦਾ ਮੁੱਖ ਕਾਰਨ ਹਨ ਅਤੇ 15-19 ਸਾਲਾਂ ਦੇ ਨੌਜਵਾਨਾਂ ਵਿੱਚ ਆਤਮ ਹੱਤਿਆ ਦੇ ਮੁੱਖ ਕਾਰਨ ਆਪਸੀ ਹਿੰਸਾ ਦੀਆਂ ਘਟਨਾਵਾਂ ਹਨ। ਮਹਿਲਾਵਾਂ ਦੁਆਰਾ ਆਤਮ ਹੱਤਿਆ ਦੀ ਕੋਸ਼ਿਸ਼ ਜਿਆਦਾ ਕੀਤੀ ਜਾਂਦੀ ਹੈ ਮਹਿਲਾਵਾਂ ਵਿੱਚ ਮਾਤਰਤਿਵ ਹਾਲਤਾਂ ਵੀ ਆਤਮ ਹੱਤਿਆਵਾਂ ਦਾ ਪ੍ਰਮੁੱਖ ਕਾਰਨ ਹਨ। ਆਤਮ ਹੱਤਿਆ ਕਰਨ ਦੇ ਸਭ ਤੋਂ ਵੱਧ ਪ੍ਰਚੱਲਿਤ ਤਰੀਕਿਆਂ ਵਿੱਚ ਫਾਂਸੀ ਲਗਾਉਣਾ, ਜ਼ਹਿਰ ਖਾਣਾ, ਖੁਦ ਨੂੰ ਅੱਗ ਲਗਾਉਣਾ, ਪਾਣੀ ਵਿੱਚ ਡੁੱਬਣਾ, ਰੇਲ ਗੱਡੀ ਅੱਗੇ ਛਲਾਂਗ ਲਗਾਉਣਾ ਆਦਿ ਸ਼ਾਮਿਲ ਹਨ। ਆਤਮ ਹੱਤਿਆਵਾਂ ਦੀਆਂ ਘਟਨਾਵਾਂ ਨੂੰ ਰੋਕਿਆ ਜਾ ਸਕਦਾ ਹੈ। ਅੰਤਰਰਾ-ਸਟਰੀ ਆਤਮ ਹੱਤਿਆ ਰੋਕਥਾਮ ਸੰਗਠਨ-ਆਈ ਏ ਐਸ ਪੀ ਦੇ ਪ੍ਰਧਾਨ ਪ੍ਰੋਫੈਸਰ ਰੋਰੀ ਓ ਕੋਨੋਰ ਅਨੁਸਾਰ " ਜਿਵੇਂ ਕਿ ਅਸੀਂ ਇੱਕ ਅਜਿਹੀ ਦੁਨੀਆਂ ਦੇ ਅਪਣੇ ਦ੍ਰਿਸ਼ਟੀਕੋਣ ਤੇ ਕੰਮ ਕਰਨਾ ਜਾਰੀ ਰੱਖਦੇ ਹਾਂ ਜਿੱਥੇ ਬਹੁਤ ਘੱਟ ਲੋਕ ਆਤਮ ਹੱਤਿਆ ਦੁਆਰਾ ਅਪਣੀ ਜਾਨ ਗੁਆਉਂਦੇ ਹਨ, ਸਾਡਾ ਮੰਨਣਾ ਹੈ ਕਿ ਕਾਰਵਾਈ ਦੁਆਰਾ ਉਮੀਦ ਬਣਾਉਣਾ ਇੱਕ ਆਸ਼ਾਵਾਦੀ ਸੁਨੇਹਾ ਹੈ ਜਿਸਦਾ ਉਦੇਸ਼ ਲੋਕਾਂ ਵਿੱਚ ਇਸ ਗੁੰਝਲਦਾਰ ਵਿਸ਼ੇ ਨਾਲ ਜੁੜੇ ਰਹਿਣ ਲਈ ਵਿਸ਼ਵਾਸ ਪੈਦਾ ਕਰਨਾ ਹੈ।'' ਸਾਲ 2021 ਤੋਂ 2023 ਤੱਕ ਇਸ ਥੀਮ 'ਕਾਰਵਾਈ ਦੁਆਰਾ ਉਮੀਦ ਬਣਾਉਣਾ' ਦੁਆਰਾ ਆਤਮ ਹੱਤਿਆਵਾਂ ਸਬੰਧੀ ਰੋਕਥਾਮ ਦੀ ਇੱਕ ਲਹਿਰ ਪੈਦਾ ਕਰਨ, ਵਿਓਹਾਰ ਵਿੱਚ ਬਦਲਾਓ ਲਿਆਉਣ ਲਈ ਮਹ-ਤਵਪੂਰਨ ਕੰਮ ਕੀਤਾ ਜਾਵੇਗਾ। ਵੱਖ ਵੱਖ ਅੰਤਰਰਾਸ਼ਟਰੀ ਸੰਗਠਨਾ ਦੀਆ ਕੋਸ਼ਿਸ਼ਾਂ ਦੇ ਬਾਬਜੂਦ ਵੀ ਆਤਮ ਹੱਤਿਆਵਾਂ ਨੂੰ ਰੋਕਣ ਸਬੰਧੀ ਠੋਸ ਰਣਨੀਤੀ ਤਿਆਰ ਕਰਨ ਲਈ ਅਜੇ ਤੱਕ ਦੁਨੀਆਂ ਦੇ ਸਿਰਫ 38 ਦੇਸ਼ਾਂ ਨੇ ਹੀ ਕਾਰਵਾਈ ਕੀਤੀ ਹੈ। ਸਾਲ 2016 ਤੋਂ ਬਾਦ ਭਾਰਤ ਵਿੱਚ ਆਤਮ ਹੱਤਿਆਵਾਂ ਕਰਨ ਦੀ ਗਿਣਤੀ ਵਿੱਚ 230314 ਦਾ ਵਾਧਾ ਹੋਇਆ ਹੈ ਅਤੇ ਆਤਮ ਹੱਤਿਆਵਾਂ ਨਾਲ ਹੋਣ ਵਾਲੀਆਂ ਮੌਤਾਂ ਵਿਚ 15 ਤੋਂ 35 ਸਾਲ ਦੇ ਉਮਰ ਦੇ ਨੌਜਵਾਨਾਂ ਦੀ ਗਿਣਤੀ ਬਹੁਤ ਜਿਆਦਾ ਹੈ। ਤਾਮਿਲਨਾਡੂ, ਮਹਾਂਰਾਸ਼ਟਰ, ਪੱਛਮੀ ਬੰਗਾਲ, ਮੱਧ ਪ੍ਰਦੇਸ਼ ਅਤੇ ਕਰਨਾਟਕਾ ਵਿੱਚ ਸਭ ਤੋਂ ਵੱਧ ਆਤਮ ਹੱਤਿਆਵਾਂ ਦੇ ਮਾਮਲੇ ਰਿਕਾਰਡ ਹੋਏ ਹਨ ਅਤੇ ਪੂਰੇ ਦੇਸ਼ ਵਿੱਚ ਵਾਪਰੀਆਂ ਆਤਮ ਹੱਤਿਆਵਾਂ ਦੀਆਂ ਘਟਨਾਵਾਂ ਵਿੱਚ ਲੱਗਭੱਗ ਅੱਧੀਆਂ ਇਨ੍ਹਾਂ ਪੰਜ ਸੂਬਿਆਂ ਵਿੱਚ ਹੀ ਵਾਪਰੀਆਂ ਹਨ। ਵੱਖ-ਵੱਖ ਰਾਜਾਂ ਸਬੰਧੀ ਪ੍ਰਾਪਤ ਅੰਕੜਿਆਂ ਅਨੁਸਾਰ ਸਾਲ 2019 ਵਿੱਚ ਤਾਮਿਲਨਾਡੂ ਵਿੱਚ 12.5 ਫਿਸਦੀ, ਮਹਾਂਰਾਸ਼ਟਰ 11.9 ਫਿਸਦੀ, ਪੱਛਮੀ ਬੰਗਾਲ 11.0 ਫਿਸਦੀ ਆਤਮ ਹੱਤਿਆਵਾਂ ਹੋਈਆਂ ਹਨ। ਪੁਰਸ਼ ਅਤੇ ਮਹਿਲਾ ਆਤਮ ਹੱਤਿਆ ਦਾ ਅਨੁਪਾਤ 2:1 ਰਿਹਾ ਹੈ। ਭਾਰਤ ਵਿੱਚ ਆਤਮ ਹੱਤਿਆਵਾਂ ਦੇ 02 ਪ੍ਰਮੁੱਖ ਕਾਰਨ ਮਾਨਸਿਕ ਵਿਕਾਰ ਅਤੇ ਕਿਸਾਨਾਂ ਦਾ ਕਰਜੇ ਵਿੱਚ ਫਸੇ ਹੋਣਾ ਹੈ। 2019 ਦੀ ਰਿਪੋਰਟ ਅਨੁਸਾਰ ਕਿਸਾਨਾਂ ਅਤੇ ਖੇਤ ਮਜਦੂਰਾਂ ਵਿੱਚ ਆਤਮ ਹੱਤਿਆ ਦੀ ਦਰ ਲਗਾਤਾਰ ਵੱਧ ਰਹੀ ਹੈ। ਇਸਦਾ ਸਭ ਤੋਂ ਵੱਡਾ ਕਾਰਨ ਬੈਂਕਾਂ ਤੋਂ ਲਿਆ ਕਰਜਾ ਹੀ ਹੈ। ਪੰਜਾਬ ਜੋਕਿ ਖੇਤੀ ਪ੍ਰਧਾਨ ਸੂਬਾ ਹੈ ਵਿੱਚ ਕਿਸਾਨਾਂ ਅਤੇ ਖੇਤ ਮਜਦੂਰਾਂ ਨੇ ਵੱਡੇ ਪੱਧਰ ਤੇ ਆਤਮ ਹੱਤਿਆਵਾਂ ਕੀਤੀਆਂ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਰਿਪੋਰਟਾਂ ਅਨੁਸਾਰ ਸਾਲ 2000 ਤੋਂ ਲੈਕੇ 2018 ਤੱਕ ਦੇ ਸਮੇਂ ਦੌਰਾਨ ਹੀ ਲੱਗਭੱਗ 3330 ਕਿਸਾਨਾਂ ਅਤੇ 730 ਖੇਤ ਮਜਦੂਰਾਂ ਨੇ ਆਤਮ ਹੱਤਿਆਵਾਂ ਕੀਤੀਆਂ ਹਨ ਅਤੇ ਇਨ੍ਹਾਂ ਵਿੱਚੋਂ ਬਹੁਤੀਆਂ ਘਟ-ਨਾਵਾਂ ਦਾ ਮੁੱਖ ਕਾਰਨ ਆਰਥਿਕਤਾ ਹੀ ਬਣਿਆ ਹੈ। ਆਤਮ ਹੱਤਿਆ ਦੇ ਸਾਹਮਣੇ ਆਏ ਹੋਰ ਕਾਰਨਾਂ ਵਿੱਚ ਵਿਆਹੁਤਾ ਜੀਵਨ ਸਬੰਧੀ ਝਗੜੇ, ਪ੍ਰਿਖਿਆ ਵਿੱਚ ਫੇਲ ਹੋਣਾ, ਕੋਈ ਗੰਭੀਰ ਬਿਮਾਰੀ ਹੋਣਾ, ਨਸ਼ਿਆਂ ਵਿੱਚ ਫਸੇ ਹੋਣਾ, ਗਰੀਬੀ, ਬੇ-ਰੋਜ਼ਗਾਰੀ, ਜਾਇਦਾਦ ਦੇ ਝਗੜੇ, ਵਿੱਦਿਅਕ ਅਦਾਰਿਆਂ ਵਿੱਚ ਵਿਦਿਆਰਥੀਆਂ ਨੂੰ ਹੁੰਦੀ ਮਾਨਸਿਕ ਪ੍ਰੇਸ਼ਾਨੀ ਅਤੇ ਰੈਗਿੰਗ, ਧਾਰਮਿਕ ਅਧਾਰ ਤੇ ਅਪਣੀ ਜਾਨ ਦਾ ਬਲਿਦਾਨ ਦੇਣਾ, ਕਿਸੇ ਖਾਸ ਵਿਅਕਤੀ ਦੀ ਮੌਤ ਤੇ ਦੁਖੀ ਹੋਕੇ ਅਪਣੀ ਜਾਨ ਦੇਣਾ, ਸਮਾਜਿਕ ਰਾਜਨੀਤਿਕ ਅੰਦੋਲਨਾਂ ਵਿੱਚ ਅਪਣੀ ਜਾਨ ਦਾ ਬਲਿਦਾਨ ਦੇਣਾ ਆਦਿ ਸ਼ਾਮਿਲ ਹਨ। ਸਾਲ 2020 ਵਿੱਚ ਵਿਸ਼ਵ ਪੱਧਰ ਤੇ ਫੈਲੀ ਕੋਰੋਨਾ ਮਹਾਂਮਾਰੀ ਕਾਰਨ ਪ੍ਰੇਸ਼ਾਨੀ ਵਿੱਚ ਵੀ ਕਈ ਵਿਅਕਤੀਆਂ ਨੇ ਦੁਖੀ ਹੋਕੇ ਆਤਮ ਹੱਤਿਆ ਕੀਤੀ ਹੈ। ਸਾਡੇ ਦੇਸ਼ ਵਿੱਚ ਸਮੇਂ-ਸਮੇਂ ਤੇ ਕਈ ਬਹੁਤ ਹੀ ਮਹ-ਤਵਪੂਰਨ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਵਿਅਕਤੀਆਂ ਵਲੋਂ ਆਤਮ ਹੱਤਿਆ ਕਰਨ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ ਜੋਕਿ ਬਾਕੀ ਲੋਕਾਂ ਲਈ ਵੀ ਨਿਰਾਸ਼ਾ ਵਧਾ ਰਹੀਆਂ ਹਨ। ਭਾਰਤ ਵਿੱਚ ਆਤਮ ਹੱਤਿਆ ਦੇ ਮੁੱਖ ਤਰੀਕਿਆਂ ਵਿੱਚ ਲੱਗਭੱਗ 33 ਫਿਸਦੀ ਜਹਿਰ ਖਾਣਾ, 26 ਫਿਸਦੀ ਰੱਸੇ ਨਾਲ ਲਟਕਣਾ ਸ਼ਾਮਿਲ ਹੈ। ਆਤਮ ਹੱਤਿਆ ਦੀ ਰੋਕਥਾਮ ਸਬੰਧੀ ਸ੍ਰੀ ਲੰਕਾ ਵਿੱਚ ਕੀਤੇ ਗਏ ਸਰਵੇਖਣ ਨੂੰ ਸਭ ਤੋਂ ਵੱਧ ਪ੍ਰਭਾਵਸ਼ਾਲੀ ਮੰਨਿਆ ਗਿਆ ਹੈ। ਇੱਥੇ ਲਗਾਈਆਂ ਗਈਆਂ ਰੋਕਾਂ ਅਤੇ ਕੀਤੀ ਗਈ ਸੱਖਤੀ ਨਾਲ ਆਤਮ ਹੱਤਿਆਵਾਂ ਦੀਆਂ ਘਟਨਾਵਾਂ ਵਿੱਚ ਲੱਗਭੱਗ 70 ਫਿਸਦੀ ਕਮੀ ਆਈ ਹੈ ਅਤੇ 1995 ਤੋਂ 2015 ਦੌਰਾਨ ਲੱਗਭੱਗ 93000 ਵਿਅਕਤੀਆਂ ਦੀ ਜਾਨ ਬਚਾਈ ਗਈ ਹੈ। ਕੋਰੀਆ ਵਿੱਚ ਵੀ ਇਸ ਸਬੰਧੀ ਕਾਫੀ ਸਫਲਤਾ ਮਿਲੀ ਹੈ ਜਿੱਥੇ ਸਾਲ 2000 ਵਿੱਚ ਪੈਰਾਕਬਾਟ ਕੀਟੇਮਾਰ ਦਵਾਈ ਨਾਲ ਵੱਡੀ ਗਿਣਤੀ ਵਿੱਚ ਆਤਮ ਹੱਤਿਆਵਾਂ ਹੋਈਆਂ ਸਨ ਅਤੇ 2011-2012 ਵਿੱਚ ਇਸ ਤੇ ਪਾਬੰਦੀ ਲਗਾਉਣ ਕਾਰਨ ਇਸ ਕਾਰਨ ਹੋਣ ਵਾਲੀਆਂ ਮੌਤਾਂ ਵਿੱਚ ਕਾਫੀ ਕਮੀ ਆਈ ਹੈ। ਸਾਡੇ ਦੇਸ਼ ਵਿੱਚ ਵੀ ਇਸ ਸਬੰਧੀ ਕੁੱਝ ਕਦਮ ਚੁੱਕੇ ਗਏ ਹਨ ਜਿਵੇਂ ਕਿ ਵਿੱਦਿਅਕ ਅਦਾਰਿਆਂ ਵਿੱਚ ਰੈਗਿੰਗ ਤੇ ਪਾਬੰਦੀ ਲਗਾਈ ਗਈ ਹੈ, ਕਈ ਕੀਟਨਾਸ਼ਕਾਂ ਦੀ ਵਿਕਰੀ ਲਈ ਸੱਖਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਕਰਜੇ ਵਿੱਚ ਫਸੇ ਕਿਸਾਨਾਂ, ਖੇਤ ਮਜਦੂਰਾਂ ਅਤੇ ਹੋਰ ਵਿਅਕਤੀਆਂ ਨੂੰ ਰਾਹਤ ਦਿਤੀ ਗਈ ਹੈ। ਹਰ ਵਿਅਕਤੀ ਦੀ ਜਿੰਦਗੀ ਪਰਿਵਾਰ, ਸਮਾਜ, ਦੇਸ਼ ਅਤੇ ਵਿਸ਼ਵ ਲਈ ਬਹੁਮੁੱਲੀ ਹੈ ਅਤੇ ਆਤਮ ਹੱਤਿਆ ਕਾਰਨ ਹੋਣ ਵਾਲੀ ਮੌਤ ਉਸ ਵਿਅਕਤੀ ਦੇ ਪਰਿਵਾਰ, ਦੋਸਤਾਂ, ਸਾਥੀਆਂ, ਸਮਾਜ ਅਤੇ ਦੇਸ਼ ਲਈ ਵੱਡਾ ਘਾਟਾ ਰਹਿੰਦੀ ਹੈ। ਆਤਮ ਹੱਤਿਆ ਦੀਆਂ ਘਟਨਾਵਾਂ ਅਤੇ ਇਸ ਨਾਲ ਹੋਣ ਵਾਲੀਆਂ ਮੌਤਾਂ ਨੂੰ ਕਾਫੀ ਹੱਦ ਤੱਕ ਰੋਕਿਆ ਅਤੇ ਘਟਾਇਆ ਜਾ ਸਕਦਾ ਹੈ। ਇਸ ਲਈ ਸਾਰੇ ਦੇਸ਼ਾਂ ਨੂੰ ਅਪਣੇ ਰਾਸ਼ਟਰੀ ਸਿਹਤ ਅਤੇ ਸਿੱਖਿਆ ਦੀਆਂ ਨੀਤੀਆਂ ਵਿੱਚ ਆਤਮ ਹੱਤਿਆ ਦੀ ਰੋਕਥਾਮ ਲਈ ਰਣਨੀਤੀਆਂ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ। ਆਤਮ ਹੱਤਿਆ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਾਰੇ ਨਾਗਰਿਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ।


ਜੇਕਰ ਕੋਈ ਵਿਅਕਤੀ ਕਿਸੇ ਸਮੱਸਿਆ ਜਾਂ ਬਿਮਾਰੀ ਦੀ ਜਕੜ੍ਹ ਵਿੱਚ ਫਸੇ ਵਿਅਕਤੀਆਂ ਦੀ ਮੱਦਦ ਕਰਨੀ ਚਾਹੀਦੀ ਹੈ ਅਤੇ ਸਹੀ ਇਲਾਜ ਕਰਨਾ ਚਾਹੀਦਾ ਹੈ। ਸਰਕਾਰਾਂ ਅਤੇ ਸਮਾਜਿਕ, ਧਾਰਮਿਕ, ਰਾਜਨੀਤਿਕ ਆਗੂਆਂ, ਬੁੱਧੀ-ਜੀਵੀਆਂ ਨੂੰ ਇਸ ਸਮੱਸਿਆ ਪ੍ਰਤੀ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਅਤੇ ਇਸ ਸਮੱਸਿਆ ਦੇ ਹੱਲ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ।




# ਦੁਨੀਆਂ ਦੇ ਲਗਭੱਗ 35 ਦੇਸ਼ਾਂ ਵਿੱਚ ਸਾਖਰਤਾ ਦਰ 50 ਫੀਸਦੀ ਤੋਂ ਵੀ ਘੱਟ

*ਕੁਲਦੀਪ ਚੰਦ*

ਅੱਜ ਪੂਰੀ ਦੁਨੀਆਂ ਵਿੱਚ ਸਾਖਰਤਾ ਦਿਵਸ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਸਮਾਰੋਹ ਕਰਵਾਏ ਜਾ ਰਹੇ ਹਨ ਜਿਨ੍ਹਾਂ ਵਿੱਚ ਸਾਖਰਤਾ ਦੇ ਮਹੱਤਵ ਬਾਰੇ ਵਿਚਾਰ ਵਟਾਂਦਰਾ ਕੀਤਾ ਜਾ ਰਿਹਾ ਹੈ। ਸਿੱਖਿਆ ਸਮਾਜਿਕ-ਆਰਥਿਕ ਵਿਕਾਸ ਦੀ ਕੁੰਜੀ ਹੈ ਅਤੇ ਗਰੀਬੀ ਘਟਾਉਣ, ਲਿੰਗ ਅਨੁਪਾਤ ਸੁਧਾਰਨ, ਭ੍ਰਿਸ਼ਟਾਚਾਰ ਅਤੇ ਹੋਰ ਸਮਾਜਿਕ ਸਮੱਸਿਆਵਾਂ ਦੇ ਹੱਲ ਕਰਨ ਵਿੱਚ ਸਹਾਇਕ ਅਤੇ ਸਮਰੱਥ ਕਰਦੀ ਹੈ। ਦੁਨੀਆਂ ਦੇ ਲਗਭੱਗ 35 ਦੇਸ਼ਾਂ ਵਿੱਚ ਸਾਖਰਤਾ ਦਰ 50 ਫਿਸਦੀ ਤੋਂ ਵੀ ਘੱਟ ਹੈ। ਵਿਸ਼ਵ ਪੱਧਰ ਤੇ ਦੇਖੀਏ ਤਾਂ ਦੁਨੀਆਂ ਵਿੱਚ ਕਰੀਬ ਚਾਰ ਅਰਬ ਲੋਕ ਸਾਖਰ ਹਨ ਅਤੇ ਲੱਗਭੱਗ 77.6 ਕਰੋੜ ਲੋਕ ਘੱਟੋ ਘੱਟ ਸਾਖਰਤਾ ਦਰ ਤੋਂ ਵੀ ਹੇਠਾਂ ਹਨ ਜਿਹਨਾਂ ਵਿੱਚੋਂ ਦੋ ਤਿਹਾਈ ਔਰਤਾਂ ਹਨ। ਹਰ ਪੰਜ ਵਿਅਕਤੀਆਂ ਵਿੱਚੋਂ ਇੱਕ ਵਿਅਕਤੀ ਅਨਪੜ੍ਹ ਹੈ। ਦੁਨੀਆਂ ਦੇ ਨਾਰਵੇ, ਫਿਨਲੈਂਡ, ਐਨਡੋਰਾ, ਨੋਰਫੋਲਕ ਆਈਲੈਂਡ, ਗ੍ਰੀਨਲੈਂਡ, ਉਤਰੀ ਕੋਰੀਆ, ਲਗਜ਼ਮਬਰਗ ਵਰਗੇ ਦੇਸ਼ਾਂ ਦੀ ਸਾਖਰਤਾ ਦਰ 100 ਫਿਸਦੀ ਹੈ ਅਤੇ ਜ਼ਿਆਦਾਤਰ ਕਈ ਦੇਸ਼ਾਂ ਦੀ ਸਾਖਰਤਾ ਦਰ 98 ਫਿਸਦੀ ਤੋਂ ਵੱਧ ਹੈ। ਦੁਨੀਆਂ ਦੀ ਔਸਤ ਸਾਖਰਤਾ ਦਰ 84 ਫਿਸਦੀ ਹੈ ਪਰ ਸਾਡਾ ਦੇਸ਼ ਅਜੇ ਵੀ ਇਸਤੋਂ ਪਿੱਛੇ ਹੈ। ਸਾਡੇ ਦੇਸ਼ ਦੀ ਸਾਖਰਤਾ ਦਰ 74.4 ਫਿਸਦੀ ਹੈ ਜਿਸ ਵਿੱਚੋਂ ਪੁਰਸ਼ਾ ਦੀ ਸਾਖਰਤਾ ਦਰ 82.1 ਫਿਸਦੀ ਅਤੇ ਮਹਿਲਾਵਾਂ ਦਾ ਸਾਖਰਤਾ ਦਰ 65.5 ਫਿਸਦੀ ਹੈ। ਦੁਨੀਆਂ ਵਿੱਚ ਸਭ ਤੋਂ ਘੱਟ ਸਾਖਰਤਾ ਦਰ ਅਫਗਾਨਿਸਤਾਨ ਦੀ 28.1 ਫਿਸਦੀ ਹੈ ਜਿਸ ਵਿੱਚੋਂ ਪੁਰਸ਼ਾਂ ਦੀ ਸਾਖਰਤਾ ਦਰ 43.1 ਫਿਸਦੀ ਅਤੇ ਮਹਿਲਾਵਾਂ ਦੀ ਸਾਖਰਤਾ ਦਰ ਸਿਰਫ 12.6 ਫਿਸਦੀ ਹੈ। ਨੇਪਾਲ, ਪਾਕਿਸਤਾਨ ਵਰਗੇ ਸਾਡੇ ਗੁਆਂਢੀ ਦੇਸ਼ਾਂ ਵਿੱਚ ਹਾਲਤ ਸਾਡੇ ਨਾਲੋਂ ਵੀ ਖਰਾਬ ਹੈ ਪਰ ਵਿਸ਼ਵ ਵਿੱਚ ਚੀਨ ਵਰਗੇ ਦੇਸ਼ ਵੀ ਹਨ ਜਿਹਨਾਂ ਦੀ ਸਾਖਰਤਾ ਦਰ 93.3 ਫਿਸਦੀ ਹੈ। ਸਾਖਰਤਾ ਦਰ ਨੂੰ ਸੁਧਾਰਨ ਅਤੇ ਇਸ ਖੇਤਰ ਵਿੱਚ ਵੱਧ ਕੰਮ ਕਰਨ ਦੇ ਲਈ ਹੀ ਸੰਯੁਕਤ ਰਾਸ਼ਟਰ ਸਿੱਖਿਅਕ, ਵਿਗਿਆਨਕ ਅਤੇ ਸੰਸਕ੍ਰਿਤ ਸੰਗਠਨ (ਯੂਨੇਸਕੋ) ਦੁਆਰਾ ਹਰ ਸਾਲ 8 ਸਤੰਬਰ ਨੂੰ ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ ਜਾਂਦਾ ਹੈ। ਇਸਦਾ ਉਦੇਸ਼ ਵਿਅਕਤੀਆਂ, ਸੰਸਥਾਵਾਂ ਅਤੇ ਸਾਰੇ ਭਾਈਚਾਰਿਆਂ ਨੂੰ ਪੜ੍ਹਾਈ ਦੇ ਮਹੱਤਵ ਤੋਂ ਜਾਣੂ ਕਰਵਾਉਣਾ ਹੈ। ਜੇਕਰ ਸਾਖਰਤਾ ਦਿਵਸ ਦਾ ਪਿਛੋਕੜ ਵੇਖੀਏ ਤਾਂ 17 ਨਵੰਬਰ 1965 ਨੂੰ ਯੂਨੈਸਕੋ ਵੱਲੋਂ ਫੈਸਲਾ ਕੀਤਾ ਗਿਆ ਕਿ ਹਰ ਸਾਲ 8 ਸਤੰਬਰ ਨੂੰ ਅੰਤਰਰਾਸ਼ਟਰੀ ਸਾਖਰਤਾ ਦਿਵਸ ਦੇ ਤੌਰ ਤੇ ਮਨਾਇਆ ਜਾਵੇਗਾ। ਪਹਿਲੀ ਵਾਰ 8 ਸਤੰਬਰ 1966 ਨੂੰ ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ ਗਿਆ ਸੀ। ਇਸ ਸਾਲ 2021 ਲਈ ਅੰਤਰਰਾਸ਼ਟਰੀ ਸਾਖਰਤਾ ਦਿਵਸ ਦਾ ਮੁੱਖ ਥੀਮ " ਮਾਨਵ ਕੇਂਦਰਿਤ ਰਿਕਵਰੀ ਲਈ ਸਾਖਰਤਾ : ਡਿਜਟਿਲ ਵੰਡ ਨੂੰ ਸੰਕੁਚਿਤ ਕਰਨਾ'' ਹੈ। ਇਹ ਥੀਮ ਡਿਜਿਟਲ ਸਾਖਰਤਾ ਬਾਰੇ ਲੋਕਾਂ ਵਿੱਚ ਵਧੇਰੇ ਜਾਗਰੂਕਤਾ ਪੈਦਾ ਕਰਨ ਲਈ ਹੀ ਰੱਖਿਆ ਗਿਆ ਹੈ। ਜਿਵੇਂ ਕਿ ਕੋਵਿਡ-19 ਮਹਾਂਮਾਰੀ ਨੇ ਬੱਚਿਆਂ, ਨੌਜਵਾਨਾਂ ਅਤੇ ਵੱਡਿਆਂ ਦੀ ਪੜ੍ਹਾਈ ਵਿੱਚ ਰੁਕਾਵਟਾਂ ਪੈਦਾ ਕੀਤੀਆਂ ਹਨ, ਇਸ ਡਿਜਿਟਲ ਸਾਖਰਤਾ ਨੇ ਨਾਗਰਿਕਾਂ ਵਿੱਚ ਗਿਆਨ ਦੀ ਵੰਡ ਨੂੰ ਵਧਾਇਆ ਹੈ। ਯੂਨੈਸਕੋ ਅਨੁਸਾਰ ਵਿਸ਼ਵ ਭਰ ਵਿਚ 773 ਮਿਲੀਅਨ ਨੌਜਵਾਨਾਂ ਵਿੱਚ ਅਜੇ ਵੀ ਸਾਖਰਤਾ ਦੀ ਘਾਟ ਹੈ ਅਤੇ ਇਸ ਵਾਰ ਅੰਤਰ-ਰਾਸ਼ਟਰੀ ਸਾਖਰਤਾ ਦਿਵਸ ਇੱਕ ਪਹਿਲ ਹੈ ਜੋ ਨੌਜਵਾਨਾਂ ਨੂੰ ਸਾਖਰ ਕਰਨ ਅਤੇ ਸਾਖਰਤਾ ਦੀ ਸਹੀ ਵੰਡ ਲਈ ਜਾਗਰੂਕਤਾ ਫੈਲਾਉਂਦੀ ਹੈ। ਇਸਦੇ ਨਾਲ ਹੀ ਸਾਖਰਤਾ ਸੰਯੁਕਤ ਰਾਸ਼ਟਰ ਦੇ ਸਥਾਈ ਵਿਕਾਸ ਦੇ ਟੀਚਿਆਂ ਅਤੇ ਸੰਯੁਕਤ ਰਾਸ਼ਟਰ ਦੇ ਨਿਰੰਤਰ ਵਿਕਾਸ 2030 ਦੇ ਏਜੰਡੇ ਦਾ ਮੁੱਖ ਹਿੱਸਾ ਹੈ। ਭਾਰਤ ਇੱਕ ਉਭੱਰਦਾ ਅਤੇ ਤੇਜ਼ੀ ਨਾਲ ਵਿਕਸਿਤ ਹੋ ਰਿਹਾ ਦੇਸ਼ ਹੈ। ਅੱਜ ਅਸੀਂ ਅਪਣੀ ਤੁਲਨਾ ਅਮਰੀਕਾ, ਚੀਨ ਵਰਗੇ ਦੇਸ਼ਾਂ ਨਾਲ ਕਰਦੇ ਨਹੀਂ ਥੱਕਦੇ ਪਰ ਜਦੋਂ ਅਸੀਂ ਭਾਰਤ ਦੀਆਂ ਸੜ੍ਹਕਾਂ ਤੇ ਚਾਹ ਦੀਆਂ ਦੁਕਾਨਾਂ ਤੇ ਕੰਮ ਕਰਨ ਵਾਲੇ ਛੋਟੇ ਬੱਚਿਆਂ ਅਤੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਬੇਰੁਜ਼ਗਾਰ ਦੇਖਦੇ ਹਾਂ ਤਾਂ ਸੋਚਦੇ ਹਾਂ ਕਿ ਅਸੀਂ ਸਾਖਰ ਤਾਂ ਹੋ ਗਏ ਹਾਂ ਪਰ ਸਿੱਖਿਅਤ ਨਹੀਂ ਹੋਏ ਹਾਂ। ਸਿੱਖਿਆ ਦਾ ਅਰਥ ਹੁੰਦਾ ਹੈ ਗਿਆਨ ਪ੍ਰਾਪਤ ਕਰਨਾ। ਪੜ੍ਹ-ਲਿਖਕੇ ਅਸੀਂ ਸਾਖਰ ਤਾਂ ਬਣ ਜਾਂਦੇ ਹਾਂ ਪਰ ਗਿਆਨ ਪ੍ਰਾਪਤ ਨਹੀਂ ਕਰ ਪਾਉਂਦੇ ਹਾਂ। ਸਾਡੇ ਦੇਸ਼ ਵਿੱਚ ਲੱਖਾਂ ਬੱਚੇ ਹਰ ਸਾਲ ਡਿਗਰੀਆਂ ਹਾਸਲ ਕਰਦੇ ਹਨ ਅਤੇ ਇਹਨਾਂ ਵਿੱਚੋਂ ਜ਼ਿਆਦਾਤਰ ਬੇਰੁਜ਼ਗਾਰਾਂ ਦੀ ਭੀੜ ਵਿੱਚ ਗੁਆਚ ਜਾਂਦੇ ਹਨ। ਸਾਡੇ ਅਸੀਂ ਭਾਵੇਂ 21ਵੀਂ ਸਦੀ ਵਿੱਚ ਪਹੁੰਚ ਚੁੱਕੇ ਹਾਂ ਪਰ ਫਿਰ ਵੀ ਦੇਸ਼ ਦੇ ਹਰ ਨਾਗਰਿਕ ਨੂੰ ਪੜ੍ਹਿਆ ਲਿਖਿਆ ਬਣਾਉਣ ਦਾ ਸੁਪਨਾ ਪੂਰਾ ਨਹੀਂ ਹੋ ਰਿਹਾ। ਦੁਨੀਆਂ ਦੇ ਵਿਕਸਿਤ ਦੇਸ਼ਾਂ ਨੇ ਪੜ੍ਹਾਈ ਦੇ ਮਹੱਤਵ ਨੂੰ ਪਹਿਲਾਂ ਹੀ ਪਹਿਚਾਣ ਲਿਆ ਸੀ ਜਿਸ ਕਾਰਨ ਵਿਕਸਿਤ ਦੇਸ਼ਾਂ ਵਿੱਚ ਹਰ ਨਾਗਰਿਕ ਪੜ੍ਹਿਆ-ਲਿਖਿਆ ਹੈ ਅਤੇ ਉਹਨਾਂ ਦੀ ਸਾਖਰਤਾ ਦਰ 100 ਫਿਸਦੀ ਹੈ। ਵਿਕਸਿਤ ਦੇਸ਼ਾਂ ਦੇ ਨਾਗਰਿਕਾਂ ਦੀ 100 ਫਿਸਦੀ ਸਾਖਰਤਾ ਦਰ ਕਾਰਨ ਹੀ ਉੱਥੋ ਦੇ ਨਾਗਰਿਕ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹਨ ਅਤੇ ਉਹਨਾਂ ਦਾ ਜੀਵਨ ਪੱਧਰ ਉਚਾ ਹੈ। ਸਾਡੇ ਦੇਸ਼ ਵਿੱਚ ਵਿਸ਼ਵ ਦੇ ਸਭ ਤੋਂ ਵੱਧ ਅਨਪੜ੍ਹ ਲੋਕ ਰਹਿੰਦੇ ਹਨ। ਭਾਰਤੀ ਸਮਾਜਿਕ ਢਾਂਚੇ ਅਨੁਸਾਰ ਇੱਕ ਖਾਸ ਵਰਗ ਸ਼ੂਦਰਾਂ ਅਤੇ ਮਹਿਲਾਵਾਂ ਨੂੰ ਸਦੀਆਂ ਤੱਕ ਵਿੱਦਿਆ ਪ੍ਰਾਪਤ ਕਰਨ ਦਾ ਅਧਿਕਾਰ ਨਹੀਂ ਸੀ। ਸਦੀਆਂ ਤੋਂ ਸਿੱਖਿਆ ਤੋਂ ਵਾਂਝੇ ਵਰਗਾਂ ਲਈ ਵਿੱਦਿਆ ਦਾ ਚਾਨਣ ਫੈਲਾਉਣ ਲਈ ਕਈ ਸਮਾਜ ਸੁਧ-ਾਰਕਾਂ ਨੇ ਮੁਹਿੰਮ ਚਲਾਈ ਜਿਵੇਂ ਜੋਤੀ ਰਾਓ ਫੂਲੇ ਅਤੇ ਸਵਿਤਰੀ ਬਾਈ ਫੂਲੇ, ਬਾਬੂ ਮੰਗੂ ਰਾਮ ਮੁਗੋਵਾਲੀਆ, ਡਾਕਟਰ ਬੀ ਆਰ ਅੰਬੇਡਕਰ ਆਦਿ ਨੇ ਸਿੱਖਿਆ ਤੋਂ ਵਾਂਝੇ ਲੋਕਾਂ ਲਈ ਅਦਾਰੇ ਖੋਲੇ ਅਤੇ ਭਾਰੀ ਮੁਸ਼ਕਿਲਾਂ ਅਤੇ ਰੁਕਾਵਟਾਂ ਦੇ ਬਾਵਜੂਦ ਇਨ੍ਹਾਂ ਵਰਗਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਿੱਖਿਅਤ ਕੀਤਾ। ਦੇਸ਼ ਦੇ ਦੂਰ ਦੁਰਾਡੇ ਭਾਗਾਂ ਵਿੱਚ ਰਹਿੰਦੇ ਲੋਕਾਂ ਤੱਕ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਨੇ ਸਿੱਖਿਆ ਪਹੁੰਚਾਣ ਲਈ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਭਾਰਤੀ ਸੰਵਿਧਾਨ ਵਿੱਚ ਵੀ ਨਾਗਰਿਕਾਂ ਦੀ ਸਿੱਖਿਆ ਲਈ ਵਿਸ਼ੇਸ਼ ਤੌਰ ਤੇ ਕਿਹਾ ਗਿਆ ਹ ਜਿਵੇਂ ਕਿ ਆਰਟੀਕਲ 30 ਅਨੁਸਾਰ ਘੱਟ ਗਿਣਤੀਆਂ ਅਪਣੇ ਲਈ ਵਿੱਦਿਅਕ ਅਦਾਰੇ ਸਥਾਪਿਤ ਕਰ ਸਕਦੇ ਹਨ, ਮੁੱਢਲੇ ਅਧਿਕਾਰਾਂ ਅਨੁਸਾਰ ਵੀ ਵਿੱਦਿਅਕ ਅਦਾਰਿਆਂ ਵਿੱਚ ਕਿਸੇ ਤਰ੍ਹਾਂ ਦੇ ਪੱਖਪਾਤ ਦੀ ਸੱਖਤ ਮਨਾਹੀ ਹੈ, ਆਰਟੀਕਲ 21 ਏ ਵਿੱਚ ਸੋਧ ਕਰਕੇ 6 ਤੋਂ 14 ਸਾਲ ਤੱਕ ਦੇ ਬੱਚਿਆਂ ਲਈ ਜਰੂਰੀ ਅਤੇ ਮੁੱਫਤ ਸਿੱਖਿਆ ਨੂੰ ਮੁੱਢਲੇ ਅਧਿਕਾਰਾਂ ਵਿੱਚ ਸ਼ਾਮਿਲ ਕੀਤਾ ਗਿਆ ਹੈ, ਆਰਟੀਕਲ 15,17 ਅਤੇ 46 ਸਦੀਆਂ ਤੋਂ ਲਿਤਾੜ੍ਹੇ ਕਮਜੋਰ ਵਰਗਾਂ ਦੇ ਸਿੱਖਿਆ ਦੇ ਹਿੱਤਾਂ ਦੀ ਸੁਰੱਖਿਆ ਲਈ ਹਨ। ਭਾਰਤ ਵਿੱਚ ਅਜੇ ਵੀ ਲੱਗਭੱਗ 60 ਲੱਖ ਬੱਚੇ ਸਕੂਲਾਂ ਤੋਂ ਬਾਹਰ ਹਨ




(ਬਾਕੀ ਸਫਾ 31 'ਤੇ)

### 360ਵੇਂ ਜਨਮ ਦਿਵਸ ਤੇ ਵਿਸ਼ੇਸ਼

# ਗੁਰੂ ਕੇ ਬੇਟੇ ਸ਼ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ



ਲਾਲ ਸਿੰਘ ਸੁਲਹਾਣੀ
91-98721-55120

ਸਿੱਖ ਇਤਿਹਾਸ ਦੀ ਸਿਰਜਣਾ ਲਈ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਖਾਨਦਾਨ ਦੀ ਘਾਲਣਾ ਅਮੁੱਲ ਹੈ। ਉਹਨਾਂ ਦੇ ਵਡੇਰੇ ਭਾਈ ਕਲਿਆਣਾ ਜੀ ਨੇ ਬਾਬਾ ਬੁੱਢਾ ਜੀ ਨਾਲ ਪਹਿਲੇ ਪਾਤਸ਼ਾਹ ਗੁਰੂ ਨਾਨਕ ਜੀ ਦੇ ਦਰਸ਼ਨ ਕੀਤੇ। ਉਹਨਾਂ ਨੇ ਪਹਿਲੀ ਪਾਤਸ਼ਾਹੀ ਤੋਂ ਲੈ ਕੇ ਛੇਵੀਂ ਪਾਤਸ਼ਾਹੀ ਤੱਕ ਗੁਰੂ ਘਰ ਦੀ ਸ਼ਰਧਾ ਭਾਵਨਾ ਸਹਿਤ ਸੇਵਾ ਕੀਤੀ।

ਭਾਈ ਕਲਿਆਣਾ ਜੀ ਨੇ ਦਰਬਾਰ ਸਾਹਿਬ ਦੀ ਉਸਾਰੀ ਲਈ ਸੁਕੇਤ ਮੰਡੀ ਤੋਂ ਲੱਕੜ ਲਿਆਉਣ ਦੀ ਸੇਵਾ ਨਿਭਾਈ ਤੇ ਗੁਰਸਿੱਖੀ ਦੇ ਪ੍ਰਚਾਰ ਵਿੱਚ ਉੱਘਾ ਯੋਗਦਾਨ ਪਾਇਆ। ਆਪ ਦੀ ਪਰੇਰਨਾ ਸਦਕਾ ਸੁਕੇਤ ਮੰਡੀ ਦਾ 'ਰਾਜਾ ਹਰੀ ਸੈਨ' ਗੁਰੂ ਘਰ ਦਾ ਸ਼ਰਧਾਲੂ ਬਣਿਆ। ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਦੇ ਕਿਲੇ ਦੀ ਕੈਦ ਦੌਰਾਨ ਗੁਰੂ ਘਰ ਦਾ ਕਾਰੋਬਾਰ ਜਿਹਨਾਂ ਮੁਖੀ ਸਿੱਖਾਂ ਨੂੰ ਸੌਂਪਿਆ ਗਿਆ ਸੀ ਉਹਨਾਂ ਵਿਚ ਭਾਈ ਕਲਿਆਣਾ ਜੀ, ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਬਹਿਲੋ ਜੀ ਅਤੇ ਭਾਈ ਭਗਤੂ ਜੀ ਪ੍ਰਮੁੱਖ ਸਨ। ਭਾਈ ਕਲਿਆਣਾ ਜੀ ਦੇ ਸੱਚ ਖੰਡ ਪਿਆਨਾ ਕਰਨ ਤੇ ਗੁਰੂ ਹਰਗੋਬਿੰਦ ਸਾਹਿਬ ਜੀ ਵਲੋਂ ਰਮਦਾਸ ਵਿਖੇ ਆਪਣੇ ਹੱਥੀਂ ਉਹਨਾਂ ਦਾ ਸਸਕਾਰ ਕੀਤਾ ਗਿਆ। ਬਾਬਾ ਬੁੱਢਾ ਜੀ ਦੀ ਸਮਾਧ ਦੇ ਕੋਲ ਉਹਨਾਂ ਦੀ ਯਾਦਗਾਰ ਅੱਜ ਵੀ ਸਸ਼ੋਭਿਤ ਹੈ।

ਭਾਈ ਕਲਿਆਣਾ ਜੀ ਦੇ ਸਪੁੱਤਰ ਭਾਈ ਸੁਖਭਾਨ ਜੀ ਨੇ ਦਿੱਲੀ ਵਿਖੇ ਆਪਣੇ ਪਿਤਾ ਜੀ ਦੀ ਯਾਦ ਵਿੱਚੋਂ ਭਾਈ ਕਲਿਆਣਾ ਜੀ ਧਰਮਸ਼ਾਲਾ ਬਣਵਾਈ। ਜਿੱਥੇ ਪ੍ਰਸਿੱਧ ਸੰਗੀਤ ਕੇਂਦਰ ਤੇ ਗੁਰਮਤਿ ਵਿਦਿਆਲਾ ਚਾਲੂ ਕੀਤਾ ਗਿਆ। ਉਹਨਾਂ ਦੇ ਸਪੁੱਤਰ ਭਾਈ ਜਸਭਾਨ ਜੀ ਨੇ ਗੁਰੂ ਘਰ ਦੇ ਅਨਿੰਨ ਭਗਤ ਵਜੋਂ ਸੰਗੀਤ ਵਿਦਿਆਲੇ ਦੀ ਸੇਵਾ ਨਿਭਾਈ।

ਭਾਈ ਜਸਭਾਨ ਜੀ ਦੇ ਸਪੁੱਤਰ ਭਾਈ ਆਗਿਆ ਰਾਮ ਤੇ ਭਾਈ ਸਦਾ ਨੰਦ ਜੀ ਹੋਏ ਹਨ। ਭਾਈ ਸਦਾ ਨੰਦ ਜੀ ਗੁਰਮਤਿ ਸੰਗੀਤ ਦੇ ਸ਼ਾਹਕਾਰ ਸਨ। ਗੁਰੂ ਤੇਗ ਬਹਾਦਰ ਜੀ ਦੀ ਪਹਿਲੀ ਪ੍ਰਚਾਰ ਯਾਤਰਾ ਦੌਰਾਨ 13 ਅਕਤੂਬਰ 1657 ਈ: ਨੂੰ ਭਾਈ ਸਦਾ ਨੰਦ ਜੀ ਦੀ ਸ਼ਾਦੀ ਕੋਇਲ ਨਗਰ (ਮੌਜੂਦਾ ਅਲੀਗੜ) ਨਿਵਾਸੀ ਪੰਡਿਤ ਸ਼ਿਵ ਨਰਾਇਣ ਜੀ ਦੀ ਸਪੁੱਤਰੀ ਬੀਬੀ ਲਾਜਵੰਤੀ ਜੀ ਨਾਲ ਆਪ ਕਰਵਾਈ। ਬੀਬੀ ਜੀ ਬੜੇ ਕੀਰਤਨ ਰਸੀਏ ਤੇ ਸੰਗੀਤ ਪ੍ਰੇਮੀ ਸਨ। ਜੋ ਗੁਰੂ ਘਰ ਵਿੱਚ ਆਪਣੀ ਸੇਵਾ ਭਾਵਨਾ ਸ਼ਰਧਾ ਅਤੇ ਪ੍ਰੇਮਾ ਭਗਤੀ ਕਰਕੇਂ ਬੀਬੀ ਪ੍ਰੇਮ ਵਜੋਂ ਪ੍ਰਸਿੱਧ ਹੋਏ। ਭਾਈ ਸਦਾ ਨੰਦ ਜੀ ਯੁੱਧ ਕਲਾ ਵਿੱਚ ਪ੍ਰਬੀਨ, ਸੰਤ -ਸਿਪਾਹੀ, ਗੁਰਮਤਿ ਦੇ ਵਿਦਵਾਨ, ਪ੍ਰਚਾਰਕ ਅਤੇ ਮਹਾਨ ਸੰਗੀਤ ਅਚਾਰੀਆ ਸਨ। ਵਰਣਨਯੋਗ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਦੂਸਰੀ ਪ੍ਰਚਾਰ ਯਾਤਰਾ ਦੌਰਾਨ ਭਾਈ ਸਦਾ ਨੰਦ ਜੀ ਦੇ ਗ੍ਰਹਿ ਵਿਖੇ ਬੀਬੀ ਪ੍ਰੇਮ ਜੀ ਦੀ ਸੁਲੱਖਣੀ ਕੁੱਖੋਂ 2 ਸਤੰਬਰ 1661 ਈ: ਨੂੰ ਇੱਕ ਹੋਣਹਾਰ ਬਾਲਕ ਦਾ ਜਨਮ ਹੋਇਆ। ਬਾਲਕ ਦਾ ਨਾਮ ਗੁਰੂ ਤੇਗ ਬਹਾਦਰ ਜੀ ਨੇ ਆਪ ਜਯਤਾ (ਜੈਤਾ) ਰੱਖਿਆ। ਭਾਈ ਜੈਤਾ ਜੀ ਦਾ ਬਚਪਨ ਬੜੇ ਚਾਵਾਂ ਮਲਾਰਾਂ ਨਾਲ ਗੁਰੂ ਘਰ ਵਿੱਚ ਗੁਜ਼ਰਿਆ। ਉਹਨਾਂ ਨੇ ਸਸ਼ਤਰ ਵਿਦਿਆ ਵਿਚ ਗੱਤਕਾ ਖੇਡਣਾ, ਜੰਗੀ ਮਸ਼ਕਾਂ, ਕੁਸ਼ਤੀ , ਤੈਰਾਕੀ ਨੇਜੇਬਾਜੀ, ਤੀਰ ਅੰਦਾਜ਼ੀ, ਘੋੜ ਸਵਾਰੀ ਤੇ ਨਿਸ਼ਾਨੇ ਬਾਜੀ ਵਿਚ ਚੋਖੀ ਮੁਹਾਰਤ ਹਾਸਿਲ ਕਰ ਲਈ । ਭਾਈ ਜੈਤਾ ਜੀ ਨੇ ਪੰਜਾਬੀ, ਬ੍ਰਿਜ ਭਾਸ਼ਾ,ਸੰਸਕ੍ਰਿਤ, ਹਿੰਦੀ, ਫਾਰਸੀ ,ਅਰਬੀ ਆਦਿ ਭਾਸ਼ਾਵਾਂ ਦਾ ਗਿਆਨ ਹਾਸਲ ਕਰ ਲਿਆ। ਪ੍ਰਸਿੱਧ ਸੰਗੀਤ ਆਚਾਰੀਆ ਭਾਈ ਸਦਾ ਨੰਦ ਜੀ ਤੋਂ ਆਪ ਨੇ ਸੰਗੀਤ ਦਾ ਗਿਆਨ ਹਾਸਿਲ ਕੀਤਾ।

ਗੁਰੂ ਜੀ ਦੀ ਤੀਸਰੀ ਯਾਤਰਾ ਦੌਰਾਨ 23 ਦਸੰਬਰ 1666 ਈ:ਨੂੰ ਭਾਈ ਸਦਾ ਨੰਦ ਜੀ ਦੇ ਦੂਸਰੇ ਬੇਟੇ ਸੰਗਤ (ਭਾਈ ਸੰਗਤ ਸਿੰਘ) ਦਾ ਜਨਮ ਪਟਨਾ ਸਾਹਿਬ ਵਿਖੇ ਹੋਇਆ। ਇਤਿਹਾਸ ਗਵਾਹ ਹੈ ਕਿ ਭਾਈ ਜੈਤਾ ਨੇ ਦਿੱਲੀ ਦੇ ਦਹਿਸ਼ਤਜ਼ਦਾ ਮਹੌਲ ਵਿਚੋਂ ਗੁਰੂ ਤੇਗ ਬਹਾਦਰ ਜੀ ਦੇ ਪਵਿਤਰ ਸੀਸ ਨੂੰ ਦਿੱਲੀ ਦੇ ਚਾਂਦਨੀ ਚੌਕ ਵਿੱਚ ਬੇਅਦਬ ਹੋਣ ਤੋਂ ਬਚਾ ਕੇ 322 ਕਿਲੋ ਮੀਟਰ ਲੰਬਾ ਤੇ ਬਿਖੜਾ ਪੈਂਡਾ ਤਹਿ ਕਰਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁਚਾਉਣ ਦਾ ਮਹਾਨ ਜੁਅਰਤ ਤੇ ਦਲੇਰੀ ਭਰਿਆ ਕਾਰਨਾਮਾ ਕਰ ਦਿਖਾਇਆ। ਜਿਸ ਸਦਕਾ ਬਾਲ ਗੁਰੂ ਗੋਬਿੰਦ ਰਾਏ ਜੀ ਨੇ ਉਹਨਾਂ ਨੂੰ ਨਿੱਘੀ ਗਲਵਕੜੀ ਵਿਚ ਛਾਤੀ ਨਾਲ ਘੁਟਦਿਆਂ ਰੰਘਰੇਟੇ ਗੁਰੂ ਕੇ ਬੇਟੇ ਆਖ ਕੇ ਨਿਵਾਜਿਆ। ਭਾਈ ਜੈਤਾ ਜੀ ਨੇ ਗੁਰੂ ਤੇਗ ਬਹਾਦਰ ਜੀ ਵੱਲੋਂ ਬਖਸ਼ਿਸ਼ ਕੀਤੀ ਗੁਰਿਆਈ ਸਮੱਗਰੀ ਤੇ 57 ਸਲੋਕ ਵੀ ਅਨੰਦਪੁਰ ਸਾਹਿਬ ਪੁਚਾਉਣ ਦਾ ਉੱਤਮ ਕਾਰਜ ਕੀਤਾ।



ਬੇਗ਼ਮਪੁਰੇ ਤੇ ਹਲੇਮੀ ਰਾਜ ਦੀ ਸਥਾਪਨਾ ਲਈ ਸਾਹਿਬ -ਇ -ਕਮਾਲ ਗੁਰੂ ਗੋਬਿੰਦ ਸਿੰਘ ਜੀ ਵਲੋਂ ਲੜੇ ਗਏ 14 ਧਰਮ ਯੁੱਧਾਂ (ਭੰਗਾਣੀ ਤੋਂ ਚਮਕੌਰ ਤੱਕ) ਦੌਰਾਨ ਆਪਣੀ ਯੋਗਤਾ,ਬੀਰਤਾ ਅਤੇ ਜਵਾਂ -ਮਰਦੀ ਦੇ ਜੌਹਰ ਦਿਖਾਏ। ਦੇਸ ਦੀ ਅਜ਼ਮਤ ਅਤੇ ਅਸਮਤ ਦੀ ਰਾਖੀ ਲਈ ਅਤੇ ਕੌਮ ਨੂੰ ਨਵਾਂ ਜੀਵਨ ਦੇਣ ਸਦਕਾ ਵਿਸਾਖੀ (30 ਮਾਰਚ 1699) ਨੂੰ ਖਾਲਸੇ ਦੀ ਸਿਰਜਣਾ ਸਮੇਂ ਗੁਰੂ ਜੀ ਨੇ ਭਾਈ ਜੈਤਾ ਜੀ ਦਾ ਨਾਮ ਭਾਈ ਜੀਵਨ ਸਿੰਘ ਰੱਖਿਆ।

19-20 ਦਸੰਬਰ 1704 ਈ: ਦੀ ਰਾਤ ਨੂੰ ਗੁਰੂ ਜੀ ਵਲੋਂ ਅਨੰਦਪੁਰ ਸਾਹਿਬ ਛੱਡਣ ਤੋਂ ਬਾਅਦ ਬਾਈਧਾਰ ਦੇ ਹਿੰਦੂ ਰਾਜਿਆਂ ਅਤੇ ਸ਼ਾਹੀ ਮੁਗਲ ਫੌਜਾਂ ਨੇ ਵਾਅਦੇ ਮੁਆਹਿਦੇ ਤੇ ਕਸਮਾਂ ਤੋੜ ਕੇ ਸਰਸਾ ਦੇ ਕੰਡੇ ਅਚਾਨਕ ਹੱਲਾ ਬੋਲ ਦਿੱਤਾ। ਇਸ ਲੜਾਈ ਵਿੱਚ ਉਹਨਾਂ ਦੇ ਪਰਮ ਮਿੱਤਰ ਭਾਈ ਉਦੈ ਸਿੰਘ ਜੀ ਸ਼ਹੀਦ ਹੋ ਗਏ। ਏਥੇ ਹੀ ਬਾਬਾ ਜੀਵਨ ਸਿੰਘ ਜੀ ਦੇ ਮਾਤਾ ਬੀਬੀ ਪ੍ਰੇਮ ਜੀ, ਉਹਨਾਂ ਦੀ ਧਰਮ ਪਤਨੀ ਬੀਬੀ ਰਾਜ ਕੌਰ ਅਤੇ ਦੋ ਛੋਟੇ ਬੇਟੇ ਭਾਈ ਗੁਲਜ਼ਾਰ ਸਿੰਘ ਜੀ ਅਤੇ ਭਾਈ ਗੁ-ਰਦਿਆਲ ਸਿੰਘ ਜੀ ਸ਼ਹੀਦ ਹੋ ਗਏ। ਬਾਬਾ ਜੀਵਨ ਸਿੰਘ ਜੀ ਨੇ ਇਸ ਯੁੱਧ ਦੌਰਾਨ ਆਪਣੀ ਬੀਰਤਾ ਦੇ ਜੌਹਰ ਦਿਖਾਉਂਦਿਆਂ ਘੋੜੇ ਦੀਆਂ ਲਗਾਮਾਂ ਮੂੰਹ ਵਿੱਚ ਲੈ ਕੇ ਦੋਹਾਂ ਹੱਥਾਂ ਨਾਲ ਤਲਵਾਰਾਂ ਚਲਾਉਂਦਿਆਂ ਦੁ-ਸ਼ਮਣਾਂ ਦੇ ਸੱਥਰ ਵਿਛਾ ਦਿੱਤੇ ਤੇ ਆਪਣੇ ਸਸ਼ਤਰ ਵਿਦਿਆ ਦੇ ਸ਼ਗਿਰਦ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਵੈਰੀ ਦਲਾਂ ਦੇ ਘੇਰੇ ਵਿੱਚੋਂ ਕੱਢ ਲਿਆਉਣ ਵਿੱਚ ਕਾਮਯਾਬ ਹੋ ਗਏ ।

21 ਦਸੰਬਰ 1704 ਈ: ਨੂੰ ਗੁਰੂ ਜੀ 40 ਕੁ ਥੱਕੇ ਟੁੱਟੇ ਤੇ ਭੁੱਖਣ ਭਾਣੇ ਸਿੰਘਾਂ ਸਮੇਤ ਚਮਕੌਰ ਦੀ ਕੱਚੀ ਗੜ੍ਹੈਹੀ ( ਹਵੇਲੀ) ਵਿੱਚ ਆ ਗਏ ।ਏਥੇ ਦੁਨੀਆਂ ਦੀ ਸੱਭ ਤੋਂ ਅੱਠਵੀਂ ਜੰਗ ਹੋਈ। ਗੁਰੂ ਜੀ ਦੇ ਦੋ ਵੱਡੇ ਸਾਹਿਬਜ਼ਾਦੇ ਤੇ ਪੈਰਾਣਾਂ ਤੋਂ ਪਿਆਰੇ ਸਿੰਘ ਇਸ ਮੌਕੇ ਸ਼ਹੀਦ ਹੋ ਗਏ। ਚਮਕੌਰ ਦੀ ਬੇਮੇਚ ਜੰਗ ਵਿੱਚ ਬਾਬਾ ਜੀ ਦੇ ਸਹੁਰਾ ਸਾਹਿਬ ਭਾਈ ਖਜ਼ਾਨ ਸਿੰਘ ਜੀ , ਛੋਟੇ ਭਰਾਤਾ ਭਾਈ ਸੰਗਤ ਸਿੰਘ ਜੀ ਅਤੇ ਦੋ ਵੱਡੇ ਵੱਡੇ ਬੇਟੇ ਭਾਈ ਸੁੱਖਾ ਸਿੰਘ ਤੇ ਭਾਈ ਸੇਵਾ ਸਿੰਘ ਜੀ ਵੀ ਸ਼ਹੀਦ ਹੋ ਗਏ । ਖਾਲਸੇ ਨੇ ਗੁਰੂ ਜੀ ਨੂੰ ਚਮਕੌਰ ਗੜੀ ਵਿਚੋਂ ਸੁਰੱਖਿਅਤ ਬਚ ਨਿਕਲਣ ਦਾ ਫ਼ਰਮਮਨ ਜਾਰੀ ਕਰ ਦਿੱਤਾ । ਗੁਰੂ ਜੀ ਆਪਣੀ ਕਲਗੀ, ਸਸ਼ਤਰ ਤੇ ਬਸਤਰ ਬਾਬਾ ਜੀਵਨ ਸਿੰਘ ਜੀ ਨੂੰ ਸੌਂਪ ਕੇ ਮਾਛੀਵਾੜੇ ਦੇ ਜੰਗਲਾਂ ਨੂੰ ਚਲੇ ਗਏ। ਦਰਬਾਰੀ ਕਵੀ ਕੰਕਣ ਲਿਖਦਾ ਹੈ ਕਿ :-

ਨਿਜ ਕਲਗੀ ਸਿਰ ਦਈ ਸਜਾਇ।
ਦਈ ਪੋਸ਼ਾਕ ਆਪਣੀ ਪਹਿਰਾਇ।
ਜੀਵਨ ਸਿੰਘ ਕੋ ਬੁਰਜ ਬੈਠਿਇ।
ਤਜ ਗੜ੍ਹੈਹੀ ਗੁਰੂ ਗੋਬਿੰਦ ਸਿੰਘ ਜਾਇ।
(ਸੰਛੇਪ ਦਸ ਗੁਰ ਕਥਾ - ਕਵੀ ਕੰਕਣ
ਸੰਪਾਦਕ ਡਾ :ਗੁਰਮੁੱਖ ਸਿੰਘ ਐਮ. ਏ.,
ਪੀ. ਐਚ. ਡੀ. ਖੋਜ ਅਫਸਰ ਭਾਸ਼ਾ ਵਿਭਾਗ ਪੰਜਾਬ) ।

ਇਤਿਹਾਸਕਾਰ ਸ: ਰਤਨ ਸਿੰਘ ਭੰਗੂ ਲਿਖਦਾ ਹੈ ਕਿ :--

ਜੀਵਨ ਸਿੰਘ ਰੰਘਰੇਟੜੋ ਬੰਦੂਕੀ ਖੂਬ ਅਖਵਾਇ।
ਏਕ ਬੁਰਜ ਮਧ ਸੇ ਬਹਯੋ, ਏਕਲ ਹੀ ਸੋ ਥਾਇ।
(ਪ੍ਰਾਚੀਨ ਪੰਥ ਪੈਰਕਾਸ਼ ਰਤਨ ਸਿੰਘ ਭੰਗੂ )

ਅੰਤ ਚਮਕੌਰ ਵਿਖੇ ਆਪਣੀਆਂ ਦੋ ਬੰਦੂਕਾਂ ਨਾਗੀ ਤੇ ਬਾਣੀ ਨਾਲ ਬੁਰਜ ਤੋਂ ਆਖਰੀ ਦਮ ਤੱਕ ਲੜਦਿਆਂ ਲੜਦਿਆਂ ਬਾਬਾ ਜੀਵਨ ਸਿੰਘ ਜੀ ਸ਼ਹਾਦਤ ਦਾ ਜਾਮ ਪੀ ਗਏ। ਉਹਨਾਂ ਨੇ ਗੁਰੂ ਜੀ ਦਾ

ਸਵਾ ਲੱਖ ਸੇ ਏਕ ਲੜਾਊਂ।
ਤਬੈ ਗੋਬਿੰਦ ਸਿੰਘ ਨਾਮ ਕਹਾਊਂ।

ਬਚਨ ਸੱਚ ਕਰ ਦਿਖਾਇਆ।

ਦਰਬਾਰੀ ਕਵੀ ਕੰਕਣ ਲਿਖਦਾ ਹੈ ਕਿ :--

ਅੰਤ ਅਕੇਲਾ ਗੜ੍ਹੈਹੀ ਮੇਂ ,
ਬੰਦੂਕੀ ਪ੍ਰਬੀਨ।
ਜੀਵਨ ਸਿੰਘ ਰੰਘਰੇਟੜੋ,
ਜੂਝ ਗਇਓ ਸੰਗ ਦੀਨ।
ਵਜੀਰਾ ਅਤ ਪੈਰਸੰਨ ਭਯੋ,
ਮਾਰ ਲੀਓ ਗੋਬਿੰਦ।
ਦਿੱਲੀ ਧਾਇਓ ਸੀਸ ਲੈ,
ਖੁਸ਼ੀ ਕਰਨ ਨਰਿੰਦ।

ਚਮਕੌਰ ਵਿਖੇ ਸ਼ਹੀਦ ਸਿੰਘਾਂ ਵਿਚੋਂ ਇਕੱਲੇ ਬਾਬਾ ਜੀਵਨ ਸਿੰਘ ਜੀ ਦੀ ਪੈਰਾਚੀਨ ਯਾਦਗਾਰ ਅੱਜ ਵੀ ਸਸ਼ੋਭਿਤ ਹੈ। ਜਿਥੇ ਹੁਣ ਬਾਬਾ ਜੀ ਦੀ ਉੱਤਮ ਦੇ ਲੋਕਾਂ ਵਲੋਂ ਸੱਤ ਮੰਜ਼ੈਲਾ ਗੁਰਦੁਆਰਾ ਸਾਹਿਬ ਤਾਮੀਰ ਕਰਵ-ਾਇਆ ਗਿਆ ਹੈ। ਪਰ ਸ਼ਰੋਮਣੀ ਕਮੇਟੀ ਵਲੋਂ ਉਸ ਦਾ ਰਸਤਾ ਬਜ਼ਾਰ ਵਾਲੇ ਪਾਸਿਓਂ ਬੰਦ ਕੀਤਾ ਹੋਇਆ ਹੈ।

ਬ੍ਰਾਹਮਣਵਾਦੀ ਪੈਰੇਤ ਛਾਇਆ ਦੇ ਅਸਰ ਹੇਠ ਅਖੌਤੀ ਪੰਥਕ ਠੇਕੇਦਾਰਾਂ ਵਲੋਂ ਬਾਬਾ ਜੀਵਨ ਸਿੰਘ ਜੀ ਨੂੰ ਸਿਰਤੋੜ ਪੰਥਕ ਸੇਵਾ ਕਰਨ ਦੇ ਬਾਵਜੂਦ ਵੀ ਢੁਕਵਾਂ ਸਤਕਾਰ ਨਹੀਂ ਦਿੱਤਾ ਗਿਆ। ਪਤਾ ਨਹੀਂ ਕਿਉਂ?

ਉਹਨਾਂ ਦੇ ਖ਼ਾਨਦਾਨ ਵਲੋਂ ਕੌਮੀ ਉਸਾਰੀ ਲਈ ਪਾਏ ਨਿੱਗਰ ਯੋਗਦਾਨ, ਗੁਰੂ ਘਰ ਨਾਲ ਅਟੁੱਟ ਸਾਂਝ ਤੇ ਲਾਸਾਨੀ ਕੁਰਬਾਨੀਆਂ ਦੇ ਬਾਵਜੂਦ ਵੀ ਜਾਣੇ ਅਣਜਾਣੇ ਨਜ਼ਰ ਅੰਦਾਜ਼ ਕਰ ਦਿੱਤਾ ਗਿਆ ਹੈ। ਜਦੋਂ ਕਿ ਪੰਥ ਦੇ ਠੇਕੇਦਾਰਾਂ ਵੱਲੋਂ ਜੰਡਾਂ, ਕਰੀਰਾਂ, ਟਾਹਲੀਆਂ ਬੇਰੀਆਂ ਆਦਿ ਦਰੱਖਤਾਂ ਤੇ ਤਿੱਤਰਾਂ, ਬਾਜਾਂ ,ਘੋਗੜਾਂ ਆਦਿ ਪੰਛੀਆਂ ਦੇ ਨਾਵਾਂ ਤੇ ਆਲੀਸ਼ਾਨ ਯਾਦਗਾਰਾਂ ਉਸਾਰੀਆਂ ਗਈਆਂ ਹਨ। ਕੀ ਬਾਬਾ ਜੀਵਨ ਸਿੰਘ ਜੀ ਦੇ ਖਾਨਦਾਨ ਦੀ ਘਾਲਣਾ ਤੇ ਪੰਥਕ ਸੇਵਾ ਉਹਨਾਂ ਤੋਂ ਵੀ ਨਿਗੂਣੀ ਐ।

ਸੁੱਚੀ ਮਾਨਵੀ ਸੋਚ ਤੇ ਗੁਰਮਤਿ ਵਿਚਾਰਧਾਰਾ ਦੇ ਉਲਟ ਪੰਥਕ ਠੇਕੇਦਾਰਾਂ ਵਲੋਂ ਅੱਜ ਵੀ ਬਾਬਾ ਜੀਵਨ ਸਿੰਘ ਜੀ ਦੀ ਉੱਮਤ ਦੇ ਲੋਕਾਂ ਨੂੰ ਕੰਮੀ-ਕਮੀਣ, ਲਾਗੀ -ਵਗਾਰੀ, ਨੀਚ -ਨਿਮਾਣੇ , ਸੀਰੀ-ਪਾਲੀ ਤੇ ਗੋਲੂ-ਗੁਲਾਮ ਬਣਾ ਕੇ ਰੱਖਿਆ ਹੋਇਆ ਹੈ। ਜਦੋਂ ਕਿ ਗੁਰੂ ਸਾਹਿਬ ਦਾ ਮਾਨਵਵਾਦੀ ਟੀਚਾ 'ਇਨ ਗਰੀਬ ਸਿਖਨ ਕਉ' ਦੇਊਂ ਪਾਤਸ਼ਾਹੀਂ ਮਿੱਥਿਆ ਗਿਆ ਹੈ।

## ਬਸਪਾ ਨੇ ਸਤੰਬਰ ਮਹੀਨਾ ਬਾਬਾ ਜੀਵਨ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਕੀਤਾ ਹੈ ਜਿਸ ਤਹਿਤ

8 ਸਤੰਬਰ ਜਲੰਧਰ (ਸੂਬਾ ਪੱਧਰੀ ਮੀਟਿੰਗ),

11 ਸਤੰਬਰ ਬੁੱਢਲਾਡਾ

18 ਸਤੰਬਰ ਸ੍ਰੀ ਹਰਗੋਬਿੰਦਪੁਰ,

21 ਸਤੰਬਰ ਸ੍ਰੀ ਅਮ੍ਰਿਤਸਰ ਸਾਹਿਬ

24 ਸਤੰਬਰ ਮੋਗਾ,

25 ਸਤੰਬਰ ਸ੍ਰੀ ਮੁਕਤਸਰ ਸਾਹਿਬ

28 ਸਤੰਬਰ ਮਹਿਲਕਲਾਂ

29 ਸਤੰਬਰ ਫਰੀਦਕੋਟ

ਨੂੰ "ਕਿਤੀ ਭੁੱਲ ਨਾ ਜਾਈਏ ਮਹਾਂਪੁਰਸ਼ਾਂ ਦੀ ਕੁਰਬਾਨੀ ਨੂੰ" ਤਹਿਤ ਬਾਬਾ ਜੀਵਨ ਸਿੰਘ ਜੀ ਦਾ ਜਨਮ ਦਿਹਾੜਾ ਬਸਪਾ ਦੇ ਨੀਲੇ ਝੰਡੇ ਹੇਠ ਧੂਮਧਾਮ ਨਾਲ ਮਨਾਇਆ ਜਾਵੇਗਾ।

ਸਹੀ/-

**ਸੂਬਾ ਦਫਤਰ, ਬਸਪਾ ਜਲੰਧਰ।**



# ਪ੍ਰਸਿੱਧ ਕਵਿੱਤਰੀ, ਐਂਕਰ ਤੇ ਕਹਾਣੀਕਾਰਾ : ਅਮਰਦੀਪ ਕੌਰ ਲੱਕੀ

ਸਾਹਿਤਕ, ਸੱਭਿਆਚਾਰਕ ਅਤੇ ਵਿੱਦਿਅਕ ਖੇਤਰ ਵਿਚ ਸਮਾਜ ਲਈ ਕੁਝ ਕਰ ਗੁਜ਼ਰਨ ਦਾ ਮਾਦਾ ਰੱਖਣ ਵਾਲੀ ਨੌ-ਜਵਾਨ ਪੀੜ੍ਹੀ ਵਿਚੋਂ ਅਮਰਦੀਪ ਕੌਰ ਲੱਕੀ ਇਕ ਸਿਰਮੌਰ ਨਾਂਓਂ ਹੈ। 'ਖੋਲ੍ਹੋ ਦਿਮਾਗ ਦੇ ਦੁਆਰ', 'ਆ ਬਾਬਾ ਨਾਨਕਾ', 'ਛੱਡ ਦੇ ਸ਼ਰਾਬ ਸਰਦਾਰਾ', 'ਨਾਰੀ ਦਿਵਸ 'ਤੇ' ਅਤੇ 'ਮਾਂ' ਆਦਿ ਕਵਿਤਾਵਾਂ ਅਤੇ, 'ਸ਼ੁਰੂਆਤ', 'ਅਸਲੀ ਸਜ਼ਾ', 'ਕਬੂਤਰ ਤੇ ਸ਼ਿਕਾਰੀ' ਅਤੇ 'ਨਮਕ ਹਰਾਮੀ' ਆਦਿ ਉਸਦੀ ਕਲਮ ਦੀਆਂ ਸਿਰਜੀਆਂ ਅਤੇ ਦੇਸ਼-ਵਿਦੇਸ਼ ਦੇ ਅਖ਼ਬਾਰਾਂ-ਮੈਗਜ਼ੀਨਾਂ ਦਾ ਸ਼ਿੰਗਾਰ ਬਣੀਆਂ ਉਸ ਦੀਆਂ ਅਨੇਕਾਂ ਕਹਾਣੀਆਂ ਦੱਸਦੀਆਂ ਹਨ ਕਿ ਅਮਰਦੀਪ ਵਾਕਿਆ ਹੀ 'ਲੱਕੀ' ਹੈ, ਜਿਸਨੂੰ ਕਿ ਵਾਰਤਿਕ ਅਤੇ ਕਾਵਿ ਦੋਵਾਂ ਰੂਪਾਂ ਵਿਚ ਸਿਰੇ ਦੀ ਮੁਹਾਰਤ ਹਾਸਲ ਹੈ।

ਆਪਣੀਆਂ ਲਿਖੀਆਂ ਕਵਿਤਾਵਾਂ-ਗੀਤਾਂ ਨੂੰ ਜਦੋਂ ਉਹ ਸਟੇਜਾਂ ਉਤੇ ਗਾਉਂਦੀ ਹੈ ਤਾਂ ਅਗਲੀ ਕਲਾ ਉਸ ਦੀ ਸਾਹਮਣੇ ਆ ਜਾਂਦੀ ਹੈ, ਸੁਰੀਲੇ ਗਲੇ ਵਾਲੀ ਗਾਇਕੀ ਦੀ। ਫਿਰ 20 ਅਕਤੂਬਰ 2015 ਨੂੰ ਪੰਜਾਬੀ ਸੂਬੇ ਦੀ 50-ਵੀਂ ਵਰ੍ਹੇ-ਗੰਢ ਮਨਾਉਣ ਮੌਕੇ, ਜਦੋਂ ਕਿ ਸੁਖਬੀਰ ਸਿੰਘ ਬਾਦਲ ਜੀ ਮੁੱਖ ਮਹਿਮਾਨ ਵਜੋਂ ਉਸ ਦੇ ਸਕੂਲ ਵਿਚ ਪਧਾਰੇ ਸਨ, ਤਾਂ ਐਂਕਰ ਦੀ ਡਿਊਟੀ ਅਮਰਦੀਪ ਕੌਰ ਨੇ ਬਾ-ਖ਼ੂਬੀ ਨਿਭਾ ਕੇ ਸਾਬਤ ਕਰ ਵਿਖਾਇਆ ਸੀ ਕਿ ਉਹ ਇਕ ਸਫ਼ਲ ਐਂਕਰ ਵੀ ਹੈ।

ਦਕੋਹਾ (ਜਲੰਧਰ) ਦੀ ਜੰਮਪਲ, ਪਿਤਾ ਸ. ਹਿੰਮਤ ਸਿੰਘ ਜੀ ਅਤੇ ਮਾਤਾ ਸ੍ਰੀਮਤੀ ਹਰਮਿੰਦਰ ਕੌਰ ਜੀ ਦੀ ਲਾਡਲੀ ਅਮਰਦੀਪ ਦੱਸਦੀ ਹੈ ਕਿ ਉਸਦੇ ਲਿਖਣ ਦਾ ਸਫ਼ਰ ਗੌਰਮਿੰਟ ਪੌਲੀਟੈਕਨਿਕ ਜਲੰਧਰ ਵਿਖੇ ਆਫ਼ਿਸ ਮੈਨੇਜਮੈਂਟ ਦਾ ਡਿਪਲੋਮਾ ਕਰਦਿਆਂ ਉੱਥੋਂ ਦੇ ਇੱਕ ਲੋਕਲ ਮੈਗ਼ਜ਼ੀਨ ਤੋਂ ਸ਼ੁਰੂ ਹੋਇਆ ਸੀ। ਐੱਮ. ਏ. ਬੀ. ਐੱਡ ਦੇ ਨਾਲ-ਨਾਲ ਆਫ਼ਿਸ ਮੈਨੇਜਮੈਂਟ ਦਾ ਡਿਪਲੋਮਾ ਪਾਸ ਇਹ ਮੁਟਿਆਰ ਅੱਜ-ਕੱਲ੍ਹ ਬਾਲ ਭਾਰਤੀ ਪਬਲਿਕ ਸਕੂਲ



(ਸੀ. ਬੀ. ਐੱਸ. ਈ.) ਵਿੱਚ ਬਤੌਰ ਪੰਜਾਬੀ ਅਧਿਆਪਕਾ (ਐਚ. ਓ. ਡੀ. ਪੰਜਾਬੀ ਡੀਪਾਰਟਮੈਂਟ) ਭੂਮਿਕਾ ਨਿਭਾਅ ਰਹੀ ਹੈ। ਉਹ ਸਕੂਲ ਵਿਚ ਵਿਦਿਆਰਥੀਆਂ ਨੂੰ ਸਮੇਂ-ਸਮੇਂ ਤੇ ਕਵਿਤਾ, ਭਾਸ਼ਣ, ਮਾਈਮ ਤੇ ਸਕਿੱਟ ਆਦਿ ਮੁਕਾਬਲਿਆਂ ਦੀ ਵੀ ਤਿਆਰੀ ਕਰਵਾਉਂਦੀ ਹੈ। ਪ੍ਰਕਾਸ਼ਨਾ ਖੇਤਰ ਵਿਚ ਲੱਕੀ ਦੀਆਂ ਰਚਨਾਵਾਂ ਹਾਇਕੂ ਵਿਸ਼ੇ ਤੇ ਦੋ ਸਾਂਝੀਆਂ ਕਿਤਾਬਾਂ 'ਸੰਦਲੀ ਪੈੜਾਂ' ਤੇ 'ਪੰਜਾਬੀ ਹਾਇਕੂ ਰਿਸ਼ਮਾਂ', ਤਾਂਕਾ ਵਿਸ਼ੇ ਤੇ 'ਇੱਕੋ ਰਾਹ ਦੇ ਪਾਂਧੀ' ਵਿਚ ਛਪ ਚੁੱਕੀਆਂ ਹਨ। ਇਸੇ ਤਰ੍ਹਾਂ, 'ਮਹਿਕ ਪੰਜਾਬ ਦੀ' 'ਕਿੰਨਰਾਂ ਵੀ ਦਿਲ ਹੁੰਦਾ' (ਸਾਂਝਾ ਕਹਾਣੀ ਸੰਗ੍ਰਹਿ),'ਰੱਬ ਦੇ ਬੰਦੇ', 'ਇਸ਼ਕ ਮਜਾਜੀ ਤੋਂ ਇਸ਼ਕ ਹਕੀਕੀ ਤੱਕ' ਅਤੇ 'ਰੰਗ-ਬਰੰਗੀਆਂ ਕਲਮਾਂ' ਦਾ ਵੀ ਸ਼ਿੰਗਾਰ ਬਣੀਆਂ ਹਨ, ਉਸ ਦੀਆਂ ਕਵਿਤਾਵਾਂ। ਇਸ ਤੋਂ ਇਲਾਵਾ ਇੱਕ ਸੇਦੋਕਾ ਵਿਸ਼ੇ ਤੇ ਸਾਂਝੀ ਪੁਸਤਕ ਵਿਚ ਵੀ ਉਹ ਸ਼ਾਮਲ ਹੈ। ਅਨੇਕਾਂ ਸਟੇਜਾਂ ਤੋਂ ਮਾਨ-ਸਨਮਾਨ ਹਾਸਲ ਕਰ ਚੁੱਕੀ ਲੱਕੀ ਦੀ ਇੱਥੇ ਹੀ ਬਸ ਨਹੀ, ਜਿੱਥੇ ਉਹ 'ਸਾਂਝੀ ਅਵਾਜ਼ ਆਸਟ੍ਰੇਲੀਆ' ਅਤੇ ਪੰਜਾਬੀ ਸੱਥ ਮੈਲਬੌਰਨ ਤੋਂ ਪੇਸ਼ਕਾਰੀ ਦੇ ਚੁੱਕੀ ਹੈ, ਉਥੇ ਲੌਕ-ਡਾਊਨ ਦੌਰਾਨ ਵੀ ਉਹ ਨਿੱਤ ਕਿਸੇ-ਨਾ-ਕਿਸੇ ਆਨਲਾਈਨ ਕਵੀ-ਦਰਬਾਰ ਵਿਚ ਅਕਸਰ ਮਿਲ ਹੀ ਪੈਂਦੀ ਰਹੀ ਹੈ, ਆਪਣੀਆਂ ਰਚਨਾਵਾਂ ਨਾਲ ਰੰਗ ਬੰਨ੍ਹਦੀ। ਰੱਬ ਕਰੇ ! ਸਾਹਿਤ ਤੇ ਸਮਾਜ ਲਈ ਬੜੇ ਉਚੇ-ਉਚੇ ਸੁਪਨੇ ਸਮੋਈ ਬੈਠੀ, ਇਸ ਖ਼ੂਬਸੂਰਤ ਮੁਟਿਆਰ ਦੇ ਸਭੇ ਸੁਪਨੇ ਸਾਕਾਰ ਹੋ ਕੇ ਉਸ ਨੂੰ ਉਚੇਰੀਆਂ ਮੰਜ਼ਲਾਂ ਦੇ ਹਾਣੀ ਬਣਾਉਣ ! ਆਮੀਨ !



ਪ੍ਰੀਤਮ ਲੁਧਿਆਣਵੀ
9876428641

# ਬਹੁ-ਕਲਾਵਾਂ ਦਾ ਸੁਮੇਲ ਰੰਗਕਰਮੀ : ਜੀ. ਐਸ. ਪਾਹੜਾ

ਸਾਹਿਤਕ ਹਲਕਿਆਂ ਵਿਚ ਜਾਣਿਆ-ਪਛਾਣਿਆ ਨਾਂਅ ਜੀ. ਐਸ. ਪਾਹੜਾ ਜਿਨ੍ਹਾਂ ਦਾ ਪੂਰਾ ਨਾਮ ਗੁਰਮੀਤ ਸਿੰਘ ਹੈ, ਕਿਸੇ ਜਾਣਕਾਰੀ ਦਾ ਮੁਥਾਜ ਨਹੀਂ ਹੈ। ਦਰਜਨ ਦੇ ਕਰੀਬ ਸਾਂਝੇ ਕਾਵਿ-ਸੰਗ੍ਰਿਹਾਂ ਵਿੱਚ ਆਪਣੀ ਹਾਜ਼ਰੀ ਲਗਵਾ ਚੁੱਕੇ ਇਸ ਸ਼ਾਇਰ ਦੀ ਕਿਸੇ-ਨਾ-ਕਿਸੇ ਅਖਬਾਰ ਜਾਂ ਰਸਾਲੇ ਵਿੱਚ ਅਕਸਰ ਨਜਮ ਛਪੀ ਹੀ ਹੁੰਦੀ ਹੈ। ਸ੍ਰ. ਪਾਹੜਾ ਜੀ ਨੇ ਇਕ ਮੁਲਾਕਾਤ ਦੌਰਾਨ ਦੱਸਿਆ ਕਿ ਵਿਦਿਆਰਥੀ ਜੀਵਨ ਦੌਰਾਨ ਭਾਜੀ ਗੁਰਸ਼ਰਨ ਸਿੰਘ ਉਰਫ ਭਾਈ ਮੰਨਾ ਸਿੰਘ ਜੀ ਦੇ ਨਾਟਕਾਂ ਤੋਂ ਇੰਨੇ ਪ੍ਰਭਾਵਤ ਹੋਏ ਕਿ ਫਿਰ ਨਾਟਕ ਖੇਤਰ ਵਿੱਚ ਪੱਕੇ ਤੌਰ ਤੇ ਕੁੱਦ ਪਏ। ਉਪਰੰਤ, 'ਕੋਈ ਹੋਰ ਵੀ ਉਠਸੀ ਮਰਦ ਕਾ ਚੇਲਾ', 'ਸੀਸ ਤਲੀ ਤੇ', 'ਬਾਂਹ ਜਿਨ੍ਹਾਂ ਦੀ ਪਕੜੀਏ', 'ਨਿਓਟਿਆਂ ਦੀ ਓਟ' ਤੇ 'ਇਹ ਲਹੂ ਕਿਸਦਾ ਹੈ'.. . ਸਮਾਜਿਕ ਕੁਰੀਤੀਆਂ 'ਤੇ ਨਾਟਕ, 'ਸਿਉਂਕ', 'ਜੰਗੀ ਰਾਮ ਦੀ ਹਵੇਲੀ', 'ਟੋਆ', 'ਲਾਰੇ', 'ਚੂਹੇ', 'ਰਾਹਤ', 'ਮਸਲਾ ਬੱਕਰੀ ਦਾ', 'ਲੱਕੜ ਦਾ ਦਸਤਾ', 'ਪਾਪਾ ਮੈਂ ਹਿੰਦੋਸਤਾਨ ਲਵਾਂਗਾ', 'ਭੰਡ ਕਨੇਡਾ ਤੋਂ ਆਏ', ਤੇ 'ਬਾਬਾ ਬੋਲਦਾ ਹੈ' ਆਦਿ ਭਾਅ ਜੀ ਦੇ ਬਹੁਤ ਸਾਰੇ ਨਾਟਕ ਖੇਡ੍ਹਣ ਦਾ ਮੌਕਾ ਮਿਲਿਆ। ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਪਾਹੜਾ ਜੀ, 'ਨੌਜਵਾਨ ਭਾਰਤ ਸਭਾ' ਵਿੱਚ ਕੰਮ ਕਰਦਿਆਂ ਡਰਾਮਾ ਟੀਮ ਦੇ ਇੰਚਾਰਜ ਰਹੇ। ਪਾਹੜਾ ਜੀ ਨੇ ਮਾਸਟਰ ਕੁਲਵੰਤ ਸਿੰਘ ਨਾਲ ਮਿਲਕੇ 'ਸ਼ਹੀਦ ਊਧਮ ਸਿੰਘ ਕਲੱਬ ਪਾਹੜਾ' ਦੀ ਸਥਾਪਨਾ ਕੀਤੀ ਤੇ ਨਾਟਕ ਟੀਮ ਵੀ ਤਿਆਰ ਕੀਤੀ। ਜਿਸ ਦੁਆਰਾ ਹਰ ਸਾਲ 31 ਜੁਲਾਈ ਨੂੰ ਉਧਮ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ। ਗੁਰਦਾਸਪੁਰ ਵਿੱਚ ਹਰ ਸਾਲ 30 ਸਤੰਬਰ ਨੂੰ ਉਨ੍ਹਾਂ ਦੇ ਜਨਮ ਦਿਨ ਤੇ ਸ਼ਹੀਦ ਭਗਤ ਸਿੰਘ, ਭਾਅ ਜੀ ਗੁਰਸ਼ਰਨ ਸਿੰਘ ਤੇ



ਪਾਹੜਾ ਜੀ ਨੇ ਕਿਹਾ,''27 ਸਤੰਬਰ 2011 ਨੂੰ ਭਾਜੀ ਗੁਰਸ਼ਰਨ ਸਿੰਘ ਜੀ ਦੇ ਸਦੀਵੀ ਤੁਰ ਜਾਣ ਤੇ ਮੈਨੂੰ ਜਾਤੀ ਤੌਰ ਤੇ ਬਹੁਤ ਦੁੱਖ ਹੋਇਆ। ਉਨ੍ਹਾਂ ਦੇ ਅਧੂਰੇ ਕਾਰਜ ਨੂੰ ਅੱਗੇ ਤੋਰਨ ਲਈ ਸਾਡੀ ਵੱਲੋਂ ਸਤੰਬਰ ਮਹੀਨੇ ਵਿਚ ਉਨ੍ਹਾਂ ਦੀ ਬਰਸੀ ਹਰ ਸਾਲ ਲਗਾਤਾਰ ਮਨਾਈ ਜਾ ਰਹੀ ਤੇ ਉਨ੍ਹਾਂ ਦੀ ਯਾਦ ਵਿੱਚ ਨਾਟਕ ਤੇ ਕੋਰੀਓਗ੍ਰਾਫੀਆਂ ਕੀਤੀਆਂ ਜਾਂਦੀਆਂ ਹਨ। ਪਿਛਲੇ ਚਾਰ ਸਾਲਾਂ ਤੋਂ ਪੰਜਾਬੀ ਨਾਟਕ ਦੇ ਪਿਤਾਮਾ ਪ੍ਰੋਫੈਸਰ ਈਸ਼ਵਰ ਚੰਦਰ ਨੰਦਾ ਜੀ ਦੇ ਜੱਦੀ ਪਿੰਡ ਗਾਂਧੀਆਂ ਪਨਿਆੜ ਜਿਲ੍ਹਾ ਲੋਕ ਕਵੀ ਅਵਤਾਰ ਪਾਸ਼ ਜੀ ਨੂੰ (ਇਨ੍ਹਾਂ ਦੇ ਜਨਮ ਦਿਨ ਸਤੰਬਰ ਮਹੀਨੇ ਵਿਚ ਆਉਂਦੇ ਹਨ) ਪ੍ਰਭਾਵਸ਼ਾਲੀ ਸਮਾਗਮ ਕਰਕੇ ਯਾਦ ਕੀਤਾ ਜਾਂਦਾ ਹੈ।'' ਪਾਹੜਾ ਜੀ ਨੂੰ ਬਹੁਤ ਸਾਰੇ ਵੀਡੀਓ ਰੂਪਾਂਤਰ ਗੀਤਾਂ ਵਿਚ ਅਦਾਕਾਰੀ ਕਰਨ ਦਾ ਵੀ ਮੌਕਾ ਮਿਲਿਆ ਹੈ, ਜਿਨ੍ਹਾਂ ਵਿੱਚ,'ਇੱਜਤਾਂ', 'ਬਾਰਾਂ ਲੱਖ', 'ਆਫਟਰ ਮੈਰਿਜ', 'ਹੱਕ' ਤੇ 'ਜਾਣਾ ਨਨਕਾਣਾ ਸਾਹਿਬ ਨੂੰ' ਆਦਿ ਮੁੱਖ ਹਨ। ਇਸ ਤੋਂ ਇਲਾਵਾ ਪਾਹੜਾ ਜੀ ਨੇ ਪਾਲੀਵੁੱਡ ਦੀ ਫਿਲਮ, 'ਮੁਹੱਬਤਾਂ ਸੱਚੀਆਂ ਨੇ' ਵਿੱਚ ਹੀਰੋ ਦੇ ਪਿਤਾ ਜੀ ਦੀ ਭੂਮਿਕਾ ਨਿਭਾਈ ਹੈ। ਪਾਹੜਾ ਜੀ ਨੇ ਦੱਸਿਆ ਕਿ ਇੰਡੀਅਨ ਪੀਪਲਜ ਥਿਏਟਰ ਐਸੋਸੀਏਸ਼ਨ ('ਇਪਟਾ') ਗੁਰਦਾਸਪੁਰ, ਜਿਸ ਦੇ ਉਹ ਪ੍ਰਧਾਨ ਹਨ, ਵੱਲੋਂ 23 ਫਰਵਰੀ ਨੂੰ 'ਪਗੜੀ ਸੰਭਾਲ ਜੱਟਾ' ਲਹਿਰ ਦੇ ਆਗੂ ਚਾਚਾ ਅਜੀਤ ਸਿੰਘ ਜੀ ਦੇ ਜਨਮ ਦਿਨ ਤੇ 'ਇਪਟਾ' ਗੁਰਦਾਸਪੁਰ ਦੇ ਸਥਾਪਨਾ ਦਿਵਸ ਤੇ ਨਾਟਕਾਂ ਦਾ ਆਯੋਜਨ ਹਰ ਸਾਲ ਕੀਤਾ ਜਾਂਦਾ ਹੈ। ਪਾਹੜਾ ਜੀ ਨੂੰ, ਨਟਾਲੀ ਰੰਗ ਮੰਚ ਗੁਰਦਾਸਪੁਰ ਦੇ ਪ੍ਰਧਾਨ ਹੋਣ ਦਾ ਵੀ ਮਾਣ ਪ੍ਰਾਪਤ ਹੈ। ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੇ 100-ਵੇਂ ਸ਼ਹੀਦੀ ਦਿਹਾੜੇ 2015 ਤੋਂ ਹਰ ਸਾਲ 16 ਨਵੰਬਰ ਨੂੰ ਗੁਰਦਾਸਪੁਰ ਵਿੱਚ, ਨਟਾਲੀ ਰੰਗ ਮੰਚ ਵਲੋਂ ਸਲਾਨਾ ਸਮਾਗਮ ਕੀਤਾ ਜਾਂਦਾ ਹੈ, ਜਿਸ ਵਿਚ ਪੰਜਾਬ ਦੀਆਂ ਨਾਮਵਰ ਨਾਟਕ ਟੀਮਾਂ ਭਾਗ ਲੈਂਦੀਆਂ ਹਨ। ਪਾਹੜਾ ਜੀ, ਮਹਿਕਮਾ ਬਿਜਲੀ ਬੋਰਡ ਵਿਚ ਬਤੌਰ ਲਾਈਨਮੈਨ ਭਰਤੀ ਹੋਕੇ ਹੁਣ ਜੇ. ਈ. ਦੇ ਅਹੁੱਦੇ ਤੋਂ ਸੇਵਾ-ਮੁਕਤ ਹੋਣ ਉਪਰੰਤ ਅੱਜ ਕੱਲ ਪੰਜਾਬ ਨੂੰ ਲੋਟੂਆਂ ਤੋਂ ਬਚਾਉਣ ਤੇ ਭ੍ਰਿਸ਼ਟਾਚਾਰੀ ਪ੍ਰਬੰਧ ਨੂੰ ਬਦਲਣ ਲਈ, ਲੋਕਾਂ ਨੂੰ ਉਹਨਾਂ ਦੇ ਅਧਿਕਾਰਾਂ ਤੋਂ ਜਾਣੂ ਕਰਵਾਉਣ ਤੇ ਜਗਾਉਣ ਲਈ ਲੋਕ ਅਧਿਕਾਰ ਲਹਿਰ ਪੰਜਾਬ ਵਿੱਚ ਪੂਰੀ ਗਰਮਜੋਸ਼ੀ ਨਾਲ ਕੰਮ ਕਰ ਰਹੇ ਹਨ। ਪ੍ਰਮਾਤਮਾ ਅਜਿਹੇ 'ਲੋਹ-ਪੁਰਸ਼' ਨੂੰ ਚੜ੍ਹਦੀ ਕਲਾ ਵਿੱਚ ਰੱਖੇ! ਤੰਦਰੁਸਤੀ ਬਖਸ਼ੇ ਅਤੇ ਉਨ੍ਹਾਂ ਦੀ ਉਮਰ ਲੋਕ ਗੀਤਾਂ ਦੇ ਹਾਣ ਦੀ ਕਰੇ! ਆਮੀਨ!

**- ਪ੍ਰੀਤਮ ਲੁਧਿਆਣਵੀ**

# ਕਮਲ ਵਾਂਗ ਖਿੜਿਆ ਰਹਿਣ ਵਾਲਾ ਡਰਾਇੰਗ ਮਾਸਟਰ ਕਮਲ ਸ਼ਰਮਾ

ਅਧਿਆਪਕ ਕੌਮ ਦਾ ਨਿਰਮਾਤਾ ਹੋਣ ਕਾਰਨ ਸਮਾਜ ਵਿੱਚ ਸਤਿਕਾਰਦੀਆਂ ਨਜ਼ਰਾਂ ਨਾਲ ਦੇਖਿਆ ਜਾਂਦਾ ਹੈ ਭਾਵੇਂ ਕੁਝ ਕੁ ਅਧਿਆਪਕਾਂ ਦੇ ਮਾੜੇ ਕੰਮਾਂ ਕਰਕੇ ਅਧਿਆਪਕਾਂ ਦਾ ਸਤਿਕਾਰ ਘਟਿਆ ਹੈ ਫਿਰ ਵੀ ਅਜੇ ਬਹੁਤਾਤ ਅਧਿਆਂਪਕ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾ ਰਹੇ ਹਨ ਜਿਨ੍ਹਾਂ 'ਚੋਂ ਹੀ ਹਨ ਸ਼੍ਰੀ ਕਮਲ ਸ਼ਰਮਾ।ਜਿਨ੍ਹਾਂ ਦਾ ਜਨਮ 20 ਅਗਸਤ 1963 ਨੂੰ ਪਿੰਡ ਦੰਦਰਾਲਾ ਢੀਂਡਸਾ ਜ਼ਿਲਾ ਪਟਿਆਲਾ ਵਿਖੇ ਮਾਤਾ ਸਵ: ਸ਼੍ਰੀ ਮਤੀ ਦਿਆਵੰਤੀ ਦੀ ਕੁਖੋਂ ਪਿਤਾ ਸਵ:ਸ਼੍ਰੀ ਧਰਮ ਪਾਲ ਸ਼ਾ-ਸਤਰੀ ਦੇ ਘਰ ਹੋਇਆ।ਇਨ੍ਹਾਂ ਦਾ ਪਾਲਣ-ਪੋਸ਼ਣ ਪਰਿਵਾਰ ਦੇ ਧਾਰਮਿਕ ਮਾਹੌਲ ਵਿੱਚ ਹੋਇਆ ਕਿਉਂ ਕਿ ਪਿਤਾ ਜੀ ਆਲੇ ਦੁਆਲੇ ਦੇ ਪਿੰਡਾਂ 'ਚ ਪਾਠ-ਕਥਾ ਕਰਿਆ ਕਰਦੇ ਸੀ ।ਇਹਨਾਂ ਨੇ ਮੁਢਲੀ ਸਿਖਿਆ ਪਿੰਡ ਦੇ ਹਾਈ ਸਕੂਲ ਦੰਦਰਾਲਾ ਢੀਂਡਸਾ (ਪਟਿਆਲਾ) ਤੋਂ ਪ੍ਰਾਪਤ ਕੀਤੀ ਅਤੇ ਦਸਵੀਂ ਕਲਾਸ 1981 ਵਿੱਚ ਪਾਸ ਕੀਤੀ।ਫਿਰ ਇਹਨਾਂ ਨੇ ਡਰਾਇੰਗ ਅਧਿਆਪਕ ਬਣਨ ਦਾ ਸੁਪਨਾ ਲਿਆ ।ਉਸ ਨੇ 1981 ਵਿੱਚ ਹੀ ਸਰਕਾਰੀ ਆਰਟ ਐਂਡ ਕਰਾਫਟ ਟੀਚਰਜ ਟ੍ਰੇਨਿੰਗ ਸੰਸਥਾ ਨਾਭਾ (ਪਟਿਆਲਾ )ਵਿਖੇ ਦਾਖਲਾ ਲੈ ਲਿਆ ਅਤੇ 1983 'ਚ ਦੋ ਸਾਲਾ ਟੀਚਰਜ਼ ਟ੍ਰੇਨਿੰਗ ਦਾ ਡਿਪਲੋਮਾ ਪ੍ਰਾਪਤ ਕਰ ਲਿਆ। ਉਸ ਨੇ 29 ਅਕਤੂਬਰ 1990 ਤੋਂ 2004 ਤੱਕ ਬਤੌਰ ਬਰਾਂਚ ਪੋਸਟ ਮਾਸਟਰ ਪਿੰਡ ਦੇ ਪੋਸਟ ਆਫਿਸ ਵਿੱਚ ਤਕਰੀਬਨ 14 ਸਾਲ ਇਮਾਨਦਾਰੀ ਨਾਲ ਸੇਵਾ ਨਿਭਾਈ ।ਪੰਜਾਬ ਅੰਦਰ ਨੌਕਰੀ ਨਾ ਮਿਲਣ ਕਾਰਨ ਉਸ ਨੇ ਗੁਆਂਢੀ ਰਾਜ ਹਰਿਆਣਾ ਵਿੱਚ ਅਪਲਾਈ ਕਰ ਦਿੱਤਾ ਅਤੇ ਉਸ ਦੀ ਬਤੌਰ ਡਰਾਇੰਗ ਅਧਿਆਪਕ ਨਿਯੁਕਤੀ ਹੋ ਗਈ।ਉਸ ਨੇ ਆਪਣੀ ਪਹਿਲੀ ਸੇਵਾ 10 ਸਤੰਬਰ 2004 ਤੋਂ ਬਤੌਰ ਡਰਾਇੰਗ ਅਧਿਆਪਕ ਸਰਕਾਰੀ ਮਿਡਲ ਸਕੂਲ ਪਿੰਡ ਪੂਰਨਮਾਜਰਾ ਜਿਲ੍ਹਾ ਫਤਿਆਬਾਦ (ਹਰਿਆਣਾ) ਤੋ ਸ਼ੁਰੂ ਕੀਤੀ।ਇਸ ਦੌਰਾਨ ਇਹਨਾਂ ਨੇ ਸਾਖਰਤਾ ਮੁਹਿੰਮ ਅਧੀਨ ਕੰਮ ਕੀਤਾ।ਇਹਨਾਂ ਨੇ ਸਾਰੇ ਪਿੰਡ ਨੂੰ ਲੋਕਾਂ ਦੇ ਸਹਿਯੋਗ ਨਾਲ ਪੂਰਨ ਸਾਖਰ ਬਨਾਇਆ।ਦੂਜੇ ਰਾਜ 'ਚ ਬੋਲੀ ਦੀ ਸਮੱਸਿਆ ਕਈ ਵਾਰੀ ਪ੍ਰੇਸ਼ਾਨ ਕਰਦੀ ਹੈ ਪਰ ਕਮਲ ਸ਼ਰਮਾ ਨੇ ਇਸ ਚੁਣੌਤੀ ਨੂੰ ਸਵੀਕਾਰਦਿਆਂ ਉਥੇ ਦੇ ਮਾਹੌਲ ਅਨੁਸਾਰ ਢਲ ਕੇ ਵਧੀਆ ਸੇਵਾਵਾਂ ਪ੍ਰਦਾਨ ਕਰਨ ਦਾ ਹਮੇਸ਼ਾ ਯਤਨ ਕੀਤਾ ਅਤੇ ਸਫਲਤਾ



ਪੂਰਵਕ ਆਪਣੀ ਡਿਊਟੀ ਨਿਭਾਈ ਵੀ।ਉਸ ਦੇ ਇਸ ਵਧੀਆ ਕੰਮ ਬਦਲੇ ਜਿਲ੍ਹਾ ਸਿਖਿਆ ਅਧਿਕਾਰੀ ਤੋਂ ਸਨਮਾਨ ਪੱਤਰ ਮਿਲਿਆ।ਉਹ ਸਕੂਲ ਮਨੇਜਮੇਂਟ ਕਮੇਟੀ ਦਾ ਕੰਮ ਬੜੇ ਠਰ੍ਹੰਮੇ ਨਾਲ ਕਰਦੇ ਰਹੇ ।ਕਮਲ ਸ਼ਰਮਾ ਮਿਲਣਸਾਰ ਸੁਭਾਅ ਦਾ ਹੋਣ ਕਰਕੇ ਆਪਣੇ ਨਾਮ ਕਮਲ ਦੀ ਕਦਰ ਕਰਦਾ ਹੋਇਆ ਹਮੇਸ਼ਾ ਕਮਲ ਵਾਂਗ ਖਿੜਿਆ ਰਹਿੰਦਾ ਹੈ। ਇਹਨਾਂ ਦੇ ਵੱਡੇ ਭਰਾ ਰਮਿੰਦਰ ਕੁਮਾਰ ਅਮਲੋਹ ਤਹਿਸੀਲ ਤੋਂ ਆਪਣੀ ਸੇਵਾ ਨਿਭਾ ਕੇ ਸੇਵਾ ਮੁਕਤ ਹੋ ਚੁੱਕੇ ਹਨ ਅਤੇ ਦੂਸਰੇ ਭਰਾ ਸ਼੍ਰੀ ਜਤਿੰਦਰ ਕੁਮਾਰ ਬਤੌਰ ਸ.ਸ. ਮਾਸਟਰ ਸਿੱਖਿਆ ਵਿਭਾਗ ਪੰਜਾਬ ਤੋਂ ਸੇਵਾ ਮੁਕਤ ਹੋ ਕੇ ਸਮਾਜ ਸੇਵੀ ਸੰਸਥਾਵਾਂ ਨਾਲ ਜੁੜੇ ਹੋਏ ਹਨ।

ਸ਼੍ਰੀ ਕਮਲ ਸ਼ਰਮਾ ਦਾ ਵਿਆਹ ਸੰਨ 1992 ਵਿੱਚ ਸ਼੍ਰੀ ਮਤੀ ਚਰਨਜੀਤ ਕੌਰ ਨਾਲ ਹੋਇਆ।ਇਹਨਾਂ ਦੀਆ ਦੋ ਬੇਟੀਆਂ ਤੇ ਇੱਕ ਬੇਟਾ ਹੈ। ਵੱਡੀ ਬੇਟੀ ਚਾਂਦਨੀ ਨੇ ਈ.ਟੀ.ਟੀ ਅਤੇ ਐਮ.ਐਸ.ਸੀ ( ਕੰਪਿਊਟਰ) ਦੀ ਪੜ੍ਹਾਈ ਪੂਰੀ ਕਰ ਲਈ ਹੈ। ਛੋਟੀ ਬੇਟੀ ਭਾਵਨਾ ਅਤੇ ਬੇਟਾ ਤੁਸ਼ਾਰ ਪੜ੍ਹ ਰਹੇ ਹਨ।ਸ਼੍ਰੀਕਮਲ ਸ਼ਰਮਾ 31 ਅਗਸਤ 2021 ਨੂੰ ਸਰਕਾਰੀ ਸੇਵਾ ਤੋਂ ਰਿਟਾਇਰ ਹੋ ਰਹੇ ਹਨ।'ਦਾਣਾ ਪਾਣੀ ਖਿਚ ਲਿਆਉਂਦਾ, ਕੌਣ ਕਿਸੇ ਦਾ ਖਾਂਦਾ ਏ' ਗੀਤ ਦੇ ਬੋਲ ਉਨ੍ਹਾਂ ਦੀ ਜ਼ਿੰਦਗੀ ਦੇ ਸਫਰ ਨਾਲ ਮੇਲ ਖਾਂਦੇ ਹਨ।ਇਹਨਾਂ ਨੇ ਸਰਵਿਸ 'ਚ ਆਉਣ ਤੋਂ ਲੈ ਕੇ ਸੇਵਾ ਮੁਕਤੀ ਤੱਕ ਇੱਕੋ ਸਕੂਲ ਸ.ਮਿ.ਸ. ਪੂਰਨਮਾਜਰਾ (ਫਤਿਆਬਾਦ) ਵਿੱਚ 16 ਸਾਲ 11 ਮਹੀਨੇ 20 ਦਿਨ ਇਮਾਨਦਾਰੀ ਨਾਲ ਬੇਦਾਗ ਸਰਵਿਸ ਕੀਤੀ ਹੈ।

ਉਹ ਆਪਣੇ ਪਰਿਵਾਰ ਨਾਲ ਪਾਤੜਾਂ ਵਿਖੇ ਰਹਿ ਰਹੇ ਹਨ। ਪ੍ਰਮਾਤਮਾ ਉਨ੍ਹਾਂ ਨੂੰ ਹਮੇਸ਼ਾ ਚੜ੍ਹਦੀਕਲਾ ਅਤੇ ਤੰਦਰੁਸਤੀ ਬਖਸ਼ੇ।



ਮੇਜਰ ਸਿੰਘ ਨਾਭਾ
91-94635-53962

# ਬਠਿੰਡਾ 'ਚ ਕਿਸਾਨਾਂ ਦੇ ਵਿਰੋਧ ਅੱਗੇ ਭਾਜਪਾ ਆਗੂ ਵਿਚਾਲੇ ਛੱਡ ਕੇ ਭੱਜੇ ਮੀਟਿੰਗ

**ਬਠਿੰਡਾ-** ਸਥਾਨਕ ਹੋਟਲ ਵਿਚ ਭਾਰਤੀ ਜਨਤਾ ਪਾਰਟੀ ਦੇ ਅਹੁਦੇਦਾਰਾਂ ਵੱਲੋਂ ਕੀਤੀ ਜਾ ਰਹੀ ਮੀਟਿੰਗ ਦੀ ਭਿਣਕ ਲੱਗਦਿਆਂ ਹੀ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਵਰਕਰਾਂ ਨੇ ਇਸ ਹੋਟਲ ਦਾ ਘਿਰਾਓ ਕਰ ਲਿਆ। ਨਾਅਰੇਬਾਜ਼ੀ ਤੇ ਵਿਰੋਧ ਕਾਰਨ ਭਾਜਪਾ ਆਗੂਆਂ ਨੂੰ ਮੀਟਿੰਗ ਵਿਚਾਲੇ ਛੱਡ ਕੇ ਜਾਣਾ ਪਿਆ। ਕਿਸਾਨ ਆਗੂਆਂ ਨੇ ਦੱਸਿਆ ਕਿ 5 ਸਤੰਬਰ ਨੂੰ ਸੰਯੁਕਤ ਕਿਸਾਨ ਮੋਰਚੇ ਵੱਲੋਂ ਮੁਜ਼ੱ-ਫਰਨਗਰ ਯੂਪੀ ਵਿਚ ਰੈਲੀ ਕੀਤੀ ਜਾ ਰਹੀ ਹੈ।

ਇਸ ਲਈ ਬਠਿੰਡਾ ਜ਼ਿਲ੍ਹੇ ਤੋਂ ਵੱਡੀ ਪੱਧਰ 'ਤੇ ਕਿਸਾਨ ਆਗੂ ਤੇ ਵਰਕਰ ਰਵਾਨਾ ਹੋ ਗਏ ਹਨ। ਬਠਿੰਡਾ ਜ਼ਿਲ੍ਹਾ ਦੇ ਭਾਜਪਾ ਆਗੂਆਂ ਨੇ ਇਹ ਮੌਕਾ ਤਕਦਿਆਂ ਬਠਿੰਡਾ ਸ਼ਹਿਰ ਦੇ ਹੋਟਲ ਵਿਚ ਮੀਟਿੰਗ ਰੱਖੀ ਹੋਈ ਸੀ। ਇਸ ਕਾਰਨ ਭਾਕਿਯੂ ਏਕਤਾ ਉਗਰਾਹਾਂ ਵੱਲੋਂ ਕਿਸਾਨ ਆਗੂਆਂ ਕੁਲਵੰਤ ਸ਼ਰਮਾ ਰਾਏ ਕੇ ਕਲਾਂ, ਸਿਮਰਜੀਤ ਸਿੰਘ ਚੱਕ ਫਤਿਹ ਸਿੰਘ ਵਾਲਾ, ਦੀਨਾ ਸਿਵੀਆਂ, ਅੰਮ੍ਰਿਪਾਲ ਸਿੰਘ ਮੌੜ ਚੜ੍ਹਤ ਸਿੰਘ ਦੀ ਅਗਵਾਈ ਵਿਚ ਕਿਸਾਨ ਵੱਡੀ ਗਿਣਤੀ ਵਿਚ ਉੱਥੇ ਪਹੁੰਚ ਗਏ ਤੇ ਪੁਲਿਸ ਦੀਆਂ ਰੋਕਾਂ ਤੋੜ ਕੇ ਹੋਟਲ ਦਾ ਘਿਰਾਓ ਕੀਤਾ।

ਕਿਸਾਨ ਆਗੂਆਂ ਨੇ ਕਿਹਾ ਕਿ ਹਿਮਾਚਲ ਤੇ ਕਸ਼ਮੀਰ ਵਿਚ ਸੇਬਾਂ ਦੇ ਫਲਾਂ ਦੀ ਖਰੀਦ ਅਡਾਨੀ ਗਰੁੱਪ ਵੱਲੋਂ ਕੀਤੀ ਜਾ ਰਹੀ ਹੈ ਅਤੇ ਕਿਸਾਨਾਂ ਨਾਲ ਕੀਤੇ ਰੇਟਾਂ ਤੋਂ ਘੱਟ ਰੇਟਾਂ 'ਤੇ ਸੇਬ ਖ਼ਰੀਦ ਕੇ ਕਿਸਾਨਾਂ ਦੀ ਲੁੱਟ ਕੀਤੀ ਜਾ ਰਹੀ ਹੈ। ਕੇਂਦਰ ਸਰਕਾਰ ਨੂੰ ਕਾਰਪੋਰੇਟ ਕੰਪਨੀਆਂ ਦੇ ਮੁਨਾਫ਼ਿਆਂ ਦੇ ਹਿੱਤਾਂ ਦਾ ਫਿਕਰ ਸਤਾ ਰਿਹਾ ਹੈ, ਕਿਸਾਨਾਂ ਨਾਲ ਮੋਹ ਨਹੀਂ। ਇਸ ਲਈ ਜਿੰਨਾ ਚਿਰ ਕੇਂਦਰ ਸਰਕਾਰ ਖੇਤੀ ਕਾਨੂੰਨ ਰੱਦ ਨਹੀਂ ਕਰਦੀ ਓਨਾਂ ਚਿਰ ਕਾਰਪੋਰੇਟ ਘਰਾਣਿਆਂ ਦੇ ਕਾਰੋਬਾਰ ਠੱਪ ਰੱਖੇ ਜਾਣਗੇ ਤੇ ਭਾਜਪਾ ਆਗੂਆਂ ਦੀਆਂ ਜਨਤਕ ਰੈਲੀਆਂ ਤੇ ਮੀਟਿੰਗਾਂ ਦਾ ਸਖ਼ਤ ਵਿਰੋਧ ਜਾਰੀ ਰੱਖ-ਾਂਗੇ।

# ਸਮਾਜਿਕ ਵਿਤਕਿਰਿਆਂ ਨਾਲ ਵਿੰਨਿਆਂ ਭਾਰਤੀ ਸਮਾਜ ਵਰਗੀ ਸੰਘਰਸ਼ ਮੁਕਤੀ ਦਾ ਰਾਹ




ਰਾਜਿੰਦਰ ਕੌਰ ਚੋਹਕਾ
91-98725-44738
001-403-285-4208


ਭਾਵੇਂ! ਅਸੀਂ 21-ਵੀਂ ਸਦੀ 'ਚ ਵਿਚਰਣ ਦੀਆਂ ਡੀਗਾਂ ਮਾਰ ਰਹੇ ਹਾਂ, ਪ੍ਰਤੂੰ ! ਅਜੇ ਤੱਕ ਵੀ ਅਨਪੜਤਾ, ਗਰੀਬੀ-ਗੁਰਬਤ ਅਤੇ ਪੱਛੜਾਪਣ ਸਾਡਾ ਪਿੱਛਾ ਨਹੀਂ ਛੱਡ ਰਿਹਾ ਹੈ। ਸਾਡੇ ਦੇਸ਼ ਦੀ ਅੱਧੀ ਅਬਾਦੀ ਤੋਂ ਵੱਧ ਲੋਕ ਗਰੀਬੀ-ਅਮੀਰੀ ਦੇ ਪਾੜੇ ਨੂੰ ਕਿਸਮਤ ਨਾਲ ਜੋੜ ਕੇ ਹੀ ਦੇਖ ਰਹੇ ਹਨ। ਸਮੂਚੇ ਦੇਸ਼ ਭਰ ਵਿੱਚ ਅੱਜ ! ਵੀ ਜਾਤਾਂ, ਪਾਤਾਂ ਦੇ ਅਧਾਰ 'ਤੇ ਸਮਾਜ ਅੰਦਰ ਵਿਤਕਰਾ ਘਟਣ ਦੀ ਵਜਾਏ ਵੱਧ ਰਿਹਾ ਹੈ। ਪੱਛੜੇ ਜਾਂ ਛੋਟੀਆਂ ਜਾਤਾਂ ਵਿੱਚ ਪੈਦਾ ਹੋਣ ਵਾਲੇ ਲੋਕਾਂ ਅਤੇ ਉੱਚੀ ਜਾਤ ਵਿੱਚ ਪੈਦਾ ਹੋਏ ਲੋਕਾਂ ਵਿਚਕਾਰ ''ਜਾਤ-ਪਾਤ, ਬਰਾਦਰੀ-ਬਾਦ'' ਦੀ ਡੂੰਘੀ ਖਾਈ ਦਿਨੋ-ਦਿਨ ਵਧਦੀ ਜਾ ਰਹੀ ਹੈ। ਭਾਂਵੇ ਇਸ ਊਚ-ਨੀਚ, ਛੂਆ-ਛਾਤ, ਗਰੀਬੀ-ਗੁਰਬਤ ਨੂੰ ਖੱਤਮ ਕਰਨ ਲਈ ਸਦੀਆਂ ਤੋਂ ਅੰਦੋਲਨ ਵੀ ਹੋਏ ਅਤੇ ਲਹਿਰਾਂ ਵੀ ਚਲੀਆਂ ਹਨ। ਪਰ ! ਅਜੇ ਤੱਕ ਵੀ ਇਸ ਖਾਈ ਨੂੰ ਪੂਰਿਆ ਨਹੀਂ ਜਾ ਸਕਿਆ ਹੈ !

ਸਾਡਾ ਦੇਸ਼ ਬਹੁ-ਕੌਮੀ, ਬਹੁ-ਭਾਸ਼ਾਈ, ਜਨਜਾਤੀਆਂ, ਆਦਿਵਾਸੀਆਂ, ਦਲਿਤਾਂ ਤੇ ਹੋਰ ਅਨੇਕਾਂ ਧਰਮਾਂ-ਜਾਤਾਂ-ਪਾਤਾਂ, ਖਿੱਤਿਆਂ ਦੇ ਵਿੱਚ ਵੰਡਿਆ ਹੋਇਆ ਬਹੁਲਤਾਵਾਦੀ ਦੇਸ਼ ਹੈ। ਇੱਕ ਰੀਪੋਰਟ ਮੁਤਾਬਿਕ ਦੁਨੀਆਂ ਭਰ ਵਿਚੋ ਇਨ੍ਹਾਂ ਸਮਾਜਿਕ ਵਿਤਕਰਿਆਂ ਦੇ ਸ਼ਿਕਾਰ ਹੋਣ ਵਾਲੇ ਲੋਕਾਂ 'ਚ ਭਾਰਤ ਦਾ ਨਾਂ ਪਹਿਲੇ ਨੰਬਰਾਂ ਤੇ ਆਉਂਦਾ ਹੈ। 2014 ਤੋਂ ਬਾਦ ਸਮਾਜਿਕ ਵਿਤਕਰੇ, ਜਾਤਾਂ ਦੇ ਨਾਂ ਤੇ ਅਤੇ ਧਰਮਾਂ ਦੇ ਵਿਚਕਾਰ ਹੋ ਰਹੇ ਝਗੜਿਆਂ ਤੇ ਫਸਾਦਾਂ ਨੇ ਮਨੁੱਖਤਾ ਦੇ ਹੋ ਰਹੇ ਘਾਣ ਨੂੰ ਖਤਮ ਕਰਨ ਦੀ ਵਜਾਏ ਇਸ ਵਿਚ ਤੇਜੀ ਨਾਲ ਹੋਰ ਵਾਧਾ ਹੀ ਕੀਤਾ ਹੈ। ''ਸੰਯੁਕਤ-ਰਾਸ਼ਟਰ'' ਦੀ ਇਕ ਰੀਪੋਰਟ ਮੁਤਾਬਿਕ 26-ਕਰੋੜ ਤੋਂ ਵੱਧ ਲੋਕ ਅਲੱਗ-ਅਲੱਗ ਕਾਰਨਾਂ ਕਰ ਕੇ ਸਮਾਜਿਕ ਵਿਤਕਿਰਿਆਂ ਦੇ ਸ਼ਿਕਾਰ ਹਨ। ਜਿਸ ਦਾ ਕਾਰਨ ਜਾਤੀ, ਭੇਦ-ਭਾਵ, ਛੂਆ-ਛਾਤ ਤੇ ਊਚ-ਨੀਚ, ਭਾਵ! ਬ੍ਰਾਹਮਣਵਾਦ, ਕਸ਼ਤਰੀ ਵੈਸ਼ ਤੇ ਸ਼ੂਦਰਾਂ ਦੇ ਵਿਚਕਾਰ ਖਾਈ ਘੱਟਣ ਵਜਾਏ ਵਧਦੀ ਹੀ ਜਾ ਰਹੀ ਹੈ। ਭਾਰਤ ਵਿੱਚ ਜਾਤੀ, ਭੇਦ-ਭਾਵ ਦੀ ''ਜ਼ਹਿਰ'' ਪੁਰਾਣੀ ਚਲੀ ਆ ਰਹੀ ਹੈ। ਪਰ ! ਅਫਸੋਸ ਹੈ, 'ਕਿ ਸਾਡਾ ਸਮਾਜ ਅਜੇ ਤੱਕ ਵੀ ਇਸ 'ਜਾਤੀ-ਪ੍ਰਥਾ' ਤੋਂ ਮੁਕਤ ਨਹੀਂ ਹੋ ਸਕਿਆ ਹੈ'। ਭਾਵੇਂ ! ਇਸ ਜਾਤੀ, ਭੇਦ-ਭਾਵ, ਛੂਆ-ਛਾਤ, ਨੀਵੀਆਂ ਤੇ ਸਵਰਨ ਜਾਤੀਆਂ ਦੀ ਖਾਈ ਨੂੰ ਖਤਮ ਕਰਨ ਲਈ ਸਮੇਂ-ਸਮੇਂ ਤੇ ਬਹੁਤ ਸਾਰੇ ਅੰਦੋਲਨ ਵੀ ਹੋਏ ਤੇ ਲੋਕਾਂ ਨੂੰ ਜਾਗਰਿਤ ਕਰਨ ਲਈ ਕਈ ਲਹਿਰਾਂ ਵੀ ਚਲੀਆਂ। ਪ੍ਰਤੂੰ! ਦੇਸ਼ ਭਰ ਵਿੱਚ ਇਸ ਜਾਤ-ਪਾਤ ਦੀ ਗੈਰ ਬਰਾਬਰੀ ਦੀਆਂ ਜੜਾਂ ਏਨੀਆਂ ਮਜ਼ਬੂਤ ਹਨ, ਕਿ ''ਉਨਾਂ ਤੋਂ ਮੁਕਤੀ ਹਾਸਲ ਨਹੀਂ ਹੋ ਸਕਦੀ ਹੈ। ਕਿਉਂ, ਕਿ ਇਹ ਜਾਤ-ਪਾਤ ਦੇਸ਼ ਦੀ ਰਾਜ ਸਤਾ ਦਾ ਅੰਗ ਹੋਣ ਕਰਕੇ ਦਿਨੋ-ਦਿਨ ਵੱਧ ਫੂਲ ਰਿਹਾ ਹੈ''।



ਇਸ ਜਾਤੀ ਪਾਤੀ ਸਮਾਜਿਕ ਵਿਤਕਰੇ ਦੇ ਵਿਰੁੱਧ ਭਾਵੇਂ ! ਅਜ਼ਾਦੀ ਤੋਂ ਪਹਿਲਾਂ ਅਤੇ ਬਾਦ ਵੀ ਪ੍ਰੈਸ ਅਤੇ ਮੀਡੀਆ ਵਲੋਂ ਵੀ ਸਮੇਂ-ਸਮੇਂ ਤੇ ਛਪੇ ਲੇਖ, ਜਾਗਰੂਕਤਾ ਸਾਮਗਰੀ ਰਾਹੀਂ ਵੀ ਇਸ ਦਾ ਵਿਰੋਧ ਕੀਤਾ ਜਾਂਦਾ ਰਿਹਾ ਹੈ ? ਪਰ ! ਸਫਲਤਾ ਨਹੀਂ ਮਿਲ ਸਕੀ। ਦੇਸ਼ ਭਰ ਵਿੱਚ ਭਾਂਵੇ! ਦਰਜਨ ਤੋਂ ਵੱਧ ਕਾਨੂੰਨ ਵੀ ਬਣੇ ਹੋਏ ਹਨ। ''ਕਿ ਜਾਤ, ਧਰਮ ਕਾਰਨ ਕਿਸੇ ਵੀ ਫਿਰਕੇ ਦੇ ਵਿਰੁੱਧ ਕਿਸੇ ਨਾਲ ਕੋਈ ਭੇਦ-ਭਾਵ ਨਹੀਂ ਕੀਤਾ ਜਾਵੇਗਾ ?'' ਪ੍ਰਤੂੰ ! ਇਸ ਤੇ ਨਾਂ ਤਾਂ ਅਮਲ ਹੋ ਰਿਹਾ ਹੈ ਤੇ ਨਾਂ ਹੀ ਦੋਸ਼ੀਆਂ ਨੂੰ ਇਨਾਂ ਕਾਨੂੰਨਾਂ ਤਹਿਤ ਕੋਈ ਸਜ਼ਾ ਹੀ ਦਿੱਤੀ ਜਾ ਰਹੀ ਹੈ ? ਸਗੋਂ ਤੇ ਜਾਤ-ਪਾਤ ਦੀ ਆਸਥਾ ਨੂੰ ਰਾਜ ਸਤਾ ਤੇ ਕਾਬਜ਼ ਹਾਕਮਾਂ ਨੇ ਵੀ ਖਤਮ ਕਰਨ ਦੀ ਥਾਂ 'ਵੋਟ-ਰਾਜਨੀਤੀ ਲਈ ਉਤਸ਼ਾਹਿਤ ਹੀ ਕੀਤਾ ਹੈ''। ਪਿੰਡਾਂ ਦੀਆਂ ਪੰਚਾਇਤਾਂ, ਨਗਰ ਕਮੇਟੀ, ਨਗਰ ਕਾਰਪੋਰੇਸ਼ਨ, ਵਿਧਾਨ ਸਭਾਵਾਂ ਤੇ ਸੰਸਦ ਵਿੱਚ ਵੀ ਜਾਤ-ਪਾਤ ਦੀ ਆੜ ਹੇਠ ਅੱਜ ! ਵੀ ਸ਼ੋਸ਼ਤ ਲੋਕਾਂ ਦਾ ਸ਼ੋਸ਼ਣ ਹੋ ਰਿਹਾ ਹੈ। ਗਰੀਬੀ ਦੀ ਰੇਖਾ ਤੋਂ ਥੱਲੇ ਰਹਿ ਰਹੇ ਲੋਕਾਂ ਨੂੰ ਵੀ ਰੀਜ਼ਰਵੇਸ਼ਨ ਦੇ ਕੋਟੇ ਵਿੱਚ ਪਾ ਕੇ ਇਸ ਖਾਈ ਨੂੰ ਹੋਰ ਡੂੰਘੀ ਕੀਤਾ ਜਾ ਰਿਹਾ ਹੈ। ਪਿੰਡਾਂ ਵਿੱਚ ਵੱਖ-ਵੱਖ ਜਾਤਾ ਦੇ ਗੁਰਦੁਆਰੇ, ਧਰਮਸ਼ਾਲਾ, ਇਥੋਂ ਤੱਕ ਕਿ ਉਨਾਂ ਦੇ ਮੁਰਦਾ ਸਰੀਰ ਨੂੰ ਜਲਾਉਣ ਲਈ ਬਣੇ 'ਸਿਵੇ' (ਸੰਸਕਾਰ ਸਥਾਨ) ਵੀ ਅਲੱਗ-ਅਲੱਗ ਬਣਾਏ ਗਏ ਹਨ। ਅੱਜੇ ਤੱਕ ਵੀ ਦੂਰ-ਦੁਰੇਡੇ ਇਲਾਕਿਆਂ ਵਿੱਚ ਵਸਦੇ ਲੋਕਾਂ ਨੂੰ ਪਾਣੀ ਖੂਹਾਂ ਤੋਂ ਹੀ ਲੈਣ ਜਾਣਾ ਪੈਂਦਾ ਹੈ। ਖੂਹ ਵੀ ਜਾਤ-ਪਾਤ ਅਤੇ ਬਰਾਦਰੀ ਦੇ ਨਾਂ ਤੇ ਹੀ ਬਣੇ ਹੋਏ ਹਨ, ਧਰਮਸ਼ਾਲਾ ਪਿੰਡਾਂ ਵਿੱਚ ਪਛੜੇ ਵਰਗ ਦੇ ਲੋਕਾਂ ਲਈ ਬਣਾਈਆਂ, ਵੱਖਰੀਆਂ ਕਲੋਨੀਆਂ ਵੀ ਪਾੜੇ ਪੈਦਾ ਕਰ ਰਹੀਆਂ ਹਨ। ਗੱਲ ਕੀ ਸਰਕਾਰ ਆਪ ਵੀ ਇਸ ਖਾਈ ਨੂੰ ਖਤੱਮ ਕਰਨ ਦੀ ਜਗ੍ਹਾ ਡੂੰਘੀ ਕਰ ਰਹੀ ਹੈ। ਦੇਸ਼ ਭਰ ਵਿੱਚ ਪਿੰਡਾਂ ਵਿੱਚ ਦਲਿਤਾਂ ਤੇ ਪਛੜੇ ਵਰਗ ਦੀਆਂ ਜਾਤਾਂ ਦੇ ਰਹਿ ਰਹੇ ਲੋਕਾਂ ਨਾਲ ਸਵਰਨ ਜਾਤਾਂ ਵਾਲੇ ਲੋਕ ਇਕ ''ਮਨੁੱਖੀ ਭਾਈਚਾਰੇ'' ਵਜੋਂ ਨਹੀਂ ਸਗੋਂ ਇਕ ''ਸ਼ੂਦਰ'' ਵਜੋਂ ਉਨਾਂ ਨਾਲ ਵਿਵਹਾਰ ਕਰ ਰਹੇ ਹਨ। ਸਰਕ-ਾਰਾਂ ਵੱਲੋਂ ਇਨਾਂ ਵਿਤਕਿਰਿਆਂ ਨੂੰ ਖਤਮ ਕਰਾਉਣ ਲਈ ਵੀ ਕੋਈ ਪਹਿਲ ਕਦਮੀ ਨਹੀਂ ਕੀਤੀ ਜਾ ਰਹੀ ਹੈ।

ਦੇਸ਼ ਭਰ ਵਿੱਚ ਖਾਸ ਕਰਕੇ ਯੂ.ਪੀ., ਮੱਧ ਪ੍ਰਦੇਸ਼ ਜਿਥੇ ਬੀ.ਜੇ.ਪੀ. ਦੀਆਂ ਸਰਕਾਰਾਂ ਹਨ, ਨੀਵੀਆਂ ਜਾਤਾ ਦੀਆਂ ਲੜਕੀਆਂ ਨਾਲ ਛੇੜ-ਛਾੜ, ਉਧਾਲਾ, ਯੌਨ ਸ਼ੋਸ਼ਣ, ਕੁੱਟ-ਮਾਰ, ਗਰੀਬ ਜਾਂ ਦੱਲਿਤ ਪ੍ਰੀਵਾਰਾਂ ਨਾਲ ਅਣ-ਵਿਵਹਾਰਕ ਵਿਵਹਾਰ ਦੀਆਂ ਸ਼ਕਾਇਤਾਂ ਪੁਲੀਸ ਪਾਸ ਕਰਨ ਦੇ ਬਾਵਜੂਦ ਵੀ ਪੁਲੀਸ ਦਾ ਪਖ-ਪਾਤੀ ਰਵੱਈਆ ਵੀ ਉੱਚ ਜਾਤੀ ਦੇ ਹੱਕ 'ਚ ਹੀ ਭੁਗਤਦਾ ਹੈ। ਦੇਸ਼ ਭਰ ਵਿੱਚ ਅਖਵਾਰਾਂ, ਟੈਲੀਵੀਜ਼ਨ ਤੇ ਚੈਨਲਾਂ ਤੇ ਦਲਿਤ, ਕਬਾਇਲੀ ਤੇ ਪਛੜੇ-ਵਰਗ ਦੇ ਲੋਕਾਂ ਨਾਲ ਹੋ ਰਹੇ ਸਮਾਜਿਕ ਵਿਤਕਿਰਿਆਂ ਨੂੰ ਦੇਖਿਆ ਜਾ ਸਕਦਾ ਹੈ। ਕਿਵੇ ''ਰਣਵੀਰ ਸੈਨਾਂ, ਬਜਰੰਗ ਦਲ, ਹਨੂੰਮਾਨ ਸੈਨਾਂ, ਹੁੜਦੂੰਗ ਅਤੇ ਹੋਰ ਨਾਵਾਂ ਤੇ ਬਣੀਆਂ ਸੈਨਾਂ'' ਵਲੋਂ ਬਿਨਾਂ ਦਸੇ ਬਿਨਾਂ ਪੁੱਛ ਪੜਤਾਲ ਤੋਂ ਪੀੜਤਾਂ ਨੂੰ ਕੁੱਟਿਆ ਜਾ ਰਿਹਾ ਹੈ। ਕਾਨੂੰਨਾਂ ਦੀ ਪ੍ਰਵਾਹ ਕੀਤਿਆਂ ਬਿਨਾਂ ਹੀ ਸੈਨਾਵਾਂ ਵਲੋਂ ਕਈ ਪੀੜਤਾਂ ਨੂੰ ਕੁੱਟ-ਕੁੱਟ ਕੇ ਮਾਰ ਵੀ ਦਿੱਤਾ ਗਿਆ। ਪਰ ਇਹੋ ਜਿਹੇ ਸਮੇਂ ਵਿਚ ਪੁਲੀਸ ਦਾ ਰੋਲ ਵੀ ਨਿੰਦਣ ਯੋਗ ਹੀ ਹੁੰਦਾ ਹੈ, ਜਾਂ ਫਿਰ ਇਨਾ ਹੁੜਦੂੰਗਾਂ ਤੋਂ ਬਚਣ ਲਈ ਪਾਸਾ ਹੀ ਵੱਟ ਲੈਂਦੀ ਹੈ। ਪੀੜਤ ਵਲੋਂ ਪੁਲੀਸ ਪਾਸ ਰੀਪੋਰਟ ਲਿਖਾਉਣ ਤੋਂ ਬਾਦ ਵੀ ਕਾਨੂੰਨੀ ਫੈਸਲਾ ਜਾਂ ਤਾਂ ਲਮਕਾ ਅਵਸਥਾ ਵਿਚ ਰਹਿੰਦਾ ਹੈ ਤੇ ਜਾਂ ਫਿਰ ਲੰਮੀ ਸੁਣਵਾਈ ਬਾਦ ਫੈਸਲਾ ਮੁੜ ਹੁੜਦੰਗ ਮਚਾਉਣ ਵਾਲਿਆਂ ਦੇ ਪੱਖ 'ਚ ਹੋ ਜਾਣ ਕਰ ਕੇ ਅੱਜ ਘੱਟ ਗਿਣਤੀ, ਛੋਟੀਆਂ ਜਾਤਾਂ ਦੇ ਲੋਕਾਂ ਵਿੱਚ ਡਰ ਤੇ ਸਹਿਮ ਹੈ, ਕਿਉਂ ਕਿ ਨਿਆਂ ਸਮੇਂ ਸਿਰ ਨਾਂ ਮਿਲਣਾ, ਆਰਥਿਕ ਬਰਬਾਦੀ, ਖਜਲ ਖੁਆਰੀ ਤੇ ਸਮੇਂ ਦੀ ਬਰਬਾਦੀ ਹੋਣ ਤੋਂ ਬਾਦ ਵੀ ਉਹ ਬੇ-ਕਸੂਰ ਹੁੰਦਿਆਂ ਹੋਇਆਂ ਵੀ ਪੁਲੀਸ ਤੇ ਹੁੜੰਦੁਗਾਂ ਦੀ ਨਜ਼ਰ 'ਚ ਦੋਸ਼ੀ ਬਣ ਜਾਂਦਾ ਹੈ ਅਤੇ ਦੋਸ਼ੀ ਬਾ-ਇੱਜ਼ਤ ਬਰੀ ਹੋ ਜਾਂਦੇ ਹਨ? -75 ਸਾਲਾਂ ਦੀ ਅਜ਼ਾਦੀ ਤੋਂ ਬਾਦ ਵੀ ਦੇਸ਼ ਭਰ ਵਿੱਚ ਹਜ਼ਾਰਾਂ ਅਜਿਹੇ ਕੇਸ ਹਨ ਜਿਵੇਂ ਰਣਵੀਰ, ਬਜਰੰਗ-ਦਲ ਆਦਿ ਵਲੋਂ ਕਤਲ, ਭੀੜ ਵਲ਼ੋ ਬੇਦੋਸ਼ੇ ਲੋਕਾਂ ਨੂੰ ਕੁੱਟ-ਕੁੱਟ ਕੇ ਮਾਰ ਦੇਣ ਦੇ। ਪਰ ! ਕਾਨੂੰਨ ਦੇ ਰਾਖਿਆਂ ਤੋਂ ਪੀੜਤਾਂ ਨੂੰ ਕੋਈ ਨਿਆਂ ਨਹੀ ਮਿਲਿਆ ਹੈ । ਸਗੋਂ ਤੇ ਦੋਸ਼ੀਆਂ ਦਾ ਮਨੋਬਲ ਹੀ ਵਧਿਆ ਹੈ।

ਛੂਆ-ਛਾਤ, ਛੋਟੀਆਂ ਜਾਤਾਂ, ਬਰਾਦਰੀਆਂ ਤੇ ਦਲਿਤ ਪ੍ਰੀਵਾਰਾਂ ਨਾਲ ਹੋ ਰਹੇ ਵਿਤਕਰੇ ਤੇ ਅਣਮਨੁੱਖੀ ਘਟਨਾਵਾਂ ਵਾਲੇ ਤਸੀਹਿਆਂ ਨਾਲ ਇਤਿਹਾਸ ਦੇ ਪੰਨੇ ਭਰੇ ਪਏ ਹਨ। ਸਮੇਂ-ਸਮੇਂ ਤੇ ਇਨ੍ਹਾਂ ਖਿਲਾਫ ''ਭਗਤੀ ਲਹਿਰ ਵੇਲੇ ਸੰਤਾਂ, ਗੁਰੂਆਂ ਫਕੀਰਾਂ ਨੇ ਆਵਾਜ ਉਠਾਈ। ਕੌਮੀ ਅੰਦੋਲਨ ਤੋਂ ਪਹਿਲਾਂ ਅਤੇ ਬਾਦ ਵਿੱਚ ਵੀ ਜਾਤ-ਪਾਤ ਵਿਰੁੱਧ ਡਾ: ਭੀਮ ਰਾਓ ਅੰਬੇਦਕਰ, ਸਵਿਤਰੀ ਬਾਈ ਫੂਲੇ, ਜੋਤਿਬਾ ਫੂਲੇ, ਕੈਪਟਨ ਲਕਛਮੀ ਸਹਿਗਲ ਆਦਿ ਬਹੁਤ ਸਾਰੇ ਹੋਰ ਵਿਦਵਾਨਾਂ, ਸਿਧਾਂਤਕਾਰਾਂ ਤੇ ਯੁੱਗ ਪਲਟਾਊ ਬੁੱਧੀਜੀਵੀਆਂ ਨੇ ਇਸ ਜਾਤੀ ਪ੍ਰਥਾ ਦੇ ਵਿਰੁੱਧ ਅਵਾਜ ਹੀ ਨਹੀਂ ਉਠਾਈ, ਸਗੋਂ ਤੇ ਇਸ ਤਰਾਸਦੀ ਨੂੰ ਆਪ ਵੀ ਭੋਗਿਆ ਅਤੇ ਕਈ ਲੇਖ ਲਿਖੇ, ਲੋਕਾਂ ਤੱਕ ਪਹੁੰਚ ਕੀਤੀ ਅਤੇ ਆਪ ਵੀ ਉਸ ਜੰਗਿ-ਏ-ਮੈਦਾਨ ਵਿੱਚ ਕੁੱਦ ਕੇ ਸੰਘਰਸ਼ ਕੀਤੇ।

ਸਵਿਤਰੀ ਬਾਈ ਫੂਲੇ ਤੇ ਉਨਾ ਦੇ ਪਤੀ ਜੋਤਿਬਾ ਫੂਲੇ ਨੇ ਵੀ ਆਪ ਸਵਰਨ ਜਾਤੀਆ ਵਲੋਂ ਇਹ ਸੰਤਾਪ ਹੰਢਾਉਂਦਿਆਂ ਅਛੂਤ ਲੋਕਾਂ ਨੂੰ 18-ਵੀਂ ਸਦੀ ਵਿੱਚ ਵੀ ਲਾਮਬੰਦ ਕੀਤਾ।ਉਨਾ ਕਰਕੇ ਹੀ ਉਨ੍ਹਾਂ ਅਛੂਤ ਲੋਕਾਂ ਵਿੱਚ ਕੁਝ ਜਾਗਰਿਤੀ ਆਈ ਹੈ ਤੇ ਉਨਾਂ ਵਲੋਂ ਦਰਸਾਏ ਰਾਹਾਂ ਤੇ ਚੱਲ ਕੇ ਸਫਲਤਾ ਦੀ ਪੌੜੀ ਤੇ ਚੜ ਕੇ ਅੱਗੇ ਵਧੇ ਹਨ। ਪਰ ਅਫਸੋਸ ਹੈ ਕਿ 18-ਵੀਂ ਸਦੀ ਤੋਂ ਬਾਦ ਵੀ ਤੇ ਅਜ਼ਾਦੀ ਦੇ 75 ਸਾਲਾਂ ਬਾਦ ਵੀ ਇਹ ਖਾਈ ਬੰਦ ਹੋਣ ਦੀ ਥਾਂ ਹੋਰ ਡੂੰਘੀ ਹੁੰਦੀ ਜਾ ਰਹੀ ਹੈ।

ਸਾਨੂੰ ਭੁਲਣਾ ਨਹੀਂ ਚਾਹੀਦਾ ਕਿ ਅਜ਼ਾਦੀ ਤੋਂ ਬਾਦ ਸਮੇਂ-ਸਮੇਂ ਦੀਆ ਸਰਕਾਰਾਂ ਚਾਹੇ ਉਹ ਕੇਂਦਰ ਦੀ ਹੋਵੇ ਜਾ ਸੂਬਿਆਂ ਦੀਆਂ ਹੋਣ, 'ਇਸ ਜਾਤ-ਪਾਤ ਦੀ ਖਾਈ ਦੀ ਆੜ ਹੇਠ ਹੀ ਗੂੜੀ ਨੀਂਦ ਸਤਾ ਦਾ ਸੁੱਖ ਭੋਗ ਰਹੀਆਂ ਹਨ। ਬਿਹਾਰ ਹੋਵੇ ਜਾਂ ਯੂ.ਪੀ. ਜਾਂ ਕੋਈ ਹੋਰ ਸੂਬਾ ਬਹੁਤ ਸਾਲਾਂ ਤੋਂ ਇਨ੍ਹਾਂ ਸਰਕਾਰਾਂ ਦੇ ਨੱਕ ਹੇਠ ਕਾਲਾ ਗੋਰਖ ਧੰਦਾਂ ਚੱਲ ਰਿਹਾ ਸੀ ਤੇ ਹੁਣ ਵੀ ਜ਼ੋਰਾਂ ਸ਼ੋਰਾਂ ਨਾਲ ਚੱਲ ਰਿਹਾ ਹੈ। ਜਿਨਾਂ ਵਿੱਚ ਲਾਲ ਸੈਨਾ, ਰਣਵੀਰ ਸੈਨਾ ਤੇ ਹੋਰ ਜਾਤਾਂ ਦੀ ਸੈਨਾਵਾਂ ਜਿਹੜੀਆਂ ਸਵਰਨ ਜਾਤੀਆਂ ਨਾਲ ਸਬੰਧ ਰੱਖਦੀਆਂ ਹਨ, ਹਿੰਸਕ ਵਾਰਦਾਤਾਂ ਕਰਕੇ ਦਲਿਤਾਂ, ਇਸਤਰੀਆਂ, ਘੱਟ ਗਿਣਤੀਆਂ, ਬੱਚਿਆਂ ਤੇ ਗਰੀਬ ਲੋਕਾਂ ਦੀ ਕੁੱਟ ਮਾਰ ਕਰ ਕੇ ਬੇ-ਇਜ਼ਤੀ, ਇੱਥੋਂ ਤੱਕ ਇਸਤਰੀਆਂ ਤੇ ਬੱਚੀਆਂ ਨਾਲ ਕੁਕਰਮ, ਯੌਨ ਸ਼ੋਸ਼ਣ ਕਰਕੇ ਮਾਰ ਕੇ ਲਾਸ਼ਾਂ ਨੂੰ ਖੁਰਦ-ਬੁਰਦ ਕਰ ਕੇ ਸਾੜ ਦਿੱਤੀਆਂ ਜਾਂਦੀਆਂ ਹਨ। ਪਰ ! ਸਰਕਾਰਾਂ ਚੁੱਪ ਹਨ। ਕਿਉ ਕਿ ਉਨ੍ਹਾਂ ਨੂੰ ਆਪਣੇ ਵੋਟ ਬੈਂਕ ਦੀ ਫਿਕਰ ਹੈ ? ਨਾ ਕਿ ਮਨੁੱਖਤਾ ਨੂੰ ਬਚਾਉਣ ਦੀ ? ਇਕ ਰੀਪੋਰਟ ਮੁਤਾਬਿਕ 1997 'ਚ ਰਣਵੀਰ ਸੈਨਾ, ਲਾਲ ਸੈਨਾਂ ਵਲੋਂ ਕੀਤੀ ਗਈ ਜਾਤੀ ਹਿੰਸਾਂ ਦੇ ਵਿਰੁੱਧ ਇਕ ਜਾਂਚ ਕਮੇਟੀ ਵਲੋਂ ਨਿਰਪੱਖ ਜਾਂਚ ਕਰਨ ਦੀ ''ਅਮੀਰ ਦਾਸ ਆਯੋਗ'' ਨੂੰ ਨਤੀਸ਼ ਸਰਕਾਰ ਨੇ ਇਸ ਲਈ ਭੰਗ ਕਰ ਦਿੱਤਾ ਸੀ ਤਾਂ ਜੋ ਇਹੋ ਜਿਹੜੇ ਭਾੜੇ ਦੇ ਗੁੰਡਿਆਂ ਦੀ ਵੋਟ ਬੈਂਕ ਕਿਤੇ ਟੁੱਟ ਨਾ ਜਾਵੇ। ਭਾਵੇ! ਇਨਸਾਫ ਪਸੰਦ ਲੋਕਾਂ ਨੇ ਸਮੇਂ-ਸਮੇਂ ਇਸ ਮੁੱਦੇ ਨੂੰ ਲੋਕ ਅਵਾਜ ਰਾਹੀਂ ਜਲਸਿਆਂ, ਮੁਜ਼ਾਹਰਿਆਂ 'ਚੁਕਿਆ, ਪਰ ! ਇਸ ਤੋਂ ਸਾਬਿਤ ਹੁੰਦਾ ਹੈ ਕਿ ਸਰਕਾਰਾਂ ਨੂੰ ਰਾਜਸਤਾ ਅੰਦਰ ਆਪਣੀ ਹੋਂਦ ਬਚਾਉਣ ਦਾ ਫਿਕਰ ਹੈ ਨਾ ਕਿ ਲੋਕਾਂ ਨੂੰ ਨਿਆਂ ਦੇਣਾ।

ਮੌਜੂਦਾ ਕੇਂਦਰ 'ਚ ਭਾਜਪਾ ਦੀ ਮੋਦੀ ਸਰਕਾਰ ਵੀ ਇਸ ਸਚਾਈ ਤੋਂ ਪੂਰੀ ਤਰਾਂ ਜਾਣੂ ਹੁੰਦੀ ਹੋਈ, ਕਿ ਹੁੰੜਦੂੰਗ ਮਚਾਉਣ ਵਾਲੀਆਂ ਬਣੀਆਂ ਸੈਨਾਵਾਂ ਨਾਲ ਭਾਰਤ ਵਿੱਚ 90-ਫੀ-ਸੱਦ ਸਮਾਜਿਕ ਵਿਤਕਰੇ ਛੂਆ-ਛਾਤ ਤੇ ਇਸਤਰੀਆਂ ਨਾਲ ਹੋ ਰਹੀਆਂ ਛੇੜ-ਛਾੜ ਦੀਆਂ ਘਟਨਾਵਾਂ ਲਈ ਇਹ ਜਥੇ-ਬੰਦੀਆਂ ਜਿੰਮੇਵਾਰ ਹਨ। ਪਰ ! ਇਨਾ ਦੀ ਵੋਟ ਬੈਂਕ ਕਿਤੇ ਟੁੱਟ ਨਾ ਜਾਵੇ ਤਾਂ ਹੀ ਹਾਕਮ ਇਨਾ ਅਨਸਰਾਂ ਵਿਰੁੱਧ ਕੋਈ ਕਾਰਵਾਈ ਨਹੀਂ ਕਰਦੇ ਹਨ।

ਜਾਤ-ਪਾਤ ਨੂੰ ਜਿੰਦਾ ਰੱਖ ਕੇ ਹਰ ਇਕ ਨੂੰ ਵਿਧਾਨਿਕ ਰੁਜਗਾਰ ਦਾ ਹੱਕ ਦੇਣ ਦੀ ਥਾਂ ਸੰਸਦੀ ਅਦਾਰਿਆਂ ਰਾਹੀ ਰਾਖਵਾਂਕਰਨ ਨੂੰ ਜਰੂਰੀ ਬਣਾਉਣ ਲਈ ਸੱਦਾ ਦਿੱਤਾ ਜਾਂਦਾ ਹੈ। ਪ੍ਰਤੂੰ ! ਅਫਸੋਸ ਹੈ ਕਿ, ਜੇਕਰ ਸਰਕਾਰਾਂ ਹੀ ਜਨਮ ਤੋਂ ਲੈ ਕੇ ਜਾਤ-ਪਾਤ, ਊਚ ਨੀਚ, ਭਿੰਨ-ਭੇਦ ਤੇ ਵਿਤਕਿਰਿਆਂ ਨੂੰ ਜਿਊਂ ਦਾ ਤਿਉਂ ਰੱਖਣ ਦਾ ਉਪਰਾਲਾ ਕਰਦੀਆਂ ਰਹਿਣਗੀਆਂ, ਤਾਂ ਮਨੁੱਖਤਾ ਨਾਲ ਹੋ ਰਿਹਾ ਇਹ ਵਿਤਕਰਾ ਅੱਗੇ ਤੋਂ ਅੱਗੇ ਵੱਧਦਾ ਹੀ ਜਾਵੇਗਾ। ਇਹੋ ਜਿਹਾ ਵਿਤਕਰਾ ਆਖਰ ਸਮਾਜ ਵਿੱਚ ਆਪਸੀ ਮੇਲ-ਮਿਲਾਪ, ਮਨੁੱਖੀ ਪਿਆਰ, ਪ੍ਰਵਾਰਿਕ ਅਤੇ ਸਮਾਜਿਕ ਕਦਰਾਂ ਕੀਮਤਾਂ ਨੂੰ ਵੱਡੀ ਢਾਅ ਲਾਵੇਗਾ।

ਇਨ੍ਹਾਂ ਵਿਤਕਿਰਿਆ ਕਾਰਨ ਅੱਜ ! ਸਮਾਜ ਦਾ ਹਰ ਕਮਜ਼ੋਰ ਹਿੱਸਾ ਹਾਕਮ ਜਮਾਤਾਂ ਤੇ ਰਾਜਨੀਤਕਾਂ ਵਲੋਂ ਅਪਣਾਈਆ ਗਈਆਂ ਦੋਹਰੀਆਂ ਨੀਤੀਆਂ ਦਾ ਸ਼ਿਕਾਰ ਹੋ ਰਿਹਾ ਹੈ। ਇਕ ਰੀਪੋਰਟ ਮੁਤਾਬਿਕ ਪਛੜੇ ਤੇ ਗੁਰਬਤ ਦੇ ਮਾਰੇ ਗਰੀਬ ਸੂਬਿਆਂ ਜਿਨ੍ਹਾਂ ਵਿੱਚ ਅੰਧ-ਵਿਸ਼ਵਾਸ਼, ਗਰੀਬੀ, ਗੁਰਬਤ, ਅਨਪੜਤਾ, ਧਰਮਾਂ ਤੇ ਜਾਤਾਂ ਦੀ ਖਾਈ ਡੂੰਘੀ ਹੈ, ਉਥੇ ਇਸ ਵਿਤਕਰੇ ਨੇ ਮਜ਼ਬੂਤੀ ਨਾਲ ਇਨ੍ਹਾਂ ਗਰੀਬ ਲੋਕਾਂ ਨੂੰ ਛੂਆ ਛਾਤ-ਛਾਤ 'ਤੇ ਜਾਤ-ਬਰਾਦਰੀ ਵਿਚ ਵੰਡਿਆ ਹੋਇਆ ਹੈ। ਬਿਹਾਰ ਵਿੱਚ ਬੀ.ਜੇ.ਪੀ. ਤੇ ਨਤੀਸ਼ ਸਰਕਾਰ ਵਲੋਂ ਆਪਣਾ -2020 ਦਾ ਵੋਟ ਬੈਂਕ ਪਕਾ ਕਰਨ ਲਈ ਸਮਾਜਿਕ ਤੌਰ ਤੇ ਪੱਛੜੇ, ਦੱਲਿਤ ਅਤੇ ਮਹਾਂ ਦੱਲਿਤ ਲੋਕਾਂ ਵਿੱਚ ਵੰਡ-ਪਾਊ, ਫੁੱਟ-ਪਾਊ ਤਰੀਕਾ ਅਪਣਾਇਆ। ਇਸ ਤੋੜ ਭੰਨ ਨਾਲ ਦੋਨਾਂ ਵਰਗਾਂ ਦੇ ਸਮਾਜ ਦੇ ਲੋਕ ਹੋਰ ਵਰਗਾਂ ਨਾਲੋਂ ਅਲੱਗ-ਥਲੱਗ ਪੈ ਗਏ। ਇਨ੍ਹਾਂ ਦੋਨਾਂ ਜਾਤੀਆਂ ਨੂੰ ਪਹਿਲਾਂ ਨਾਲੋਂ ਕਾਫੀ ਦੁੱਖ ਤੇ ਹੋਰ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਉਦਾਹਰਨ ਦੇ ਤੌਰ ਤੇ ਭਾਵੇਂ ! ਉਹ ਪਿਛਲੀ ਜਗਨਨਾਥ ਮਿਸ਼ਰਾ ਦੀ ਸਰਕਾਰ ਸੀ, ਲਾਲੂ ਜਾਂ ਰਾਬੜੀ ਦੀ ਜਾਂ ਨਤੀਸ਼ + ਬੀ.ਜੇ.ਪੀ. ਸਰਕਾਰ ਰਹੀ ਹੋਵੇ, ਉਨ੍ਹਾਂ ਦੇ ਰਾਜਭਾਗ ਦੌਰਾਨ ਬਿਹਾਰ ਵਿੱਚ ਜਿੰਨੇ ਵੀ ਦਲਿਤ ਹੱਤਿਆਕਾਂਡ ਹੋਏ ਹਨ, ਸਿਰਫ ਇਕ ਦੋ ਨੂੰ ਛੱਡ ਕੇ ਬਾਕੀ ਖੂੰਖਾਰ ਅਪਰਾਧੀਆਂ ਨੂੰ ਸਜ਼ਾ ਹੀ ਨਹੀਂ ਦਿੱਤੀ ਗਈ।ਸਗੋਂ ਲੱਗ-ਪੱਗ ਸਾਰੇ ਹੀ ਮਾਮਲਿਆਂ ਵਿੱਚ ਕੋਰਟ ਵਲੋਂ ਸਰਕਾਰੀ ਵਕੀਲ ਦੀ ਢਿਲ ਮੱਠ, ਅਪਰਾਧੀਆਂ ਨੂੰ ਬਚਾਉਣ ਲਈ ਲਚਕੀਲਾ ਰਵੱਈਆ ਕਾਰਨ ਸ਼ੱਕ ਦਾ ਲਾਭ ਦੇ ਕੇ ਅਪਰਾਧੀਆਂ ਨੂੰ 'ਬਾ-ਇਜ਼ਤ' ਬਰੀ ਕਰ ਦਿੱਤਾ ਜਾਂਦਾ ਰਿਹਾ ਹੈ।

ਇਕ ਇਹ ਵੀ ਸਵਾਲ ਉੱਭਰ ਕੇ ਸਾਹਮਣੇ ਆਇਆ ਹੈ ''ਕਿ ਸਮਾਜਿਕ ਵਿਤਕਰੇ ਦਾ ਦੰਡ ਕੇਵਲ ਦੱਲਿਤ ਤੇ ਪੱਛੜੀ ਜਾਤੀਆਂ ਹੀ ਕਿਉ ਇਹ ਦੁੱਖ ਝੱਲ ਰਹੀਆਂ ਹਨ ? ਬਾਕੀ ਸਵਰਨ ਜਾਤੀਆਂ ਜਾਂ ਹੋਰ ਇਸ ਦਾ ਸ਼ਿਕਾਰ ਕਿਉਂ ਨਹੀਂ ਹੁੰਦੀਆਂ ?'' ਇਸ ਸਵਾਲ ਦਾ ਜਵਾਬ ਸਰਵ ਉੱਚ ਸੁਪਰੀਮ ਕੋਰਟ ਦੀ ਉਸ ਟਿਪਣੀ ਤੋਂ ਮਿਲੇਗਾ, ਜੋ ਕੋਰਟ ਨੇ 'ਹਰਿਆਣਾ ਦੇ ਮਿਰਚਪੁਰ ਕਾਂਡ' ਦੇ ਮਾਮਲੇ ਵਿੱਚ ਦਿੱਤੀ ਸੀ। ਕੋਰਟ ਨੇ ਕਿਹਾ ਸੀ, 'ਕਿ ਇਨ੍ਹਾਂ ਲੋਕਾਂ (ਭਾਵ ! ਦੱਲਿਤ ਜਾਤੀਆਂ) ਦਾ ਇਕੋ ਇਕ ਕਸੂਰ ਇਹੋ ਹੈ, ਕਿ ਇਹ ਗਰੀਬ ਤੇ ਦਲਿਤ ਹਨ।'' ਭਾਂਵੇ ! ਡਾ: ਭੀਮ ਰਾਓ ਅੰਬੇਦਕਰ ਨੇ ਕਿਹਾ ਸੀ, ''ਕਿ ਪੜੋ, ਲਿਖੋ, ਸੰਘਰਸ਼ ਕਰੋ, ਅੱਗੇ ਵਧੋ ਤੇ ਹੱਕ ਲਈ ਲੜਾਈ ਲੜੋ।'' ਪਰ ਸਵਾਲ ਇਹ ਹੈ 'ਕਿ ਕੀ ਪੜੇ ਲਿਖੇ ਦੱਲਿਤ ਮਰਦ ਤੇ ਇਸਤਰੀਆਂ ਦਾ ਉਤਪੀੜਨ ਨਹੀਂ ਹੋ ਰਿਹਾ ਹੈ ? ਸਿਰਫ਼ ਪੜਨ ਲਿਖਣ ਜਾਂ ਸੰਘਰਸ਼ ਕਰਨ ਨਾਲ ਗੱਲ ਨਹੀਂ ਬਣਦੀ। ਜਿੰਨੀ ਦੇਰ ਰਾਜ ਸਤਾ ਅੰਦਰ ਹਾਕਮ ਜਮਾਤਾਂ ਜਾਤ-ਪਾਤ, ਖਿੱਤਿਆਂ ਤੇ ਛੂਆ-ਛਾਤ ਨੂੰ ਜੜ ਤੋਂ ਨਹੀਂ ਪੁੱਟਦੀਆਂ। ਪਰ : ਜਿੰਨਾਂ ਚਿਰ ਹਾਕਮਾਂ ਦੀ ਇਨ੍ਹਾਂ ਲੋਕਾਂ ਪ੍ਰਤੀ ''ਨੀਤੀ ਤੇ ਨੀਅਤ'' ਠੀਕ ਨਹੀਂ ਹੁੰਦੀ ਉਨਾਂ ਚਿਰ ਇਹ ਵਿਤਕਰਾ ਖੱਤਮ ਨਹੀਂ ਹੋ ਸਕਦਾ।

ਭਾਰਤ ਦਾ ਸਮਾਜਿਕ ਢਾਚਾਂ ਹੀ ਵਿਤਕਿਰਿਆਂ ਭਰਪੂਰ ਹੈ। ਜਨਮ ਕਿਸ ਜਾਤੀ 'ਚ ਹੋਇਆ। ਉਸ ਦੇ ਅਧਾਰ ਤੇ ਹੀ ਊੱਚ-ਨੀਚ ਦੀ ਪ੍ਰਥਾ ਨੂੰ ਉਸ ਤੇ ਲਾਗੂ ਕਰ ਦਿੱਤਾ ਜਾਂਦਾ ਹੈ। ਇਹ ਬ੍ਰਾਹਮਣ ਹੈ, ਕੁਸ਼ਤਰੀ ਹੈ, ਨੀਚ ਨੂੰ ਸ਼ੂਦਰ ਤੇ ਵੈਸ਼ ਜਾਤੀ ਨਾਲ ਜੋੜ ਦਿੱਤਾ ਜਾਂਦਾ ਹੈ। ਨੀਚ ਲੋਕ ਗੋਹਾ-ਕੂੜਾ, ਝਾੜੂ-ਪੋਚਾ, ਨਾਲੀਆਂ, ਗਲੀਆਂ, ਸਾਫ ਕਰਨੀਆਂ, ਚੌਕੀਦਾਰੀ ਕਰਨੀ, ਜੁਤੀਆਂ ਬਣਾਉਣੀਆਂ, ਕੱਪੜੇ ਸੀਣੇ, ਛੀਬੇਂ, ਜੁਲਾਹੇ, ਤਾਣੀ, ਖੇਸ ਤੇ ਹੋਰ ਬੁਣਾਈ/ਖੱਡੀ ਦਾ ਕੰਮ ਕਰਨਾ ਆਦਿ ਇਨ੍ਹਾਂ ਪਛੜੇ ਲੋਕਾਂ ਲਈ ਰਾਖਵੇਂ ਕਰ ਦਿੱਤੇ। ਇਹ ਚਲਾਕ ਉੱਚੇ ਤੇ ਰਾਜ ਸਤਾ ਤੇ ਬੈਠੇ ਲੋਕਾਂ ਨੇ ਹੀ ਮਨੁੱਖਤਾ ਅੰਦਰ ਊੱਚ-ਨੀਚ, ਸ਼ੂਦਰ, ਜਾਤ-ਪਾਤ, ਬਰਾਦਰੀਆਂ ਦਾ ਪਾੜਾ ਪਾ ਕੇ ਸਮਾਜ 'ਚ ਵਸਦੇ ਲੋਕਾਂ ਨੂੰ ਦੋ ਹਿ-ੱਸਿਆਂ 'ਚ ਵੰਡ ਕੇ ਬ੍ਰਾਹਮਣਾ ਨੂੰ ਧਾਰਮਿਕ ਉੱਚ ਸਥਾਨ ਤੇ ਬੈਠਾ ਦਿੱਤਾ। ਕੁਸ਼ਤਰੀ ਨੂੰ ਲੜਾਈ ਕਰਨ ਜੋ ਸਮਾਜ ਅੰਦਰ ਬ੍ਰਾਹਮਣਾਂ ਤੇ ਦੇਸ਼ ਦੀ ਰਖਵਾਲੀ ਕਰਨ, ਤੀਸਰੇ ਤੇ ਚੌਥੇ ਵਰਗ ਸ਼ੂਦਰ ਨੂੰ ਉਪਰਲੇ ਵਰਗਾਂ ਦੀ ਸੇਵਾ ਕਰਨ ਦੇ ਕੰਮ ਕਰਨ ਦਾ ਬੀੜਾ ਦੇ ਦਿੱਤਾ ਗਿਆ। ਅੱਜ ! ਅਸੀ 21-ਵੀਂ ਸਦੀ 'ਚ ਪਹੁੰਚ ਗਏ ਹਾਂ। ਭਾਰਤ ਹੀ ਦੁਨੀਆਂ 'ਚ ਅਜਿਹਾ ਦੇਸ਼ ਹੈ ਜਿਥੇ ਜਾਤ-ਪਾਤ, ਛੂਆ-ਛਾਤ ਜਿਹੀ ਲਾਹਨਤ ਹੈ।

75 ਸਾਲਾਂ ਬਾਦ ਵੀ ਇਸ ਕਲੰਕ ਨੂੰ ਸਰਕਾਰਾਂ ਖਤਮ ਨਹੀਂ ਕਰ ਸਕੀਆਂ ਹਨ। ਅੱਜ ਵੀ ਸੰਸਦ ਵਿੱਚ ਜਾਂ ਵਿਧਾਨ ਸਭਾਵਾਂ ਵਿੱਚ ਸਵਰਨ ਜਾਤੀ ਦੇ ਬੈਠੇ ਮੈਂਬਰ ਵੀ ਇਸ ਪਾੜੇ ਨੂੰ ਖਤਮ ਨਹੀਂ ਕਰ ਸਕੇ। ਸਗੋਂ ਤੇ ਇਸ ਪਾੜੇ ਨੂੰ ਹੋਰ ਅੱਗੇ ਵੱਲ ਵਧਾਇਆ ਜਾ ਰਿਹਾ ਹੈ। ਜੋ ਦੇਸ਼ ਲਈ ਹਾਨੀਕਾਰਕ ਸਿੱਧ ਹੋ ਸਕਦਾ ਹੈ। ਪਿਛਲੇ ਸਾਲ ਤੋਂ ਕੋਵਿਡ-19 ਦੀ ਮਹਾਂਮਾਰੀ ਦੌਰਾਨ ਵੀ ਜਾਤੀਵਾਦ ਦੇ ਨਾ ਤੇ ਸਭ ਤੋਂ ਵੱਧ ਮਾਰ ਆਰਥਿਕ ਪੱਖੋਂ ਕੰਮਜੋਰ ਵਰਗ ਤੇ ਹੀ ਪਈ ਹੈ। ਰੁਜਗਾਰ ਖੁਸਣ ਤੋਂ ਬਾਦ ਘਰ ਦੀ ਆਰਥਿਕਤਾ 'ਚ ਬਿਹਤਰੀ ਲਈ ਕਾਰੀਗਰਾਂ, ਦਸਤਕਾਰਾਂ ਤੇ ਦਲਿਤ ਵਰਗ ਤੋਂ ਬਾਹਰ ਨਿਕਲੇ ਲੋਕਾਂ ਨੂੰ ਮੁੜ ਹੇਠਲੇ ਕਿੱਤਿਆਂ 'ਚ ਰੁਜ਼ਗਾਰ ਖਾਤਰ ਕੰਮ ਕਰਨਾ ਪੈ ਰਿਹਾ ਹੈ। ਭਾਵ ! ਉਨਾਂ ਨੂੰ ''ਨਾਂ ਤਾਂ ਸਮਾਜਿਕ ਤੇ ਨਾ ਹੀ ਆਰਥਿਕ'' ਆਜ਼ਾਦੀ ਮਿਲੀ। ਸਗੋਂ ਤੇ ਉਨਾਂ ਨੂੰ ਅੱਜ ਵੀ ਸਬਜੀ ਵੇਚਣੀ, ਜੁੱਤੀਆਂ ਵੇਚਣੀਆਂ, ਘਰਾਂ 'ਚ ਸਾਫ ਸਫਾਈ ਆਦਿ ਤੇ ਹੋਰ ਕਈ ਕੰਮ ਕਰਨ ਲਈ ਪਾਪੜ ਵੇਲਣੇ ਪਏ ਹਨ। ਭਾਵ ! ਉਹ ਜਾਤ-ਪਾਤ ਦੀਆਂ ਵਲਗਣਾ ਤੋਂ ਮੁਕਤ ਨਹੀਂ ਹੋ ਸਕੇ ਹਨ। ਇਹ ਤਾਂ ਸੰਗਠਨ ਖੇਤਰ ਹੀ ਹੈ ਜਿਥੇ ਕਿਰਤੀ ਰੁਜਗਾਰ ਪ੍ਰਾਪਤ ਕਰਕੇ ਕਾਫੀ ਹੱਦ ਤੱਕ ਜਾਤ-ਪਾਤ ਦੇ ਘੇਰਿਆ ਤੋਂ ਮੁਕਤ ਹੋ ਜਾਂਦਾ ਹੈ। ਪਰ ਹਾਕਮਾਂ ਨੂੰ ਨਵ ਉਦਾਰੀਵਾਦ ਅੰਦਰ ਨਿਜੀਕਰਨ ਰਾਹੀ ਕਿਰਤੀਆਂ ਨੂੰ ਖੇਰੂ-ਖੇਰੂ ਕਰਕੇ ਜਿਥੇ ਆਪਣੇ ਸ਼ੋਸ਼ਣ ਨੂੰ ਤੇਜ ਕਰ ਦਿੱਤਾ ਹੈ। ਉਥੇ ਸਮਾਜਕ ਤੌਰ ਤੇ ਉਨਾਂ ਅੰਦਰ ਵੰਡੀਆਂ ਪਾਉਣ ਨੂੰ ਵੀ ਬੜਾਵਾ ਦਿੱਤਾ ਹੈ।

ਜਾਤੀ-ਪਾਤੀ ਅੱਤਿਆਚਾਰ ਅਤੇ ਵਿਤਕਰੇਬਾਜੀ ਵਿਰੁੱਧ ਖਾਸ ਕਰਕੇ ਦਲਿਤਾਂ ਅਤੇ ਅਤਿ ਪੱਛੜੇ ਵਰਗਾਂ ਦੇ ਜਨ ਸਮੂਹ ਦੇ ਸਬੰਧਤ ਮੁੱਦੇ ਲੈਕੇ ਉਨਾਂ ਨੂੰ ਜੱਥੇਬੰਦਕ ਕਰਕੇ ਸੰਘਰਸ਼ਾਂ ਵਿੱਚ ਪਾਉਣਾ ਚਾਹੀਦਾ ਹੈ। ਸਮਾਜਿਕ ਨਿਆਂ ਦੇ ਲਈ ਦਲਿਤਾਂ, ਦੂਸਰੇ ਕਮਜ਼ੋਰ ਭਾਗਾਂ ਦੀ ਲਾਮਬੰਦੀ ਹੀ ਉਨਾਂ ਨਾਲ ਹੋ ਰਹੇ ਹਰ ਪ੍ਰਕਾਰ ਦੇ ਵਿਤਕਿਰਿਆ ਤੋਂ ਮੁਕਤੀ ਵੱਲ ਵੱਧਣ ਦਾ ਰਾਹ ਹੈ। ਲੋਕਾਂ ਨੂੰ ਉਨਾਂ ਦੇ ਜਮਹੂਰੀ ਅਧਿਕਾਰਾਂ ਦੀ ਰਾਖੀ ਕਰਨ ਤੇ ਸਮਾਜਕ-ਆਰਥਿਕ ਮੁੱਦਿਆ ਲਈ ਜਾਣੂ ਕਰਕੇ ਲਾਮਬੰਦ ਕਰਨਾ ਚਾਹੀਦਾ ਹੈ ਅਤੇ ਸਮਾਜਕ ਵਿਤਕਿਰਿਆਂ ਤੋਂ ਆਜ਼ਾਦੀ ਵੱਲ ਵੱਧਣਾ ਹੋਵੇਗਾ।

# ਤਥਾਗਤ ਸਿਧਾਰਥ ਗੌਤਮ ਦੇ ਸ਼ੁਰੂਆਤੀ ਰੁਝਾਨ ਅਤੇ ਵਿਆਹ

ਸਿਧਾਰਥ ਗੌਤਮ ਆਪਣੇ ਪਿਤਾਜਦੋਂ ਦੇ ਖੇਤ'ਤੇ ਜਾਂਦਾ ਸੀ ਅਤੇ ਕੋਈ ਕੰਮ ਨਾ ਹੁੰਦਾ ਤਾਂ, ਉਹ ਸ਼ਾਂਤ ਜਗ੍ਹਾ ਲੱਭਕੇ ਅਤੇ ਧਿਆਨ ਲਾਉਣ ਦੇ ਅਭਿਆਸ ਕਰਨਾ ਸੂਰੂ ਕਰਦਿੰਦਾ। ਉਹ ਮਨ ਦੀ ਸਾਧਨਾ ਲਈ ਬਹੁਤ ਸਮਾਂਲਗਾਉਂਦੇ ਸਨ, ਲੇਕਿਨ ਕਸ਼ਤ੍ਰੀਆਦੇ ਯੋਗ ਯੁੱਧ ਅਭਿਆਸ ਦੀ ਸਿੱਖਿਆ ਨੂੰ &;ਵੀ ਨਜ਼ਰ ਅੰਦਾਜ਼ ਨਹੀਂ ਕੀਤਾ।ਸੁਧੋਦਨ ਆਪਣੇ ਬੇਟੇ ਦੇ ਦਿਮਾਗ ਨੂੰ ਕਿਸੇ ਵੀ ਕੀਮਤ 'ਤੇਉਹਨਾ ਦੇ ਹਿਸਾਬ ਨਾਲ ਧਿਆਨ ਦੇ ਬੇਮਤਲਵ ਦੀ ਮਨ ਦੀ ਸਾਧਨਾ ਵਾਲੇ ਕੰਮ ਵਲ ਨਹੀਂ ਜਾਣ ਦੇਣਾ ਚਾਹੁੰਦੇ ਸਨ।

ਸਿਧਾਰਥ ਸੁਭਾ ਤੋਂ ਦਿਆਲੂ ਸੀ। ਉਹ ਮਨੁੱਖ ਦੁਆਰਾ ਮਨੁੱਖ ਦਾ ਸ਼ੋਸ਼ਣ ਕਰਨਾ ਪਸੰਦ ਨਹੀਂ ਕਰਦਾ ਸੀ।ਇਕ ਵਾਰ ਉਹ ਆਪਣੇ ਕੁਝ ਦੋਸਤਾਂ ਨਾਲ ਆਪਣੇ ਪਿਤਾ ਦੇ ਖੇਤ ਗਿਆ ਅਤੇ ਉਨ੍ਹਾਂ ਨੂੰ ਦੇਖਿਆ ਕਿ ਮਜ਼ਦੂਰ ਜ਼ਮੀਨ ਵਿੱਚ ਹਲ ਵਾਹ ਰਹੇ ਸਨ, ਕੁੱਝ ਬੱਟਾਂ ਬਣਾ ਰਹੇ ਸਨ,ਕੁੱਝ ਦਰੱਖਤ ਕੱਟ ਰਹੇ ਸਨ, ਤੇਜ਼ ਧੁੱਪ ਵਿਚ ਛੋਟੇ ਕੱਪੜੇ ਪਾਏ ਹੋਏ ਸਨ।ਉਹ ਵੇਖ ਕੇ ਬਹੁਤ ਪ੍ਰਭਾਵਿਤ ਹੋਇਆ।ਉਸਨੇ ਆਪਣੇ ਦੋਸਤਾਂ ਨੂੰ ਕਿਹਾ, ਕੀ ਇਹ ਸਹੀ ਹੋ ਸਕਦਾ ਹੈ ਕਿ ਜੇਕਰ ਇੱਕ ਮਨੁੱਖ ਦੂਜੇ ਦਾ ਸ਼ੋਸ਼ਣ ਕਰਦਾ ਹੈ? ਇਹ ਕਿਵੇਂ ਸਹੀ ਹੋ ਸਕਦਾ ਹੈ ਕਿ ਮਜ਼ਦੂਰ ਮਿਹਨਤ ਕਰੇ ਅਤੇ ਮਾਲਕ ਆਪਣੇ ਮਜਦੂਰਾਂ ਦੀ ਮਿਹਨਤ ਉੱਤੇ ਪਲ਼ਦਾ ਰਹੇ?



ਉਸ ਦੇ ਦੋਸਤਾਂ ਨੂੰ ਪਤਾ ਨਹੀਂ ਸੀ ਕਿ ਉਹ ਕੀ ਕਹੇਗਾ। ਕਿਉਂਕਿ ਉਹ ਜ਼ਿੰਦਗੀ ਦੇ ਪੁਰਾਣੇ ਫ਼ਲਸਫ਼ੇ ਵਿਚ ਵਿਸ਼ਵਾਸ ਕਰਦੇ ਸਨ ਕਿ ਮਜਦੂਰ ਆਪਣੇ ਮਾਲਕ ਦੀ ਸੇਵਾ ਵਿਚ ਕੰਮ ਕਰਨ ਲਈ, ਪੈਦਾ ਹੋਏ ਹੁੰਦੇ ਹਨ ਅਤੇ ਮਾਲਕ ਸਿਰਫ ਸੇਵਾ ਕਰਵਾਉਣ ਲਈ, ਇਗ ਸਭ ਦੀ ਆਪਣੀ ਆਪਣੀ ਕਿਸਮਤ ਹੈ ਜਿਸ ਨੂੰ ਪੂਰਾ ਕਰ ਰਹੇ ਹਨ।ਸਾਕਯ ਲੋਕ ਇੱਕ ਤਿਉਹਾਰ ਨੂੰ ਵੇਪਰਮੰਗਲ ਵਜੋਂ ਮਨਾਉਂਦੇ ਸਨ। ਇਹ ਬਿਜਾਈ ਵਾਲੇ ਦਿਨ ਹੋਣ ਵਾਲਾ ਇੱਕ ਪਸ਼ੂ ਉਤਸਵ ਸੀ। ਇਸ ਦਿਨ ਰਿਵਾਜ ਅਨੁਸਾਰ ਹਰ ਸਾਕਯ ਨੂੰ ਨਿੱਜੀ ਤੌਰ 'ਤੇ ਹਲ ਚਲਾਉਣਾ ਲਾਜ਼ਮੀ ਹੁੰਦਾ ਸੀ।

ਸਿਧਾਰਥ ਹਮੇਸ਼ਾਂ ਅਜਿਹੇ ਰਿਵਾਜਾਂ ਦਾ ਪਾਲਣ ਕਰਦਾ ਸੀ ਅਤੇ ਆਪਣੇ ਆਪ ਨੂੰ ਹਲ਼ ਵਾਹਣ ਦੇ ਕੰਮ ਵਿਚ ਰੁੱਝ ਜਾਂਦਾ ਸੀ।ਹਾਲਾਂਕਿ ਉਹ ਇੱਕ ਅਮੀਰ ਵੀ ਸੀ ਅਤੇ ਗਿਆਨਵਾਨ ਵੀ ਸੀ, ਪਰ ਉਸਨੇ ਹੱਥੀਂ ਕਿਰਤ ਕਰਨ ਨੂੰ ਕਦੀ ਨਫ਼ਰਤ ਨਹੀਂ ਕੀਤੀ।ਉਹ ਇਕ ਯੋਧਾ ਵਰਗ ਨਾਲ ਸਬੰਧ ਰਖਦਾ ਸੀ ਅਤੇ ਉਸ ਨੇ ਤੀਰਅੰਦਾਜ਼ੀ ਅਤੇ ਹਥਿਆਰਾਂ ਦੀ ਵਰਤੋਂ ਦੀ ਸਿਖਲਾਈ ਵੀ ਲਈ ਸੀ। ਪਰ ਉਸਨੂੰ ਬੇਲੋੜੇ ਹਥਿਆਰ ਵਰਤਕੇ ਕਿਸੇ ਨੂੰ ਜਖਮੀ ਕਰ ਦੇਣਾ, ਇਹ ਉਸਨੂੰ ਪਸੰਦ ਨਹੀਂ ਸੀ।

ਉਸਨੇ ਸ਼ਿਕਾਰ ਕਰਨ ਵਾਲੇ ਸਮੂਹਾਂ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਉਸਦੇ ਦੋਸਤ ਕਹਿੰਦੇ ਸਨ: "ਕੀ ਤੂੰ ਤਾਂ ਸ਼ੇਰ ਤੋਂ ਡਰਦਾ ਹੈਂ?" ਉਹ ਇਹ ਕਹਿ ਕੇ ਜਵਾਬ ਦੇ ਦਿੰਦਾ ਸੀ, "ਮੈਂ ਜਾਣਦਾ ਹਾਂ ਕਿ ਤੁਸੀਂ ਸ਼ੇਰਾਂ ਨੂੰ ਨਹੀਂ ਮਾਰੋਗੇ, ਤੁਸੀਂ ਤਾਂ ਹਿਰਨ ਅਤੇ ਖਰਗੋਸ਼ ਵਰਗੇ ਭੋਲੇ ਮਾਸੂਮ ਜਾਨਵਰਾਂ ਨੂੰ ਮਾਰਨ ਜਾ ਰਹੇ ਹੋ।" ਉਹ ਕਹਿੰਦੇ ਸਨ ਕਿ, "ਜੇ ਸ਼ਿਕਾਰ ਲਈ ਨਹੀਂ, ਤਾਂ ਇਹ ਵੇਖਣ ਲਈ ਸਾਥ ਆ ਜਾਓ ਕਿ ਤੁਹਾਡੇ ਦੋਸਤ ਕਿੰਨੇ ਸਹੀ ਨਿਸ਼ਾਨਾ ਸਾਧ ਰਹੇ ਹਨ,"। ਸਿਧਾਰਥ ਨੇ ਉਹਨਾਂ ਦੇ ਅਜਿਹੇ ਸੱਦਿਆਂ ਦਾ ਇਨਕਾਰ ਕਰਦਿਆਂ ਕਿਹਾ; "ਮੈਨੂੰ ਨਿਰਦੋਸ਼ ਜਾਨਵਰਾਂ ਨੂੰ ਮਾਰਦਿਆ ਦੇਖਣਾ ਵੀ ਪਸੰਦ ਨਹੀਂ।"

ਮਾਤਾ ਪ੍ਰਜਾਪਤੀ ਗੌਤਮੀ ਸਿਧਾਰਥ ਦੇ ਇਸ ਰਵੱਈਏ ਤੋਂ ਬਹੁਤ ਚਿੰਤਤ ਸੀ।ਉਹ ਉਸ ਨਾਲ ਇਹ ਕਹਿ ਕੇ ਬਹਿਸ ਕਰਦੀ ਸੀ, "ਤੁਸੀਂ ਭੁੱਲ ਗਏ ਹੋ ਕਿ ਤੁਸੀਂ ਇੱਕ ਕਸ਼ਤਰੀ ਹੋ ਅਤੇ ਲੜਨਾ ਤੁਹਾਡਾ ਫਰਜ਼ ਹੈ। ਯੁੱਧ ਦੀ ਕਲਾ ਸਿਰਫ ਸ਼ਿਕਾਰ ਕਰਨ ਤੋਂ ਸਿੱਖੀ ਜਾ ਸਕਦੀ ਹੈ ਸਿਰਫ ਸਿਕਾਰ ਦੁਆਰਾ ਤੁਸੀਂ ਸਹੀ ਨਿਸ਼ਾਨਾ ਲਾਉਣਾ ਸਿੱਖ ਸਕਦੇ ਹੋ। ਸਿਕਾਰ ਕਰਨਾ ਯੋਧਾ ਵਰਗ ਲਈ ਸਿਖਲਾਈ ਦਾ ਮੈਦਾਨ ਹੈ।"ਸਿਧਾਰਥ ਅਕਸਰ ਮਾਂ ਗੌਤਮੀ ਨੂੰ ਪੁੱਛਦਾ ਸੀ, "ਮਾਤਾ ਜੀ, ਇਕ ਕਸ਼ਤਰੀ ਨੂੰ ਲੜਾਈ ਕਿਉਂ ਲੜਨੀ ਚਾਹੀਦੀ ਹੈ? ਅਤੇ ਗੌਤਮੀ ਜਵਾਬ ਦਿੰਦੇ ਸਨ, "ਕਿਉਂਕਿ ਇਹ ਉਹਨਾ ਦਾ ਫਰਜ਼ ਹੈ।"

ਸਿਧਾਰਥ ਉਹਨਾ ਦੇ ਜਵਾਬ ਤੋਂ ਕਦੇ ਸੰਤੁਸ਼ਟ ਨਹੀਂ ਸੀ ਹੋਇਆ ਉਹ ਗੌਤਮੀ ਨੂੰ ਪੁੱਛਦਾ ਸੀ, "ਮੈਨੂੰ ਦੱਸੋ, ਮਨੁੱਖ ਦਾ ਮਨੁੱਖ ਨੂੰ ਮਾਰਨਾ ਫਰਜ਼ ਕਿਵੇਂ ਹੋ ਸਕਦਾ ਹੈ?" ਗੌਤਮੀ ਨੇ ਦਲੀਲ ਦਿੱਤੀ, "ਇਹੋ ਜਿਹਾ ਰਵੱਈਆ ਸੰਨਿਆਸੀ ਲਈ ਚੰਗਾ ਹੁੰਦਾ ਹੈ। ਪਰ ਕਸ਼ਤਰੀਆਂ ਨੂੰ ਲੜਨਾ ਚਾਹੀਦਾ ਹੈ। ਜੇਕਰ ਉਹ ਅਜਿਹਾ ਨਹੀਂ ਕਰਦੇ ਤਾਂ ਰਾਜ ਦੀ ਰੱਖਿਆ ਕੌਣ ਕਰੇਗਾ?"ਇਸ ਦੇ ਜਵਾਬ ਵਿੱਚ ਉਹ ਕਹਿੰਦਾ,"ਪਰ ਮਾਂ! ਜੇ ਸਾਰੇ ਕਸ਼ਤਰੀ ਇਕ ਦੂਜੇ ਨਾਲ ਪਿਆਰ ਨਾਲ ਰਹਿ ਸਕਦੇ ਹਨ, ਤਾਂ ਕੀ ਉਹ ਕਤਲ ਦਾ ਸਹਾਰਾ ਲਏ ਬਿਨਾਂ ਆਪਣੇ ਰਾਜ ਦੀ ਰੱਖਿਆ ਨਹੀਂ ਕਰ ਸਕਣਗੇ?" ਤਾਂ ਗੌਤਮੀ ਨੂੰ ਸਿਧਾਰਥ ਨੂੰ ਉਸੇਦੀ ਮੱਤ ਅਤੇ ਹੀ ਛੱਡਣਾ ਪਿਆ।

ਸਿਧਾਰਥ ਨੇ ਆਪਣੇ ਸਾਥੀਆਂ ਨੂੰ ਧਿਆਨ ਦਾ ਅਭਿਆਸ ਕਰਨ ਲਈ ਪ੍ਰੇਰਿਤ ਕਰਨ ਦੀ ਕੋਸ਼ਿਸ਼ ਕੀਤੀ। ਉਸਨੇ ਉਨ੍ਹਾਂ ਨੂੰ ਸਹੀ ਆਸ਼ਣ ਸਿਖਾਇਆ। ਉਸ ਨੇ ਉਨ੍ਹਾਂ ਨੂੰ ਆਪਣਾ ਧਿਆਨ ਕਿਸੇ ਵਿਸ਼ੇ 'ਤੇ ਲਗਾਉਣਾ ਸਿਖਾਇਆ। ਉਸਨੇ ਉਨ੍ਹਾਂ ਨੂੰ ਅਜਿਹੇ ਵਿਚਾਰਾਂ ਦੀ ਚੋਣ ਕਰਨ ਦੀ ਸਲਾਹ ਦਿੱਤੀ ਜਿਵੇਂ "ਮੈਂ ਖੁਸ਼ ਹੋਵਾਂ, ਮੇਰੇ ਰਿਸ਼ਤੇਦਾਰ ਖੁਸ਼ ਰਹਿਣ, ਸਾਰੇ ਜੀਵ ਖੁਸ਼ ਰਹਿਣ।"ਪਰ ਉਸਦੇ ਦੋਸਤਾਂ ਨੇ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ। ਉਹ ਉਸ ਉੱਤੇ ਹੱਸ ਪੇਂਦੇ।ਜਦੋਂ ਉਹ ਆਪਣੀਆਂ ਅੱਖਾਂ ਬੰਦ ਕਰਦੇ, ਤਾਂ ਉਹ ਆਪਣੇ ਧਿਆਨ ਦੇ ਉਦੇਸ਼ 'ਤੇ ਧਿਆਨ ਕੇਂਦ੍ਰਤ ਨਹੀਂ ਕਰ ਸਕਦੇ ਸਨ। ਇਸ ਦੀ ਬਜਾਏ, ਕੁਝ ਨੇ ਆਪਣੀਆਂ ਅੱਖਾਂ ਦੇ ਅੱਗੇ ਹਿਰਨ ਦਾਸ਼ਿਕਾਰ ਜਾਂ ਖਾਣ ਲਈ ਮਠਿਆਈਆਂ ਹੀ ਦੇਖਦੇ ਸਨ।

ਉਸ ਦੇ ਪਿਤਾ ਅਤੇ ਉਸਦੀ ਮਾਤਾ ਸਿਧਾਰਥ ਦੇ ਧਿਆਨ ਲਗਾਉਣ ਦੇ ਕੰਮ ਦੇ ਪੱਖ ਨੂੰ ਪਸੰਦ ਨਹੀਂ ਕਰਦੇ ਸਨ। ਉਹ ਸੋਚਦੇ ਸਨ ਕਿ ਇਹ ਇਕ ਕਸ਼ੱਤਰੀ ਦੀ ਜੀਵਨ ਦੇ ਬਿਲਕੁਲ ਉਲਟ ਹੈ।ਸਿਧਾਰਥ ਦਾ ਮੰਨਣਾ ਸੀ ਕਿ ਸਹੀ ਵਿਸ਼ਿਆਂ 'ਤੇ ਧਿਆਨ ਸਰਵ ਵਿਆਪੀ ਪਿਆਰ ਦੀ ਭਾਵਨਾ ਦੇ ਵਿਕਸ਼ਿਤ ਕਰਦਾ ਹੈ। ਉਸਨੇ ਇਹ ਕਹਿ ਕੇ ਆਪਣੇ ਅਤੇ ਆਪ ਨੂੰ ਜਾਇਜ਼ ਠਹਿਰਾਇਆ ਕਿ "ਜਦੋਂ ਅਸੀਂ ਜੀਵਤ ਚੀਜ਼ਾਂ ਬਾਰੇ ਸੋਚਦੇ ਹਾਂ, ਤਾਂ ਅਸੀਂ ਆਪਣੇ ਵਿਵੇਕ ਨਾਲ ਇਸਨੂੰ ਵਿਤਕਰੇਵਾਦੀ ਵਰਤਾਰੇ ਦੀ ਸੋਚ ਨਾਲ ਸਮਝਣਾ ਸ਼ੁਰੂ ਕਰਦੇ ਹਾਂ। ਅਸੀਂ ਆਪਣੇ ਦੋਸਤਾਂ ਨੂੰ ਆਪਣੇ ਦੁਸ਼ਮਣਾਂ ਤੋਂ ਵੱਖ ਕਰਦੇ ਹਾਂ, ਜਾਨਵਰਾਂ ਨੂੰ ਵੀ ਅਤੇ ਮਨੁੱਖਾਂ ਨੂੰ ਵੀ ਵੱਖ ਕਰਦੇ ਹਾਂ। ਅਸੀਂ ਮਿੱਤਰਾਂ ਅਤੇ ਪਾਲਤੂਆਂ ਨੂੰ ਪਿਆਰ ਕਰਦੇ ਹਾਂ ਅਤੇ ਅਸੀਂ ਦੁਸ਼ਮਣਾਂ ਅਤੇ ਜੰਗਲੀ ਜਾਨਵਰਾਂ ਨੂੰ ਨਫ਼ਰਤ ਕਰਦੇ ਹਾਂ।"

"ਇਹ ਵੰਡਣ ਵਾਲੀ ਲਾਈਨ ਤੋਂ ਸਾਨੂੰ ਪਾਰ ਪਾਉਣਾ ਬਹੁਤ ਲਾਜ਼ਮੀ ਹੈ ਅਤੇ ਅਸੀਂ ਸਿਰਫ ਉਦੋਂ ਹੀ ਕਰ ਸਕਦੇ ਹਾਂ ਜਦੋਂ ਅਸੀਂ ਆਪਣੀ ਸੋਚ ਵਿਚ ਵਿਵਹਾਰਕ ਜਿੰਦਗੀ ਦੀਆਂ ਹੱਦਾਂ ਤੋਂ ਉਪਰ ਉੱਠ ਜਾਂਦੇ ਹਾਂ।" ਅਜਿਹਾ ਉਸ ਦਾ ਤਰਕ ਸੀ।ਉਸਦਾ ਬਚਪਨ ਵਿੱਚ ਹੀ ਉਹਨਾ ਦੇ ਮਨ ਵਿੱਚ ਦਇਆ ਦੀ ਮਹਾਨ ਭਾਵਨਾ ਦੀ ਮੌਜੂਦਗੀ ਦਿਖਾਈ ਦਿੰਦੀ ਸੀ ਇੱਕ ਵਾਰ ਉਹ ਆਪਣੇ ਪਿਤਾ ਦੇ ਖੇਤ ਗਿਆ। ਆਪਣੇ ਕੰਮ ਤੋਂ ਛੁੱਟੀ ਕਰ ਦੌਰਾਨ ਉਹ ਇੱਕ ਰੁੱਖ ਹੇਠਾਂ ਆਰਾਮ ਕਰ ਰਿਹਾ ਸੀ ਅਤੇ ਕੁਦਰਤ ਦੀ ਸ਼ਾਂਤੀ ਅਤੇ ਸੁੰਦਰਤਾ ਦਾ ਅਨੰਦ ਲੈ ਰਿਹਾ ਸੀ। ਜਿਉਂ ਹੀ ਉਹ ਬੈਠੇ ਹੋਇਆ ਸੀ, ਇਕ ਪੰਛੀ ਉਸ ਦੇ ਬਿਲਕੁਲ ਸਾਹਮਣੇ ਅਕਾਸ਼ ਤੋਂ ਡਿੱਗਾ।ਪੰਛੀ ਨੂੰ ਕਿਸੇ ਨੇ ਤੀਰ ਮਾਰਿਆਸੀ ਜਿਸਨਾਲ ਉਸਦਾ ਸਰੀਰ ਨੂੰ ਵਿੰਨ੍ਹਿਆ ਗਿਆ ਸੀ ਅਤੇ ਬਹੁਤ ਦਰਦ ਨਾਲ ਤੜਫਦਾ ਹੋਇਆ ਚਿਲਾ ਰਿਹਾ ਸੀ।

ਸਿਧਾਰਥ ਪੰਛੀ ਦੀ ਸਹਾਇਤਾ ਲਈ ਭੱਜਿਆ। ਉਸਨੇ ਤੀਰ ਨੂੰ ਪੰਛੀ ਦੇ ਸਰੀਰ ਚੋਂ ਕਢਿਆ, ਉਸਦੇ ਜ਼ਖ਼ਮ ਨੂੰ ਸਾਫ ਕੀਤਾਸਲਾਹਿਆ ਅਤੇ ਉਸਨੂੰ ਪਾਣੀ ਪਿਲਾਇਆ। ਉਸਨੇ ਪੰਛੀ ਨੂੰ ਚੁੱਕਿਆ ਅਤੇ ਉਸ ਜਗ੍ਹਾ ਤੇ ਆਇਆ ਜਿੱਥੇ ਇਹ ਬੈਠਾ ਸੀ ਅਤੇ ਪੰਛੀ ਨੂੰ ਕੱਪੜੇ ਵਿੱਚ ਲਪੇਟਿਆ ਅਤੇ ਇਸਨੂੰ ਨਿਘ ਦੇਣ ਲਈ ਆਪਣੀ ਛਾਤੀ ਨਾਲ ਲਾ ਲਿਆ, ਸਿਧਾਰਥ ਹੈਰਾਨ ਸੀ ਕਿ ਕਿਸ ਨੇ ਇਸ ਮਾਸੂਮ ਪੰਛੀ ਨੂੰ ਤੀਰ ਮਾਰ ਦਿੱਤਾ। ਜਲਦੀ ਹੀ ਉਸ ਦਾ ਚਚੇਰਾ ਭਰਾ ਦੇਵਦੱਤ ਸਿਕਾਰ ਦੇ ਹਥਿਆਰਾਂ ਨਾਲ ਲੈਸ ਹੋਇਆ ਆ ਗਿਆ। ਉਸਨੇ ਸਿਧਾਰਥ ਨੂੰ ਦੱਸਿਆ ਕਿ ਉਸਨੇ ਅਸਮਾਨ ਵਿੱਚ ਉੱਡ ਰਹੇ ਇੱਕ ਪੰਛੀ ਨੂੰ ਤੀਰ ਮਾਰ ਦਿੱਤੀ ਸੀ, ਪੰਛੀ ਜ਼ਖਮੀ ਹੋ ਗਿਆ ਸੀ ਪਰ ਇਹ ਕੁਝ ਦੂਰੀ ਤੇ ਉੱਡ ਗਿਆ ਅਤੇ ਕਿਧਰੇ ਡਿੱਗ ਪਿਆ ਹੈ। ਉਸ ਨੂੰ ਸਿਧਾਰਥ ਨੂੰ ਪੁੱਛਿਆ ਕਿ, ਕੀ ਉਸਨੇ ਪੰਛੀ ਨੂੰ ਵੇਖਿਆ ਹੈ?

ਸਿਧਾਰਥ ਨੇ ਜਵਾਬ ਦਿੱਤਾ, ਹਾਂ ਉਸਨੇ ਪੰਛੀ ਵਿਖਾਇਆ ਹੈ। ਪੰਛੀ ਉਸ ਸਮੇਂ ਤੱਕ ਕਾਫੀ ਠੀਕ ਹੋ ਗਿਆ ਸੀ।ਦੇਵਦੱਤ ਉਸ ਦਾ ਭਰਾ ਸੀ। ਉਸ ਨੇਕਿਹਾ ਕਿ ਪੰਛੀ ਉਸਦੇ ਹਵਾਲੇ ਕਰ ਦੇਵੇ। ਲੇਕਿਨ ਸਿਧਾਰਥ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਦੋਵਾਂ ਵਿਚ ਬਹਿਸ ਕਾਫੀ ਗਰਮ ਹੋ ਗਈ।ਦੇਵਦੱਤ ਨੇ ਦਲੀਲ ਦਿੱਤੀ ਕਿ ਉਹ ਪੰਛੀ ਉਸ ਦਾ ਸ਼ਿਕਾਰ ਸੀ, ਕਿਉਂਕਿ ਸ਼ਿਕਾਰ ਦੇ ਨਿਯਮਾਂ ਅਨੁਸਾਰ, ਜਿਹੜਾ ਜਿਸ ਜਾਨਵਰ ਦਾ ਸ਼ਿਕਾਰ ਕਰਦਾ ਹੈ, ਉਹ ਹੀਸ਼ਿਕਾਰ ਦਾ ਮਾਲਕ ਹੁੰਦਾ ਹੈ।

ਸਿਧਾਰਥ ਨੇ ਨਿਯਮ ਦੇ ਸਹੀ ਜਾਂ ਗਲਤ ਹੋਣ ਤੋਂ ਇਨਕਾਰ ਕਰਦੇ ਹੋਏ ਉਸਨੇ ਦਲੀਲ ਦਿੱਤੀ ਕਿ ਜਿਹੜਾ ਕਿਸੇ ਜਾਨਵਰ ਨੂੰ ਬਚਾਉਂਦਾ ਹੈਇਹ ਸਿਰਫ ਉਹ ਹੀ ਉਸ ਦੇ ਮਾਲਕ ਬਣ ਸਕਦਾ ਹੈ।ਇਸ ਲਈ ਪੰਛੀ ਉੱਤੇ ਮਾਲਕੀ ਦਾ ਹੱਕ ਉਸ ਦਾਹੀ ਹੈ।ਜਿਹੜਾ ਪੰਛੀ ਨੂੰ ਮਾਰਨਾ ਚਾਹੁੰਦਾ ਹੈ ਉਹ ਉਸਦਾ ਮਾਲਕ ਕਿਵੇਂ ਹੋ ਸਕਦਾ ਹੈ? ਦੋਨਾ ਵਿੱਚੋਂ ਕੋਈਵੀ ਨਹੀਂ ਝੁਕਿਆ। ਇਹਦੇਖ ਕੇ ਮਾਮਲਾ ਤੀਜੇ ਬੰਦੇ ਕੋਲ ਇਨਸਾਫ ਲਈ ਲਿਆਂਦਾ ਗਿਆ।ਇਨਸਾਫ ਕਰਤਾ ਨੇ ਸਿਧਾਰਥ ਗੌਤਮ ਦੇ ਹੱਕਵਿੱਚ ਫੈਸ਼ਲਾ ਦਿੱਤਾ ਅਤੇ ਸਿਧਾਰਥ ਦੀ ਗੱਲ ਨੂੰ ਸਹੀ ਕਰਾਰ ਦਿਤਾ। ਇਸ ਤੋਂ ਬਾਅਦ ਦੇਵਦੱਤ ਉਸਦਾ ਦੁਸ਼ਮਣ ਬਣ ਗਿਆ। ਪਰ ਗੌਤਮ ਦੀ ਰਹਿਮ ਦੀ ਭਾਵਨਾ ਇੰਨੀ ਜ਼ਿਆਦਾ ਪ੍ਰਬਲਸੀ ਕਿ ਉਸਨੇ ਆਪਣੇ ਚਚੇਰਾ ਭਰਾ ਨੂੰ ਖੁਸ਼ ਕਰਨ ਨਾਲੋਂ ਇਕ ਮਾਸੂਮ ਪੰਛੀ ਦੀ ਜਾਨ ਬਚਾਉਣ ਨੂੰ ਤਰਜੀਹ ਦਿੱਤੀ ਸੀ। ਜਿਸ ਨੂੰ ਉਹ ਸਹੀ ਸਮਝਦਾ ਸੀ।ਇਸੇ ਹੀ ਤਰਾਂ ਦੀਆਂ ਹੋਰ ਵੀ ਬਹੁਤ ਸਾਰੀਆਂ ਘਟਨਾਵਾਂ ਸਿਧਾਰਥ ਗੌਤਮ ਦੇ ਮੁਢਲੇ ਜੀਵਨ ਵਿੱਚ ਵਾਪਰਦੀਆਂ ਰਹੀਆਂ, ਜਿਸ ਨਾਲ ਪਤਾ ਲਗਦਾ ਹੈ ਕਿ ਉਹ ਮੁੱਢ ਤੋਂ ਹੀ ਬਹੁਤ ਦਿਆਲੂ ਅਤੇ ਨੇਕ ਸੁਭਾ ਦੇ ਇਨਸਾਨ ਸਨ।

### ਤਥਾਗਤ ਦਾ ਵਿਆਹ

ਬਹੁਤ ਹੀ ਬੀਰ ਯੋਧਾ ਦੰਡਾਪਣੀ ਦੇ ਨਾਮ ਦਾ ਵੀ ਇਕ ਸਾਕਯ ਕੁੱਲ ਵਿੱਚੋਂ ਹੀ ਸੀ। ਯਸ਼ੋਧਰਾ ਉਸ ਦੀ ਧੀ ਸੀ। ਉਹ ਆਪਣੀ ਸੁੰਦਰਤਾ ਅਤੇ 'ਸੁਸੀਲਾਤਾ' ਲਈ ਜਾਣੀ ਜਾਂਦੀ ਸੀ।ਯਸ਼ੋਧਰਾ ਜਦੋਂ16ਵੇਂ ਸਾਲ ਵਿੱਚ ਹੋਈ ਤਾਂ ਦੰਡਾਪਨੀ ਉਸ ਦੇ ਵਿਆਹ ਬਾਰੇ ਸੋਚ ਵਿਚਾਰ ਕਰਨ ਲਗਾ।ਰਿਵਾਜ ਅਨੁਸਾਰ,



ਹਰਦੀਪ ਸਿੰਘ ਚੁੰਬਰ
91-94636-01616

ਦੰਡਾਪਨੀ ਨੇ ਸਾਰੇ ਗੁਆਂਢੀ ਰਾਜਾਂ ਦੇ ਨੌਜਵਾਨਾਂ ਨੂੰ ਆਪਣੀ ਧੀ ਦੇ ਸਵੰਬਰ ਲਈ ਸੱਦੇ ਭੇਜੇ।ਸਿਧਾਰਥ ਗੌਤਮ ਨੂੰ ਵੀ ਸੱਦਾ ਭੇਜਿਆ ਗਿਆ।

ਸਿਧਾਰਥ ਗੌਤਮ ਨੇ ਵੀ ਆਪਣਾ 16ਵਾਂ ਸਾਲ ਪਾਰ ਕਰ ਲਿਆ ਸੀ। ਉਸ ਦੇ ਮਾਪੇ ਵੀ ਉਸ ਦੇ ਵਿਆਹ ਲਈ ਉਨੇ ਹੀ ਉਤਸੁਕ ਸਨ। ਸਿਧਾਰਥ ਵੀ ਸਵੰਬਰ ਵਿੱਚ ਸ਼ਾਮਿਲ ਹੋਇਆ। ਉਸਨੇ ਸਵੰਬਰ ਵਿੱਚ ਜਾ ਕੇ ਯਸ਼ੋਧਰਾ ਨੂੰ ਆਪਣਾ ਹੱਥ ਦੇਣ ਲਈ ਕਿਹਾ।ਮਾਪਿਆਂ ਦੀਆਂ ਇੱਛਾਵਾਂ ਅਨੁਸਾਰ ਰਖੇ ਸਵੰਬਰ ਵਿੱਚ ਯਸ਼ੋਧਰਾ ਨੇ ਆਪਣੇਵਰ ਦੀ ਚੌਣ ਕਰਨੀ ਸੀ।ਨੌਜਵਾਨਾਂ ਵਿਚੋਂ ਯਸ਼ੋਧਰਾ ਨੇ ਚੋਣ ਸਿਧਾਰਥ ਗੌਤਮ ਦੀ ਕੀਤਾ। ਦੰਡਾਪਨੀ ਬੇਟੀ ਦੀ ਚੋਣ ਉੱਤੇ ਬਹੁਤਾ ਖੁਸ਼ ਨਹੀਂ ਸੀ। ਉਸ ਨੇ ਵਿਆਹ ਦੀ ਸਫਲਤਾ 'ਤੇ ਸ਼ੱਕ ਕਰਨਾ ਸ਼ੁਰੂ ਕਰ ਦਿੱਤਾ।ਉਹ ਮਹਿਸੂਸ ਕਰਦਾ ਸੀ, ਸਿਧਾਰਥ ਨੂੰ ਸੰਤਾਂ ਅਤੇ ਰਿਸ਼ੀਆਂ ਦੀ ਸੰਗਤ ਦਾ ਆਦਤ ਸੀ। ਉਸਨੂੰ ਇੱਕਲੇਪਣ ਵਿੱਚ ਰਹਿਣ ਦੀ ਆਦਤ ਸੀ।ਇਸ ਲਈ ਉਹ ਇਕ ਸਫਲ ਗ੍ਰਹਿ-ਸਤੀ ਵਾਲਾ ਮਨੁੱਖ ਕਿਵੇਂ ਸਿਧ ਹੋ ਸਕੇਗਾ? ਯਸ਼ੋ-ਧਰਾ, ਜੋ ਕਿ ਸਿਧਾਰਥ ਤੋਂ ਇਲਾਵਾ ਕਿਸੇ ਹੋਰ ਨਾਲ ਵਿਆਹ ਕਰਾਉਣ ਲਈ ਤਿਆਰ ਹੀ ਨਹੀਂ ਸੀ, ਨੇ ਆਪਣੇ ਪਿਤਾ ਨੂੰ ਪੁੱਛਿਆ ਕਿ ਕੀ ਸੰਤਾਂ ਅਤੇ ਰਿਸ਼ੀਆਂ ਦੀ ਸੰਗਤ ਵਿਚ ਰਹਿਣਾ ਕੋਈ ਗੁਨਾਹ ਹੈ? ਉਸਨੇ ਨਹੀਂ ਸੋਚਿਆ ਸੀ ਕਿ ਇਹ ਕੀ ਸੀ।



ਉਸ ਨੇ ਆਪਣੀ ਧੀ ਦੇ ਕਿਸੇ ਹੋਰ ਨਾਲ ਵਿਆਹ ਨਾ ਕਰਨ ਦੇ ਦ੍ਰਿੜ ਇਰਾਦੇ ਨੂੰ ਜਾਣਦਿਆਂ, ਯਸ਼ੋਧਰਾ ਦੀ ਮਾਂ ਨੇ ਦੰਡਾਪਨੀ ਨੂੰ ਕਿਹਾ ਕਿ ਉਸਨੂੰਸਿਧਾਰਥ ਗੌਤਮ ਨਾਲ ਵਿਆਹ ਦੀ ਰਜਾਮੰਦੀ ਉਤੇ ਸਹਿਮਤ ਹੋ ਜਾਣਾ ਚਾਹੀਦਾ ਹੈ। ਦੰਡਪਾਨੀ ਮੰਨ ਗਿਆ ਉਸ ਨੇ ਉਹ ਹੀ ਕੀਤਾ।

ਲੇਕਿਨ ਸਵੰਬਰ ਵਿੱਚ ਗੌਤਮ ਦੇ ਪ੍ਰਤੀਦੋਂਦੀ ਸਿਰਫ ਨਿਰਾਸ਼ ਨਹੀਂ ਹੋਏ ਬਲਕਿ ਮਹਿਸੂਸ ਕੀਤਾ ਕਿ ਉਨ੍ਹਾਂ ਦਾ ਅਪਮਾਨ ਕੀਤਾ ਗਿਆ ਹੈ। ਉਹ ਚਾਹੁੰਦੇ ਸੀ ਕਿ ਯਸ਼ੋਧਰਾ ਨੂੰ ਆਪਣੀ ਚੋਣ ਲਈ ਕੋਈ ਟੈਸਟ ਲੈਣਾ ਚਾਹੀਦਾ ਸੀ। ਪਰ ਉਸਨੇ ਅਜਿਹਾ ਨਹੀਂ ਕੀਤਾ ਸੀ।

ਕੁਝ ਸਮੇਂ ਲਈ ਉਹ ਚੁੱਪ ਰਿਹਾ, ਇਹ ਵਿਸ਼ਵਾਸ ਕਰਦਿਆਂ ਕਿ ਦੰਡਪਾਣੀ ਯਸ਼ੋਧਰਾ ਨੂੰ ਆਪਣੇ ਉਦੇਸ਼ ਜਾਨੀ ਕਿ ਬੇਟੀ ਦੇ ਸੁਖੀ ਭਵਿੱਖ ਦੀ ਚਿੰਤਾ ਦੇ ਕਾਰਨ ਉਹ ਸਿਧਾਰਥ ਗੌਤਮ ਨੂੰ ਚੁਣਨ ਨਹੀਂ ਦੇਵੇਗਾ।ਪਰ ਜਦੋਂ ਅਸਫਲ ਹੋਏ, ਤਾਂ ਸਵੰਬਰ ਵਿੱਚ ਆਏ ਰਾਜਕੁਮਾਰਾਂ ਨੇਦੰਡਾਪਨੀ ਤੋਂ ਮੰਗ ਕੀਤੀ ਕਿ ਵਰ ਦੀ ਚੋਣ ਤੀਰਅੰਦਾਜ਼ੀ ਦੇ ਹੁਨਰ ਦੀ ਇੱਕ ਟੈਸਟ ਨਿਰਧਾਰਤ ਕੀਤੀ ਜਾਵੇ। ਦੰਡਾਪਨੀ ਨੂੰ ਵੀ ਸਹਿਮਤ ਹੋਣਾ ਪਿਆ।

ਪਹਿਲਾਂ ਸਿਧਾਰਥ ਇਸ ਲਈ ਤਿਆਰ ਨਹੀਂ ਸੀ। ਪਰ ਉਸਦਾ ਰੱਥਵਾਨ ਚੰਨਾ ਉਸਨੂੰ ਦੱਸਿਆ ਕਿ ਉਸਦੇ ਇਨਕਾਰ ਕਰਨ ਨਾਲ ਉਸਦੇ ਪਿਤਾ, ਉਸਦੇ ਪਰਿਵਾਰ ਅਤੇ ਯਸ਼ੋਧਰਾ ਦਾ ਅਪਮਾਨ ਹੋਏਗਾ। ਸਿਧਾਰਥ ਗੌਤਮ ਇਸ ਦਲੀਲ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਮੁਕਾਬਲੇ ਵਿੱਚ ਹਿੱਸਾ ਲੈਣ ਲਈ ਸਹਿਮਤ ਹੋ ਗਿਆ।ਮੁਕਾਬਲਾ ਸ਼ੁਰੂ ਹੋਇਆ। ਹਰ ਉਮੀਦਵਾਰ ਨੇ ਆਪਣੀ ਬਾਰੀ ਆਉਣ ਤੇ ਆਪਣਾ ਹੁਨਰ ਦਿਖਾਇਆ। ਆਖਰ ਵਿੱਚ ਗੌਤਮ ਦੀ ਵਾਰੀ ਆਈ। ਪਰ ਉਸ ਨੇ ਸਭ ਤੋਂ ਵੱਧੀਆਤੀਰਅੰਦਾਜੀਦਾ ਹੁਨਰ ਦਿਖਾਇਆ। ਇਸ ਤੋਂ ਬਾਅਦ ਉਹਨਾ ਦਾ ਵਿਆਹ ਹੋ ਗਿਆ।

ਸੁੱਧੋਦਨ ਅਤੇ ਦੰਡਾਪਨੀ ਦੋਵੇਂ ਖੁਸ਼ ਸਨ। ਯਸ਼ੋਧਰਾ ਅਤੇ ਮਹਾਪ੍ਰਜਾਪਤੀ ਵੀ ਖੁਸ਼ ਸਨ। ਲੰਬੇ ਵਿਆਹਕ

# ਕਿਸਾਨ ਮੋਰਚੇ ਦਿੱਲੀ ਵਿੱਚ ਵੱਡੀ ਪੱਧਰ ਤੇ ਕਾਫਲੇ ਲੈਕੇ ਜਾਵਾਂਗੇ- ਜਥੇਦਾਰ ਰੋਡੇ

**ਫਗਵਾੜਾ (ਬੀ.ਕੇ.ਰੱਤੂ)-** ਕਿਸਾਨ ਮੋਰਚੇ ਦਿੱਲੀ ਵਿੱਚ ਵੱਡੀ ਪੱਧਰ ਤੇ ਸਮੁਚੇ ਸੰਤ ਸਮਾਜ ਵੱਲੋਂ ਸਿੰਘ ਸਾਹਿਬ ਜਸਵੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਸੰਗਤਾਂ ਦੇ ਵੱਡੇ ਕਾਫਲੇ ਲੈ ਕੇ ਸ਼ਮੂਲੀਅਤ ਕਰਨ ਲਈ ਮੀਟਿੰਗ ਅੱਜ ਗੁਰਦੁਆਰਾ ਸ਼ਹੀਦਾਂ ਸਿੰਘਾਂ ਕੋਟ ਪੱਲੀਆਂ ਵਿਖੇ ਕੀਤੀ ਗਈ, ਜਿਸ ਵਿੱਚ ਸਿੰਘ ਸਾਹਿਬ ਜਥੇਦਾਰ ਜਸਵੀਰ ਸਿੰਘ ਰੋਡੇ ਨੇ ਦੱਸਿਆ ਕਿ 18 ਸਤੰਬਰ ਨੂੰ ਵੱਡੇ ਕਾਫਲੇ ਦੇ ਰੂਪ ਵਿੱਚ ਸਮੁੱਚੇ ਸੰਤ ਸਮਾਜ ਵੱਲੋਂ ਵੱਖ-ਵੱਖ ਧਾਰਮਿਕ ਸੰਸਥਾਵਾਂ, ਸੋਸਾਇਟੀ,ਪੰਚ, ਸਰਪੰਚ, ਨਿਹੰਗ ਸਿੰਘ ਜਥੇਬੰਦੀਆਂ, ਅਤੇ ਕਿਸਾਨ ਜਥੇਬੰ-ਦੀਆਂ ਦੇ ਸਹਿਯੋਗ ਨਾਲ ਲੈਕੇ ਵੱਡੀ ਪੱਧਰ ਤੇ ਕਾਫਲੇ ਇਕਠੇ ਹੋ ਕੇ ਦਿੱਲੀ ਨੂੰ ਰਵਾਨਾ ਹੋਣਗੇ ਇਸ ਸਬੰਧੀ ਵਿਸ਼ੇਸ਼ ਤੇ ਸੰਤ ਸਮਾਜ ਦੇ ਆਗੂਆਂ ਨਾਲ ਮੀਟਿੰਗ ਕੀਤੀਆਂ ਜਾ ਰਹੀਆਂ ਹਨ ਇਹ ਸਾਰੇ ਕਾਫਲੇ ਰਾਜਪੁਰਾ ਵਿਖੇ ਇੱਕਠੇ ਹੋਣ ਉਪਰੰਤ ਦਿੱਲੀ ਮੋਰਚੇ ਵਿੱਚ ਰਵਾਨਾ ਹੋਣਗੇ, ਸਿੰਘ ਸਾਹਿਬ ਜਥੇਦਾਰ ਜਸਵੀਰ ਸਿੰਘ ਰੋਡੇ ਨੇ ਸਮੂਚੀਆ



ਸੰਗਤਾਂ ਨੂੰ ਮੋਰਚੇ ਵਿੱਚ ਸ਼ਮੂਲੀਅਤ ਕਰਨ ਦੀ ਬੇਨਤੀ ਕੀਤੀ, ਇਸ ਮੌਕੇ ਮਿਸਲ ਸ਼ਹੀਦਾਂ ਤਰਨਾ ਦਲ ਦੇ ਮੁਖੀ ਜਥੇਦਾਰ ਸਵਰਨਜੀਤ ਸਿੰਘ, ਸੰਤ ਚਰਨਜੀਤ ਸਿੰਘ ਜੱਸੋਵਾਲ ਮੈਂਬਰ ਐਸ਼ ਜੀ ਪੀ ਸੀ, ਸੰਤ ਬਲਬੀਰ ਸਿੰਘ ਰੱਬ ਜੀ ਜਿਆਣ, ਸੰਤ ਬਾਬਾ ਰਣਜੀਤ ਸਿੰਘ ਹੁਸ਼ਿਆਰਪੁਰ, ਸੰਤ ਬੀਬੀ ਜਸਪ੍ਰੀਤ ਕੌਰ ਮਾਹਿਲਪੁਰ, ਠੇਕੇਦਾਰ ਸਰਬਜੀਤ ਸਿੰਘ, ਗਿਆਨੀ ਮੇਰ ਸਿੰਘ, ਬਾਬਾ ਸੇਵਾ ਸਿੰਘ,ਰਾਗੀ ਬਿਕਰਮਜੀਤ ਸਿੰਘ, ਭਾਈ ਹਰਪ੍ਰੀਤ ਸਿੰਘ ਪਠਲਾਵਾ, ਬਾਬਾ ਅਜੀਤ ਸਿੰਘ ਆਦਿ ਹਾਜ਼ਰ ਸਨ।

# ਡਿਜੀਟਲ ਯੁੱਗ ਵਿੱਚ ਅਧਿਆਪਕ ਦੀ ਭੂਮਿਕਾ (ਸਪੈਸ਼ਲ ਅਧਿਆਪਕਾਂ ਦਿਵਸ ਤੇ ਲੇਖ)



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

### ਮਸ਼ੀਨ ਦੇ ਪਿੱਛੇ ਮਨੁੱਖਤਾ

ਅਸੀਂ ਸੱਚ ਜਾਣਦੇ ਹਾਂ: ਲੋਕ ਲੋਕਾਂ ਨੂੰ ਸ਼ਕਤੀਸ਼ਾਲੀ ਬਣ-ਾਉਂਦੇ ਹਨ। ਅਧਿਆਪਕ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਭਾਵਨਾਵਾਂ ਦੀ ਪਾਲਣਾ ਕਰਨ ਦੇ ਸਮਰੱਥ ਬਣਾਉਂਦੇ ਹਨ। ਰਚਨਾਤਮਕ, ਲਾਭਕਾਰੀ ਲੋਕ ਬਣਨ ਅਤੇ ਨਵੀਆਂ ਚੀਜ਼ਾਂ ਸਿੱਖਣ ਲਈ ਜਿਨ੍ਹਾਂ ਨੂੰ ਉਹ ਕਦੇ ਨਹੀਂ ਜਾਣਦੇ ਸਨ ਕਿ ਉਹ ਸਿੱਖ ਸਕਦੇ ਹਨ। ਪਰ 21 ਵੀਂ ਸਦੀ ਵਿੱਚ ਅਧਿਆਪਕ ਦੀ ਭੂਮਿਕਾ ਬਦਲ ਗਈ ਹੈ, ਉਸੇ ਤਰ੍ਹਾਂ ਜਿਵੇਂ ਸਾਡੀ ਟੈਕਨਾਲੌਜੀ ਅਤੇ ਜਿਸ ਤਰੀਕੇ ਨਾਲ ਅਸੀਂ ਇੱਕ ਦੂਜੇ ਨਾਲ ਸੰਬੰਧ ਰੱਖਦੇ ਹਾਂ ਉਹ ਬਦਲ ਗਿਆ ਹੈ। ਜਦੋਂ ਤੁਹਾਡਾ ਟੀਚਾ ਕਲਾਸਰੂਮ ਤੋਂ ਆਨਲਾਈਨ ਲਰਨਿੰਗ ਵਿੱਚ ਸਿੱਖਣ ਦੇ ਵਾਤਾਵਰਣ ਨੂੰ ਬਦਲਣਾ ਹੋਏਗਾ ਹੈ, ਤਾਂ ਸਭ ਤੋਂ ਵੱਡੀ ਚੁਣੌਤੀ ਮਸ਼ੀਨ ਦੇ ਪਿੱਛੇ ਮਨੁੱਖਤਾ ਨੂੰ ਲੱਭਣਾ ਹੈ। ਪ੍ਰੋਫੈਸਰਾਂ ਅਤੇ ਵਿਦਿਆਰਥੀਆਂ ਦੋਵਾਂ ਨੂੰ ਸਿੱਖਿਆ ਦੀ ਦੁਨੀਆ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਦੇ ਅਨੁਕੂਲ ਹੋਣ ਦੀ ਜ਼ਰੂਰਤ ਹੈ।

### ਤਕਨਾਲੋਜੀ ਨੇ ਅਧਿਆਪਕ ਦੀ ਭੂਮਿਕਾ ਨੂੰ ਕਿਵੇਂ ਬਦਲਿਆ ਹੈ?

ਟੈਕਨਾਲੌਜੀ ਅਧਿਆਪਕਾਂ ਨੂੰ ਆਨਲਾਈਨ ਕੋਰਸਾਂ ਜਾਂ ਯੂਟਿਬ ਚੈਨਲਾਂ ਦੁਆਰਾ ਕਿਸੇ ਮਾਮਲੇ ਬਾਰੇ ਆਪਣੇ ਗਿਆਨ ਨੂੰ ਤੇਜ਼ੀ ਨਾਲ ਅਪਗ੍ਰੇਡ ਕਰਨ ਦੀ ਆਗਿਆ ਦਿੰਦੀ ਹੈ। ਇਸਦਾ ਅਰਥ ਇਹ ਹੈ ਕਿ ਅਧਿਆਪਕ ਆਪਣੇ ਗਿਆਨ ਨੂੰ ਨਿਰੰਤਰ ਅਪਗ੍ਰੇਡ ਕਰ ਸਕਦੇ ਹਨ ਅਤੇ ਆਪਣੇ ਵਿਦਿਆਰਥੀ ਨੂੰ ਅਪ ਟੂ ਡੇਟ ਜਾਣਕਾਰੀ ਦੀ ਪੇਸ਼ਕਸ਼ ਕਰ ਸਕਦੇ ਹਨ ਜਿਸਦੇ ਨਾਲ ਕੰਮ ਬੰਦ ਕਰਨ ਦੀ ਜ਼ਰੂਰਤ ਨਹੀਂ ਹੈ।

ਟੈਕਨਾਲੌਜੀ ਅਧਿਆਪਕਾਂ ਨੂੰ ਮਿਲ ਕੇ ਸਮੱਸਿਆਵਾਂ ਦੇ ਹੱਲ ਲੱਭਣ ਦੀ ਆਗਿਆ ਦਿੰਦੀ ਹੈ। ਉਹ ਮਾਹਿਰਾਂ ਦੇ ਸਮੂਹਾਂ ਵਿੱਚ ਸ਼ਾਮਲ ਹੋ ਸਕਦੇ ਹਨ, ਆਪਣੇ ਗਿਆਨ ਨੂੰ ਸਾਂਝਾ ਕਰ ਸਕਦੇ ਹਨ ਅਤੇ ਆਪਣੇ ਵਿਦਿਆਰਥੀਆਂ ਨੂੰ ਇਕੋ ਪਲੇਟਫਾਰਮਾਂ ਦੀ ਵਰਤੋਂ ਕੀਤੇ ਬਿਨਾਂ ਦੇਰੀ ਕੀਤੇ ਲਗਭਗ ਹਰ ਚੀਜ਼ ਬਾਰੇ ਜਵਾਬ ਦੇ ਸਕਦੇ ਹਨ।

ਟੈਕਨਾਲੌਜੀ ਅਧਿਆਪਕਾਂ ਨੂੰ ਉਨ੍ਹਾਂ ਦੇ ਪਾਠਾਂ ਦੀ ਸਮਗਰੀ ਨੂੰ ਅਮੀਰ ਬਣਾਉਣ, ਵਿਦਿਆਰਥੀਆਂ ਵਿੱਚ ਕਿਸੇ ਵਿਸ਼ੇ ਪ੍ਰਤੀ ਦਿਲਚਸਪੀ ਵਧਾਉਣ ਅਤੇ ਉਨ੍ਹਾਂ ਦੇ ਮਾਮਲੇ ਵਿੱਚ ਰੁਝੇਵੇਂ ਨੂੰ ਵਧਾਉਣ ਲਈ ਉਦਾਹਰਣਾਂ ਲੱਭਣ ਲਈ ਖੋਜ ਇੰਜਣਾਂ ਦੀ ਵਰਤੋਂ ਕਰਨ ਦੀ ਆਗਿਆ ਦਿੰਦੀ ਹੈ। ਕਿਉਂਕਿ ਇਹ ਵਿਧੀ ਤੇਜ਼ ਅਤੇ ਮੁਫਤ ਹੈ, ਕੁਝ ਅਜ਼ਮਾਉਣਾ ਸੰਭਵ ਹੈ ਅਤੇ, ਜੇ ਇਹ ਕੰਮ ਨਹੀਂ ਕਰਦਾ, ਤਾਂ ਕੁਝ ਹੋਰ ਅਜ਼ਮਾਓ। ਜਿਵੇਂ ਕਿ ਵਿਦਿਆਰਥੀ ਖੋਜ ਇੰਜਣਾਂ ਦੀ ਵਰਤੋਂ ਵੀ ਕਰ ਸਕਦੇ ਹਨ, ਅਧਿਆਪਕ ਉਨ੍ਹਾਂ ਨੂੰ ਸਰਗਰਮ ਸਿੱਖਣ ਵਾਲੇ ਬਣਨ ਅਤੇ ਉਨ੍ਹਾਂ ਵਿੱਚ ਖੋਜ ਅਤੇ ਗਿਆਨ ਦੀ ਪਿਆਸ ਨੂੰ ਉਤਸ਼ਾਹਤ ਕਰ ਸਕਦਾ ਹੈ। ਇਸ ਨਵੇਂ ਸੰਦਰਭ ਵਿੱਚ ਅਧਿਆਪਕ ਨੂੰ ਇੰਟਰਨੈਟ ਤੇ ਉਪਲਬਧ ਵੱਡੀ ਮਾਤਰਾ ਵਿੱਚ ਜਾਣਕਾਰੀ ਲਈ ਇੱਕ ਗੁਣਵੱਤਾ ਅਤੇ ਮਾਤਰਾ ਫਿਲਟਰ ਵਜੋਂ ਕੰਮ ਕਰਨਾ ਚਾਹੀਦਾ ਹੈ। ਅੱਜ ਅਧਿਆਪਕ ਵਿਦਿਆਰਥੀਆਂ ਦੇ ਵਿਚਾਰਾਂ ਦੀ ਮਹੱਤਤਾ ਨੂੰ ਵਧਾ ਸਕਦੇ ਹਨ ਅਤੇ ਇਹ ਪਛਾਣ ਸਕਦੇ ਹਨ ਕਿ ਉਹ ਅਧਿਐਨ ਸਮੂਹ ਦੇ ਸਿੱਖਣ ਦੇ ਤਜ਼ਰਬੇ ਦਾ ਕੇਂਦਰ ਹਨ।

ਜਦੋਂ ਅਧਿਆਪਕ ਆਪਣੇ ਅਧਿਆਪਨ ਦੇ ਤਰੀਕਿਆਂ ਨੂੰ ਅਧਿਆਪਕ-ਕੇਂਦਰਿਤ ਤੋਂ ਵਿਦਿਆਰਥੀ-ਕੇਂਦਰਿਤ, ਭਾਸ਼ਣ ਅਤੇ ਸ਼ੋਅ ਤੋਂ ਪੁੱਛਗਿੱਛ ਵੱਲ ਲੈ ਜਾਣਗੇ, ਉਹ ਹਰੇਕ ਵਿਦਿਆਰਥੀ ਦੀਆਂ ਯੋਗਤਾਵਾਂ, ਰੁਚੀਆਂ ਅਤੇ ਸਿੱਖਣ ਦੀਆਂ ਸ਼ੈਲੀਆਂ ਦਾ ਲਾਭ ਉਠਾ ਸਕਣਗੇ।

### ਪ੍ਰੇਰਣਾ ਅਤੇ ਕਾਸ਼ਤ

ਪ੍ਰੋਫੈਸਰ ਸੁਵਿਧਾਜਨਕ ਬਣ ਗਏ ਹਨ। ਕਿਸੇ ਪ੍ਰੋਫੈਸਰ ਲਈ ਮੰਚ 'ਤੇ ਉੱਠਣਾ ਅਤੇ ਉਨ੍ਹਾਂ ਦੇ ਗਿਆਨ ਨੂੰ ਇਸ ਉਮੀਦ ਨਾਲ ਵਧਾਉਣਾ ਕਾਫ਼ੀ ਨਹੀਂ ਹੈ ਕਿ ਉਨ੍ਹਾਂ ਦੀ ਕੁਝ ਬੁੱਧੀ ਕਾਇਮ ਰਹੇਗੀ। ਇੱਕ ਪ੍ਰੋਫੈਸਰ ਲਾਜ਼ਮੀ ਹੋਣਾ ਚਾਹੀਦਾ ਹੈ ਅਤੇ ਅਖੀਰ ਵਿੱਚ, ਅੰਤਮ ਪ੍ਰੀਖਿਆ ਲਈ ਯਾਦ ਰੱਖਣ ਲਈ ਵਿਦਿਆਰਥੀ ਨੂੰ ਸਮੱਗਰੀ ਸੌਂਪਣ ਦੀ ਬਜਾਏ, ਅਧਿਆਪਕ ਨੂੰ ਉਨ੍ਹਾਂ ਦੇ ਆਪਣੇ ਅਨੁਭਵ ਅਤੇ ਵਿਸ਼ੇ ਦੀ ਸਮਝ ਦੁਆਰਾ ਉਨ੍ਹਾਂ ਦੀ ਅਗਵਾਈ ਕਰਨੀ ਚਾਹੀਦੀ ਹੈ। ਇਸ ਲਈ, ਆਨਲਾਈਨ ਸਿਖਾਉਣ ਦੀ ਸ਼ੈਲੀ ਨੂੰ ਅਨੁਕੂਲ ਬਣਾਇਆ ਜਾਣਾ ਚਾਹੀਦਾ ਹੈ। ਅਧਿਆਪਨ ਵਧੇਰੇ ਲਚਕਦਾਰ ਅਤੇ ਬਹੁਤ ਜ਼ਿਆਦਾ ਵਿਅਕਤੀਗਤ ਬਣ ਜਾਂਦਾ ਹੈ। ਇੱਕ ਪ੍ਰੋਫੈਸਰ ਤੋਂ ਇੱਕ ਵਿਦਿਆਰਥੀ ਦੀ ਅਗਵਾਈ ਕਰਨ ਦੀ ਉਮੀਦ ਕੀਤੀ ਜਾਂਦੀ ਹੈ, ਨਾ ਸਿਰਫ ਸਮਗਰੀ ਦੀ ਖੋਜ ਦੀ ਪ੍ਰਕਿਰਿਆ ਦੁਆਰਾ, ਬਲਕਿ ਉਨ੍ਹਾਂ ਦੀ ਆਪਣੀ ਸਮਰੱਥਾ ਦੀ ਖੋਜ ਲਈ ਵੀ।

ਇਸ ਲਈ, ਇੱਕ ਪ੍ਰੋਫੈਸਰ ਤੋਂ ਇਹ ਸੁਨਿਸ਼ਚਿਤ ਕਰਨ ਲਈ ਸਖਤ ਮਿਹਨਤ ਕਰਨ ਦੀ ਉਮੀਦ ਕੀਤੀ ਜਾਂਦੀ ਹੈ ਕਿ ਉਨ੍ਹਾਂ ਦੇ ਵਿਦਿਆਰਥੀ ਨਾ ਸਿਰਫ ਕੋਰਸ ਦੇ ਮੁੱਖ ਸੰਕਲਪਾਂ ਬਾਰੇ ਸਿੱਖਣ, ਬਲਕਿ ਲੋੜੀਂਦੀ ਟੈਕਨਾਲੌਜੀ ਦੀ ਵਰਤੋਂ ਕਰਨਾ ਵੀ ਸਿੱਖਣ। ਪ੍ਰੋਫੈਸਰ ਇਹ ਸੁਨਿਸ਼ਚਿਤ ਕਰਦੇ ਹਨ ਕਿ ਵਿਦਿਆਰਥੀ ਰਚਨਾਤਮਕ ਫੀਡਬੈਕ ਦਿੰਦੇ ਹੋਏ, ਸਭ ਤੋ ਢੁਕਵੇਂ ਔਜ਼ਾਰਾਂ ਦੀ ਵਰਤੋਂ ਕਰਦੇ ਹਨ, ਇਸ ਲਈ ਉਹ ਹਰ ਸਮੇਂ ਨਾਲ ਮਹਿਸੂਸ ਕਰਦੇ ਹਨ। ਅਨੁਕੂਲ ਸਿੱਖਿਆ ਉਦੋਂ ਹੁੰਦੀ ਹੈ ਜਦੋਂ ਵਿਦਿਆਰਥੀਆਂ ਕੋਲ ਇੱਕ ਸੁਰੱਖਿਅਤ, ਉਸਾਰੂ, ਆਨਲਾਈਨ ਪਲੇਟਫਾਰਮ ਹੋਵੇ। ਵਿਦਿਆਰਥੀ ਨਾ ਸਿਰਫ ਇੱਕ ਵਰਚੁਅਲ ਕੈਂਪਸ ਵਿੱਚ ਜਾ ਰਹੇ ਹਨ। ਉਨ੍ਹਾਂ ਨੂੰ ਕਮਿਊਨਿਟੀ, ਜਾਂ ਸਹਿਯੋਗ ਦੇ ਖੇਤਰਾਂ ਲਈ ਸੱਚਮੁੱਚ ਪ੍ਰਫੁੱਲਤ ਹੋਣ ਲਈ ਇੱਕ ਨਿੱਜੀ ਜਗ੍ਹਾ ਦੀ ਜ਼ਰੂਰਤ ਹੈ। ਇਹ ਮਸ਼ੀਨ ਦੇ ਪਿੱਛੇ ਮਨੁੱਖ ਹੈ, ਅਤੇ ਇੱਕ ਮਜ਼ਬੂਤ ਆਨਲਾਈਨ ਕਮਿਊਨਿਟੀ ਸਫਲ ਵਿਦਿਆਰਥੀਆਂ ਦੀ ਅਗਵਾਈ ਕਰਦੀ ਹੈ ਜੋ ਆਪਣੀ ਪੜ੍ਹਾਈ ਦੌਰਾਨ ਸਮਰਥਨ ਮਹਿਸੂਸ ਕਰਦੇ ਹਨ। ਵਿਦਿਆਰਥੀ ਦੀ ਸਮਰੱਥਾ ਦੇ ਮੁਲਾਂਕਣ ਵਿੱਚ ਨਾ ਸਿਰਫ ਵਿਦਿਆਰਥੀ ਦੇ ਗਿਆਨ ਨੂੰ ਉਸਦੇ ਖੇਤਰ ਵਿੱਚ ਸ਼ਾਮਲ ਕੀਤਾ ਜਾਂਦਾ ਹੈ, ਬਲਕਿ ਸੰਬੰਧਤ ਤਕਨਾਲੋਜੀ ਦੀ ਵਰਤੋਂ ਕਰਨ ਦੀ ਉਨ੍ਹਾਂ ਦੀ ਯੋਗਤਾ ਵੀ ਸ਼ਾਮਲ ਹੁੰਦੀ ਹੈ।

### ਤਕਨਾਲੋਜੀ ਨੇ ਇੱਕ ਵਿਦਿਆਰਥੀ ਦੀ ਭੂਮਿਕਾ ਨੂੰ ਕਿਵੇਂ ਬਦਲਿਆ ਹੈ?

ਵਿਦਿਆਰਥੀ ਦੀ ਭੂਮਿਕਾ ਵੀ ਬਦਲ ਗਈ ਹੈ। ਵਿਦਿਆਰਥੀ ਹੁਣ ਆਪਣੀ ਯਾਤਰਾ ਦੇ ਮਾਲਕ ਹਨ, ਅਤੇ ਉਨ੍ਹਾਂ ਲਈ ਡਿਜੀਟਲ ਤਕਨਾਲੋਜੀਆਂ ਦੇ ਪਿੱਛੇ ਮਨੁੱਖੀ ਭਾਈਚਾਰੇ ਨੂੰ ਭੁੱਲਣਾ ਆਸਾਨ ਹੈ। ਆਨਲਾਈਨ ਸਿਖਲਾਈ ਵਿੱਚ, ਮਨੁੱਖੀ ਹਿੱਸੇ ਨੂੰ ਬਣਾਈ ਰੱਖਣਾ ਮਹੱਤਵਪੂਰਨ ਹੈ। ਇਹ ਕਲਾਸ ਵਿੱਚ ਲਾਈਵ ਵੈਬਿਨਾਰ ਜਾਂ ਸਮੂਹਕ ਕਾਰਜ ਦੁਆਰਾ ਪ੍ਰਾਪਤ ਕੀਤਾ ਜਾਂਦਾ ਹੈ ਅਤੇ, ਬੇਸ਼ੱਕ, ਵਿਦਿਆਰਥੀ ਦੇ ਹੁਨਰ ਵਿਕਸਤ ਹੋਏ ਹਨ। ਹੁਣ, ਵਿਦਿਆਰਥੀਆਂ ਨੂੰ ਆਪਣਾ ਕੋਰਸ ਸ਼ੁਰੂ ਕਰਨ ਤੋਂ ਪਹਿਲਾਂ ਕੁਝ ਤਕਨੀਕੀ ਹੁਨਰਾਂ ਦੀ ਲੋੜ ਹੁੰਦੀ ਹੈ, ਇਹ ਸੁਨਿਸ਼ਚਿਤ ਕਰਦੇ ਹੋਏ ਕਿ ਉਹ ਬਿਨਾਂ ਕਿਸੇ ਸਮੱਸਿਆ ਦੇ ਨਾਲ ਚੱਲਣ ਦੇ ਯੋਗ ਹੋਣਗੇ। ਆਨਲਾਈਨ ਸੁਰੱਖਿਅਤ ਅਤੇ ਸੁਰੱਖਿਅਤ ਰੱਖਣ ਦੇ ਲਈ ਵਿਦਿਆਰਥੀਆਂ ਨੂੰ ਬੁਨਿਆਦੀ ਗਿਆਨ ਦੀ ਲੋੜ ਹੁੰਦੀ ਹੈ।

ਆਨਲਾਈਨ ਸਿੱਖਦੇ ਸਮੇਂ ਇੱਕ ਵਿਦਿਆਰਥੀ ਨੂੰ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਲਈ ਕੀ ਕਰਨਾ ਚਾਹੀਦਾ ਹੈ? ਉਹ ਆਪਣੀ ਗੋਪਨੀਯਤਾ ਨੂੰ ਕਿਵੇਂ ਯਕੀਨੀ ਬਣਾ ਸਕਦੇ ਹਨ ਅਤੇ ਆਨਲਾਈਨ ਪਲੇਟਫਾਰਮ ਵਿੱਚ ਕਿਹੜੀਆਂ ਪ੍ਰਾਪਤੀਆਂ ਕੀਤੀਆਂ ਜਾ ਸਕਦੀਆਂ ਹਨ? ਇਹ ਉਹ ਸਾਰੇ ਪ੍ਰਸ਼ਨ ਹਨ ਜਿਨ੍ਹਾਂ ਬਾਰੇ ਪ੍ਰੋਫੈਸਰਾਂ ਅਤੇ ਵਿਦਿਆਰਥੀਆਂ ਦੋਵਾਂ ਨੂੰ ਵਿਚਾਰਨ ਦੀ ਜ਼ਰੂਰਤ ਹੈ।

### ਅਧਿਆਪਨ ਪੇਸ਼ੇ ਦਾ ਭਵਿੱਖ ਕੀ ਹੈ?

ਵਿਦਿਆਰਥੀ-ਕੇਂਦ੍ਰਿਤ ਕਲਾਸਰੂਮ ਵਿੱਚ, ਵਿਦਿਆਰਥੀ ਅਧਿਆਪਕ ਤੋਂ ਸੁਝਾਅ ਪ੍ਰਾਪਤ ਕਰਦੇ ਹਨ ਫਿਰ ਉਹ ਸੁਤੰਤਰ ਰੂਪ ਵਿੱਚ ਆਪਣੇ ਸਰੋਤ, ਸਾਧਨ, ਉਪਕਰਣ, ਫਾਰਮੈਟ ਅਤੇ ਕਿਸ ਵਿਸ਼ੇ ਵਿੱਚ ਡੂੰਘਾਈ ਨਾਲ ਜਾਂਦੇ ਹਨ ਦੀ ਚੋਣ ਕਰਦੇ ਹਨ। ਇਸ ਦੇ ਨਾਲ ਹੀ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਵਿੱਚ ਸਰਗਰਮ, ਜ਼ਿੰਮੇਵਾਰ ਅਤੇ ਭਾਗੀਦਾਰ ਬਣਨ ਲਈ ਮਜਬੂਰ ਕੀਤਾ ਜਾਂਦਾ ਹੈ।

ਦੂਜੇ ਪਾਸੇ ਉਹ ਇਹ ਨਿਰਧਾਰਤ ਕਰਨ ਵਿੱਚ ਮੁਸ਼ਕਲਾਂ ਦਾ ਅਨੁਭਵ ਕਰ ਸਕਦੇ ਹਨ ਕਿ ਕੀ ਗਲਤ ਹੈ ਅਤੇ ਕੀ ਸਹੀ ਅਤੇ ਜੇ ਉਹ ਸਰੋਤ ਜਿਨ੍ਹਾਂ ਤੇ ਉਹ ਠੋਕਰ ਖਾਂਦੇ ਹਨ ਉਹ ਪ੍ਰਮਾਣਿਕ ਅਤੇ ਭਰੋਸੇਯੋਗ ਹਨ। ਇਹੀ ਕਾਰਨ ਹੈ ਕਿ ਅਧਿਆਪਕ ਨੂੰ ਜਾਣਕਾਰੀ ਦੇ ਸੰਦਰਭ ਵਿੱਚ ਇੱਕ ਸਲਾਹਕਾਰ ਬਣਨ ਦੀ ਲੋੜ ਹੁੰਦੀ ਹੈ ਅਤੇ ਵਿਦਿਆਰਥੀਆਂ ਨੂੰ ਉਹਨਾਂ ਦੁਆਰਾ ਪ੍ਰਾਪਤ ਕੀਤੀ ਜਾਣਕਾਰੀ ਦੇ ਵਿਹਾਰਕ ਉਪਯੋਗ ਵਿੱਚ ਮਾਰਗ ਦਰਸ਼ਨ ਕਰਦਾ ਹੈ।

ਤਕਨੀਕੀ ਤਰੱਕੀ ਅਤੇ ਨਕਲੀ ਬੁੱਧੀ ਨੂੰ ਅਪਣਾਉਣ ਦਾ ਰੁਝਾਨ ਵਧ ਰਿਹਾ ਹੈ। ਵਿਦਿਆਰਥੀ ਆਪਣੀ ਪੜ੍ਹਾਈ ਦੀ ਸਮਗਰੀ ਨੂੰ ਲੱਭਣ ਲਈ ਇੰਟਰਨੈਟ ਦੀ ਵਰਤੋਂ ਕਰਨ ਦਾ ਰੁਝਾਨ ਵੀ ਵਧਦਾ ਜਾ ਰਿਹਾ ਹੈ। ਅਸੀਂ ਕਹਿ ਸਕਦੇ ਹਾਂ ਕਿ ਇਹਨਾਂ ਕਾਰਕਾਂ ਦੇ ਨਤੀਜੇ ਵਜੋਂ, ਛੇਤੀ ਹੀ ਵਿਦਿਆਰਥੀ ਡਿਜੀਟਲ ਫਾਰਮੈਟ ਵਿੱਚ ਵੀ ਕਿਤਾਬਾਂ ਦੀ ਵਰਤੋਂ ਕਰਨਾ ਬੰਦ ਕਰ ਦੇਣਗੇ। ਭਵਿੱਖ ਦੇ ਵਿਦਿਆਰਥੀ ਕਿਸੇ ਮਾਮਲੇ ਬਾਰੇ ਆਪਣੇ ਗਿਆਨ ਨੂੰ ਵਧਾਉਣ ਲਈ ਪਾਠ ਤੋਂ ਵੀਡੀਓ ਫਾਰਮੈਟ ਵਿੱਚ ਬਦਲਣਗੇ। ਲਾਇਬ੍ਰੇਰੀਆਂ ਅਲਮਾਰੀਆਂ 'ਤੇ ਕਿਤਾਬਾਂ ਨਾ ਹੋਣ ਵਾਲੇ ਵਿਦਿਆਰਥੀਆਂ ਦੇ ਮੁਲਾਕਾਤ ਸਥਾਨ ਬਣ ਜਾਣਗੀਆਂ।

ਵਿਦਿਆਰਥੀ ਨਕਲੀ ਬੁੱਧੀ ਨੂੰ ਪ੍ਰਸ਼ਨ ਪੁੱਛਣਗੇ ਅਤੇ ਉਨ੍ਹਾਂ ਨੂੰ ਇੱਕ ਮਲਟੀਮੀਡੀਆ ਫਾਰਮੈਟ ਵਿੱਚ ਜਵਾਬ ਪ੍ਰਾਪਤ ਹੋਵੇਗਾ। ਇਸ ਸੰਦਰਭ ਵਿੱਚ, ਅਧਿਆਪਕਾਂ, ਸਲਾਹਕਾਰ ਬਣਨ ਤੋਂ ਬਾਅਦ, ਨਕਲੀ ਬੁੱਧੀ ਦੇ ਪ੍ਰੋਗਰਾਮਿੰਗ ਵੱਲ ਇੱਕ ਕਦਮ ਚੁੱਕਣਾ ਪਏਗਾ, ਸ਼ਾਇਦ ਇੱਕ ਦਿਨ, ਉਨ੍ਹਾਂ ਦੀ ਜਗ੍ਹਾ ਲੈ ਲਵੇਗੀ।

### ਆਨਲਾਈਨ ਸਿੱਖਣ ਦੀ ਤਕਨਾਲੋਜੀ

ਕੁਝ ਸਾਲ ਪਹਿਲਾਂ ਤੱਕ, ਅਧਿਆਪਕ ਇੱਕ ਕਲਾਸਰੂਮ ਵਿੱਚ ਅਧਿਕਾਰਤ ਸ਼ਕਤੀ ਦੇ ਅਹੁਦੇ 'ਤੇ ਕਾਬਜ਼ ਸੀ, ਉਹ ਇਸ ਦੀਆਂ ਕੰਧਾਂ ਦੇ ਵਿੱਚ ਗਿਆਨ ਦਾ ਇਕਲੌਤਾ ਧਾਰਕ ਸੀ ਅਤੇ ਵਿਦਿਆਰਥੀ ਅਤੇ ਅਧਿਆਪਕ ਦੇ ਵਿੱਚ ਸੰਚਾਰ ਇੱਕ ਤਰਫਾ ਸੀ। ਜਿਹੜੇ ਵਿਦਿਆਰਥੀ ਜਾਣਕਾਰੀ ਨੂੰ ਯਾਦ ਰੱਖਦੇ ਹਨ ਅਤੇ ਸਿਖਾਏ ਗਏ ਸੰਕਲਪਾਂ ਦੀ ਸਮਝ ਦਾ ਪ੍ਰਦਰਸ਼ਨ ਕਰਦੇ ਹਨ, ਉਨ੍ਹਾਂ ਨੂੰ ਗ੍ਰੇਡਾਂ ਨਾਲ ਨਿਵਾਜਿਆ ਗਿਆ। ਅੱਜ ਅਧਿਆਪਕ ਸਹਿ-ਸਿਖਲਾਈ, ਸਾਂਝਾਕਰਨ ਅਤੇ ਸਹਿਯੋਗ ਦੁਆਰਾ ਆਪਣੇ ਵਿਦਿਆਰਥੀਆਂ ਨਾਲ ਸਿੱਖ ਰਹੇ ਹਨ। ਉਹ ਸਮਗਰੀ ਨਿਰਮਾਤਾ ਅਤੇ ਸਮਗਰੀ ਖਪਤਕਾਰ ਹਨ ਉਸੇ ਇੱਕ ਸਧਾਰਨ ਕਲਿਕ ਦੇ ਕਾਰਨ, ਜਾਂ ਉਨ੍ਹਾਂ ਦੇ ਸਮਾਰਟਫੋਨਸ ਤੇ ਹਰ ਜਗ੍ਹਾ ਤੋਂ ਪਹੁੰਚਯੋਗ ਇੱਕ ਯੂਟਿਬ ਚੈਨਲ ਦਾ ਧੰਨਵਾਦ। ਇਸ ਸੰਦਰਭ ਵਿੱਚ, ਇੱਕ ਕਲਾਸਰੂਮ ਦੀਆਂ ਕੰਧਾਂ ਹੁਣ ਗਿਆਨ ਦੇ ਭਾਂਡੇ ਨਹੀਂ ਹਨ ਬਲਕਿ ਇੱਕ ਸੀਮਾ ਹਨ।

ਆਨਲਾਈਨ ਸਿਖਲਾਈ ਦੇ ਜੋੜੇ ਗਏ ਲਾਭ, ਜਿਵੇਂ ਕਿ ਤਕਨਾਲੋਜੀ ਅਤੇ ਸੁਧਰੇ ਹੋਏ ਸੰਚਾਰ ਹੁਨਰ ਦੇ ਨਾਲ ਜਾਣੂ ਅਤੇ ਆਰਾਮ, ਅਤੇ ਨਾਲ ਹੀ ਆਨਲਾਈਨ ਸਿੱਖਿਆ ਵਿੱਚ ਵਿਦਿਆਰਥੀਆਂ ਅਤੇ ਪ੍ਰੋਫੈਸਰਾਂ ਦੁਆਰਾ ਨਿਭਾਈਆਂ ਗਈਆਂ ਨਵੀਆਂ ਭੂਮਿਕਾਵਾਂ, ਅਗਲੇ ਭਵਿੱਖ ਵਿੱਚ ਆਨਲਾਈਨ ਸਿਖਲਾਈ ਨੂੰ ਸਿੱਖਿਆ ਦੇ ਮੋਹਰੀ ਪਾਸੇ ਵੱਲ ਧੱਕਣਗੀਆਂ, ਜੋ ਗੁਣਵੱਤਾ ਨੂੰ ਬਣਾਉਣਗੀਆਂ। ਸਾਰੇ ਦਿਲਚਸਪੀ ਰੱਖਣ ਵਾਲੇ ਵਿਦਿਆਰਥੀਆਂ ਲਈ ਸਿੱਖਿਆ ਪਹੁੰਚ ਯੋਗ ਹੋਵੇ।

# ਅਧਿਆਪਕਾਂ, ਸਿੱਖਿਅਕਾਂ ਅਤੇ ਉਹਨਾਂ ਦੇ ਸੰਗਠਨਾਂ ਨੂੰ ਸਮਾਜਿਕ ਪਰਿਵਰਤਨ ਦੇ ਏਜੰਟ ਵਜੋਂ ਕੰਮ ਕਰਦੇ ਹਨ

ਬਹੁਤ ਸਾਰੇ ਸਮਾਜਾਂ ਵਿੱਚ ਅਧਿਆਪਕਾਂ ਨੂੰ ਉਹਨਾਂ ਵਿਅਕਤੀਆਂ ਵਜੋਂ ਵੇਖਿਆ ਜਾਂਦਾ ਹੈ ਜੋ ਲੋਕਾਂ ਦੇ ਜੀਵਨ ਵਿੱਚ ਸਕਾਰਾਤਮਕ ਤਬਦੀਲੀਆਂ ਲਿਆਉਣ ਵਿੱਚ ਸਹਾਇਤਾ ਕਰ ਸਕਦੇ ਹਨ। ਉਹਨਾਂ ਨੂੰ ਕੁਦਰਤੀ ਨੇਤਾਵਾਂ ਵਜੋਂ ਵੇਖਿਆ ਜਾਂਦਾ ਹੈ ਜੋ ਸਮੁਦਾਇਆਂ ਦੇ ਵੱਖ-ਵੱਖ ਮਾਮਲਿਆਂ ਬਾਰੇ ਸਲਾਹ ਦੇ ਸਕਦੇ ਹਨ। ਬੱਚਿਆਂ, ਮਾਪਿਆਂ ਅਤੇ ਭਾਈਚਾਰਿਆਂ ਨਾਲ ਉਹਨਾਂ ਦੀ ਸਿੱਧੀ ਗੱਲਬਾਤ ਦੇ ਸੰਦਰਭ ਵਿੱਚ, ਅਧਿਆਪਕ ਅਤੇ ਸਿੱਖਿਅਕ ਬਾਲ ਮਜ਼ਦੂਰੀ ਦੀ ਰੋਕਥਾਮ ਅਤੇ ਖਾਤਮੇ ਵਿੱਚ ਕਈ ਪ੍ਰਮੁੱਖ ਭੂਮਿਕਾਵਾਂ ਨਿਭਾ ਸਕਦੇ ਹਨ। ਉਹ ਇਸ ਤਰਾਂ ਕੰਮ ਕਰ ਸਕਦੇ ਹਨ:

1) ਫਰੰਟਲਾਈਨ ਮਾਨੀਟਰ ਅਤੇ 'ਬਾਲ ਨਿਗਰਾਨ'

ਅਧਿਆਪਕ ਸਮਾਜ ਵਿੱਚ ਸਕੂਲੀ ਉਮਰ ਦੇ ਬੱਚਿਆਂ ਦੀ ਪਛਾਣ ਕਰਨ, ਮਾਪਿਆਂ ਨੂੰ ਉਹਨਾਂ ਨੂੰ ਸਕੂਲਾਂ ਵਿੱਚ ਦਾਖਲ ਕਰਨ ਲਈ ਉਤਸ਼ਾਹਿਤ ਕਰਨ, ਬੱਚਿਆਂ ਨੂੰ ਇੱਕ ਦਿਲਚਸਪ ਸਿੱਖਣ ਵਾਲਾ ਮਾਹੌਲ ਪ੍ਰਦਾਨ ਕਰਨ ਅਤੇ ਉਹਨਾਂ ਦੀਆਂ ਵਿਦਿਅਕ ਸਮੱਸਿਆਵਾਂ ਅਤੇ ਜ਼ਰੂਰਤਾਂ ਵਿੱਚ ਸਹਾਇਤਾ ਕਰਨ ਲਈ ਚੰਗੀ ਸਥਿਤੀ ਵਿੱਚ ਹਨ। ਗੈਰ-ਦਾਖਲੇ ਅਤੇ ਗੈਰਹਾਜ਼ਰੀਆਂ ਦੀ ਨਿਗਰਾਨੀ ਲਈ ਸਕੂਲ ਵੀ ਜ਼ਿੰਮੇਵਾਰ ਹਨ, ਅਤੇ ਅਧਿਆਪਕਾਂ ਅਤੇ ਹੋਰ ਵਿਦਿਅਕ ਕਰਮਚਾਰੀਆਂ ਨੂੰ ਬੱਚਿਆਂ ਦੀ ਸਕੂਲ ਹਾਜ਼ਰੀ ਦੀ ਨਿਗਰਾਨੀ ਕਰਨ, ਉਹਨਾਂ ਦੇ ਕੰਮ ਵਿੱਚ ਸ਼ਾਮਲ ਹੋਣ ਦਾ ਮੁਲਾਂਕਣ ਕਰਨ ਅਤੇ ਉਹਨਾਂ ਦੀ ਸਕੂਲੀ ਪੜਾਈ ਵਿੱਚ ਕਿਸ ਹੱਦ ਤਕ ਦਖ਼ਲ-ਅੰਦਾਜ਼ੀ ਕਰਨ ਅਤੇ ਬੱਚਿਆਂ ਦੀ ਪਛਾਣ ਕਰਨ ਦੇ ਅਧਿਕਾਰ ਦੇਣ ਦੀ ਲੋੜ ਹੈ। ਛੱਡਣ ਦੇ ਜੋਖਮ ਤੇ ਹਨ. ਉਹ ਫਿਰ ਮਾਪਿਆਂ ਨਾਲ ਸੰਪਰਕ ਕਰ ਸਕਦੇ ਹਨ ਅਤੇ ਇਹਨਾਂ ਬੱਚਿਆਂ ਲਈ ਸਹਾਇਤਾ ਪ੍ਰਦਾਨ ਕਰ ਸਕਦੇ ਹਨ।

2) ਬਾਲ ਮਜ਼ਦੂਰੀ ਤੇ ਬੱਚਿਆਂ ਲਈ ਵਕੀਲ ਤੇ ਕਮਿਊਨਿਟੀ ਸਰੋਤ ਵਿਅਕਤੀ

ਬਾਲ ਮਜ਼ਦੂਰੀ ਦੇ ਵਿਰੁੱਧ ਮੁਹਿੰਮ ਵਿੱਚ ਅਧਿਆਪਕ ਸ਼ਕਤੀਸ਼ਾਲੀ ਵਕੀਲ ਹੋ ਸਕਦੇ ਹਨ. ਉਹ ਸਰੋਤ ਵਿਅਕਤੀਆਂ ਵਜੋਂ ਕੰਮ ਕਰ ਸਕਦੇ ਹਨ ਜੋ ਬੱਚਿਆਂ, ਮਾਪਿਆਂ ਅਤੇ ਭਾਈਚਾਰਿਆਂ ਨੂੰ ਸਿੱਖਿਆ ਦੀ ਮਹੱਤਤਾ ਅਤੇ ਬੱਚਿਆਂ ਅਤੇ ਸਮਾਜ 'ਤੇ ਬਾਲ ਮਜ਼ਦੂਰੀ ਦੇ ਹਾਨੀਕਾਰਕ ਪ੍ਰਭਾਵਾਂ ਬਾਰੇ ਸੂਚਿਤ ਕਰ ਸਕਦੇ ਹਨ। ਅਧਿਆਪਕਾਂ ਨੂੰ ਸਮਾਜ ਅਤੇ ਰਾਸ਼ਟਰੀ ਪੱਧਰ 'ਤੇ ਬਾਲ ਮਜ਼ਦੂਰੀ ਦੇ ਵਿਰੁੱਧ ਮੁਹਿੰਮ ਵਿੱਚ ਸਰਗਰਮ ਭੂਮਿਕਾ ਨਿਭਾਉਣ ਦੇ ਯੋਗ ਬਣਾਉਣ ਲਈ, ਉਹਨਾਂ ਨੂੰ ਬਾਲ ਮਜ਼ਦੂਰੀ ਦੀਆਂ ਗੁੰਝਲਾਂ - ਕਾਰਨਾਂ ਅਤੇ ਸਮਾਧਾਨਾਂ ਬਾਰੇ ਜਾਣੂ ਕਰਵਾਉਣ ਅਤੇ ਉਹਨਾਂ ਨੂੰ ਸਿੱਖਣ ਦੀ ਜ਼ਰੂਰਤ ਹੈ। ਇਸ ਤੋਂ ਇਲਾਵਾ, ਉਹਨਾਂ ਨੂੰ ਬਾਲ ਮਜ਼ਦੂਰੀ ਦੇ ਵਿਰੁੱਧ ਸਕੂਲ ਅਤੇ ਅਭਿਆਨ ਚਲਾਉਣ ਅਤੇ ਲਾਗੂ ਕਰਨ ਲਈ ਸਹਾਇਤਾ ਅਤੇ ਸਰੋਤਾਂ ਦੀ ਜ਼ਰੂਰਤ ਹੈ।

3) ਵਿਦਿਅਕ ਪ੍ਰਣਾਲੀ ਵਿੱਚ ਤਬਦੀਲੀ ਲਈ ਉਤਪ੍ਰੇਰਕ

ਉਹਨਾਂ ਦੀਆਂ ਆਪਣੀਆਂ ਸੰਸਥਾਵਾਂ ਦੁਆਰਾ ਅਤੇ ਹੋਰ ਟਰੇਡ ਯੂਨੀਅਨਾਂ, ਬੱਚਿਆਂ ਅਤੇ ਔਰਤਾਂ ਦੇ ਅਧਿਕਾਰ ਨੈਟਵਰਕਾਂ, ਕਮਿਊਨਿਟੀ ਸੰਗਠਨਾਂ ਅਤੇ ਹੋਰ ਗੈਰ ਸਰਕਾਰੀ ਸੰਗਠਨਾਂ ਦੇ ਸਹਿਯੋਗ ਨਾਲ, ਅਧਿਆਪਕ ਅਤੇ ਸਿੱਖਿਅਕ ਸਕੂਲ ਪ੍ਰਬੰਧਨ ਪ੍ਰਣਾਲੀ ਨੂੰ ਮਜ਼ਬੂਤ ਕਰਨ ਅਤੇ ਵਕਾਲਤ ਕਰਨ ਲਈ ਪਾਠਕ੍ਰਮ ਦੇ ਵਿਕਾਸ 'ਤੇ ਕੰਮ ਕਰਨ ਲਈ ਇੱਕ ਦੂਜੇ ਦੇ ਨਾਲ ਅਤੇ ਹੋਰ ਸੰਗਠਨਾਂ ਦੇ ਨਾਲ ਸਹਿਯੋਗ ਕਰ ਸਕਦੇ ਹਨ. ਨੀਤੀਗਤ ਸੁਧਾਰਾਂ ਲਈ ਜੋ ਸਕੂਲ ਤੋਂ ਬਾਲ ਮਜ਼ਦੂਰਾਂ ਨੂੰ ਬਾਹਰ ਕੱਢਣ ਵਿੱਚ ਯੋਗਦਾਨ ਪਾਉਣ ਵਾਲੇ ਕਾਰਕਾਂ ਨੂੰ ਸੰਬੋਧਿਤ ਕਰਦਾ ਹੈ। ਅਧਿਆਪਕ ਆਪਸ ਵਿੱਚ ਇੱਕ ਨੈਟਵਰਕ ਸਥਾਪਤ ਕਰ ਸਕਦੇ ਹਨ ਅਤੇ ਹੋਰ ਫੋਰਮਾਂ, ਨੈਟਵਰਕਾਂ ਜਾਂ ਐਸੋਸੀਏਸ਼ਨਾਂ ਦੀ ਪਛਾਣ ਕਰ ਸਕਦੇ ਹਨ ਜੋ ਉਹਨਾਂ ਨੂੰ ਵਿਦਿਅਕ ਨੀਤੀ ਅਤੇ ਅਭਿਆਸਾਂ ਵਿੱਚ ਤਬਦੀਲੀਆਂ ਨੂੰ ਪ੍ਰਭਾਵਤ ਕਰਨ ਵਿੱਚ ਸਹਾਇਤਾ ਕਰ ਸਕਦੀਆਂ ਹਨ।

ਇਹ ਬਹੁਤ ਜ਼ਰੂਰੀ ਹੈ ਕਿ ਅਧਿਆਪਕ ਅਤੇ ਉਹਨਾਂ ਦੀਆਂ ਸੰਸਥਾਵਾਂ ਫੈਸਲੇ ਲੈਣ ਅਤੇ ਵਿਦਿਅਕ ਯੋਜਨਾਬੰਦੀ ਅਤੇ ਸੁਧਾਰਾਂ ਵਿੱਚ ਹਿੱਸਾ ਲੈਣ। ਅਧਿਆਪਕਾਂ ਦੇ ਅਧਿਕਾਰਾਂ ਦੇ ਵਕੀਲ ਵਜੋਂ ਅਧਿਆਪਕਾਂ ਦੀਆਂ ਸੰਸਥਾਵਾਂ ਦਾ ਸੁਭਾਅ ਉਹਨਾਂ ਨੂੰ ਬਾਲ ਮਜ਼ਦੂਰੀ ਦੇ ਵਿਰੁੱਧ ਲੜਾਈ ਵਿੱਚ ਸਿੱਖਿਆ ਦੀ ਸੰਭਾਵਨਾ ਨੂੰ ਸਾਕਾਰ ਕਰਨ ਅਤੇ ਵੱਧ ਤੋਂ ਵੱਧ ਕਰਨ ਵਿੱਚ ਪ੍ਰਭਾਵਸ਼ਾਲੀ ਭਾਈਵਾਲ ਬਣਾਉਂਦਾ ਹੈ। ਸਿੱਖਿਆ ਅਤੇ ਬਾਲ ਮਜ਼ਦੂਰੀ ਦੇ ਸਬੰਧਾਂ ਦੇ ਸਾਰੇ ਵਿਸ਼ਲੇਸ਼ਣ ਅਧਿਆਪਕਾਂ ਦੀ ਸਥਿਤੀ ਅਤੇ ਉਹਨਾਂ ਦੇ ਕੰਮਕਾਜੀ ਹਾਲਤਾਂ ਵਿੱਚ ਸੁਧਾਰ ਕਰਨ ਅਤੇ ਪੇਸ਼ੇਵਰ ਵਜੋਂ ਉਹਨਾਂ ਦੇ ਨਿਰੰਤਰ ਵਿਕਾਸ ਨੂੰ ਸੰਬੋਧਿਤ ਕਰਨ ਦੀ ਤੁਰੰਤ ਜ਼ਰੂਰਤ ਵੱਲ ਸੰਕੇਤ ਕਰਦੇ ਹਨ। ਇਹ ਸਾਰੇ ਦੇਸ਼ਾਂ ਵਿੱਚ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਲਈ ਜ਼ਰੂਰੀ ਸ਼ਰਤਾਂ ਹਨ, ਖਾਸ ਕਰਕੇ ਵਿਕਾਸਸ਼ੀਲ ਦੇਸ਼ਾਂ ਵਿੱਚ ਜਿੱਥੇ ਵਿਸ਼ਵ ਦੇ ਜਿਆਦਾਤਰ ਬਾਲ ਮਜ਼ਦੂਰ ਰਹਿੰਦੇ ਹਨ।

# ਮਨ ਦੇ ਦਰਵਾਜ਼ੇ

ਹਰਕੀਰਤ ਕੌਰ
91-97791-18066



ਕਦੇ ਘਰ ਦੇ ਦਰਵਾਜ਼ਿਆਂ, ਬੂਹੇ, ਬਾਰੀਆਂ, ਝਰਨਿਆਂ ਉੱਪਰ ਗੌਰ ਫਰਮਾਉਣਾ ਅਤੇ ਵੇਖਣਾ ਕਿ ਕਿਵੇਂ ਇੱਕ ਦਮ ਬੰਦ ਦਰਵਾਜ਼ੇ, ਬੂਹੇ, ਬਾਰੀਆਂ ਖੋਲ੍ਹਦਿਆਂ ਹੀ ਕਮਰਿਆਂ ਵਿੱਚ ਕਿਵੇਂ ਚਾਨਣ ਦਾ ਪਸਾਰਾ ਹੋ ਜਾਂਦਾ ਹੈ, ਕਿਵੇਂ ਦਰਵਾਜ਼ੇ ਦੀ ਤਖਤੀ ਖੁਲਦਿਆਂ ਹੀ ਸਰਸਰ ਕਰਦੀ ਹਵਾ, ਪੂਰੇ ਕਮਰੇ ਵਿੱਚ ਸਮਾ ਜਾਂਦੀ ਹੈ। ਪਰ ਇੱਥੇ ਕਿਧਰੇ ਇਹ ਭੁਲੇਖਾ ਨਾ ਖਾ ਲੈਣਾ ਕਿ ਤੁਹਾਡੇ ਜਾਂ ਤੁਹਾਡੇ ਪਰਿਵਾਰਿਕ ਜਨਾਂ ਦੇ ਮਨ, ਦਿਮਾਗ ਦੇ ਦਰਵਾਜ਼ੇ ਵੀ ਖੁੱਲੇ ਹੋਣਗੇ। ਦੁਨੀਆਂ ਦੇ ਕਿਸੇ ਹਿੱਸੇ ਵਿੱਚ ਚਲੇ ਜਾਵੋ ਚਾਹੇ ਹਰਿਆਵਲ ਨਾਲ ਭਰੇ ਉੱਚੇ ਪਰਬਤਾਂ ਦੀ ਚੋਟੀ ਤੇ, ਚਾਹੇ ਰੰਗ ਬਿਰੰਗੀਆਂ ਫੁੱਲਵਾੜੀਆਂ ਦੀਆਂ ਖੁਸ਼ਬੋਹਾ ਵਿੱਚ ਚਲੇ ਜਾਵੋਂ, ਜੇਕਰ ਮਨ ਦੇ ਦਰਵਾਜ਼ੇ ਚਿੰਤਾ, ਲਾਲਸਾ, ਈਰਖਾ, ਦਵੇਸ਼ ਨਾਲ ਬੰਦ ਪਏ ਨੇ ਤਾਂ ਇਹ ਸੋਹਣੀਆਂ ਫਿਜ਼ਾਵਾਂ ਤੁਹਾਡੇ ਬੰਦ ਪਏ ਦਰਵਾਜ਼ਿਆਂ ਨੂੰ ਕਦੇ ਨਹੀਂ ਖੋਲ ਸਕਣਗੀਆਂ। ਕੁਝ ਸਮੇਂ ਲਈ ਕੁਦਰਤ ਦਾ ਇਹ ਨਜ਼ਾਰਾ ਵੇਖ ਖੁਸ਼ੀ ਮਿਲੀ ਵੀ ਤਾਂ ਉਹ ਕੁਝ ਪਲਾਂ ਦੀ ਹੋਵੇਗੀ ਸਦੀਵੀ ਨਹੀਂ।

ਮਨ ਦੇ ਬੰਦ ਪਏ ਦਰਵਾਜ਼ਿਆਂ ਨੂੰ ਖੋਲ੍ਹਣ ਦਾ ਇੱਕ ਤਰੀਕਾ ਹੈ ਆਪਣੀ ਸੋਚ ਦੇ ਦਾਇਰੇ ਨੂੰ ਵੱਡਾ ਕਰਨਾ। ਮਨ ਦੀਆਂ ਬੰਦ ਪਈਆਂ ਖਿੜਕੀਆਂ ਸੁਚੇਤ ਸੋਚ ਤੇ ਸਕਾਰ-ਾਤਮਕ ਨਜ਼ਰੀਏ ਨਾਲ ਖੁਲਿਆ ਕਰਦੀਆਂ ਹਨ। ਜਦੋਂ ਸਾਡੀ ਸੋਚ ਸਕਾਰਾਤਮਕ ਦ੍ਰਿਸ਼ਟੀਕੋਣ ਧਾਰਨ ਕਰਦੀ ਹੈ ਤਾਂ ਸਾਡੀ ਹਰ ਕਲਪਨਾ ਹਵਾ ਵਾਂਗ ਰੁਮਕਦੀ ਹੋਈ ਸਾਡੇ ਜ਼ਹਿਨ ਵਿੱਚ ਜਾ ਬਿਰਾਜ ਦੀ ਹੈ। ਸਾਡੇ ਮਨਾਂ ਦੇ ਦਰਵਾਜ਼ਿਆਂ ਨੂੰ ਖੁਦਗਰਜ਼ੀ ਦੀ ਜੰਗ ਨੇ ਅਜਿਹਾ ਜਕੜਿਆ ਕਿ ਅਸੀਂ ਆਪਣੇ ਪਰਾਏ ਦੀ ਪਹਿਚਾਣ ਭੁੱਲ ਮਾਇਆ ਇਕੱਠੀ ਕਰਨ ਦੀ ਦੌੜ ਦੌੜਨ ਲੱਗੇ, ਇਸ ਦੌੜ ਵਿੱਚ ਦੌੜਦੇ ਏਨੇ ਅੱਗੇ ਆ ਗਏ ਕਿ ਪਿੱਛੇ ਬਹੁਤ ਕੁਝ ਛੁੱਟ ਗਿਆ। ਇਹ ਦੌੜ ਇਕੱਲੀ ਆਪਣੇ ਆਪ ਉੱਠਣ ਦੀ ਹੀ ਨਹੀਂ ਬਲਕਿ ਜ਼ਿਆਦਾਤਰ ਨਾਲਦਿਆਂ ਨੂੰ ਸੁੱਟਣ ਦੀ ਵੀ ਹੁੰਦੀ ਹੈ। ਮਨ ਦੇ ਦਰਵਾਜ਼ਿਆਂ ਨੂੰ ਖੋਲ੍ਹਣ ਲਈ ਸਾਡੀ ਸੋਚ ਅਸਮਾਨ ਵਾਂਗ ਅਸੀਮ ਹੋਣੀ ਜਰੂਰੀ ਹੈ, ਸਾਡੀ ਸੋਚ ਦਾ ਪਰਬਤ ਵਾਂਗ ਵਿਸ਼ਾਲ ਹੋਣਾ ਜਰੂਰੀ ਹੈ। ਦੁਨੀਆਂ ਦੇ ਜਿੰਨੇ ਵੀ ਕਾਮਯਾਬ ਵਿਅਕਤੀਆਂ ਦੀ ਜੀਵਨੀ ਪੜ੍ਹੀਏ ਤਾਂ ਉਹਨਾਂ ਦੀ ਕਾਮਯਾਬੀ ਦਾ ਰਾਜ ਉਹਨਾਂ ਦੀ ਸੋਚ ਦਾ ਵਿਸ਼ਾਲ ਦਾਇਰਾ ਸਿੱਧ ਹੁੰਦਾ ਹੈ। ਸੌੜੀ ਸੋਚ ਉਹਨਾਂ ਲੋਕਾਂ ਤੋਂ ਕੋਹਾਂ ਦੂਰ ਰਹੀ ਤੇ ਉਹਨਾਂ ਦੇ ਮਸਤਕ ਵਿੱਚ ਗਿਆਨ ਦੇ ਜੁਗਨੂੰ ਜਗਣ ਲੱਗ ਪਏ, ਉਹਨਾਂ ਜੁਗਨੂੰਆਂ ਨੇ ਮਨ ਰੂਪੀ ਦਰਵਾਜ਼ਿਆਂ ਨੂੰ ਅਜਿਹਾ ਖੋਲਿਆ ਕਿ ਉਹਨਾਂ ਆਪਣੇ ਜੀਵਨ ਦੇ ਨਾਲ ਨਾਲ ਉਹਨਾਂ ਹੋਰਨਾਂ ਲੋਕਾਂ ਦੇ ਜੀਵਨ ਵੀ ਰੁਸ਼ਨਾ ਦਿੱਤੇ।

ਪਰਮਾਤਮਾ ਕਿਰਪਾ ਕਰੇ ਸਾਡੀ ਸੋਚ ਦੇ ਦਰਵਾਜ਼ੇ ਵੀ ਖੁੱਲਣ, ਸਾਡੀ ਸੋਚ ਵੀ ਵਿਸ਼ਾਲ ਹੋਵੇ ਅਤੇ ਅਸੀਂ ਵੀ ਸਕ-ਾਰਾਤਮਕ ਨਜ਼ਰੀਏ ਨਾਲ ਜਿੰਦਗੀ ਜੀਵੀਏ। ਸਾਡੇ ਮਸਤਕ ਵਿੱਚ ਵੀ ਗਿਆਨ ਦੇ ਚਾਨਣ ਦੀ ਲਾਟ ਜਗੇ, ਜੋ ਸਾਡੇ ਮਨ ਦੇ ਬੰਦ ਪਏ ਦਰਵਾਜ਼ਿਆਂ ਨੂੰ ਖੋਲ ਸਾਡਾ ਆਪਾ ਰੁਸ਼ਨਾ ਦੇਵੇ।

### ਅਮਰੀਕੀ ਮਜ਼ਦੂਰ ਦਿਵਸ 'ਤੇ ਵਿਸ਼ੇਸ਼

# ਅਮਰੀਕੀ ਮਜ਼ਦੂਰ ਦਿਵਸ ਦਾ ਪਿਛੋਕੜ



ਡਾ. ਚਰਨਜੀਤ ਸਿੰਘ ਗੁਮਟਾਲਾ
0019375739812

ਅੱਜ ਭਾਵੇਂ 1 ਮਈ ਨੂੰ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ ਪਰ ਅਮਰੀਕਾ ਵਿੱਚ ਮਜ਼ਦੂਰ ਦਿਵਸ ਸਤੰਬਰ ਦੇ ਪਹਿਲੇ ਸੋਮਵਾਰ ਮਨਾਇਆ ਜਾਂਦਾ ਹੈ, ਹਾਲਾਂਕਿ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਦਾ ਜਨਮ-ਦਾਤਾ ਵੀ ਅਮਰੀਕਾ ਹੀ ਹੈ।ਇਸ ਸਾਲ ਅਮਰੀਕਾ ਵਿਚ ਇਹ ਦਿਨ 6 ਸਤੰਬਰ ਨੂੰ ਮਨਾਇਆ ਜਾ ਰਿਹਾ ਹੈ। ਇਸ ਦਿਨ ਕੌਮੀ ਛੁੱਟੀ ਹੁੰਦੀ ਹੈ।ਅਮਰੀਕਾ ਵਾਂਗ ਕਨੇਡਾ ਵਿਚ ਇਹ ਦਿਨ ਉਸੇ ਦਿਨ ਮਨਾਇਆ ਜਾਂਦਾ ਹੈ ਤੇ ਕੌਮੀ ਛੁੱਟੀ ਹੁੰਦੀ ਹੈ। ਬਾਕੀ ਸਾਰੀ ਦੁਨੀਆਂ ਵਿਚ ਇਹ ਪਹਿਲੀ ਮਈ ਨੂੰ ਮਨਾਇਆ ਜਾਂਦਾ ਹੈ।ਅਮਰੀਕਾ ਤੇ ਕਨੇਡਾ ਦੀਆਂ ਮਜਦੂਰ ਜਥੇਬੰਦੀਆਂ ਪਹਿਲੀ ਮਈ ਨੂੰ ਵੀ ਮਜ਼ਦੂਰ ਦਿਵਸ ਦੇ ਤੌਰ 'ਤੇ ਮਨਾਉਂਦੀਆਂ ਹਨ। ਹੁਣ ਸੁਆਲ ਪੈਦਾ ਹੁੰਦਾ ਹੈ ਕਿ ਜਦ ਬਾਕੀ ਸਾਰੀ ਦੁਨੀਆਂ ਵਿਚ ਇਹ ਦਿਵਸ ਪਹਿਲੀ ਮਈ ਮਨਾਇਆ ਜਾਂਦਾ ਹੈ ਤਾਂ ਇਨ੍ਹਾਂ ਦੋਵਾਂ ਮੁਲਕਾਂ ਵਿਚ ਕਿਉਂ ਨਹੀਂ ਅਮਰੀਕੀ ਹਾਕਮ ਮਈ ਦਿਵਸ ਨੂੰ ਕਮਿਉਨਿਸਟ ਪੱਖੀ ਤੇ ਅਰਾਜਕਤਾ (ਅਨਾਰਕਿਸਟ) ਸਮਝਦੇ ਹਨ।ਜਿਵੇਂ ਦੀਵਾਲੀ ਵਾਲੇ ਦਿਨ ਭਾਰਤ ਵਿੱਚ ਕਾਰਖਾਨੇਦਾਰ ਮਜ਼ਦੂਰਾਂ ਨੂੰ ਤੋਹਫ਼ੇ ਦਿੰਦੇ ਹਨ ਉਸੇ ਤਰ੍ਹਾਂ ਅਮਰੀਕਾ ਤੇ ਕਨੇਡਾ ਵਿੱਚ ਵੀ ਮਾਲਕ ਆਪਣੇ ਨੌਕਰਾਂ ਦੀ ਖ਼ੂਬ ਸੇਵਾ ਕਰਦੇ ਹਨ। ਇਹ ਦਿਨ ਉਨ੍ਹਾਂ ਅਮਰੀਕਾ ਕਾਮਿਆਂ ਨੂੰ ਸਮਰਪਿਤ ਹੈ ਜਿਨ੍ਹਾਂ ਨੇ ਦੇਸ਼ ਨੂੰ ਖੁਸ਼ਹਾਲ ਬਣਾਇਆ ਅਤੇ ਇਸ ਦੀ ਭਲਾਈ ਲਈ ਕੰਮ ਕੀਤਾ। ਅਮਰੀਕੀ ਕਿਰਤੀ ਨੇ ਨਾ ਕੇਵਲ ਅਮਰੀਕਾ ਸਗੋਂ ਸਾਰੀ ਦੁਨੀਆਂ ਲਈ ਰਾਹ ਦਸੇਰਾ ਦਾ ਕੰਮ ਕੀਤਾ ਹੈ।

ਜਿੱਥੋਂ ਤੀਕ ਇਸ ਦਿਨ ਦੀ ਸ਼ੁਰੂਆਤ ਦਾ ਸੰਬੰਧ ਹੈ, 1880 ਵਿੱਚ ਮੰਦਵਾੜੇ ਨੇ ਅਮਰੀਕਾ ਨੂੰ ਬਹੁਤ ਨੁਕਸਾਨ ਪਹੁੰਚਾਇਆ। ਮੰਦੇ ਕਾਰਨ ਮਜ਼ਦੂਰਾਂ ਦੀ ਤਨਖਾਹ ਘੱਟ ਗਈ ਅਤੇ ਬੇਰੁਜ਼ਗਾਰੀ ਵਿੱਚ ਭਾਰੀ ਵਾਧਾ ਹੋਇਆ। ਇਸ ਮੌਕੇ 'ਤੇ ਨਾਇਟਸ ਆਫ ਲੇਬਰ ਨਾਂ ਦੀ ਜਥੇਬੰਦੀ ਮਜ਼ਦੂਰਾਂ ਦੀ ਮਦਦ ਲਈ ਅੱਗੇ ਆਈ। ਉਸ ਨੇ ਮਜ਼ਦੂਰਾਂ ਦੀਆਂ ਪਰੰਪਰਾਗਤ ਮੰਗਾਂ, ਜਿਨ੍ਹਾਂ ਵਿੱਚ ਦਿਨ ਵਿੱਚ ਕੰਮ ਕਰਨ ਦਾ ਸਮਾਂ 8 ਘੰਟੇ ਕਰਨ, ਸਹਿਕਾਰੀ ਅਦਾਰੇ ਸਥਾਪਤ ਕਰਨ, ਬਾਲ ਮਜ਼ਦੂਰੀ ਉਪਰ ਪਾਬੰਦੀ ਲਾਉਣ, ਔਰਤਾਂ ਤੇ ਮਰਦਾਂ ਨੂੰ ਬਰਾਬਰ ਤਨਖਾਹ ਦੇਣ, ਮਜ਼ਦੂਰੀ ਅੰਕੜਿਆਂ ਲਈ ਵੱਖਰਾ ਬਿਉਰੋ ਸਥਾਪਤ ਕਰਨ, ਜ਼ੇਲ੍ਹ ਮਜ਼ਦੂਰੀ ਲਈ ਠੇਕੇਦਾਰੀ ਪ੍ਰਣਾਲੀ ਖ਼ਤਮ ਕਰਨ, ਪੜਾਅਵਾਰ ਇਨਕਮ ਟੈਕਸ ਲਾਉਣ, ਰੇਲਵੇ ਤੇ ਟੈਲੀਗ੍ਰਾਫ ਵਿਭਾਗ ਸਰਕਾਰ ਨੂੰ ਸੌਂਪਣ, ਪਬਲਿਕ ਜ਼ਮੀਨ ਅਸਲੀ ਆਬਾਦਕਾਰਾਂ ਲਈ ਰੀਜ਼ਰਵ ਕਰਨ ਆਦਿ ਸ਼ਾਮਲ ਸਨ, ਨੂੰ ਲੈ ਕੇ 5 ਸਤੰਬਰ 1882 ਨੂੰ ਨਿਊਯਾਰਕ ਸਿਟੀ ਵਿੱਚ ਇੱਕ ਬਹੁਤ ਵੱਡੀ ਪ੍ਰੇਡ ਦਾ ਆਯੋਜਨ ਕੀਤਾ। ਇਸ ਦਿਨ ਮੰਗਲਵਾਰ ਸੀ। ਮਜ਼ਦੂਰਾਂ ਨੇ ਆਪਣੀ ਤਨਖਾਹ ਕਟਾਕੇ ਇਸ ਪ੍ਰੇਡ ਵਿੱਚ ਭਾਗ ਲਿਆ। ਨਿਊਯਾਰਕ ਦੇ ਜਿਹੜੇ ਮਜ਼ਦੂਰ ਇਸ ਪ੍ਰੇਡ ਵਿਚ ਸ਼ਾਮਲ ਨਾ ਹੋਏ ਉਨ੍ਹਾਂ ਨੂੰ ਯੂਨੀਅਨ ਨੇ ਜੁਰਮਾਨਾ ਕੀਤਾ। ਇਸ ਪ੍ਰੇਡ ਵਿੱਚ ਨਿਊਯਾਰਕ ਸਿਟੀ ਦੇ ਸੈਂਟਰਲ ਲੇਬਰ ਯੂਨੀਅਨ ਦੇ ਸੈਕਟਰੀ ਮੈਥਿਊ ਮੈਗਾਇਰ ਨੇ ਇਸ ਦਿਨ ਲੇਬਰ ਡੇ ਦੇ ਤੌਰ 'ਤੇ ਛੁੱਟੀ ਕਰਨ ਦੀ ਤਜਵੀਜ਼ ਰੱਖੀ। ਨਾਇਟਸ ਆਫ ਲੇਬਰ ਜਥੇਬੰਦੀ ਦੀ ਨੀਂਹ 9 ਦਸੰਬਰ 1869 ਨੂੰ ਫਿਲਾਡੈਲਫੀਆ ਵਿਖੇ 9 ਦਰਜ਼ੀਆਂ ਨੇ ਹੁਨਰਮੰਦ ਤੇ ਗ਼ੈਰ-ਹੁਨਰਮੰਦ ਕਾਮਿਆਂ ਦੀ ਇੱਕ ਸਾਂਝੀ ਜਥੇਬੰਦੀ ਬਣਾਉਣ ਲਈ ਰੱਖੀ ਸੀ। ਸਟੀਫਨਸ ਜੋ ਕਿ ਪੇਸ਼ੇ ਵਜੋਂ ਦਰਜ਼ੀ ਸੀ, ਇਸ ਦਾ ਲੀਡਰ ਸੀ। ਹੌਲੀ ਹੌਲੀ ਇਸ ਵਿੱਚ ਸਭ ਤਰ੍ਹਾਂ ਦੇ ਕਾਮੇ ਸ਼ਾਮਲ ਹੋ ਗਏ ਤੇ ਇਹ ਇੱਕ ਮਜ਼ਬੂਤ ਜਥੇਬੰਦੀ ਬਣ ਗਈ। ਅਸਲ ਵਿੱਚ ਇਸ ਲਾਮਬੰਦੀ ਪਿੱਛੇ ਅਮਰੀਕੀ ਗ੍ਰਹਿ ਯੁੱਧ (1861-1865) ਸੀ ਜਿਸ ਨੇ ਕਿਰਤੀਆਂ ਨੂੰ ਜਾਗਰੂਕ ਕੀਤਾ ਤੇ ਉਹ ਆਪਣੇ ਹੱਕਾਂ ਲਈ ਲਾਮਬੰਦ ਹੋਣੇ ਸ਼ੁਰੂ ਹੋਏ।




5 ਸਤੰਬਰ 1883 ਨੂੰ ਸੈਂਟਰਲ ਲੇਬਰ ਯੂਨੀਅਨ ਵਲੋਂ ਦੂਜਾ ਮਜ਼ਦੂਰ ਦਿਵਸ ਛੁੱਟੀ ਦੇ ਤੌਰ 'ਤੇ ਮਨਾਇਆ ਗਿਆ। ਪਰ 1884 ਵਿੱਚ ਸਤੰਬਰ ਦੇ ਪਹਿਲੇ ਸੋਮਵਾਰ ਨੂੰ ਇਹ ਦਿਨ ਮਨਾਉਣ ਦਾ ਫੈਸਲਾ ਕੀਤਾ ਗਿਆ। 1894 ਵਿੱਚ ਯੂ.ਐਸ. ਕਾਂਗਰਸ ਨੇ ਇਸ ਨੂੰ ਕੌਮੀ ਛੁੱਟੀ ਵਜੋਂ ਮਾਨਤਾ ਦਿੱਤੀ। ਇਸ ਦਿਨ ਪ੍ਰੇਡਾਂ ਹੁੰਦੀਆਂ ਹਨ, ਮਜ਼ਦੂਰਾਂ ਤੇ ਰਾਜਨੀਤਕ ਆਗੂਆਂ ਵੱਲੋਂ ਭਾਸ਼ਨ ਦਿੱਤੇ ਜਾਂਦੇ ਹਨ।

ਜਿੱਥੋਂ ਤੀਕ 1 ਮਈ ਨੂੰ ਬਾਕੀ ਦੇਸ਼ਾਂ ਵਿੱਚ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਮਨਾਉਣ ਦਾ ਸੰਬੰਧ ਹੈ, ਇਸ ਦਾ ਪਿਛੋਕੜ ਵੀ ਅਮਰੀਕਾ ਨਾਲ ਜੁੜਿਆ ਹੋਇਆ ਹੈ। ਇਕ ਮਈ 1886 ਨੂੰ ਅਮੈਰਿਕਨ ਲੇਬਰ ਫੇਡਰੇਸ਼ਨ ਨੇ ਕੰਮ ਦਾ ਸਮਾਂ 8 ਘੰਟੇ ਕਰਨ ਦੀ ਮੰਗ ਨੂੰ ਲੈ ਕੇ ਦੇਸ਼ ਭਰ ਵਿੱਚ ਹੜਤਾਲ ਕਰਨ ਦਾ ਐਲਾਨ ਕੀਤਾ। ਇਸ ਹੜਤਾਲ ਨੂੰ ਭਰਵਾਂ ਹੁੰਗਾਰਾ ਮਿਲਿਆ। ਲੱਖਾਂ ਕਾਮੇ ਕੰਮ ਛੱਡ ਕੇ ਹੜਤਾਲ ਵਿੱਚ ਸ਼ਾਮਲ ਹੋ ਗਏ ਤੇ ਦਿਨ-ਬ-ਦਿਨ ਹੜਤਾਲੀ ਕਾਮਿਆਂ ਦੀ ਗਿਣਤੀ ਵੱਧਣ ਲੱਗੀ। 3 ਮਈ ਨੂੰ ਮਜ਼ਦੂਰ ਆਗੂ ਅਗਸਤ ਸਪਾਇਸ ਸ਼ਿਕਾਗੋ ਵਿਖੇ ਮੈਕ ਕਾਰਮਿਕ ਰੀਪਰ ਪਲਾਂਟ ਦੇ ਕਾਮਿਆਂ ਨੂੰ ਸੰਬੋਧਨ ਕਰ ਰਿਹਾ ਸੀ ਕਿ ਪੁਲਿਸ ਨੇ ਕੈਪਟਨ ਬੇਸਨਫੀਲਡ ਦੀ ਅਗਵਾਈ ਵਿੱਚ ਆ ਕੇ ਗੋਲੀ ਚਲਾਈ ਜਿਸ ਨਾਲ ਦੋ ਕਾਮੇ ਮਾਰੇ ਗਏ। ਰਾਤ ਨੂੰ ਮਜ਼ਦੂਰ ਆਗੂਆਂ ਨੇ ਮੀਟਿੰਗ ਕਰਕੇ ਇਨ੍ਹਾਂ ਮੌਤਾਂ ਦੇ ਰੋਸ ਵਜੋਂ ਰੈਲੀ ਕਰਨ ਦਾ ਫੈਸਲਾ ਕੀਤਾ। 4 ਮਈ ਨੂੰ ਸ਼ਿਕਾਗੋ ਦੇ ਹੇਅ ਮਾਰਕੀਟ ਸੁਕੇਅਰ ਵਿੱਚ ਇੱਕ ਜ਼ਬਰਦਸਤ ਰੈਲੀ ਕੀਤੀ ਗਈ। 176 ਪੁਲੀਸ ਕਰਮਚਾਰੀਆਂ ਨੇ ਇਸ ਰੈਲੀ ਨੂੰ ਖਿਡਾਉਣ ਲਈ ਕਾਮਿਆਂ ਉਪਰ ਮਿਲਟਰੀ ਦੀ ਤਰ੍ਹਾਂ ਹਮਲਾ ਕੀਤਾ। ਕਿਸੇ ਅਗਿਆਤ ਵਿਅਕਤੀ ਨੇ ਇੱਕ ਡੈਨੇਮਾਇਟ ਬੰਬ ਸੁੱਟਿਆ, ਜਿਸ ਨਾਲ ਇੱਕ ਪੁਲੀਸ ਅਫ਼ਸਰ ਮਾਰਿਆ ਗਿਆ ਤੇ ਕਈ ਜ਼ਖ਼ਮੀ ਹੋ ਗਏ। ਇਸ ਦੇ ਜੁਆਬ ਵਿੱਚ ਪੁਲੀਸ ਨੇ ਗੋਲੀ ਚਲਾ ਦਿੱਤੀ। ਘੱਟੋ ਘੱਟ 4 ਮਜ਼ਦੂਰ ਮਾਰੇ ਗਏ ਤੇ ਕਈ ਜ਼ਖ਼ਮੀ ਹੋ ਗਏ। ਪੁਲੀਸ ਦੀ ਆਪਣੀ ਗੋਲੀ ਨਾਲ 6 ਪੁਲੀਸ ਕਰਮਚਾਰੀ ਵੀ ਮਾਰੇ ਗਏ। ਬੰਬ ਸੁੱਟਣ ਵਾਲੇ ਦਾ ਕੋਈ ਥਹੁ-ਪਤਾ ਨਾ ਲੱਗਾ। ਪੁਲੀਸ ਨੇ ਮੀਟਿੰਗ ਵਿੱਚ ਭਾਸ਼ਨ ਦੇਣ ਵਾਲਿਆਂ ਅਤੇ ਪ੍ਰਬੰਧਕਾਂ ਨੂੰ ਫੜ ਲਿਆ। ਮਜ਼ਦੂਰ ਆਗੂ ਅਲਬਰਟ ਪਾਰਸਨਸ ਬਚ ਨਿਕਲਿਆ, ਪਰ ਮੁਕੱਦਮੇ ਦੀ ਸੁਣਵਾਈ ਦੌਰਾਨ ਉਹ ਵੀ ਆਪਣੇ ਸਾਥੀਆਂ ਨਾਲ ਮੁਕੱਦਮੇ ਵਿੱਚ ਸ਼ਾਮਲ ਹੋ ਗਿਆ। ਅੱਠ ਆਗੂਆਂ ਉਪਰ ਮੁਕੱਦਮਾ ਚਲਾਇਆ ਗਿਆ। ਸੱਤਾਂ ਨੂੰ ਫਾਂਸੀ ਦੀ ਸਜ਼ਾ ਅਤੇ ਇੱਕ ਨੂੰ 15 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਇਸ ਮੁਕੱਦਮੇ ਵਿੱਚ ਬਚਾਅ ਪੱਖ ਦੇ ਵਕੀਲ ਨੂੰ ਸੁਣਿਆ ਨਾ ਗਿਆ ਤੇ ਜਿਸ ਜੱਜ ਕੋਲ ਇਹ ਮੁਕੱਦਮਾ ਲੱਗਿਆ ਉਹ ਮਜ਼ਦੂਰ ਵਿਰੋਧੀ ਸੀ। 11 ਨਵੰਬਰ 1887 ਨੂੰ ਫਾਂਸੀ ਦੇਣ ਦੀ ਮਿਤੀ ਤਹਿ ਕੀਤੀ ਗਈ। 10 ਨਵੰਬਰ ਨੂੰ ਗਵਰਨਰ ਨੇ 2 ਦੀ ਸਜ਼ਾ ਘੱਟ ਕਰਕੇ ਉਮਰ ਕੈਦ ਕਰ ਦਿੱਤੀ। ਇਸ ਤਰ੍ਹਾਂ ਉਹਨਾਂ ਨੂੰ ਫਾਂਸੀ ਲੱਗਣ ਤੋਂ ਬਚਾ ਲਿਆ ਗਿਆ। ਲਾਉਸ ਲਿੰਗ ਨੇ ਧਮ-ਾਕਾਯੋਗ ਡੈਨੇਮਾਇਟ ਟੋਪੀ ਚੱਕ ਮਾਰ ਕੇ ਆਪਣੇ ਆਪ ਨੂੰ ਖ਼ਤਮ ਕਰ ਲਿਆ ਤੇ ਬਾਕੀ ਚਾਰ ਆਗੂਆਂ ਜਿਨ੍ਹਾਂ ਵਿੱਚ ਅਗਸਤ ਸਪਾਇਸ, ਅਡਲਫ ਫਿਸ਼ਰ, ਐਲਬਰਟ ਪਾਰਨਸ ਅਤੇ ਜਾਰਜ ਏਂਜੰਲਸ ਸ਼ਾਮਲ ਸਨ ਨੂੰ 11 ਨਵੰਬਰ ਨੂੰ ਫਾਂਸੀ ਦਿੱਤੀ ਗਈ। ਇਸ ਦਿਨ ਨੂੰ "ਬਲੈਕ ਫਰਾਈਡੇ" ਕਰਕੇ ਜਾਣਿਆ ਜਾਂਦਾ ਹੈ। 1893 ਵਿੱਚ ਉਹਨਾਂ ਦੀ ਯਾਦ ਵਿੱਚ ਹੇਅ ਮਾਰਕੀਟ ਸ਼ਹੀਦੀ ਸਮਾਰਕ ਬਣਾਇਆ ਗਿਆ ਜੋ 25 ਜੂਨ 1893 ਨੂੰ ਸਮਰਪਿਤ ਕੀਤਾ ਗਿਆ। ਇਸ ਯਾਦਗਾਰ ਦੇ ਮੱਥੇ 'ਤੇ ਅਗਸਤ ਸਪਾਇਸ ਦੇ ਆਖਰੀ ਸ਼ਬਦ ਉਕਰੇ ਹੋਏ ਹਨ।

ਅਗਲੇ ਦਿਨ ਸੂਬਾਈ ਗਵਰਨਰ ਨੇ 3 ਬਚੇ ਹੋਏ ਲੀਡਰਾਂ ਪਾਸੋਂ ਮਾਫੀ ਮੰਗੀ ਕਿਉਂਕਿ ਅਮਰੀਕੀ ਸੰਵਿਧਾਨ ਪੁਰ-ਅਮਨ ਢੰਗ ਨਾਲ ਇਕੱਠੇ ਹੋਣ 'ਤੇ ਆਪਣੀ ਗੱਲ ਕਹਿਣ ਦਾ ਹੱਕ ਦਿੰਦਾ ਹੈ ਪਰ ਜੱਜ ਨੇ ਇਨ੍ਹਾਂ ਅਧਿਕਾਰਾਂ ਦਾ ਖਿਆਲ ਨਹੀਂ ਰੱਖਿਆ। 1889 ਵਿੱਚ ਦੂਜੀ ਸੋਸਸ਼ਲਿਸਟ ਇੰਟਰਨੈਸ਼ਨਲ ਦੀ ਪਹਿਲੀ ਪੈਰਿਸ ਕਾਂਗਰਸ ਨੇ ਪਹਿਲੀ ਮਈ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਲੇਬਰ-ਡੇ ਮਨਾਉਣ ਦਾ ਫੈਸਲਾ ਕੀਤਾ। ਉਸ ਦਿਨ ਤੋਂ ਭਾਰਤ ਸਮੇਤ ਸਾਰੇ ਦੇਸ਼ਾਂ ਵਿੱਚ 1 ਮਈ ਨੂੰ ਅੰਤਰਾਸ਼ਟਰੀ ਮਜ਼ਦੂਰ ਦਿਵਸ ਦੇ ਤੌਰ 'ਤੇ ਮਨਾਇਆ।

ਇਸ ਪਿੱਛੋਂ ਅਮਰੀਕੀ ਕਿਰਤੀਆਂ ਨੂੰ ਬਹੁਤ ਸਾਰੀਆਂ ਸਹੂਲਤਾਂ ਮਿਲਣ ਲੱਗੀਆਂ। ਕਿਰਤੀਆਂ ਨੂੰ 65 ਸਾਲ ਪਿੱਛੋਂ ਪੈਨਸ਼ਨ ਮਿਲਣ ਲੱਗੀ। ਸਮਾਜਿਕ ਸੁਰੱਖਿਆ ਮੁਹੱਈਆ ਹੋਣ ਲੱਗੀ। ਕਿਰਤੀਆਂ ਨੂੰ ਛਾਂਟੀ ਸਮੇਂ ਵਿਸ਼ੇਸ਼ ਰਾਸ਼ੀ ਦਿੱਤੀ ਜਾਣ ਲੱਗੀ। ਹੁਣ ਵੀ 6 ਮਹੀਨੇ ਤੋਂ ਵੱਧ ਨੌਕਰੀਆਂ ਤੋਂ ਹਟਾਏ ਕਾਮਿਆਂ ਨੂੰ ਸਰਕਾਰ ਵੱਲੋਂ ਸਹਾਇਤਾ ਕੀਤੀ ਜਾ ਰਹੀ ਹੈ। ਕੰਮ ਦੇ ਘੰਟੇ ਨਿਸ਼ਚਿਤ ਹੋਣ ਲੱਗੇ ਤੇ ਸਰਕਾਰ ਕੰਮ ਕਰਨ ਦੇ ਘੱਟੋ-ਘੱਟ ਦਰ ਨਿਸ਼ਚਿਤ ਕਰਨ ਲੱਗੀ।



# ਗ਼ਜ਼ਲਾਂ

**ਬਲਵਿੰਦਰ 'ਬਾਲਮ'**
**91-98156-25409**



ਇਕ ਸਮਝੌਤਾ ਧੁੱਖਦਾ ਹੈ ਇਸ ਪੀੜ ਵਿਚ।
ਅਜ ਵੀ ਤਨ-ਮਨ ਦੁੱਖਦਾ ਹੈ ਇਸ ਪੀੜ ਵਿਚ।
ਫੁੱਲ ਤਾਂ ਸੁਕ ਕੇ ਟੁੱਟ ਕੇ ਨਾਲੋਂ ਲਹਿ ਗਏ ਨੇ,
ਸਾਰਾ ਕਿੱਸਾ ਰੁੱਖ ਦਾ ਹੈ ਇਸ ਪੀੜ ਵਿਚ।
ਤਲਵਾਰਾਂ ਤੀਰਾਂ ਦਾ ਨਈਂ, ਇਕ ਕਸੂਰ ਦਵਾਂ,
ਤੇਰੇ ਸੁੰਦਰ ਮੁੱਖ ਦਾ ਹੈ ਇਸ ਪੀੜ ਵਿਚ।
ਇਸ ਵਿਚ ਜ਼ਖ਼ਮਾਂ ਦੀ ਗੁਸਤਾਖ਼ੀ ਕੀ ਹੋਈ?
ਮਸਲਾ ਸਾਰਾ ਭੁੱਖ ਦਾ ਹੈ ਇਸ ਪੀੜ ਵਿਚ।
ਤੜਕ ਸਵੇਰੇ, ਸ਼ਿਖ਼ਰ ਦੁਪਹਿਰੇ ਸ਼ਾਮ ਢਲੇ,
ਸੂਰਜ ਚੜ੍ਹਦਾ ਕੁੱਖ ਦਾ ਹੈ ਇਸ ਪੀੜ ਵਿਚ।
'ਬਾਲਮ' ਨੇਰ੍ਹੇ ਦੇ ਵਿਚ ਰਾਹ ਨਾ ਭੁੱਲ ਜਾਵੇ,
ਦੀਪ ਜਗੇ ਚਹੁੰ ਮੁੱਖ ਦਾ ਹੈ ਇਸ ਪੀੜ ਵਿਚ।

ਮਿਹਨਤ ਦੇ ਨਾਲ ਕੰਮ ਕਰੋ ਤਾਂ ਨਾਮ ਬਣੇਗਾ।
ਦੁਨੀਆਂ ਦੇ ਲਈ ਇਕ ਸੁੰਦਰ ਪੈਗਾਮ ਬਣੇਗਾ।
ਸੂਰਜ ਬਣਕੇ ਵੇਖੋ, ਲੋਅ ਦਾ ਇਕ ਸੰਦੇਸ਼ਾ,
ਸੁਬਹ ਸਵੇਰੇ, ਸ਼ਿਖ਼ਰ ਦੁਪਹਿਰ, ਸ਼ਾਮ ਬਣੇਗਾ।
ਹਿੰਮਤ ਵਾਲੇ ਮੈਖਾਨੇ ਵਿਚ ਜਾ ਕੇ ਵੇਖੋ,
ਦਿਲ ਦੇ ਅੰਦਰ ਪ੍ਰਤਿਭਾ ਵਾਲਾ ਜਾਮ ਬਣੇਗਾ।
ਬੱਚੇ ਦੀ ਕਿਲਕਾਰੀ ਤੇ ਅਠਖੇਲੀ ਦੇ ਵਿਚ,
ਅੱਲਾ, ਵਾਹਿਗੁਰੂ, ਈਸਾ, ਬੁੱਧ ਰਾਮ ਬਣੇਗਾ।
ਪੂਰੀ ਉਜਰਤ ਦੇ ਵਿਚ ਆਏ ਅਗਰ ਪਸੀਨਾ,
ਮਜ਼ਦੂਰਾਂ ਦੀ ਥਕਣ 'ਚ ਫਿਰ ਆਰਾਮ ਬਣੇਗਾ।
ਸੰਮੋਹਿਕਤਾ ਵਿਚ ਬਾਂਦਰ ਨਾਚ ਕਰੇਂਦਾ ਹੈ,
ਮੁਫ਼ਤ ਸਹੂਲਤ ਵਿਚ ਇਨਸਾਨ ਗੁਲਾਮ ਬਣੇਗਾ।
ਮਾਨਵ ਕਦਰਾਂ ਦੇ ਮੰਦਿਰ ਵਿਚ ਅਰਚਨ ਪੂਜਾ,
ਜੇ ਹੋਵੇ ਤਾਂ ਉੱਚਾ ਸੁੱਚਾ ਧਾਮ ਬਣੇਗਾ।
ਕਿਰਤ ਕਮਾਈ, ਸੱਚ ਦੀ ਮਹਿਮਾ, ਪਿਆਰ ਮੁਹੱਬਤ,
ਸਤਿਯੁਗ ਆਵੇ ਘਰ-ਘਰ ਵਿਚ ਸਤਨਾਮ ਬਣੇਗਾ।
ਕੁਰਦਤ ਦੀ ਪਰਿਭਾਸ਼ਾ ਨੂੰ ਜਦ ਵੀ ਬਦਲੋਗੇ,
ਤੂਫ਼ਾਂ, ਭੂਚਾਲ, ਹਨੇਰੀ ਤੋਂ ਕੁਹਰਾਮ ਬਣੇਗਾ।
'ਬਾਲਮ' ਬੰਦਾ, ਬੰਦੇ ਨੂੰ ਦਿਲ ਤੋਂ ਪਿਆਰ ਕਰੇ,
ਸਾਂਝਾਂ ਤੇ ਅਧਿਆਤਮ ਦਾ ਇਕ ਦਾਮ ਬਣੇਗਾ।

ਭਖਦੇ ਅੰਗਾਰਾਂ ਦੇ ਉਤੇ ਚਲਣਾ ਸਿੱਖ ਲਿਆ।
ਸੂਰਜ ਵਾਂਗੂੰ ਜੀਵਨ ਦੇ ਵਿਚ ਢਲਣਾ ਸਿੱਖ ਲਿਆ।
ਹੋਂਦ ਮਿਰੀ ਨਾ ਜਾਣੇਂ ਕੋਈ, ਮੈਂ ਅਸਲੀ ਹਾਂ ਕੀ?
ਪਾਣੀ ਦੇ ਵਿਚ ਵਾਂਗ ਪਤਾਸੇ ਰਲਣਾ ਸਿੱਖ ਲਿਆ।
ਮਹਫ਼ਿਲ ਦੇ ਵਿਚ ਸਾਡੀ ਯਾਰੀ ਸਭ ਨੂੰ ਭਾਉਂਦੀ ਹੈ,
ਬੁੱਲ੍ਹਾਂ ਉਤੇ ਸਜਰਾ ਹਾਸਾ ਤਲਣਾ ਸਿੱਖ ਲਿਆ।
ਜਿੱਤ ਦੇ ਅੰਬਰ ਉਤੇ ਲੱਖਾਂ ਤਾਰੇ ਚਮਕੇ ਨੇ,
ਤੀਰ ਨਿਸ਼ਾਨੇ ਉਤੇ ਆਪਾਂ ਘਲਣਾ ਸਿੱਖ ਲਿਆ।
ਐਵੇਂ ਗੁਣ ਨਈਂ ਆਉਂਦੇ ਪਹਿਲਾਂ ਰੁਲਣਾ ਪੈਂਦਾ ਏ,
ਸਿੱਪੀ ਦੇ ਮੋਤੀ ਦੇ ਵਾਂਗੂੰ ਪਲਣਾ ਸਿੱਖ ਲਿਆ।
ਤਾਂ ਹੀ ਖ਼ੂਨ 'ਚ ਲਥ-ਪਥ ਮੇਰੇ ਨਾਜ਼ੁਕ ਪੋਟੇ ਨੇ,
ਫੁੱਲ ਗੁਲਾਬੀ ਦੀ ਪੱਤੀ ਨੂੰ ਥਲਣਾ ਸਿੱਖ ਲਿਆ।
ਨੇਰ੍ਹੇ ਮੇਰੇ ਪੈਰਾਂ ਵਿਚ ਨਤਮਸਤਕ ਹੁੰਦੇ ਨੇ,
ਦੀਪਕ ਦੀ ਤਿੱਖੀ ਲੋਅ ਵਾਂਗੂੰ ਬਲਣਾ ਸਿੱਖ ਲਿਆ।
ਮਹਫ਼ਿਲ ਦੇ ਵਿਚ ਗ਼ਜ਼ਲਾਂ ਦੀ ਸਰਦਾਰੀ ਹੁੰਦੀ ਹੈ,
ਯਾਰਾਂ ਵਾਲੀ ਚਾਰ ਦਿਵਾਰੀ ਵਲਣਾ ਸਿੱਖ ਲਿਆ।
ਜਦ ਤੋਂ ਬੱਚੇ ਕੰਪਿਊਟਰ 'ਤੇ ਖੇਡਣ ਲਗ ਪਏ ਨੇ,
ਇਲਮ ਸਲਾਹਾਂ ਸੰਦੇਸ਼ਾਂ ਵਿਚ ਛਲਣਾ ਸਿੱਖ ਲਿਆ।
ਇਕ ਸਕੂਨ ਜਿਹਾ ਮਿਲਦਾ ਹੈ ਰੂਹ ਦੇ ਤੰਤਰ ਤੱਕ,
ਦਰਦ ਪਰਾਇਆ ਜਦ ਤੋਂ ਦਿਲ ਨੇ ਝਲਣਾ ਸਿੱਖ ਲਿਆ
'ਬਾਲਮ' ਰੋਜ਼ ਕਿਨਾਰੇ ਮੇਰੀ ਯਾਰੀ ਨੂੰ ਤਰਸਣ,
ਕਿਸ਼ਤੀ ਵਾਂਗੂੰ ਪਾਣੀ ਦੇ ਵਿਚ ਠਲਣਾ ਸਿੱਖ ਲਿਆ।

ਸੂਰਜ ਦੀ ਤਨਹਾਈ ਦੇ ਵੀ ਦੋ ਮਾਅਨੇ।
ਮੁੱਖ 'ਤੇ ਲਟ ਲਹਿਰਾਈ ਦੇ ਵੀ ਦੋ ਮਾਅਨੇ।
ਪ੍ਰਸੰਨਤਾ ਵਿਚ ਫੇਰ ਉਦਾਸੀ ਛਾ ਜਾਵੇ,
ਟੁੱਟ ਚੁੱਕੀ ਅੰਗੜਾਈ ਦੇ ਵੀ ਦੋ ਮਾਅਨੇ।
ਮਾਤਮ ਦੇ ਵਿਚ ਹੋਰ, ਖ਼ੁਸ਼ੀ ਵਿਚ ਹੋਰ ਰਵੇ,
ਲੈਅ-ਸੁਰ ਵਿਚ ਸ਼ਹਿਨਾਈ ਦੇ ਵੀ ਦੋ ਮਾਅਨੇ।
ਸਮਝੌਤਾ ਤੇ ਫਿਰ ਮੁੱਕਰ ਜਾਣਾ ਫਿਤਰਤ,
ਦਿਲ ਚੰਦਰੇ ਹਰਜਾਈ ਦੇ ਵੀ ਦੋ ਮਾਅਨੇ।
ਅੱਖਾਂ ਦੇ ਵਿਚ ਹੰਝੂ, ਬੁੱਲ੍ਹੀਂ ਹਾਸੇ ਨੇ,
ਤੇਰੇ ਇਕ ਕਰਜ਼ਾਈ ਦੇ ਵੀ ਦੋ ਮਾਅਨੇ।
ਨਿਰਧਨ ਹੋਵੇ ਜਾਂ ਫਿਰ ਸ਼ਾਹੂਕਾਰ ਕੋਈ,
ਬਿਸਤਰ ਉਪਰ ਰਜਾਈ ਦੇ ਵੀ ਦੋ ਮਾਅਨੇ।
ਸੁੰਨੀ ਮਾਂਗ ਰਵੇ ਜਾਂ ਫਿਰ ਸਿੰਦੂਰ ਪਵੇ,
ਚੂੜੇਦਾਰ ਕਲਾਈ ਦੇ ਵੀ ਦੋ ਮਾਅਨੇ।
ਤੇਰੇ ਸਾਹਾਂ ਨਾਲ ਇਜਾਜ਼ਤ ਮਿਲਦੀ ਹੈ,
ਮੌਸਮ ਵਿਚ ਪੁਰਵਾਈ ਦੇ ਵੀ ਦੋ ਮਾਅਨੇ।
'ਬਾਲਮ' ਸੁੰਦਰ ਮੁੱਖੜੇ ਦੀ ਹੈ ਪਰਿਭਾਸ਼ਾ,
ਦੁੱਧ ਉਪਰ ਮਲਾਈ ਦੇ ਵੀ ਦੋ ਮਾਅਨੇ।

# ਦਿੱਲੀ ਨੂੰ ਜਿੱਤ ਕੇ ਆਇਓ

ਥੋਨੂੰ ਸਹੁੰ ਹੈ ਊਧਮ ਸਿੰਘ ਦੀ,
ਹੁਣ ਨਾ ਵੋਟਾਂ ਲਈ ਵਿਕਿਓ।

ਥੋਡਾ ਧਰਮ ਹੀ ਕਿਰਸਾਨੀ ਹੈ,
ਤੁਸੀਂ ਕਿਧਰੇ ਨਾ ਹੁਣ ਝੁਕਿਓ।

ਵੋਟਾਂ ਲਈ ਲੋਟੂ ਲਾਣਾ,
ਹੁਣ ਨਿੱਤ ਹੀ ਗੇੜੇ ਲਾਊ।

ਤੁਸੀਂ ਯਾਦ ਭਗਤ ਸਿੰਘ ਰੱਖਿਓ,
ਥੋਡੀ ਸੁੱਤੀ ਜ਼ਮੀਰ ਜਗਾਊ।

ਸੁਣਿਓ ਵੇ ਅਣਖਾਂ ਵਾਲਿਓ,
ਝੰਡੇ ਨੂੰ ਲਾਜ਼ ਨਾ ਲਾਇਓ।

ਤੁਸੀਂ ਨਾਲ ਕਿਸਾਨਾਂ ਖੜੈਹ ਕੇ,
ਦਿੱਲੀ ਨੂੰ ਜਿੱਤ ਕੇ ਆਇਓ।

ਜਦੋਂ ਜਿੱਤ ਦਿੱਲੀ ਤੇ ਹੋਈ,
ਉਦੋ ਮਾਣ ਨਾਲ ਤੁਸੀ ਆਉਣਾ।

ਇਸਦਾ ਇਤਹਾਸ ਹੈ ਬਣਨਾ,
ਥੋਡੇ ਨਾਵਾਂ ਨੇ ਜਗਮਗਾਉਣਾ।

**- ਰਾਜਨਦੀਪ ਕੌਰ ਮਾਨ**
**91-62393-26166**

# ਗ਼ਜ਼ਲ

ਕਿਸੇ ਨਾਅਰੇ ਦੇ ਵਾਂਗੂੰ ਚਹਿਚਹਾ ਕੇ 'ਵਾਜ਼ ਕਰਦਾ ਹੈ!
ਇਹ ਪੰਛੀ ਕੌਣ ਪਿਜ਼ਰੇ ਵਿੱਚ ਵੀ ਜੋ ਪਰਵਾਜ਼ ਕਰਦਾ ਹੈ!

ਤੇਰੇ ਹਥਿਆਰ ਸਾਰੇ ਹੋ ਰਹੇ ਨਾਕਾਮ, ਓ ਜ਼ਾਲਿਮ,
ਤਸੀਹੇ ਸਹਿ ਕੇ ਵੀ ਉਹ ਸੱਚ ਦਾ ਆਗਾਜ਼ ਕਰਦਾ ਹੈ !

ਗ਼ਰੀਬੀ ਨੂੰ ਮੁਕਾਉਣੇ ਲਈ ਮੁਕਾਉਦਾ ਹੈ ਗ਼ਰੀਬਾਂ ਨੂੰ,
ਦਿਲਾਂ ਦੀ ਥਾਂ ਧੜਾਂ ਉੱਤੇ ਇਹ ਰਾਜਾ ਰਾਜ ਕਰਦਾ ਹੈ !

ਮੇਰੇ ਹੱਸਣ 'ਤੇ ਬੋਲਣ 'ਤੇ ਲਗਾਉਦੇ ਨੇ ਜੋ ਪਾਬੰਦੀ,
ਉਹ ਤੇਰੇ ਰੋਣ 'ਤੇ ਵੀ ਕਹਿਣਗੇ ਆਵਾਜ਼ ਕਰਦਾ ਹੈ !

ਦਿਲਾਂ ਨੂੰ ਜੋੜਨੇ ਦਾ ਕੰਮ ਵੀ ਏਦਾ ਕਰ ,ਭਲੇ ਬੰਦੇ ,
ਸੁਰਾਂ ਨੂੰ ਜੋੜਨੇ ਦਾ ਕੰਮ ਜਿੱਦਾਂ ਸਾਜ਼ ਕਰਦਾ ਹੈ ਦੀ !

ਕਿਸੇ ਦੀ ਘੱਟ ਰਹੀ ਗਿਣਤੀ,ਕਿਸੇ ਦੀ ਵੱਧ ਰਹੀ ਗਿਣਤੀ,
ਇਨਾਂ ਰੁੱਖਾਂ ਮਨੁੱਖਾਂ 'ਤੇ ਸਮਾਂ ਇਤਰਾਜ਼ ਕਰਦਾ ਹੈ !



**- ਸਰਬਜੀਤ ਕਰੀਮਪੁਰੀ**

# ਖਤਰਨਾਕ ਅੱਖਰ

ਮੈਡਮ-ਪੈਂਤੀ ਅੰਗਰੇਜ਼ੀ ਦੀ ਬੱਚਿਓ ਮਸਤ ਡਾਢੀ,
ਕਾਬੂ ਰੱਖਦੀ ਕਰਕੇ ਜੱਗ ਨੂੰ ਉਹ।
ਐਸਾ ਦੱਸੋ ਖਾਂ ਅੱਖਰ ਹੈ ਕਿਹੜਾ,
ਪਾਈ ਫਿਰੇ ਭੁਚਾਲ ਸੱਭ ਨੂੰ ਜੋ।
ਟੰਗਾਂ ਸਦਾ ਅਸਮਾਨ ਦੇ ਵੱਲ ਰੱਖਦਾ,
ਸਿਰ ਪਰਨੇ ਸਦਾ ਹੀ ਪਿਆ ਰਹਿੰਦਾ।
ਆਂਢ ਗੁਆਂਢ ਹੱਕ ਗੁਆਂਢੀਆਂ ਦਾ,
ਓਸ ਜਗਾਹ ਤੇ ਕਬਜ਼ਾ ਕਰ ਬਹਿੰਦਾ।
ਬੱਚਾ-ਡਬਲ-ਯੂ ਤੇ ਢੁਕਦੇ ਗੁਣ ਸਾਰੇ,
ਕੋਈ ਕੁਝ ਨ੍ਹੀਂ ਉਸਨੂੰ ਕਹਿਣ ਵਾਲਾ।
ਲਾ-ਇਲਾਜ ਬੀਮਾਰੀ ਦੇ ਚੁੱਕਾ,
ਖਤਰਨਾਕ ਬਾਹਲਾ ਤੇ ਟੈਨਸ਼ਨਾਂ ਦੇਣ ਵਾਲਾ।
ਹੋਈ ਹੈਰਾਨ ਬੱਚੇ ਦੀ ਵੇਖ ਬੁੱਧੀ,
ਕਹਿੰਦੀ ਗੁਣਾਂ ਦੀ ਬੇਟਾ ਡੀਟੇਲ ਦੱਸਦੇ।
ਲੋਕੀ ਰਹਿਣ ਬਚਕੇ ਜੇ ਰਹਿ ਸਕਦੇ,
ਬੱਚਿਆ ਇਹਦਾ ਤੂੰ ਰਚਿਆ ਖੇਲ ਦੱਸਦੇ।
ਬੱਚਾ- ਹੋਵੇ What,Where ਤੇ ਭਾਵੇਂ Why
Who,When ਨੂੰ ਭਾਵੇਂ ਵਿਚਾਰ ਵੇਖੋ।
ਹਨ ਭੰਡਾਰ ਚਿੰਤਾਵਾਂ ਦੇ ਇਹ ਸਾਰੇ,
Work,Wine ਦੀ ਪੈਂਦੀ ਮਾਰ ਵੇਖੋ।
ਬਣਾਕੇ ਰੱਬ ਵੀ ਕਰ ਨਾ ਆਰਾਮ ਸਕਿਆ,
Woman,Wife ਦੀ ਅੱਜ ਲਲਕਾਰ ਵੇਖੋ।
WhatsApp ਬੀਮਾਰੀ ਦਾ ਤੋੜ ਕੋਈ ਨਾ,
ਇਹਨੇ ਗ੍ਰਸਿਆ ਸਾਰਾ ਸੰਸਾਰ ਵੇਖੋ।
ਮੈਡਮ-Wah! Wah! ਬੱਚਿਆ ਚੁੱਪ ਕਰ ਜਾ,
ਇਹਦੇ ਨਾਲ ਨਾ ਵੈਰ ਤੂੰ ਪਾ ਬੈਠੀਂ।
Words ਨਾਲ ਇਹ World ਨੂੰ ਫਿਰੇ ਖਿੱਚੀ,
'ਕੁਲਜਿੰਦ' ਤੂੰ ਨਾ ਨਜ਼ਮ ਬਣਾ ਬੈਠੀਂ।



**-ਮੰਗਤ ਕੁਲਜਿੰਦ**

# ਮੁਜ਼ੱਫਰ ਨਗਰ ਕਿ ਵਿਜੈ ਨਗਰ?

ਕੋਨੇ ਕੋਨੇ ਤੋਂ ਕਿਰਤੀ ਕਿਰਸਾਨ ਆਏ
ਵਧੀ 'ਮਹਾਂ ਪੰਚਾਇਤ' ਦੀ ਸ਼ਾਨ ਭਾਈ।
ਜਾਤ-ਪਾਤ ਜਾਂ ਧਰਮ ਤੋਂ ਉੱਠ ਉੱਤੇ
ਆਏ ਹਾਕਮ ਤੋਂ ਦੁਖੀ ਇਨਸਾਨ ਭਾਈ।
ਫਾਸ਼ੀਵਾਦ ਤੋਂ ਮੁਕਤ ਹੈ ਦੇਸ ਕਰਨਾਂ
ਸਮਝੋ ਹੋ ਗਿਆ ਇਹੋ ਐਲਾਨ ਭਾਈ।
ਸੁਣਕੇ ਵੱਜਦਾ 'ਨਰ ਸਿੰਘਾ' 'ਕੱਠ ਅੰਦਰ
ਕੰਬੀ ਹੋਊ ਗੀ ਦਿੱਲੀ ਦੀ ਜਾਨ ਭਾਈ।
ਹੱਕ ਸੱਚ ਸੰਘਰਸ਼ ਹੈ ਕਿਰਤੀਆਂ ਦਾ
ਫਤਹਿ ਵੱਲ੍ਹ ਨੂੰ ਵਧਦਾ ਏ ਨਿੱਤ ਯਾਰੋ।
ਪੜ੍ਹ ਕੇ ਦੇਖ ਲਉ 'ਕੋਸ਼ ਮਹਾਨ' ਵਿੱਚੋਂ
ਹੁੰਦਾ ਅਰਥ 'ਮੁਜ਼ੱਫਰ' ਦਾ ਜਿੱਤ ਯਾਰੋ !

**ਤਰਲੋਚਨ ਸਿੰਘ 'ਦੁਪਾਲ ਪੁਰ'**
**001-408-915-1268**



# ਦੁਨੀਆਂ ਦੇ ਲਗਭੱਗ 35 ਦੇਸ਼ਾਂ ਵਿੱਚ ਸਾਖਰਤਾ ਦਰ 50 ਫੀਸਦੀ ਤੋਂ ਵੀ ਘੱਟ

(ਸਫਾ 24 ਦੀ ਬਾਕੀ)

ਅਤੇ ਮਹਿਲਾ ਸਾਖਰਤਾ ਦਰ ਦੇ ਮਾਮਲੇ ਵਿੱਚ ਸਾਡੇ ਦੇਸ਼ ਦਾ ਨੰਬਰ 135 ਵਿੱਚੋਂ 123ਵੇਂ ਸਥਾਨ ਤੇ ਹੈ। ਭਾਰਤ ਵਿੱਚ ਅਜਾਦੀ ਵੇਲੇ ਔਸਤਨ ਸਾਖਰਤਾ ਦਰ 18 ਫਿਸਦੀ ਸੀ ਜੋਕਿ 2011 ਵਿੱਚ ਵੱਧਕੇ 74.04 ਪਹੁੰਚੀ ਹੈ ਪਰ ਵਿਸਵ ਪੱਧਰ ਦੀ ਸਾਖਰਤਾ ਦਰ 84 ਫਿਸਦੀ ਤੋਂ ਅਜੇ ਵੀ ਘੱਟ ਹੈ। ਦੇਸ ਦੇ ਵੱਖ ਵੱਖ ਰਾਜਾਂ ਵਿਚ ਵੀ ਕਾਫੀ ਅੰਤਰ ਹੈ। ਕੇਰਲਾ ਵਿੱਚ ਸਾਖਰਤਾ ਦਰ ਸਭ ਤੋਂ ਵੱਧ 93.91 ਫਿਸਦੀ ਹੈ ਜਦਕਿ ਬਿਹਾਰ ਦੀ ਸਾਖਰਤਾ ਦਰ ਸਭ ਤੋਂ ਘੱਟ ਸਿਰਫ 63.82 ਫਿਸਦੀ ਹੈ। ਪੰਜਾਬ ਨੂੰ ਖੁਸ਼ਹਾਲ ਸੂਬਾ ਕਿਹਾ ਜਾਂਦਾ ਹੈ ਪਰ ਜੇਕਰ ਸਾਖਰਤਾ ਦੀ ਗੱਲ ਕਰੀਏ ਤਾਂ 2011 ਦੀ ਜਨਗਣਨਾ ਅਨੁਸਾਰ ਪੰਜਾਬ ਦੀ ਸਾਖਰਤਾ ਦਰ 76.7 ਫਿਸਦੀ ਹੈ ਜਿਸ ਵਿੱਚ ਪੁਰਸ਼ਾਂ ਦੀ ਸਾਖਰਤਾ ਦਰ 81.5 ਫਿਸਦੀ ਅਤੇ ਮਹਿਲਾਵਾਂ ਦੀ ਸਾਖਰਤਾ ਦਰ 71.3 ਫਿਸਦੀ ਹੈ। ਪੰਜਾਬ ਦੀ 23.3 ਫਿਸਦੀ ਜਨਸੰਖਿਆ ਭਾਵ 64,55,087 ਲੋਕ ਅਜੇ ਅਨਪੜ੍ਹ ਹਨ ਜਦਕਿ ਪੂਰੇ ਦੇਸ਼ ਦੀ ਸਾਖਰਤਾ ਦਰ 74 ਫਿਸਦੀ ਹੈ। ਪੰਜਾਬ ਦੇ 7 ਜ਼ਿਲਿਆ ਦੀ ਸਾਖਰਤਾ ਦਰ 60 ਫਿਸਦੀ ਤੋਂ 70 ਫਿਸਦੀ ਦੇ ਵਿਚਕਾਰ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ। ਪੰਜਾਬ ਦੇ ਵੱਖ ਵੱਖ ਜਿਲ੍ਹਿਆਂ ਦੀ ਸਾਖਰਤਾ ਦਰ ਵੇਖੀਏ ਤਾਂ ਪੰਜਾਬ ਵਿੱਚ ਸਭ ਤੋਂ ਵੱਧ ਸਾਖਰ ਹੁਸ਼ਿਆਰਪੁਰ ਜ਼ਿਲ੍ਹਾ ਹੈ ਜਿੱਥੇ ਦੀ ਸਾਖਰਤਾ ਦਰ 85.4 ਫਿਸਦੀ ਹੈ, ਸਾਹਿਬਜਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਦੀ ਸਾਖਰਤਾ ਦਰ 84.9 ਫਿਸਦੀ ਹੈ, ਰੂਪਨਗਰ ਜ਼ਿਲ੍ਹੇ ਦੀ ਸਾਖਰਤਾ ਦਰ 83.3 ਫਿਸਦੀ ਹੈ, ਲੁਧਿਆਣਾ ਜ਼ਿਲ੍ਹੇ ਦੀ ਸਾਖਰਤਾ ਦਰ 82.5 ਫਿਸਦੀ ਹੈ, ਜਲੰਧਰ ਜ਼ਿਲ੍ਹੇ ਦੀ ਸਾਖਰਤਾ ਦਰ 82.4 ਫਿਸਦੀ ਹੈ, ਗੁਰਦਾਸਪੁਰ ਜ਼ਿਲ੍ਹੇ ਦੀ ਸਾਖਰਤਾ ਦਰ 81.1 ਫਿਸਦੀ ਹੈ, ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੀ ਸਾਖਰਤਾ ਦਰ 80.3 ਫਿਸਦੀ ਹੈ, ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੀ ਸਾਖਰਤਾ ਦਰ 80.3 ਫਿਸਦੀ ਹੈ, ਕਪੂਰਥਲਾ ਜ਼ਿਲ੍ਹੇ ਦੀ ਸਾਖਰਤਾ ਦਰ 80.2 ਫਿਸਦੀ ਹੈ, ਅਮ੍ਰਿੰਤਸਰ ਜ਼ਿਲ੍ਹੇ ਦੀ ਸਾਖਤਰਾ ਦਰ 77.2 ਫਿਸਦੀ ਹੈ, ਪਟਿਆਲਾ ਜ਼ਿਲ੍ਹੇ ਦੀ ਸਾਖਰਤਾ ਦਰ 76.3 ਫਿਸਦੀ ਹੈ, ਮੋਗਾ ਜ਼ਿਲ੍ਹੇ ਦੀ ਸਾਖਰਤਾ ਦਰ 71.6 ਫਿਸਦੀ ਹੈ, ਫਰੀਦਕੋਟ ਜ਼ਿਲ੍ਹੇ ਦੀ ਸਾਖਰਤਾ ਦਰ 70.6 ਫਿਸਦੀ ਹੈ, ਬਠਿੰਡਾ ਜ਼ਿਲ੍ਹੇ ਦੀ ਸਾਖਰਤਾ ਦਰ 69.9 ਫਿਸਦੀ ਹੈ, ਫਿਰੋਜ਼ਪੁਰ ਜ਼ਿਲ੍ਹੇ ਦੀ ਸਾਖਰਤਾ ਦਰ 69.8 ਫਿਸਦੀ ਹੈ, ਤਰਨ-ਤਾਰਨ ਜ਼ਿਲ੍ਹੇ ਦੀ ਸਾਖਰਤਾ ਦਰ 69.4 ਫਿਸਦੀ ਹੈ, ਬਰਨਾਲਾ ਜ਼ਿਲ੍ਹੇ ਦੀ ਸਾਖਰਤਾ ਦਰ 68.9 ਫਿਸਦੀ ਹੈ, ਸੰਗਰੂਰ ਜ਼ਿਲ੍ਹੇ ਦੀ ਸਾਖਰਤਾ ਦਰ 68.9 ਫਿਸਦੀ ਹੈ, ਮੁਕਤਸਰ ਸਾਹਿਬ ਦੀ ਸਾਖਰਤਾ ਦਰ ਸਿਰਫ 66.8 ਫਿਸਦੀ ਹੈ, ਮਾਨਸਾ ਜ਼ਿਲ੍ਹੇ ਦੀ ਸਾਖਰਤਾ ਦਰ 62.8 ਫਿਸਦੀ ਹੈ। ਪੰਜਾਬ ਦੇ ਗੁਆਂਢੀ ਸੂਬਿਆਂ ਚੰਡੀਗੜ੍ਹ ਵਿੱਚ ਸਾਖਰਤਾ ਦਰ 86.43 ਫਿਸਦੀ, ਹਰਿਆਣਾ ਵਿੱਚ 76.64 ਫਿਸਦੀ, ਹਿਮਾਚਲ ਪ੍ਰਦੇਸ਼ ਵਿੱਚ 83.78 ਫਿਸਦੀ ਹੈ, ਜੰਮੂ ਅਤੇ ਕਸ਼ਮੀਰ ਵਿੱਚ 68.74 ਫਿਸਦੀ ਹੈ। ਸਰਕਾਰ ਦੀਆਂ ਢਿੱਲੀਆਂ ਨੀਤੀਆਂ ਕਾਰਨ ਵੀ ਦੇਸ਼ ਵਿੱਚੋਂ ਅਨਪੜ੍ਹਤਾ ਖਤਮ ਨਹੀਂ ਹੋ ਰਹੀ ਹੈ। ਸਿੱਖਿਆ ਬਜ਼ਟ ਵਿੱਚ ਹੋ ਰਹੀ ਕਟੌਤੀ ਕਾਰਨ ਸਿੱਖਿਆ ਦਾ ਢਾਂਚਾ ਲੜਖੜਾ ਰਿਹਾ ਹੈ। ਅੱਜ ਵੀ ਕਈ ਸਰਕਾਰੀ ਸਕੂਲਾਂ ਵਿੱਚ ਬੈਠਣ ਲਈ ਫਰਨੀਚਰ ਨਹੀਂ ਹੈ। ਕਈ ਸਕੂਲ ਅੱਜ ਵੀ ਅਧਿਆਪਕਾਂ ਤੋਂ ਸੱਖਣੇ ਹਨ। ਕਈ ਸਕੂਲਾਂ ਵਿੱਚ ਸਾਇੰਸ ਦੀਆਂ ਪ੍ਰਯੋਗਸ਼ਾਲਾਵਾਂ ਨਹੀਂ ਹਨ। ਕਈ ਸਕੂਲਾਂ ਦੀਆਂ ਇਮਾਰਤਾਂ ਦੀ ਹਾਲਤ ਖਸਤਾ ਹੋ ਚੁੱਕੀ ਹੈ ਪਰ ਫਿਰ ਵੀ ਉਨ੍ਹਾਂ ਦੀ ਜਗ੍ਹਾ ਤੇ ਨਵੀਆਂ ਸਕੂਲ ਦੀਆਂ ਇਮਾਰਤਾਂ ਨਹੀਂ ਬਣਾਈਆਂ ਜਾ ਰਹੀਆਂ ਹਨ। ਸਰਕਾਰ ਵਲੋਂ ਦੇਸ਼ ਵਿੱਚ ਅਨਪੜ੍ਹਤਾ ਨੂੰ ਖਤਮ ਅਤੇ ਸਿੱਖਿਆ ਦਾ ਚਾਨਣ ਫੈਲਾਉਣ ਲਈ ਰਾਸ਼ਟਰੀ ਸਾਖਰਤਾ ਮਿਸ਼ਨ ਚਲਾਇਆ ਗਿਆ ਅਤੇ ਸਰਵ ਸਿਖਿਆ ਅਭਿਆਨ ਸ਼ੁਰੂ ਕੀਤਾ ਗਿਆ ਅਤੇ 6 ਤੋਂ 14 ਸਾਲ ਤੱਕ ਦੇ ਹਰ ਬੱਚੇ ਨੂੰ ਮੁਫਤ ਅਤੇ ਜਰੂਰੀ ਸਿਖਿਆ ਪ੍ਰਦਾਨ ਕਰਨ ਲਈ ਸਿਖਿਆ ਦਾ ਅਧਿਕਾਰ ਲਾਗੂ ਕੀਤਾ ਗਿਆ ਹੈ। ਸਰਕਾਰ ਵਲੋਂ ਨਵੀਂ ਸਿੱਖਿਆ ਨੀਤੀ ਲਾਗੂ ਕੀਤੀ ਜਾ ਰਹੀ ਹੈ। ਸਰਕਾਰ ਸਿੱਖਿਆ ਤੋਂ ਵੀ ਹੋਲੀ ਹੋਲੀ ਅਪਣੇ ਹੱਥ ਪਿੱਛੇ ਖਿੱਚ ਰਹੀ ਹੈ ਅਤੇ ਸਰਕਾਰੀ ਸਕੂਲਾਂ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੀ ਤਿਆਰੀ ਕਰ ਰਹੀ ਹੈ। ਅੱਜ ਜਰੂਰਤ ਹੈ ਕਿ ਮਿਆਰੀ ਸਿੱਖਿਆ ਦੇਣ ਲਈ ਢੁਕਵੇਂ ਕਦਮ ਚੁੱਕੇ ਜਾਣ ਜਿਸ ਲਈ ਵਿਸ਼ੇਸ਼ ਯੋਜਨਾਵਾਂ ਬਣਾਈਆਂ ਤੇ ਲਾਗੂ ਕੀਤੀਆਂ ਜਾਣ ਜਿਸ ਨਾਲ ਦੇਸ਼ ਦੇ ਨਾਗਰਿਕਾਂ ਨੂੰ ਵਿਕਸਿਤ ਦੇਸ਼ਾਂ ਬਰਾਬਰ ਸਿੱਖਿਅਤ ਕਰਕੇ ਸਮੱਸਿਆਵਾਂ ਤੇ ਕਾਬੂ ਪਾਇਆ ਜਾ ਸਕੇ ਅਤੇ ਦੇਸ਼ ਨੂੰ ਵਿਕਾਸ ਦੀਆਂ ਲੀਹਾਂ ਤੇ ਹੋਰ ਤੇਜ਼ੀ ਨਾਲ ਤੋਰਿਆ ਜਾ ਸਕੇ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਲਾਇਪੁਰੀਆਂ ਦੀ ਧੀ: ਦੇਸ਼ ਦਾ ਮਾਣ

**ਅੱਜ** ਸੱਚਮੁੱਚ ਮੈਂ ਆਪਣੇ ਆਪ ਨੂੰ ਬਹੁਤ ਖੁਸ਼ਕਿਸਮਤ ਮਹਿਸੂਸ ਕਰ ਰਹੀ ਹਾਂ ਇੰਝ ਲੱਗਦਾ ਜਿਵੇਂ ਮੈ ਰੱਬ ਦੇ ਪਿਆਰੇ ਉਨ੍ਹਾਂ ਅਜੀਜ਼ ਲੋਕਾਂ ਵਿੱਚੋਂ ਹੋਵਾਂ ਜਿਨਾਂ ਤੇ ਉਸਦੀ ਖਾਸ ਮਿਹਰਬਾਨੀ ਹੁੰਦੀ ਹੈ। ਭਾਗਾਂ ਵਾਲੀ ਹੀ ਤਾਂ ਹਾਂ ਕਿ ਪੰਦਰਾਂ ਸੌ ਧੀਆਂ ਦੀ ਪਰਵਰਿਸ਼ ਦਾ ਮੌਕਾ ਮੇਰਾ ਨਸੀਬ ਬਣਿਆ। ਬੇਸ਼ੱਕ ਹਰ ਰੋਜ਼ ਹੀ ਸਾਡੀਆਂ ਵਿਦਿਆਰਥਣਾਂ ਵੱਡੀਆਂ ਪ੍ਰਾਪਤੀਆਂ ਕਰ ਸੰਸਥਾ ਦਾ ਨਾਮ ਰੌਸ਼ਨ ਕਰਦੀਆਂ ਹਨ ਪਰ ਅੱਜ ਤਾਂ ਖੁਸ਼ੀ ਦਾ ਸਬੱਬ ਬਹੁਤ ਵੱਡਾ ਹੈ। ਸਾਡੀ ਬਹੁਤ ਹੀ ਪਿਆਰੀ ਵਿਦਿਆਰਥਣ ਗੁਰਜੀਤ ਜਪਾਨ ਦੀ ਧਰਤੀ ਟੋਕੀਓ ਵਿਚ ਭਾਰਤੀ ਮਹਿਲਾ ਹਾਕੀ ਟੀਮ ਦਾ ਹਿੱਸਾ ਬਣ ਇਤਿਹਾਸ ਸਿਰਜ ਰਹੀ ਹੈ। ਜਦੋਂ ਟੋਕੀਓ ਉਲੰਪਿਕ ਕੁਆਲੀਫਾਇਰ ਤਹਿਤ ਖੇਡੇ ਗਏ ਮੁਕਾਬਲੇ ਵਿਚ ਸਾਡੀ ਟੀਮ ਨੇ 5-1 ਨਾਲ ਅਮਰੀਕਾ ਦੀ ਟੀਮ ਨੂੰ ਹਰਾ ਦਿੱਤਾ ਤਾਂ ਸਾਡੀ ਖੁਸ਼ੀ ਦੀ ਕੋਈ ਹੱਦ ਨਹੀਂ ਸੀ। ਗੁਰਜੀਤ ਨੇ ਇਸ ਮੈਚ ਵਿਚ ਤਿੰਨ ਗੋਲ ਕਰਕੇ ਜਿੱਤ ਦਾ ਝੰਡਾ ਗੱਡ ਦਿੱਤਾ ਸੀ।

ਅਸੀਂ ਦੋ ਅਗਸਤ ਨੂੰ ਸਵੇਰੇ ਛੇ ਵਜੇ ਭਾਰਤ ਤੇ ਅਸਟਰੇਲੀਆ ਵਿਚਕਾਰ ਖੇਡੇ ਗਏ ਕੁਆਟਰ ਫਾਈਨਲ ਮੈਚ ਨੂੰ ਸਾਹ ਰੋਕ ਕੇ ਦੇਖ ਰਹੇ ਸੀ। ਸਾਡੀ ਖੁਸ਼ੀ ਦੀ ਕੋਈ ਹੱਦ ਨਾ ਰਹੀ ਜਦੋਂ ਲਾਇਲਪੁਰੀਆਂ ਦੀ ਧੀ ਨੇ ਬਾਈਵੇਂ ਮਿੰਟ ਵਿਚ ਇੱਕੋ-ਇੱਕ ਫੈਸਲਾਕੁੰਨ ਗੋਲ ਕਰ ਅਸਟਰੇਲੀਆ ਦੀ ਤਿੰਨ ਵਾਰ ਉਲੰਪਿਕ ਚੈਂਪੀਅਨ ਰਹੀ ਟੀਮ ਨੂੰ ਚਿੱਤ ਕਰ ਦਿੱਤਾ। ਕਮਾਲ ਦੀ ਗੱਲ ਇਹ ਕਿ ਸੰਸਾਰ ਰੈਂਕਿੰਗ 'ਚ ਜਿਹੜੀ ਟੀਮ ਨੌਵੇਂ ਸਥਾਨ ਤੇ ਸੀ ਉਸ ਨੇ ਪਹਿਲੀ ਵਾਰ ਕੁਆਟਰ ਫਾਈਨਲ ਤੱਕ ਪਹੁੰਚ ਕੇ ਸੰਸਾਰ ਦੀ ਜ਼ਬਰਦਸਤ ਟੀਮ ਆਸਟਰੇਲੀਆ ਨੂੰ ਹਰਾ ਕੇ ਸੈਮੀਫਾਈਨਲ ਤੱਕ ਰਸਾਈ ਕੀਤੀ। ਸਾਡੇ ਦੇਸ਼ ਦੀ ਟੀਮ ਨੇ ਉੱਨੀ ਸੌ ਅੱਸੀ ਮਾਸਕੋ ਉਲੰਪਿਕ ਖੇਡਾਂ ਤੋਂ ਬਾਅਦ ਪਹਿਲੀ ਵਾਰ ਪਹਿਲੀਆਂ ਚਾਰ ਟੀਮਾਂ ਵਿਚ ਹਾਜ਼ਰੀ ਲਗਵਾਈ। ਉਦੋਂ ਪਹਿਲੀ ਵਾਰ ਉਲਪਿੰਕ ਵਿਚ ਮਹਿਲਾ ਹਾਕੀ ਸ਼ਾਮਿਲ ਕੀਤੀ ਗਈ ਸੀ ਤੇ ਉਸ ਵੇਲੇ ਮਾਸਕੋ ਉਲੰਪਿਕ ਹਾਕੀ ਵਿਚ ਹਿੱਸਾ ਲੈਣ ਵਾਲੀ ਅਜਿੰਦਰ ਕੌਰ ਵੀ ਇਸੇ ਕਾਲਜ ਦੀ ਹੋਣਹਾਰ ਧੀ ਸੀ। ਭਾਰਤੀ ਹਾਕੀ ਦੀ "ਗੋਲਡਨ ਗਰਲ" ਦਾ ਖਿਤਾਬ ਹਾਸਲ ਕਰਨ ਵਾਲੀ ਰਾਜਬੀਰ ਕੌਰ ਵੀ ਇਸੇ ਕਾਲਜ ਦੀ ਹੀ ਵਿਦਿਆਰਥਣ ਸੀ ਜਿਸਨੇ ਉੱਨੀ ਸੌ ਇਕਾਸੀ ਵਿਚ ਹੋਈਆਂ ਏਸ਼ੀਅਨ ਖੇਡਾਂ ਵਿਚ ਸੋਨ ਤਗਮਾ ਹਾਸਲ ਕੀਤਾ।

ਖ਼ੈਰ ਲਗਾਤਾਰ ਫੋਨ ਵੱਜ ਰਹੇ ਸਨ। ਵਧਾਈਆ ਮਿਲ ਰਹੀਆਂ ਸਨ। ਕਾਲਜ ਵਿਚ ਜਸ਼ਨ ਵਰਗਾ ਮਹੌਲ ਸੀ। ਸਾਨੂੰ ਮਾਣ ਹੋ ਰਿਹਾ ਸੀ ਕਿ ਉਲੰਪੀਅਨ ਸ. ਵਰਿੰਦਰ ਸਿੰਘ ਤੇ ਹਾਕੀ ਪੰਜਾਬ ਦੇ ਆਫ਼ਿਸ ਸੈਕਟਰੀ ਸ. ਕੁਲਬੀਰ ਸੈਣੀ ਦੁਆਰਾ ਤਰਾਸ਼ਿਆ ਇਹ ਹੀਰਾ ਭਾਰਤ, ਪੰਜਾਬ, ਪਰਿਵਾਰ ਤੇ ਖਾਸ ਤੌਰ ਤੇ ਆਪਣੀ ਕਰਮ ਭੂਮੀ ਲਾਇਲਪੁਰ \ ਖਾਲਸਾ ਕਾਲਜ ਫਾਰ ਵਿਮਨ, ਜਲੰਧਰ ਦਾ ਨਾਮ ਰੌਸ਼ਨ ਕਰ ਰਿਹਾ ਸੀ। ਖਾਲਸਾ ਕਾਲਜ ਪਰਿਵਾਰ ਦਾ ਇੱਕ-ਇੱਕ ਮੈਂਬਰ ਆਪਣੀ ਇਸ ਹੋਣਹਾਰ ਵਿਦਿਆਰਥਣ'ਤੇ ਮਾਣ ਕਰਨ ਦੇ ਨਾਲ-ਨਾਲ ਵਾਹਿਗੂਰੁ ਅੱਗੇ ਜਿੱਤ ਦੀ ਅਰਦਾਸ ਵੀ ਕਰ ਰਿਹਾ ਸੀ। ਮੈਚ ਦੇਖਦੇ-ਦੇਖਦੇ ਮੇਰੀ ਸੁਰਤੀ ਅੰਮ੍ਰਿਤਸਰ ਦੇ ਪਿਛੜੇ ਹੋਏ ਪਿੰਡ ਮਿਆਦੀ ਕਲਾਂ ਜਾ ਪਹੁੰਚੀ ਜਿਥੇ ਇਕ ਕਿਸਾਨ ਸਰਦਾਰ ਸਤਨਾਮ ਸਿੰਘ ਤੇ ਕਰਮਾਂਵਾਲੀ ਮਾਂ ਹਰਜਿੰਦਰ ਕੌਰ ਨਿੱਕੀ ਜਿਹੀ ਧੀ ਦੇ ਸਰਬਪੱਖੀ ਵਿਕਾਸ ਲਈ ਮਾਪੇ ਉਸਨੂੰ ਪਿੰਡ ਤੋਂ ਵੀਹ ਕਿਲੋਮੀਟਰ ਦੂਰ ਅਜਨਾਲਾ ਦੇ ਇਕ ਪ੍ਰਾਈਵੇਟ ਸਕੂਲ ਵਿਚ ਦਾਖਲ ਕਰਵਾਉਂਦੇ ਹਨ ਨਾਲ ਛੋਟੀ ਭੈਣ ਪਰਦੀਪ ਵੀ ਹੈ। ਕਿਰਤੀ ਬਾਪ ਰੋਜ਼ਾਨਾ ਦੋਨਾਂ ਧੀਆਂ ਨੂੰ ਸਾਈਕਲ'ਤੇ ਸਕੂਲ ਛੱਡਣ ਜਾਂਦਾ ਹੈ। ਰਾਹ ਵਿਚ ਜਾਗਦੀਆਂ ਅੱਖਾਂ ਵਿਚ ਸੁਪਨੇ ਬੁਣਦਾ ਹੈ। ਧੀਆਂ ਨੂੰ ਪੜ੍ਹਾ ਲਿਖਾ ਕੇ ਆਰਥਿਕ ਤੌਰ ਤੇ ਸਵੈ-ਨਿਰਭਰ ਕਰਨ ਦਾ ਸੁਪਨਾ। ਪਰ ਨਿੱਕੀ ਜਿਹੀ ਗੁਰਜੀਤ ਦਾ ਸੁਪਨਾ ਬਾਪ ਦੇ ਸੁਪਨੇ ਤੋਂ ਕਿਤੇ ਵੱਡਾ ਹੈ। ਉਹ ਤਾਂ ਚਾਹੁੰਦੀ ਸੀ ਕੁਝ ਅਜਿਹਾ ਕਰਨਾ ਜਿਸ ਨਾਲ ਕੁੱਲ ਦੁਨੀਆ ਵਿਚ ਉਸਦੀ ਵੱਖਰੀ ਪਹਿਚਾਣ ਬਣੇ। ਪੂਰਾ ਦੇਸ਼ ਉਸਤੇ ਮਾਣ ਕਰੇ। ਕਿਸਾਨ ਬਾਪ ਆਪਣੀਆਂ ਲਾਡਲੀਆਂ ਨੂੰ ਉਹ ਸਾਰੀਆਂ ਸਹੂਲਤਾਂ ਦੇਣ ਤੋਂ ਅਸਮਰੱਥ ਸੀ ਜਿਨ੍ਹਾਂ ਨਾਲ ਉਨ੍ਹਾਂ ਦੇ ਸੁਪਨਿਆਂ ਨੂੰ ਖੰਭ ਲੱਗਦੇ। ਮੈਂ ਸੋਚ ਰਹੀ ਸੀ ਕਿ ਜੇ ਮਿਹਨਤ ਮੁਸ਼ੱਕਤ ਕਰ ਦੁਨੀਆਂ ਦਾ ਢਿੱਡ ਭਰਨ ਵਾਲਾ ਅੰਨਦਾਤਾ ਆਪਣੇ ਬੱਚਿਆਂ ਦੇ ਭਵਿੱਖ ਨੂੰ ਰੌਸ਼ਨ ਕਰ ਸਕਦਾ ਹੁੰਦਾ ਤਾਂ ਲੱਖਾਂ ਕਿਸਾਨ ਨਾ ਖੁਦਖੁਸ਼ੀਆਂ ਕਰਦੇ ਤੇ ਨਾ ਹੀ ਆਪਣੇ ਹੱਕਾਂ ਦੀ ਰਾਖੀ ਲਈ ਠੰਡੀਆਂ ਯਖ ਰਾਤਾਂ ਵਿਚ, ਤੱਪਦੀਆਂ ਦੁਪਹਿਰਾਂ ਵਿਚ, ਭਰਵੀਆਂ ਬਰਸਾਤਾਂ ਵਿਚ ਦਿੱਲੀ ਦੀਆਂ ਬਰੂਹਾਂ ਤੇ ਬੈਠੇ ਹੁੰਦੇ। ਇਕੱਲੀ ਗੁਰਜੀਤ ਦੇ ਹੀ ਘਰ ਦੇ ਹਾਲਾਤ ਹੀ ਬਦਤਰ ਨਹੀਂ ਸਗੋਂ ਹਾਕੀ ਟੀਮ ਦਾ ਹਿੱਸਾ ਬਣੀਆਂ ਬਹੁਤੀਆਂ ਕੁੜੀਆਂ ਕਿਸਾਨ ਮਜ਼ਦੂਰਾਂ ਦੀਆਂ ਧੀਆਂ ਹਨ ਜਿਨ੍ਹਾਂ ਸਾਰੀਆਂ ਮੁਸ਼ਕਿਲਾਂ ਨੂੰ ਸਰ ਕਰਦਿਆਂ ਬਹੁਤ ਉੱਚਾ ਮੁਕਾਮ ਹਾਸਲ ਕੀਤਾ ਹੈ।

ਚੰਗੀ ਪੜ੍ਹਾਈ, ਵਧੀਆ ਖੇਲ ਸਿਖਲਾਈ ਤੇ ਬਿਹਤਰ ਖੁਰਾਕ ਲਈ ਦੋਨੋਂ ਬੱਚੀਆਂ ਸਪੋਰਟਸ ਵਿੰਗ ਕੈਰੋਂ ਹੋਸਟਲ ਭੇਜ ਦਿੱਤੀਆਂ ਜਾਂਦੀਆਂ ਹਨ ਤੇ ਫਿਰ ਸ਼ਹੀਦੇ ਆਜ਼ਮ ਭਗਤ ਸਿੰਘ ਦੀ ਚਰਨ ਛੂਹ ਪ੍ਰਾਪਤ ਧਰਤੀ ਲਾਇਲਪੁਰ ਖਾਲਸਾ ਕਾਲਜ ਫ਼ਾਰ ਵਿਮੈਨ, ਜਲੰਧਰ ਪਹੁੰਚ ਕੇ ਗੁਰਜੀਤ ਦੇ ਖੇਡ ਜਗਤ ਦੀ ਨਵੀ ਤਵਾਰੀਖ ਲਿਖਣੀ ਸ਼ੁਰੂ ਹੁੰਦੀ ਹੈ। ਸ਼ਾਂਤ, ਅਡੋਲ ਤੇ ਬਹੁਤ ਹੀ ਘੱਟ ਬੋਲਣ ਵਾਲੀ ਗੁਰਜੀਤ ਤਨ, ਮਨ, ਧਨ ਤੇ ਦ੍ਰਿੜ ਇਰਾਦੇ ਨਾਲ ਆਪਣਾ ਆਪਾ ਹਾਕੀ ਨੂੰ ਸਮਰਪਿਤ ਕਰ ਦਿੰਦੀ ਹੈ।

ਇਥੇ ਰਹਿੰਦਿਆਂ ਹੀ ਉਹ ਪੰਜਾਬ ਮਹਿਲਾ ਹਾਕੀ ਟੀਮ ਦਾ ਹਿੱਸਾ ਬਣੀ। ਏਸ਼ੀਆਂ ਕੱਪ ਤੇ ਵਿਸ਼ਵ ਹਾਕੀ ਕੱਪ ਲੰਡਨ ਵਿਚ ਵੀ ਗੁਰਜੀਤ ਨੇ ਆਪਣੀ ਕਲਾ ਦੇ ਜੌਹਰ ਦਿਖਾਏ। ਗੋਲ ਮਸ਼ੀਨ ਦਾ ਖਿਤਾਬ ਹਾਸਿਲ ਕੀਤਾ। ਬਹੱਤਰ ਕੋਮਾਂਤਰੀ ਮੈਚਾਂ ਵਿਚ ਤੇਤੀ ਗੋਲ&; ਸਕੋਰ ਕਰਨ ਵਾਲੀ ਪੰਜਾਬ ਦੀ ਇਹ ਧੀ ਭਾਰਤੀ ਹਾਕੀ ਟੀਮ ਵਿਚ ਹਮੇਸ਼ਾ ਮੋਹਰੀ ਰਹੀ ਹੈ। ਚਾਹੇ ਉਹ ਰਾਸ਼ਟਰ ਮੰਡਲ ਖੇਡਾਂ ਹੋਣ, ਹਾਕੀ ਵਿਸ਼ਵ ਕੱਪ ਹੋਵੇ ਭਾਵੇ ਏਸ਼ੀਅਨ ਖੇਡਾਂ ਹੋਣ। ਸਾਨੂੰ ਤਾਂ ਇਵੇ ਲੱਗਦਾ ਜਿਵੇਂ ਸਾਡੀ ਗੁਰਜੀਤ ਤੋ ਬਿਨ੍ਹਾਂ ਭਾਰਤੀ ਮਹਿਲਾ ਹਾਕੀ ਟੀਮ ਅਧੂਰੀ ਹੈ।

ਅਰਜਨਟੀਨਾ ਦੇ ਨਾਲ ਹੋਏ ਮੁਕਾਬਲੇ ਵਿਚ ਵੀ ਭਾਰਤ ਦੀ ਟੀਮ ਵਿਰੋਧੀ ਟੀਮ ਤੇ ਹਾਵੀ ਰਹੀ। ਪੂਰੀ ਟੀਮ ਨੇ ਹੀ ਵਿਰੋਧੀ ਟੀਮ ਨੂੰ ਜ਼ਬਰਦਸਤ ਟੱਕਰ ਦਿੱਤੀ। ਕਾਂਸੀ ਦਾ ਮੈਡਲ ਜਿੱਤਣ ਲਈ ਜਦੋਂ ਭਾਰਤੀ ਹਾਕੀ ਟੀਮ ਮੈਦਾਨ ਵਿਚ ਉਤਰੀ ਤਾਂ ਆਖਿਰ ਤੱਕ ਬੇਹਤਰੀਨ ਪ੍ਰਦਰਸ਼ਨ ਦੇ ਬਾਵਜੂਦ ਭਾਵੇ ਮੈਡਲ ਪ੍ਰਾਪਤ ਕਰਨ ਦਾ ਸੁਪਨਾ ਸਾਕਾਰ ਨਾ ਹੋਇਆ ਪਰ ਇਸ ਮੈਚ ਵਿਚ ਵੀ ਗੁਰਜੀਤ ਨੇ ਪੱਚੀਵੇਂ ਛੱਬੀਵੇਂ ਮਿੰਟ ਵਿਚ ਗੋਲ ਕਰਕੇ ਆਪਣੀ ਖੇਡ ਦਾ ਖ਼ੂਬਸੂਰਤ ਮੁਜ਼ਾਹਰਾ ਕੀਤਾ। ਤਗ਼ਮਾ ਨਾ ਜਿੱਤ ਕੇ ਵੀ ਇਹਨਾਂ ਕੁ-ੜੀਆ ਨੇ ਪੂਰੇ ਦੇਸ਼ ਦਾ ਦਿਲ ਜਿੱਤ ਲਿਆ। ਹਾਰ ਜਿੱਤ ਕੋਈ ਮਾਇਨੇ ਨਹੀਂ ਰੱਖਦੇ। ਹਾਰਾਂ ਵਿੱਚੋਂ ਹੀ ਜਿੱਤਾ ਨਸੀਬ ਹੁੰ-ਦੀਆ ਹਨ। ਮੈਨੂੰ ਪੂਰੀ ਆਸ ਹੀ ਨਹੀਂ ਵਿਸ਼ਵਾਸ ਵੀ ਹੈ ਕਿ ਸਾਕ-ਾਰਤਮਕ ਨਜ਼ਰੀਆ ਗੁਰਜੀਤ ਲਈ ਇਸ ਤੋਂ ਵੀ ਵੱਡੀਆਂ ਜਿੱਤਾਂ ਦਾ ਸਬੱਬ ਬਣੇਗਾ।



ਡਾ. ਨਵਜੋਤ ਕੌਰ, ਪ੍ਰਿੰਸੀਪਲ
ਲਾਇਲਪੁਰ ਖ਼ਾਲਸਾ ਕਾਲਜ, ਫ਼ਾਰ ਵਿਮਨ, ਜਲੰਧਰ
91-81468-28040

ਸਖ਼ਤ ਮਿਹਨਤ ਸਿਰੜ ਤੇ ਤਿਆਗ ਦੀ ਬਦੌਲਤ ਹੀ ਗੁਰਜੀਤ ਇਸ ਮੁਕਾਮ ਤੇ ਪਹੁੰਚੀ ਹੈ। ਜੋਸ਼ ਤੇ ਹੋਸ਼ ਦੇ ਸੁਮੇਲ ਗੁਰਜੀਤ ਲਈ ਮੇਰੀ ਕੇਂਦਰ ਸਰਕਾਰ ਤੇ ਖਾਸ ਕਰਕੇ ਪੰਜਾਬ ਸਰਕਾਰ ਨੂੰ ਇਹੀ ਗੁਜ਼ਾਰਿਸ਼ ਹੈ ਕਿ ਜੋ ਉਮੀਦ ਦੀ ਲੋਅ ਇਨ੍ਹਾਂ ਧੀਆਂ ਨੇ ਆਪਣੀ ਅਣਥੱਕ ਮਿਹਨਤ ਨਾਲ ਜਗਾਈ ਹੈ ਉਸਦੀ ਚਮਕ ਨੂੰ ਬਰਕਰਾਰ ਰੱਖਣ ਲਈ ਸਰਕਾਰ ਦਾ ਫਰਜ਼ ਬਣਦਾ ਹੈ ਕਿ ਇਨ੍ਹਾ ਬੱਚੀਆਂ ਦਾ ਯੋਗ ਮਾਣ ਸਨਮਾਨ ਕੀਤਾ ਜਾਵੇ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਇਸ ਲੋਅ ਵਿਚੋਂ ਆਪਣੇ ਪੰਧ ਰੁਸ਼ਨਾ ਸਕਣ। ਪੰਜਾਬ ਸਰਕਾਰ ਤੋਂ ਪੰਜਾਬ ਦੀ ਇਸ ਹੋਣਹਾਰ ਧੀ ਦੀ ਹੌਂਸਲਾ ਅਫਜ਼ਾਈ ਲਈ ਮੈਨੂੰ ਵੱਡੀਆਂ ਆਸਾਂ ਹਨ। ਧੀਆਂ ਨੂੰ ਬੋਝ ਸਮਝਣ ਵਾਲੇ ਮਾਪਿਆਂ ਤੇ ਇਨ੍ਹਾਂ ਖ਼ੂਬਸਰਤ ਕਲੀਆਂ ਨੂੰ ਮਧੋਲਣ ਵਾਲੇ ਦਾਨਵਾਂ ਨੂੰ ਮੇਰੀ ਇਹੀ ਤਾੜਨਾ ਹੈ ਕਿ ਆਓ! ਧੀਆਂ ਨੂੰ ਬੋਝ ਨਾ ਸਮਝੀਏ ਤੇ ਉਨ੍ਹਾਂ ਦੀ ਪਰਵਰਿਸ਼ ਇੰਝ ਕਰੀਏ ਕਿ ਉਹ ਹਰ ਮੈਦਾਨ ਫਤਿਹ ਕਰਨ।

ਆਮੀਨ!













# ਪੰਜਾਬ ਦੀ ਮਾਣਮੱਤੀ ਓਲੰਪੀਅਨ ਧੀ ਗੁਰਜੀਤ ਕੌਰ



ਡਾ. ਰਘਬੀਰ ਕੌਰ
91-94172-25365

**ਓਲੰਪਿਅਨ** ਗੁਰਜੀਤ ਕੌਰ ਦਾ ਜਨਮ 25 ਅਕਤੂਬਰ 1995 ਨੂੰ ਪਿਤਾ ਸ. ਸਤਨਾਮ ਸਿੰਘ ਅਤੇ ਮਾਤਾ ਹਰਜਿੰਦਰ ਕੌਰ ਦੀ ਕੁੱਖੋਂ ਮਿਹਨਤੀ ਅਤੇ ਦਰਮਿਆਨੇ ਕਿਸਾਨੀ ਪਰਿਵਾਰ ਵਿਚ ਹੋਇਆ। ਇਹ ਕਿਸਾਨੀ ਪਰਿਵਾਰ ਜ਼ਿਲ੍ਹਾ ਅੰਮ੍ਰਿਤਸਰ, ਤਹਿਸੀਲ ਅਜਨਾਲਾ ਤੋਂ 17 ਕਿਲੋਮੀਟਰ ਦੂਰ ਸਰਹੱਦੀ 'ਤੇ ਪੱਛੜੇ ਇਲਾਕੇ ਦੇ ਪਿੰਡ ਮਿਆਦੀ ਕਲਾਂ ਦਾ ਵਸਨੀਕ ਹੈ। ਮਾਂ-ਬਾਪ ਆਪਣੀਆਂ ਧੀਆਂ ਨੂੰ ਪੜ੍ਹਾ ਲਿਖਾ ਕੇ ਆਤਮ ਨਿਰਭਰ ਬਣਾਉਣ ਦਾ ਚਾਹਵਾਨ ਹੈ। ਪਿੰਡ ਵਿਚ ਸਕੂਲ ਨਹੀਂ ਹੈ ਅਤੇ ਨਾ ਹੀ ਇੱਥੋਂ ਬਾਹਰ ਜਾਣ ਲਈ ਆਵਾਜਾਈ ਦੀਆਂ ਸਹੂਲਤਾਂ ਉਪਲੱਬਧ ਹਨ। ਬਾਪ ਆਪਣੀਆਂ ਦੋਵਾਂ ਧੀਆਂ ਨੂੰ ਪੜ੍ਹਾਉਣ ਲਈ ਪਿੰਡ ਤੋਂ ਸਤਾਰਾਂ ਕਿਲੋਮੀਟਰ ਦੂਰ ਅਜਨਾਲੇ ਹਰ ਰੋਜ਼ ਆਪਣੇ ਸਾਈਕਲ 'ਤੇ ਬਿਠਾ ਕੇ ਸਕੂਲ ਪੜ੍ਹਾਉਣ ਲਈ ਲੈ ਕੇ ਜਾਂਦਾ ਅਤੇ ਛੁੱਟੀ ਹੋਣ ਤੱਕ ਉਥੇ ਹੀ ਇੰਤਜ਼ਾਰ ਕਰਕੇ ਵਾਪਸ ਧੀਆਂ ਨੂੰ ਲੈ ਕੇ ਘਰ ਪਰਤਦਾ ਸੀ। ਛੋਟੀ ਉਮਰੇ ਹੀ ਗੁਰਜੀਤ ਨੂੰ ਹਾਕੀ ਖੇਡਣ ਦਾ ਸ਼ੌਕ ਪੈਦਾ ਹੋ ਗਿਆ।

ਕਿਸਾਨੀ ਪਰਿਵਾਰ ਦੇ ਆਰਥਿਕ ਸਾਧਨ ਬਹੁਤੇ ਮਜ਼ਬੂਤ ਨਾ ਹੋਣ ਦੇ ਬਾਵਜੂਦ ਵੀ ਪਿਤਾ ਨੇ ਕਿਸੇ ਐਸੇ ਸਕੂਲ ਦੀ ਤਲਾਸ਼ ਕੀਤੀ ਜਿੱਥੇ ਲੜਕੀਆਂ ਲਈ ਹਾਕੀ ਖੇਡਣ ਦਾ ਪ੍ਰਬੰਧ ਹੋਵੇ। ਆਪਣੀ ਧੀ ਦੀਆਂ ਖਾਹਿਸ਼ਾਂ ਅਤੇ ਸੁਪਨੇ ਸਾਕਾਰ ਕਰਨ ਲਈ ਗੁਰਜੀਤ ਕੌਰ ਨੂੰ ਸੀਨੀਅਰ ਸਕੈਂਡਰੀ ਸਕੂਲ, ਪਿੰਡ ਕੈਰੋਂ, ਜਿਲ੍ਹਾ ਤਰਨਤਾਰਨ, ਜਿੱਥੇ ਮਹਿਲਾ ਹਾਕੀ ਵਿੰਗ ਸੀ, ਪੜ੍ਹਨ ਲਈ ਦਾਖਲ ਕਰਵਾ ਕੇ ਰਹਿਣ ਲਈ ਹੋਸਟਲ ਵਿਚ ਦਾਖਲ ਕਰਵਾ ਦਿੱਤਾ। ਹੋਸਟਲ ਵਿਚ ਰਹਿ ਕੇ ਗੁਰਜੀਤ ਨੇ ਪੜ੍ਹਾਈ ਦੇ ਨਾਲ ਨਾਲ ਹਾਕੀ ਵਿੰਗ ਨਾਲ ਜੁੜ ਕੇ ਖੇਡਣਾ ਸ਼ੁਰੂ ਕਰ ਦਿੱਤਾ ਤੇ ਦਿਨ-ਬਦਿਨ ਖੇਡ ਵਿਚ ਨਿਖਾਰ ਆਉਣਾ ਸ਼ੁਰੂ ਹੋ ਗਿਆ।

ਸਕੂਲੀ ਪੜ੍ਹਾਈ ਮੁਕੰਮਲ ਕਰਨ ਉਪਰੰਤ ਬਾਪ ਨੇ ਗੁਰਜੀਤ ਨੂੰ ਉਚੇਰੀ ਵਿਦਿਆ ਅਤੇ ਹਾਕੀ ਖੇਡਣ ਲਈ ਵਧੀਆ ਸਹੂਲਤਾਂ ਉਪਲੱਬਧ ਕਰਾਉਣ ਵਾਲੀ ਵਿਦਿਅਕ ਸੰਸਥਾ ਲਾਇਲਪੁਰ ਖਾਲਸਾ ਕਾਲਜ ਫਾਰ ਵੂਮੈਨ ਦੀ ਚੋਣ ਕੀਤੀ। ਗੁਰਜੀਤ ਨੇ (2013-16) ਇਸ ਕਾਲਜ ਵਿਚ ਦਾਖਲਾ ਲੈ ਕੇ ਛੇਤੀ ਹੀ ਆਪਣੀ ਕਲਾ ਦੇ ਜ਼ੌਹਰ ਦਿਖਾਉਣੇ ਸ਼ੁਰੂ ਕਰ ਦਿੱਤੇ। ਪ੍ਰਿੰਸੀਪਲ ਡਾ. ਨਵਜੋਤ ਕੌਰ ਨੇ ਦੱਸਿਆ ਕਿ ਗੁਰਜੀਤ ਨੇ ਇਸ ਕਾਲਜ ਵਿਚ ਪੜ੍ਹਦੇ ਸਮੇਂ ਸਾਲ 2014 ਵਿਚ ਮਲੇਸ਼ੀਆ ਟੈਸਟ ਮੈਚ ਜਿੱਤਿਆ, 2015 ਵਿਚ ਹਾਲੈਂਡ ਵਾਲਵੋ ਇੰਟਰਨੈਸ਼ਨਲ ਟੂਰਨਾਮੈਂਟ ਵਿਚ ਹਿੱਸਾ ਲਿਆ, 2015 ਵਿਚ ਚੀਨ ਜੇਅਰ ਏਸ਼ੀਆ ਕੱਪ ਸੱਤਵੇਂ ਵੋਮੈਨ ਵਿਚ ਹਿੱਸਾ ਲਿਆ, 2016 ਵਿਚ ਸਾਊਥ ਅਫਰੀਕਾ ਟੈਸਟ ਮੈਚ ਜਿੱਤਿਆ, 2016 ਵਿਚ ਗੁਹਾਟੀ, ਬਾਰਵੀਂ ਸਾਊਥ ਏਸ਼ੀਅਨ ਗੇਮਜ਼ ਵਿਚ ਗੋਲਡ ਮੈਡਲ ਹਾਸਲ ਕੀਤਾ। ਇਸ ਤੋਂ ਬਾਅਦ ਉਹ ਲਗਾਤਾਰ ਭਾਰਤੀ ਹਾਕੀ ਟੀਮ ਦਾ ਅੰਗ ਬਣਕੇ ਹਰ ਸਾਲ ਵੱਖ-ਵੱਖ ਦੇਸ਼ਾਂ ਵਿਚ ਹੁੰਦੇ ਹਾਕੀ ਮੁਕਾਬਲਿਆਂ ਵਿਚ ਖੇਡ ਦੇ ਮੈਦਾਨ ਵਿਚ ਜਿੱਤਾਂ ਹਾਸਲ ਕਰਕੇ ਚੰਗਾ ਨਾਮਣਾ ਖੱਟਦੀ ਰਹੀ। ਉਸਨੇ ਸੋਨੇ ਤੇ ਚਾਂਦੀ ਦੇ ਤਗਮੇਂ ਅਤੇ 'ਗੋਲ ਮਸ਼ੀਨ' ਦਾ ਖਿਤਾਬ ਹਾਸਲ ਕੀਤਾ।

ਅਗਸਤ 2021 ਵਿਚ ਭਾਰਤੀ ਮਹਿਲਾ ਹਾਕੀ ਟੀਮ ਨੂੰ ਟੋਕੀਓ ਓਲੰਪਿਕ ਖੇਡਾਂ ਵਿਚ ਹਿੱਸਾ ਲੈਣ ਦਾ ਮੌਕਾ ਮਿਲਿਆ। ਆਸਟਰੇਲੀਆ ਅਤੇ ਭਾਰਤੀ ਮਹਿਲਾ ਹਾਕੀ ਟੀਮ ਵਿਚਾਲੇ ਮੈਚ ਦਰਮਿਆਨ ਸਖਤ ਮੁਕਾਬਲੇ ਵਿਚ ਗੁਰਜੀਤ ਨੇ ਆਖਰੀ ਪਲਾਂ ਵਿਚ ਗੋਲ ਕਰਕੇ ਆਸਟਰੇਲੀਆ ਦੀ ਟੀਮ ਨੂੰ ਹਰਾ ਕੇ ਭਾਰਤ ਦੀ ਮਹਿਲਾ ਟੀਮ ਨੂੰ ਸੈਮੀਫਾਇਨਲ ਵਿਚ ਪਹੁੰਚਾ ਕੇ ਨਵਾਂ ਇਤਿਹਾਸ ਸਿਰਜ ਦਿੱਤਾ। ਪੰਜਾਬ ਦੇ ਕਿਸਾਨੀ ਪਰਿਵਾਰ ਦੀ ਇਸ ਧੀ ਦੀ ਮਿਹਨਤ ਸਦਕਾ ਸਾਰੇ ਭਾਰਤ ਵਿਚ ਖੁਸ਼ੀ ਦੀ ਲਹਿਰ ਅਤੇ ਸੰਸਾਰ ਪੱਧਰ ਤੇ ਇਸ ਜਿੱਤ ਦੀ ਚਰਚਾ ਹੋ ਰਹੀ ਹੈ। ਇਸ ਵੱਡੀ ਇਤਿਹਾਸਕ ਜਿੱਤ ਤੋਂ ਬਾਅਦ ਜਦੋਂ ਗੁਰਜੀਤ ਆਪਣੇ ਪਿੰਡ ਵਾਪਸ ਪਰਤੀ ਤਾਂ ਦਿੱਲੀ ਏਅਰ ਪੋਰਟ ਤੋਂ ਲੈ ਕੇ ਪੂਰੇ ਪੰਜਾਬ ਵਿਚ ਗੁਰਜੀਤ ਦਾ ਥਾਂ ਥਾਂ ਨਿੱਘਾ ਸਵਾਗਤ ਹੋ ਰਿਹਾ ਹੈ।

4 ਸਤੰਬਰ 2021 ਨੂੰ ਓਲੰਪੀਅਨ ਗੁਰਜੀਤ ਕੌਰ, ਖੇਡ ਜਗਤ ਲਈ ਤਰਾਸ਼ਣ ਵਾਲੀ ਆਪਣੀ ਸੰਸਥਾ, ਵਿਦਿਆ ਦੇ ਮੰਦਰ, ਲਾਇਲਪੁਰ ਖਾਲਸਾ ਕਾਲਜ ਫਾਰ ਵਿਮਨ, ਜਲੰਧਰ ਪਹੁੰਚੀ। ਇਸਦਾ ਕਾਲਜ ਦੇ ਮੁੱਖ ਗੇਟ ਦੇ ਅੰਦਰ ਵੜਦਿਆਂ ਹੀ ਪ੍ਰਿੰਸੀਪਲ ਡਾ. ਨਵਜੋਤ ਕੌਰ, ਸਟਾਫ ਮੈਂਬਰਾਨ, ਪ੍ਰਬੰਧਕ ਕਮੇਟੀ ਅਤੇ ਸਮੂਹ ਵਿਦਿਆਰਥਣਾਂ ਦੇ ਇਕੱਠ ਵਿਚੋਂ ਪ੍ਰਿੰਸੀਪਲ ਅਤੇ ਕੁਝ ਚੋਣਵੇਂ ਨੁਮਾਇੰਦਿਆਂ ਨੇ ਉਸਦੇ ਗਲ ਵਿਚ ਫੁੱਲਾਂ ਦੇ ਹਾਰ ਤੇ ਮੂੰਹ ਵਿਚ ਲੱਡੂ ਪਾ ਕੇ ਨਿੱਘਾ ਸਵਾਗਤ ਕੀਤਾ ਅਤੇ ਲੱਡੂ ਵੰਡੇ ਗਏ। ਇਸ ਉਪਰੰਤ ਉਹ ਆਪਣੀ ਹਾਕੀ ਗਰਾਊਂਡ ਨੂੰ ਨਤਮਸਤਕ ਹੋਈ, ਜਿਥੇ ਹਾਕੀ ਖਿਡਾਰਨਾਂ ਬੜੀ ਬੇਸਬਰੀ ਨਾਲ ਉਸਦਾ ਇੰਤਜ਼ਾਰ ਕਰ ਰਹੀਆਂ ਸਨ। ਹੁਣ ਪਹਿਲਾਂ ਤੋਂ ਤਿਆਰ ਹੋਈਆਂ ਖਿਡਾਰਨਾਂ ਆਪਣੇ ਖੇਡ ਪਹਿਰਾਵੇ ਵਿਚ ਅਤੇ ਗਿੱਧੇ ਵਾਲੀਆਂ ਲੜਕੀਆਂ ਰੰਗ ਬਿਰੰਗੇ ਪਹਿਰਾਵਿਆਂ ਵਿਚ ਸੱਜ ਧਜ ਕੇ ਉਸ ਉਤੇ ਸੂਹੀਸ਼ਗਨਾਂ ਵਾਲੀ ਫੁਲਕਾਰੀ ਤਾਣ ਕੇ, ਮੂਹਰੇ ਢੋਲ ਵੱਜਦਾ ਤੇ ਪਿੱਛੇ ਪ੍ਰਿੰਸੀਪਲ ਆਪਣੇ ਕਾਲਜ ਦੀ ਹੋਣਹਾਰ ਵਿਦਿਆਰਥਣ ਨੂੰ ਲੈ ਕੇ ਕਾਫ਼ਲੇ ਦੇ ਰੂਪ ਵਿਚ ਮੁੜ ਪ੍ਰਿੰਸੀਪਲ ਦਫਤਰ ਦੇ ਨੇੜੇ ਹਾਲ ਵੱਲ ਨੂੰ ਆ ਰਹੇ ਸਨ। ਕਾਲਜ ਦੇ ਅੰਦਰ ਵਿਆਹ ਵਰਗਾ ਮਾਹੌਲ ਸੀ, ਕੁੜੀਆਂ ਨੱਚਦੀਆਂ, ਗਾਉਂਦੀਆਂ, ਬੋਲੀਆਂ ਪਾਉਂਦੀਆਂ, ਫੁੱਲ ਵਰਸਾਉਂਦੀਆਂ ਉਸ ਹਾਲ ਤੱਕ ਲੈ ਪਹੁੰਚੀਆਂ, ਜਿੱਥੇ ਉਸਦੇ ਸਵਾਗਤ ਲਈ ਪਹਿਲਾਂ ਹੀ ਹਾਲ ਇਕ ਦੂਲਹਨ ਵਾਂਗ ਸਜਾਇਆ ਹੋਇਆ ਸੀ। ਜਦੋਂ ਉਸਨੇ ਖਚਾਖਚ ਭਰੇ ਹਾਲ ਵਿਚ ਪ੍ਰਵੇਸ਼ ਕੀਤਾ ਤਾਂ ਸਵਾਗਤ ਵਜੋਂ ਹਾਲ ਤਾੜੀਆਂ ਨਾਲ ਗੂੰਜ ਉਠਿਆ। ਸੱਚਮੁੱਚ ਉਸ ਦਿਨ ਕਾਲਜ ਵਿਚ ਵਿਆਹ ਵਰਗਾ ਖੁਸ਼ੀ ਦਾ ਮਾਹੌਲ ਸੀ।

ਪ੍ਰਿੰਸੀਪਲ ਡਾ. ਨਵਜੋਤ ਕੌਰ ਨੇ ਗੁਰਜੀਤ ਕੌਰ ਅਤੇ ਉਸ ਨਾਲ ਆਏ ਪਰਿਵਾਰਕ ਮੈਂਬਰਾਂ ਨੂੰ ਬੜੇ ਮੋਹ ਭਰੇ ਸ਼ਬਦਾਂ ਨਾਲ ਜੀ ਆਇਆ ਆਖਿਆ ਅਤੇ ਉਸਨੂੰ ਬੜੇ ਮਾਣ ਨਾਲ ਲਾਇਲਪੁਰੀਆਂ ਦੀ ਧੀ ਸਭ ਦਾ ਮਾਣ ਦੇ ਨਾ ਨਾਲ ਸੰਬੋਧਿਤ ਹੋ ਕੇ ਆਪਣੇ ਮਨ ਦੀ ਖੁਸ਼ੀ ਦਾ ਇਜ਼ਹਾਰ ਕੀਤਾ ਅਤੇ ਵਿਦਿਆਰਥਣਾਂ ਨੂੰ ਆਪਣੀ ਜ਼ਿੰਦਗੀ ਵਿਚ ਕੋਈ ਟੀਚਾ ਮਿੱਥ ਕੇ ਗੁਰਜੀਤ ਵਾਂਗ ਮਿਹਨਤ ਕਰਕੇ ਹਾਸਿਲ ਕਰਨ ਲਈ ਪ੍ਰੇਰਿਆ। ਇਸ ਤੋਂ ਬਾਅਦ ਪ੍ਰੋ. ਸੰਗੀਤਾ ਸਰੀਨ, (ਰਿਟਾਇਰਡ ਪ੍ਰੋ. ਫਿਜ਼ੀਕਲ ਐਜੁਕੇਸ਼ਨ) ਨੇ ਹਾਕੀ ਦੇ ਖੇਤਰ ਵਿਚ ਉਸਦੀਆਂ ਪ੍ਰਾਪਤੀਆਂ ਬਾਰੇ ਵਿਸਤਾਰਤ ਜਾਣਕਾਰੀ ਦਿੱਤੀ। ਥੋੜਾ ਜਿਹਾ ਗੀਤ ਸੰਗੀਤ ਵੀ ਹੋਇਆ। ਇਸ ਸਮਾਗਮ ਦੀ ਮੁੱਖ ਨਾਇਕਾ ਗੁਰਜੀਤ ਕੌਰ ਨੇ ਕਾਲਜ ਪ੍ਰਿੰਸੀਪਲ, ਅਧਿਆਪਕ ਸਾਹਿਬਾਨ, ਆਪਣੇ ਖੇਡ ਗਰਾਊਂਡ ਹਾਕੀ ਦੇ ਕੋਚ ਸਭ ਦਾ ਤਹਿ ਦਿਲੋਂ ਧੰਨਵਾਦ ਕੀਤਾ ਕਿ ਮੈਂ ਆਪਣੇ ਮਾਪਿਆਂ ਅਤੇ ਤੁਹਾਡੀ ਬਦੌਲਤ ਹੀ ਅੱਜ ਇਸ ਮੁਕਾਮ 'ਤੇ ਪਹੁੰਚਣ ਵਿਚ ਸਫਲ ਹੋਈ ਹੈ। ਇਸ ਸਫਲਤਾ ਪਿੱਛੇ ਤੁਹਾਡਾ ਹੀ ਹੱਥ ਹੈ।

ਵਿਦਿਆਰਥਣਾਂ ਨੂੰ ਸਾਦਾ ਜ਼ਿੰਦਗੀ ਜਿਊਣ, ਕੁਝ ਪ੍ਰਾਪਤ ਕਰਨ ਲਈ ਸਖਤ ਮਿਹਨਤ ਤੇ ਸੰਘਰਸ਼ ਕਰਨ ਲਈ ਪ੍ਰੇਰਿਆ। ਮੰਚ ਸੰਚਾਲਨ ਡਾ. ਕੁਲਦੀਪ ਕੌਰ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ। ਅੰਤ ਵਿਚ ਓਲੰਪੀਅਨ ਗੁਰਜੀਤ ਕੌਰ ਦਾ ਸਨਮਾਨ, ਪ੍ਰਿੰਸੀਪਲ ਡਾ. ਨਵਜੋਤ ਕੌਰ, ਸ. ਜਸਪਾਲ ਸਿੰਘ ਸੈਕਟਰੀ ਲਾਇਲਪੁਰ ਖਾਲਸਾ ਕਾਲਜ ਪ੍ਰਬੰਧਕ ਕਮੇਟੀ, ਜੱਟ ਸਿੱਖ ਕੌਂਸਲ ਦੇ ਪ੍ਰਧਾਨ ਸ. ਜਗਦੀਪ ਸਿੰਘ ਸ਼ੇਰਗਿੱਲ, ਡਾ. ਰਘਬੀਰ ਕੌਰ, ਸੈਕ-ਟਰੀ, ਐਲੂਮਨੀ ਐਸੋਸੀਏਸ਼ਨ ਲਾਇਲਪੁਰ ਖਾਲਸਾ ਕਾਲਜ, ਫਾਰ ਵਿਮਨ ਜਲੰਧਰ ਅਤੇ ਕੁੱਝ ਹੋਰ ਸਾਥੀਆਂ ਵਲੋਂ ਮਿਲਕੇ ਕੀਤਾ ਗਿਆ।

ਕਾਲਜ ਵਲੋਂ ਆਏ ਸਾਰੇ ਮਹਿਮਾਨਾਂ ਲਈ ਚਾਹ-ਪਾਣੀ ਅਤੇ ਖਾਣ-ਪੀਣ ਦਾ ਵਧੀਆ ਪ੍ਰਬੰਧ ਕੀਤਾ ਗਿਆ ਸੀ। ਸੱਚਮੁੱਚ ਜਿੱਥੇ ਗੁਰਜੀਤ ਕੌਰ ਨੇ ਮਹਿਲਾ ਹਾਕੀ ਖੇਡ ਜਗਤ ਵਿਚ ਇਤਿਹਾਸ ਦਾ ਇਕ ਨਵਾਂ ਅਧਿਆਇ ਸਿਰਜਿਆ ਹੈ ਉਥੇ ਕਾਲਜ ਦੀਆਂ ਪ੍ਰਾਪਤੀਆਂ ਦੇ ਇਤਿਹਾਸ ਵਿਚ ਵੀ ਸ਼ਾਨਾਮੱਤਾ ਵਾਧਾ ਹੋਇਆ ਹੈ। ਪ੍ਰਿੰਸੀਪਲ ਡਾ. ਨਵਜੋਤ ਕੌਰ ਮਾਣ ਮਹਿਸੂਸ ਕਰਦੀ ਹੈ ਕਿ ਗੁਰਜੀਤ ਕੌਰ ਲਾਇਲਪੁਰ ਖਾਲਸਾ ਰਾਊਡਗਲਾਸ ਹਾਕੀ ਅਕੈਡਮੀ ਜਲੰਧਰ ਦੀ ਦੇਣ ਹੈ। ਅਕੈਡਮੀ ਵਲੋਂ ਉਸਨੂੰ ਹਰ ਮਹੀਨੇ ਆਰਥਿਕ ਸਹਾਇਤਾ ਦਿੱਤੀ ਜਾਂਦੀ ਰਹੀ ਹੈ। ਪ੍ਰਬੰਧਕ ਕਮੇਟੀ ਦਾ ਆਰਥਿਕ ਸਹਾਹਿਤਾ ਕਰਨ ਵਿਚ ਸੰਪੂਰਨ ਸਹਿਯੋਗ ਰਿਹਾ ਹੈ। ਪ੍ਰਿੰਸੀਪਲ ਡਾ. ਨਵਜੋਤ ਕੌਰ ਅਤੇ ਪ੍ਰਾਬੰਧਕ ਕਮੇਟੀ ਦੇ ਪ੍ਰਧਾਨ ਸਰਦਾਰਨੀ ਬਲਬੀਰ ਕੌਰ ਵਧਾਈ ਦੇ ਹੱਕਦਾਰ ਹਨ। ਭਾਰਤੀ ਹਾਕੀ ਟੀਮ ਦੇ ਇਕ ਮੈਂਬਰ ਵਜੋਂ ਗੁਰਜੀਤ ਦੀ ਚੋਣ ਕਰਨ ਵਾਲੀ ਪਾਰਖੂ ਕਮੇਟੀ ਨੂੰ ਸੁਚੱਜੀ ਚੋਣ ਲਈ ਬਹੁਤ ਬਹੁਤ ਮੁਬਾਰਕਾਂ। ਹਾਕੀ ਦੇ ਖੇਡ ਜਗਤ ਵਿਚ ਏਨੀਆਂ ਮੱਲਾਂ ਮਾਰਨ ਵਾਲੀ ਗੁਰਜੀਤ ਕੌਰ ਅਜੇ ਤੱਕ ਭਾਰਤੀ ਰੇਲਵੇ ਵਿਚ ਇਕ ਜੂਨੀਅਰ ਕਲਰਕ ਵਜੋਂ ਅਲਾਹਾਬਾਦ ਵਿਖੇ ਸੇਵਾਵਾਂ ਨਿਭਾ ਰਹੀ ਹੈ। ਭਾਰਤ ਸਰਕਾਰ ਨੂੰ ਹੁਣ ਉਸ ਨੂੰ ਕਿਸੇ ਵੱਡੇ ਅਹੁਦੇ 'ਤੇ ਨਿਵਾਜਣਾ ਬਣਦਾ ਹੈ, ਜਿਸਦੀ ਉਹ ਹੱਕਦਾਰ ਹੈ। ਪੰਜਾਬ ਸਰਕਾਰ ਨੇ ਵੀ ਜਿਹੜੀ ਰਾਸ਼ੀ ਦੇ ਕੇ ਇਸਨੂੰ ਸਨਮਾਨਿਆ ਹੈ, ਉਹ ਇਸਦੀ ਪ੍ਰਾਪਤੀ ਲਈ ਬਹੁਤ ਘੱਟ ਹੈ। ਪੰਜਾਬ ਸਰਕਾਰ ਨੂੰ ਵੀ ਗੁਰਜੀਤ ਦਾ ਹੌਸਲਾ ਵਧਾਉਣ ਅਤੇ ਉਤਸ਼ਾਹ ਕਾਇਮ ਰੱਖਣ ਲਈ ਕੁਝ ਹੋਰ ਸੋਚਣਾ ਬਣਦਾ ਹੈ।














# Let us know about Olympian Hockey Player Gurjit Kaur

**Name –** Gurjit Kaur Born in 1995
Father's name Satnam Singh,
Mother Name Harijinder Kaur
**Position-** Defender
**Current Affairs-** Senior National Camp
**College-** Lyallpur Khalsa College For Women Jalandhar (2013 to 2016)
**JOB-** Indian Railways as a junior clerk in Allahabad

**Achievements-:**

1. Malaysia, 2014 .Test matches (win)
2. China, 2015.Jr Asia cup 7th women (Participation)
3. Holland, 2015. Volvo International tournament (Participation)
4. Guwahati, 2016. 12th South Asian Games (Gold medal)
5. South Africa, 2016. Test matches (win)
6. India, 2017. Test matches (win)
7. Canada, 2017. World league round2 (Gold medal)
8. New Zealand, 2017. Test matches (Participation)
9. South Africa, 2017. World league semifinal (Participation)
10. Holland, 2017. Test matches (Participation)
11. Japan, 2017. 9th women's Asia cup (Gold medal) (Top score. 8 goal)
12. Korea, 2018. Test matches (win)
13. Australia, 2018. XXI Commonwealth Games (Fourth)
14. Korea, 2018. 5th women's Asian champions Trophy (Silver Medal)
15. Spain, 2018. Test matches (win)
16. London, 2018. World Cup vitality (Fifth)
17. Indonesian, 2018. 18th Asian Games (Silver medal) (Top score. 10 goal)
18. Spain, 2019. Test matches (win)
19. South Korea, 2019. (Win)
20. Japan, 2019. FIH Series final (win) (Top score .11 goal)
21. Japan, 2019. Olympic test Event (Gold medal) (Top score. 11 goal)
22. London, 2019. Test matches (win) 2
23. India, 2019. FIH Olympic Qualifiers (Gold medal) (Best player of the tournament)
24. New Zealand, 2020. Test matches (win)
25. Argentina, 2021. Test matches (2nd)
26. Germany, 2021. Test matches (2nd)

**Award -**

1. 2019 – Sports women of the year (Sport star Aces Award)
2. 2019 - Maharaja Ranjit Singh Award (Punjab Government Award)
3. 2019 - Best player of the tournament, and (Best Fan's Choice Award)

She wastrained by Lyallpur Khalsa Round Glass Hockey Academy Jalandhar.
She is received Stefan from RGH Every month.










Read more www.ambedkartimes.com



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES


Call:
650-642-0697

**3525 Highway 99, West Corning, CA 96021**
Across the Street from TA Truck Stop

Sponsored by Desh Doaba deshdoaba@yahoo.com







# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਸਮੂਹ ਸਾਧਸੰਗਤਿ ਦੇ ਸਹਿਯੋਗ ਨਾਲ





## ਸ਼੍ਰੋਮਣੀ ਸ਼ਹੀਦ, ਮਹਾਂਨ ਜਰਨੈਲ ਬਾਬਾ ਜੀਵਨ ਸਿੰਘ ਜੀ ਉਰਫ ਭਾਈ ਜੈਤਾ ਜੀ (ਰੰਗਰੇਟਾ ਗੁਰੂ ਕਾ ਬੇਟਾ) ਦਾ 360ਵਾਂ ਜਨਮ ਦਿਹਾੜਾ ਮਨਾਇਆ ਜਾ ਰਿਹਾ ਹੈ

## ਪ੍ਰੋਗਰਾਮ

**ਐਤਵਾਰ 12 ਸਤੰਬਰ 2021 ਸਵੇਰੇ 9:30 ਵਜੇ ਤੋਂ 1:00 ਵਜੇ ਤੱਕ**
**ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਕੀਰਤਨ ਦੀਵਾਨ ਸਜਣਗੇ**
**ਆਪ ਜੀ ਨੂੰ ਪਰਿਵਾਰ ਸਮੇਤ ਦਰਸ਼ਨ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ**

**ਬੇਨਤੀ ਕਰਤਾ: ਸਮੂਹ ਸਾਧਸੰਗਤਿ ਜੀਓ**
**ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ)**
**6221 16th Street Rio Linda CA 95673**

**ਗੁਰੂਘਰ ਦੀ ਉਸਾਰੀ ਅਧੀਨ ਇਮਾਰਤ ਅਤੇ ਸੇਵਾ ਬਾਰੇ ਜਾਣਕਾਰੀ ਲਈ ਸੰਪਰਕ :**
ਸ੍ਰੀ ਤੇਜਪਾਲ ਵਿਰਕ (ਚੈਅਰਮੈਨ) 916-912-5678
ਸ੍ਰੀ ਰਾਜ ਬੱਧਣ (ਪ੍ਰਧਾਨ) 916-601-3842
ਸ੍ਰੀ ਇੰਦਰਜੀਤ ਪੜਵੱਗਾ (ਜ. ਸਕੱਤਰ) 916-276-2538
ਗੁਰੂਘਰ ਫ਼ੋਨ: (916) 992-1710

Watch Live on Facebook
ਦੇਸ਼ ਦੁਆਬਾ

Watch Live on Facebook
Shri Guru Ravidass Temple Sacramento